ਕੌਮਾਂਤਰੀ
# ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

West/East Coast Edition | Volume 10 | Issue 20 | 27 May 2020 to 02 June 2020 | Ph.: (510) 240-5949 | Fax: (888) 323-6950 | Email: info@amritsartimes.com, asrtimes@gmail.com

## ਤਿੱਬਤ ਦੀ ਚੀਨ ਤੋਂ ਅਜ਼ਾਦੀ ਲਈ ਅਮਰੀਕੀ ਕਾਂਗਰਸ ਵਿਚ ਬਿਲ ਪੇਸ਼

**ਅੰਮ੍ਰਿਤਸਰ ਟਾਈਮਜ਼ ਬਿਊਰੋ :** ਅਮਰੀਕੀ ਕਾਂਗਰਸ ਵਿਚ ਤਿੱਬਤ ਦੀ ਅਜ਼ਾਦੀ ਦਾ ਮਤਾ ਪੇਸ਼ ਕਰ ਦਿੱਤਾ ਗਿਆ ਹੈ। ਅਮਰੀਕੀ ਕਾਂਗਰਸ ਮੈਂਬਰ ਸਕੌਟ ਪੈਰੀ ਵੱਲੋਂ ਮਤਾ ਪੇਸ਼ ਕੀਤਾ ਗਿਆ ਜਿਸ ਵਿਚ ਕਿਹਾ ਗਿਆ ਹੈ ਕਿ ਅਮਰੀਕੀ ਰਾਸ਼ਟਰਪਤੀ ਨੂੰ ਪ੍ਰਵਾਨਗੀ ਦਿੱਤੀ ਜਾਵੇ ਕਿ ਉਹ ਤਿੱਬਤ ਨੂੰ ਚੀਨ ਤੋਂ ਵੱਖ ਅਤੇ ਅਜ਼ਾਦ ਦੇਸ਼ ਵਜੋਂ ਮਾਨਤਾ ਦੇ ਸਕਣ। ਇਸ ਮਤੇ ਨੂੰ ਚੀਨ 'ਤੇ ਅਮਰੀਕਾ ਦੇ ਅਗਲੇ ਸਖਤ ਕਦਮ ਵਜੋਂ ਦੇਖਿਆ ਜਾ ਰਿਹਾ ਹੈ। ਦਰਅਸਲ ਅਮਰੀਕਾ ਅਤੇ ਚੀਨ ਦਰਮਿਆਨ ਵਿਸ਼ਵ ਤਾਕਤ ਬਣਨ ਦੀ ਸੁਲਘ ਰਹੀ ਲਾਟ ਕੋਰੋਨਾਵਾਇਰਸ ਦੇ ਚਲਦਿਆਂ ਬਣੇ ਵਿਸ਼ਵ ਹਾਲਾਤਾਂ ਵਿਚ ਹੋਰ ਮਘ ਗਈ ਹੈ। ਅੱਜ ਇਸ ਤੋਂ ਪਹਿਲਾਂ ਚੀਨੀ ਰਾਸ਼ਟਰਤਪੀ ਸ਼ੀ ਜ਼ਿਨਪਿੰਗ ਨੇ ਆਪਣੀ ਫੌਜ ਨੂੰ ਜੰਗ ਵਾਸਤੇ ਤਿਆਰੀ ਕਰਨ ਲਈ ਕਿਹਾ ਹੈ। ਸਕੌਟ ਪੈਰੀ ਰਾਸ਼ਟਰਪਤੀ ਟਰੰਪ ਦੀ ਰਿਪਬਲਿਕਨ ਪਾਰਟੀ ਤੋਂ ਹੀ ਕਾਂਗਰਸ ਮੈਂਬਰ ਹਨ ਅਤੇ ਸਾਬਕਾ ਅਮਰੀਕੀ ਫੌਜੀ ਹਨ। ਉਹਨਾਂ ਨੇ ਹੀ ਇਸ ਤੋਂ ਪਹਿਲਾਂ ਹਾਂਗਕਾਂਗ ਬਾਰੇ ਵੀ ਬਿਲ ਪੇਸ਼ ਕੀਤਾ ਸੀ। ਦੱਸ ਦਈਏ ਕਿ ਅਮਰੀਕਾ ਦੀ ਘਰੇਲੂ ਰਾਜਨੀਤੀ ਵਿਚ ਇਸ ਸਮੇਂ ਅਜਿਹਾ ਮਾਹੌਲ ਹੈ ਜਿੱਥੇ ਦੋਵੇਂ ਪਾਰਟੀਆਂ ਚੀਨ ਵਿਰੁੱਧ ਵੱਧ ਸਖਤ ਦਿਖਣਾ ਚਾਹੁੰਦੀਆਂ ਹਨ। ਮਾਹਿਰਾਂ ਦਾ ਕਹਿਣਾ ਹੈ ਕਿ ਅਮਰੀਕਾ ਵਿਚ ਇਸ ਸਾਲ ਹੋਣ ਵਾਲੀਆਂ ਰਾਸ਼ਟਰਪਤੀ ਚੋਣਾਂ ਚੀਨ ਵਿਰੋਧੀ ਭਾਵਨਾਵਾਂ ਉੱਤੇ ਹੀ ਹੋਣਗੀਆਂ। ਹਾਲਾਂਕਿ ਇਹ ਬਿੱਲ ਕਾਂਗਰਸ ਹਾਊਸ ਅਤੇ ਸੈਨੇਟ ਵਿਚ ਪਾਸ ਹੋਣ ਮਗਰੋਂ ਰਾਸ਼ਟਰਪਤੀ ਦੀ ਮੋਹਰ ਲੱਗਣ ਤਕ ਪਹੁੰਚੇਗਾ, ਪਰ ਇਸ ਬਿਲ ਰਾਹੀਂ ਤਿੱਬਤ ਦੀ ਅਜ਼ਾਦੀ ਲਹਿਰ ਨੂੰ ਹੋਰ ਤਾਕਤ ਮਿਲਣ ਦੀ ਸੰਭਾਵਨਾ ਹੈ।

# ਮੈਂ ਤੁਰੰਤ ਕਦਮ ਨਾ ਚੁੱਕਦਾ ਤਾਂ 15 ਤੋਂ 20 ਲੱਖ ਤੱਕ ਮਰ ਸਕਦੇ ਸਨ ਅਮਰੀਕੀ:ਟਰੰਪ

**ਵਾਸ਼ਿੰਗਟਨ/ਹੁਸਨ ਲੜੋਆ ਬੰਗਾ:** ਰਾਸ਼ਟਰਪਤੀ ਡੋਨਾਲਡ ਟਰੰਪ ਨੇ ਇਕ ਵਾਰ ਫਿਰ ਚੀਨ ਉਪਰ ਸ਼ਬਦੀ ਹਮਲਾ ਕਰਦਿਆਂ ਕੋਰੋਨਾਵਾਇਰਸ ਨੂੰ 'ਚੀਨੀ ਵਾਇਰਸ' ਕਰਾਰ ਦਿੰਦਿਆਂ ਕਿਹਾ ਕਿ ਇਸ ਨੂੰ ਚੀਨ ਵਿਚ ਹੀ ਖਤਮ ਕੀਤਾ ਜਾ ਸਕਦਾ ਸੀ। ਟਰੰਪ ਨੇ ਕੋਰੋਨਵਾਇਰਸ ਨੂੰ ਰੋਕਣ ਲਈ ਆਪਣੀ ਪਿੱਠ ਥਪਥਪਾਈ ਤੇ ਕਿਹਾ ਕਿ ਜੇਕਰ ਸਮੇਂ ਸਿਰ ਉਹ ਕਾਰਵਾਈ ਨਾ ਕਰਦੇ ਤਾਂ ਮੌਤਾਂ ਦੀ ਗਿਣਤੀ ਜੋ ਇਸ ਸਮੇਂ 1 ਲੱਖ ਜਾਂ ਕੁਝ ਵਧ ਸਕਦੀ ਹੈ, 15 ਤੋਂ 20 ਲੱਖ ਤੱਕ ਹੋ ਸਕਦੀ ਸੀ। ਉਨਾਂ ਕਿਹਾ ਕਿ ਉਨਾਂ ਬਹੁਤ ਛੇਤੀ ਚੀਨ ਤੋਂ ਦੇਸ਼ ਵਿਚ ਦਾਖਲ ਹੁੰਦੇ ਲੋਕਾਂ ਨੂੰ ਰੋਕਿਆ। ਟਰੰਪ ਨੇ ਕਿਹਾ ਕਿ ਉਨਾਂ ਵਲੋਂ ਚੁੱਕੇ ਗਏ ਕਦਮਾਂ ਸਦਕਾ ਕੋਰੋਨਾ ਮਹਾਮਾਰੀ ਉਪਰ ਨਿਯੰਤਰਣ ਹੋਇਆ ਹੈ, ਮੌਤਾਂ ਤੇ ਨਵੇਂ ਮਰੀਜ਼ਾਂ ਦੀ ਦਰ ਵਿਚ ਕਮੀ ਆਈ। ਇਸ ਦਰਮਿਆਨ ਅਮਰੀਕਾ ਵਿਚ ਕੋਰੋਨਾ ਨਾਲ ਮੌਤਾਂ ਦੀ ਗਿਣਤੀ ਇਕ ਲੱਖ ਤੋਂ ਪਾਰ ਹੋ ਗਈ ਹੈ। ਟਰੰਪ ਨੇ 3 ਦਿਨ ਪਹਿਲਾਂ ਹੀ ਮੌਤਾਂ ਦੀ ਗਿਣਤੀ ਇਕ ਲੱਖ ਹੋਣ ਦੀ ਪੁਸ਼ਟੀ ਕਰ ਦਿੱਤੀ ਸੀ।

**ਮੌਤਾਂ ਇਕ ਲੱਖ ਤੋਂ ਪਾਰ:**

ਅਮਰੀਕਾ ਵਿਚ ਪਿਛਲੇ 24 ਘੰਟਿਆਂ ਦੌਰਾਨ ਕੋਰੋਨਾ ਵਾਇਰਸ ਨਾਲ 767 ਮਰੀਜ਼ ਹੋਰ ਦਮ ਤੋੜ ਗਏ ਹਨ ਜਿਨਾਂ ਨਾਲ ਮੌਤਾਂ ਦੀ ਗਿਣਤੀ 1,00,572 ਹੋ ਗਈ ਹੈ। 18549 ਕੋਰੋਨਾ ਨਾਲ ਪ੍ਰਭਾਵਿਤ ਨਵੇਂ ਮਰੀਜ਼ ਹਸਪਤਾਲਾਂ ਵਿਚ ਆਏ ਹਨ ਜਿਨਾਂ ਨਾਲ ਪੀੜਤਾਂ ਦੀ ਕੁਲ ਗਿਣਤੀ 17,25,275 ਹੋ ਗਈ ਹੈ। 15299



ਮਰੀਜ਼ ਠੀਕ ਹੋਏ ਹਨ। ਠੀਕ ਹੋਏ ਮਰੀਜ਼ਾਂ ਦੀ ਕੁਲ ਗਿਣਤੀ 479969 ਹੋ ਗਈ ਹੈ। ਤੰਦਰੁਸਤ ਹੋਣ ਦੀ ਦਰ ਵਿਚ ਤੇਜੀ ਨਾਲ ਸੁਧਾਰ ਹੋਇਆ ਹੈ। ਇਹ ਦਰ 83% 'ਤੇ ਪੁੱਜ ਗਈ ਹੈ ਜਦ ਕਿ ਮੌਤ ਦਰ ਘਟਕੇ 17% ਹੋ ਗਈ ਹੈ। ਆਸ ਕੀਤੀ ਜਾਂਦੀ ਹੈ ਕਿ ਅਗਲੇ ਦਿਨਾਂ ਦੌਰਾਨ ਮਰੀਜ਼ਾਂ ਦੀ ਸਿਹਤ ਵਿਚ ਤੇਜੀ ਨਾਲ ਸੁਧਾਰ ਆਵੇਗਾ।

**ਟਰੰਪ ਨੇ ਬਿਡੇਨ ਦਾ ਉਡਾਇਆ ਮਜ਼ਾਕ:**

ਰਾਸ਼ਟਰਪਤੀ ਡੋਨਾਲਡ ਟਰੰਪ ਨੇ ਸਾਬਕਾ ਰਾਸ਼ਟਰਪਤੀ ਜੋ ਬਿਡੇਨ ਦੀ ਇਕ ਤਸਵੀਰ ਟਵਿਟਰ ਉਪਰ ਆਪਣੇ 8 ਕਰੋੜ ਪ੍ਰਸ਼ੰਸਕਾਂ ਨਾਲ ਸਾਂਝੀ ਕੀਤੀ ਹੈ ਜਿਸ ਵਿਚ ਬਿਡੇਨ ਮੈਮੋਰੀਅਲ ਦਿਵਸ ਮੌਕੇ ਮਾਸਕ ਪਾ ਕੇ ਸ਼ਹੀਦਾਂ ਨੂੰ ਸ਼ਰਧਾਂਜਲੀ ਦੇ ਰਹੇ ਹਨ। ਇਸ ਤਸਵੀਰ ਵਿਚ ਬਿਡੇਨ ਨੇ ਕਾਲੇ ਮਾਸਕ ਨਾਲ ਤਕਰੀਬਨ ਸਾਰਾ ਚੇਹਰਾ ਢੱਕਿਆ ਹੋਇਆ ਹੈ ਤੇ ਐਨਕਾਂ ਲਾਈਆਂ ਹੋਈਆਂ ਹਨ। ਕੰਜ਼ਰਵੇਟਿਵ ਰਾਜਸੀ ਵਿਸ਼ਲੇਸ਼ਣਕਾਰ ਕੋਲੋਂ ਲਈ ਇਸ ਤਸਵੀਰ ਦੇ ਹੇਠਾਂ ਕੈਪਸ਼ਨ ਇਸ ਤਰਾਂ ਲਿਖੀ ਹੋਈ ਹੈ। ''ਇਹ ਤਸਵੀਰ ਇਹ ਸਮਝਣ ਵਿਚ ਮੱਦਦ ਕਰੇਗੀ ਕਿ ਟਰੰਪ ਜਨਤਿਕ ਤੌਰ 'ਤੇ ਮਾਸਕ ਪਾਉਣਾ ਕਿਉਂ ਨਹੀਂ ਪਸੰਦ ਕਰਦਾ।'' ਇਸ ਉਪਰ ਪ੍ਰਤੀਕਰਮ ਪ੍ਰਗਟ ਕਰਦਿਆਂ ਨਵੰਬਰ ਵਿਚ ਹੋ ਰਹੀਆਂ ਰਾਸ਼ਟਰਪਤੀ ਚੋਣਾਂ ਲਈ ਡੈਮੋਕਰੈਟਿਕ ਪਾਰਟੀ ਦੇ ਉਮੀਦਵਾਰ ਬਿਡੇਨ ਨੇ ਕਿਹਾ ਹੈ ਕਿ ਮਾਸਕ ਪਾਉਣ ਲਈ ਦੂਸਰਿਆਂ ਦਾ ਮਜ਼ਾਕ ਉਡਾਉਣ ਵਾਲਾ 'ਟਰੰਪ ਸਿਰੇ ਦਾ ਮੂਰਖ ਹੈ।'

# ਗੋਰੇ ਪੁਲਸ ਅਫਸਰ ਦੇ ਤਸ਼ੱਦਦ ਨਾਲ ਰਾਹਗੀਰ ਦੀ ਮੌਤ

## ਮਿਰਤਕ ਦੀ ਭੈਣ ਵਲੋਂ ਪੁਲਸ ਅਫਸਰਾਂ ਤੇ ਕਤਲ ਦਾ ਦੋਸ਼

**ਮਿਨੀਪੋਲਿਸ/ਏ.ਟੀ.ਨਿਊਜ਼ :** ਸ਼ਹਿਰ ਵਿਚ ਚਾਰ ਪੁਲਸ ਅਫਸਰਾਂ ਵਲੋਂ ਇਕ ਰਾਹਗੀਰ ਨੂੰ ਫੜ ਕੇ ਉਸ ਦੀ ਧੌਣ ਤੇ ਗੋਡਾ ਰੱਖਣ ਤੇ ਰਾਹਗੀਰ ਦੀ ਮੌਤ ਹੋ ਜਾਣ ਮਗਰੋਂ ਲੋਕਾਂ ਦੀ ਭੜਕੀ ਹੋਈ ਭੀੜ ਨੇ ਪੁਲਸ ਖਿਲਾਫ਼ ਰੋਸ ਮੁਜਾਹਰੇ ਕੀਤੇ ਅਤੇ ਪੁਲਸ ਦੀਆਂ ਗੱਡੀਆਂ ਨੂੰ ਨੁਕਸਾਨ ਵੀ ਪਹੁੰਚਾਇਆ। ਮਨੁੱਖੀ ਅਧਿਕਾਰਾਂ ਦੇ ਵਕੀਲ ਬੈਂਜਾਮੀਨ ਕ੍ਰਮਪ ਨੇ ਦੋਸ਼ ਲਾਇਆ ਹੈ ਕਿ ਪੁਲਸ ਅਫਸਰਾਂ ਨੇ ਜੋਰਜ ਫਲੋਇਡ ਨਾਂ ਦੇ ਵਿਅਕਤੀ ਨੂੰ ਸ਼ਰੇਆਮ ਸੜਕ ਉੱਤੇ ਸੁੱਟ ਕੇ ਉਸਦੀ ਗਰਦਨ ਦਬਾ ਕੇ ਉਸ ਦਾ ਕਤਲ ਕੀਤਾ ਹੈ। ਉਹਨਾਂ ਹੋਰ ਰਾਹਗੀਰਾਂ ਵਲੋਂ ਬਣਾਏ ਵੀਡੀਓ ਅਤੇ ਸਕਿਉਰਿਟੀ ਕੈਮਰਿਆਂ ਦੀ ਫੁਟੇਜ ਦਾ ਹਵਾਲਾ




ਦਿੰਦੀਆਂ ਕਿਹਾ ਕਿ ਪੂਰੇ ਅੱਠ ਮਿੰਟ ਲਈ ਪੁਲਸ ਅਧਿਕਾਰੀ ਨੇ ਜੋਰਜ ਦੀ ਗਰਦਨ ਨੂੰ ਦਬਾਈ ਰੱਖਿਆ ਜਦ ਉਹ ਆਪਣੀ ਜਾਨ ਬਕਸ਼ੀ ਦੇ ਤਰਲੇ ਪਾਉਂਦਾ ਰਿਹਾ ਅਤੇ ਕਹਿੰਦਾ ਰਿਹਾ ਕੇ ਉਸ ਨੂੰ ਸਾਹ ਨਹੀਂ ਆ ਰਿਹਾ। ਪੁਲਸ ਦਾ ਕਹਿਣਾ ਸੀ ਕਿ ਇਸ ਬੰਦੇ ਤੇ ਧੋਖਾ ਧੜੀ ਦੀ ਸ਼ਿਕਾਇਤ ਸੀ ਅਤੇ ਇਸ ਨੇ ਪੁਲਸ ਨਾਲ ਹੱਥੋਂ ਪਾਈ ਕਾਰਨ ਦੀ ਕੋਸ਼ਿਸ਼ ਕੀਤੀ। ਓਧਰ ਮਿਰਤਕ ਦੀ ਭੈਣ ਬਰਿਜਿਟ ਨੇ ਦੋਸ਼ ਲਾਇਆ ਹੈ ਕਿ ਉਸ ਦੇ ਭਰਾ ਨੂੰ ਕਤਲ ਕੀਤਾ ਗਿਆ ਹੈ ਇਸਲਈ ਪੁਲਸ ਅਧਿਕਾਰੀਆਂ ਖਿਲਾਫ਼ ਕਤਲ ਦਾ ਮੁਕਦਮਾ ਚਲਾਇਆ ਜਾਵੇ ਅਤੇ ਉਹਨਾਂ ਨੂੰ ਜੇਲ ਭੇਜਿਆ ਜਾਵੇ। ਮਿਨੀਪੋਲਿਸ ਦੇ ਮੇਅਰ ਜੈਕਬ ਫਰੇਅ ਨੇ ਐਨ. ਬੀ. ਸੀ. ਨਿਊਜ਼ ਨੂੰ ਦਸਿਆ ਕਿ ਪੁਲਸ ਅਫਸਰਾਂ ਨੂੰ ਪੁਲਸ ਵਿੱਚੋਂ ਕੱਢ ਦਿੱਤਾ ਗਿਆ ਹੈ ਅਤੇ ਇਸ ਮਾਮਲੇ ਦੀ ਜਾਂਚ ਹੋ ਰਹੀ ਹੈ। ਸੋਟਾ ਬਿਊਰੋ ਆਫ ਕ੍ਰਿਮਿਨਲ ਅਪਰਹੈਨਸ਼ਨ ਅਤੇ ਐਫ. ਬੀ. ਆਈ. ਇਸ ਘਟਨਾ ਦੀ ਜਾਂਚ ਕਰ ਰਹੀਆਂ ਨੇ।

















ਮਰਦਸ਼ੁਮਾਰੀ ਇੱਕ ਸਧਾਰਣ ਐਂਤ ਹੈ
ਗੁਪਤ 9 ਪ੍ਰਸ਼ਨ ਸਰਵੇਖਣ
ਸਹੂਲਤਾਂ ਦੀ ਗਿਣਤੀ ਮਰਦਸ਼ੁਮਾਰੀ ਵਿਚ ਹਿੱਸਾ ਲਓ
ਪਰਿਵਾਰ ਗਿਣਦੇ ਹਨ ਅੱਜ
ਹਰ ਕੋਈ ਗਿਣਦਾ ਹੈ
CALIFORNIA
ALL
2020
CaliforniaCensus.org

# ਬਾਬ ਢਿੱਲੋਂ ਦੀ ਗੁਰਦੁਆਰਾ ਕਮੇਟੀ 'ਕਰੋਨਾ ਵਾਇਰਸ' ਪਰਪੋਕ ਵਿੱਚ ਵੀ ਸੰਗਤ ਮੈਂਬਰਾਂ ਨੂੰ ਪਰੇਸ਼ਾਨ ਕਰਨੋ ਨਹੀਂ ਹੱਟਦੀ!

**ਸੈਨਹੋਜੇ/ਏ.ਟੀ.ਨਿਊਜ਼:** ਇਸ ਵੇਲੇ ਜਦੋਂ 'ਕਰੋਨਾ ਵਾਇਰਸ' ਦਾ ਪਰਪੋਕ ਚੱਲ ਰਿਹਾ ਹੈ। ਸਾਰੀ ਦੁਨੀਆਂ ਇਸ ਵਾਇਰਸ ਦੀ ਖਤਰਨਾਕ ਗ੍ਰਿਫਤ ਵਿੱਚ ਹੈ । ਹਰ ਇੱਕ ਨੂੰ ਇੱਕ ਦੂਸਰੇ ਪ੍ਰਤੀ ਮਦਦ ਦੀ ਜ਼ਰੂਰਤ ਮਹਿਸੂਸ ਹੋ ਰਹੀ ਹੈ, ਸਮੁੱਚੀ ਸਿੱਖ ਕੌਮ ਭਾਈ ਘਨੱਈਆ ਜੀ ਵੱਲੋਂ ਗੁਰੂ ਸਾਹਿਬਾਨ ਦੇ ਅਪਣਾਏ ਗਏ ਅਸੂਲਾਂ 'ਮਾਣਸ ਕੀ ਜਾਤ ਸਬੈ ਏਕੈ ਪਹਿਚਾਨਬੋ' ਦੇ ਸਿਧਾਂਤ ਤੇ ਚਲਦੀ ਹੋਈ ਪੂਰੇ ਸੰਸਾਰ ਪੱਧਰ ਤੇ ਗੁਰੂ ਕੇ ਲੰਗਰਾਂ ਅਤੇ ਹੋਰ ਲੋੜਵੰਦਾਂ ਲਈ ਰੋਜ਼ਮਰਾ ਮਦਦ ਦੇ ਤੌਰ 'ਤੇ ਮਨੁੱਖਤਾ ਦੀ ਸੇਵਾ ਲਈ ਵੱਡੇ ਪੱਧਰ ਤੇ ਆਪਣਾ ਕੌਮੀ ਫਰਜ ਨਿਭਾਅ ਕੇ ਗੁਰੂ ਨਾਨਕ ਦੀ ਸਿੱਖੀ ਦੀ ਵੱਖਰੀ ਪਹਿਚਾਣ ਬਣਾ ਰਹੀ ਹੈ । ਜਦੋਂ ਵਿਦੇਸ਼ਾਂ ਵਿੱਚ ਗੁਰਦੁਆਰਾ ਸਾਹਿਬਾਨ ਵੀ ਸੰਗਤਾਂ ਦੇ ਦਰਸ਼ਨਾਂ ਲਈ ਨਹੀਂ ਖੁੱਲ ਰਹੇ ਤਾਂ ਉਸੇ ਵੇਲੇ ਬਾਬ ਢਿੱਲੋਂ ਦੀ ਗੁਰਦੁਆਰਾ ਕਮੇਟੀ ਵਲੋਂ ਗੁਰਦੁਆਰਾ ਸਾਹਿਬ ਸੈਨਹੋਜੇ ਦੀ ਗੋਲਕ ਦੀ ਦੁਰਵਰਤੋਂ ਕਰਦਿਆਂ ਆਪਣੇ ਵਕੀਲਾਂ ਰਾਹੀਂ ਸੰਗਤ ਮੈਂਬਰ ਅਤੇ ਸਾਧ ਸੰਗਤ ਸਲੇਟ ਦੇ ਉਮੀਦਵਾਰਾਂ ਸਰਬਜੋਤ



ਸਿੰਘ ਸਵੱਦੀ, ਜਸਪਾਲ ਸਿੰਘ ਸੈਣੀ ਅਤੇ ਸਤਪਾਲ ਸਿੰਘ ਸਿੱਧੂ ਦੇ ਪੱਕਿਆ ਤੌਰ ਤੇ ਗੁਰਦੁਆਰਾ ਸਾਹਿਬ ਵਿੱਚ ਆਉਣ 'ਤੇ ਪਾਬੰਦੀਆਂ ਲਾਉਣ ਦੇ ਇਰਾਦੇ ਨੂੰ ਮੁੱਖ ਰੱਖਦਿਆਂ ਡਿਸਕਵਰੀਆਂ ਖੋਲ ਕੇ ਨਵੇਂ ਸਿਰਿਉਂ ਕੇਸ ਸ਼ੁਰੂ ਕੀਤਾ ਗਿਆ ਹੈ । ਬਾਬ ਢਿੱਲੋਂ ਦੀ ਹੈਂਕੜ ਬਾਜ਼ੀ, ਤਾਨਾਸ਼ਾਹੀ ਅਤੇ ਧੱਕੇਸ਼ਾਹੀ ਕੀ ਅਜਿਹੇ ਸਮੇਂ ਵੀ ਸੋਭਦੀ ਹੈ।

**ਬਾਬ ਢਿੱਲੋਂ ਗੁਰੂ ਘਰ ਦੀ ਗੋਲਕ ਦੀ ਦੁਰਵਰਤੋਂ ਨਾਲ ਵਿਰੋਧੀ ਧਿਰ ਦੀ ਅਵਾਜ ਬੰਦ ਕਰਕੇ ਕੀ ਸਾਬਤ ਕਰਨਾ ਚਾਹੁੰਦਾ ਹੈ ?**

ਕੀ ਅਜਿਹਾ ਕਰਨਾ ਗੁਰੂ ਘਰ ਤੇ ਪੱਕਿਆਂ ਤੌਰ ਤੇ ਪਰਿਵਾਰਕ ਪੀੜੀ-ਦਰ-ਪੀੜੀ ਕਬਜ਼ਾ ਜਮਾਉਣ ਦਾ ਇਰਾਦਾ ਤਾਂ ਨਹੀਂ ਜੋ ਸੰਗਤ ਮੈਂਬਰ ਸਮਝ ਰਹੇ ਹਨ ।

ਕੀ ਗੁਰੂ ਘਰ ਦੇ ਪ੍ਰਬੰਧ ਤੇ ਕੋਈ ਸਵਾਲ ਵੀ ਨਹੀਂ ਉਠਾ ਸਕਦਾ। ਜੇ ਕੋਈ ਸਵਾਲ ਉਠਾਉਂਦਾ ਹੈ ਤਾਂ ਉਸ ਤੇ ਪ੍ਰਬੰਧਕਾਂ ਵੱਲੋਂ ਰੀਸਟੇਰਿੰਗ ਆਡਰ ਲੈ ਲੈਣੇ ਕਿੱਥੋਂ ਤੱਕ ਜਾਇਜ਼ ਹਨ।

ਇਸ ਤਰਾਂ ਦੀਆਂ ਗ਼ੈਰ ਸਿੱਖ ਸਿਧਾਂਤਕ ਗੱਲਾਂ ਬਾਰੇ ਕੌਮਾਂਤਰੀ ਸਿੱਖ ਭਾਈਚਾਰਾ ਅਤੇ ਸਬੰਧਤ ਸੰਗਤ ਸੰਜੀਦਾ ਢੰਗ ਅਤੇ ਗੰਭੀਰਤਾ ਨਾਲ ਜ਼ਰੂਰ ਸੋਚੇ ।

# ਸਿੱਖ ਸੇਵਾ ਸੁਸਾਇਟੀ ਪਾਕਿਸਤਾਨ ਨੇ ਲੋੜਵੰਦਾਂ ਨੂੰ ਰਾਸ਼ਨ ਦੇ ਥੈਲੇ ਵੰਡੇ

## ਅਗਲੀ ਸੇਵਾ ਕੋਰੋਨਾਵਾਇਰਸ ਦੀ ਕਿੱਟਾਂ ਦੀ ਆਰੰਭੀ ਜਾਵੇਗੀ: ਭਾਈ ਰਾਮ ਸਿੰਘ

**ਨਿਊਯਾਰਕ/ਕਰਾਚੀ/ਰਾਜ ਗੋਗਨਾ:** ਕੋਰੋਨਾ ਦੀ ਮਹਾਂਮਾਰੀ ਨੂੰ ਲੈ ਕਿ ਪਾਕਿਸਤਾਨ ਦੀ ਸਿੱਖ ਸੇਵਾ ਸੁਸਾਇਟੀ ਦੇ ਫਾਊਂਡਰ ਤੇ ਚੇਅਰਮੈਨ ਭਾਈ ਰਾਮ ਸਿੰਘ ਨੇ ਫੋਨ ਵਾਰਤਾ ਦੌਰਾਨ ਜਾਣਕਾਰੀ ਦਿੰਦਿਆਂ ਦੱਸਿਆ ਕਿ ਉਹਨਾਂ ਦੀ ਸੰਸਥਾ ਵਲੋਂ 200 ਰਾਸ਼ਨ ਦੇ ਥੈਲੇ ਲੋੜਵੰਦਾਂ ਨੂੰ ਵੰਡੇ ਗਏ ਹਨ। ਇਹ ਰਾਸ਼ਣ ਵੰਡਣ ਸਮੇਂ ਜਾਤ-ਪਾਤ, ਰੰਗ ਅਤੇ ਮਜ਼ਬ ਵਖਰੇਵਿਆਂ ਤੋਂ ਉੱਪਰ ਉੱਠ ਕੇ ਜਰੂਰਤ ਪਰਿਵਾਰਾਂ ਨੂੰ ਰਾਸ਼ਣ ਦਿੱਤਾ ਗਿਆ। ਰਾਸ਼ਨ ਦੇ ਥੈਲੇ ਬਣਾਉਣ ਅਤੇ ਵਰਤਾਉਣ ਵਿੱਚ ਗੁਰਦੁਆਰਾ ਪਾਕਿਸਤਾਨ ਪ੍ਰਬੰਧਕ ਕਮੇਟੀ ਦੇ ਮੈਂਬਰਾਂ ਨੇ ਵੀ ਹਿੱਸਾ ਲਿਆ। ਜਿੱਥੇ ਮੁਸਲਿਮ ਕਮਿਊਨਿਟੀ ਨੇ ਵੀ ਵਧ ਚੜ ਕੇ ਸਹਿਯੋਗ ਦਿੱਤਾ ਉੱਥੇ ਸਿੱਖ ਸੇਵਾ ਸੁਸਾਇਟੀ ਦੇ ਮੈਂਬਰਾਂ ਤੇ ਅਹੁਦੇਦਾਰਾਂ ਦਾ ਵੀ ਖਾਸ ਯੋਗਦਾਨ ਰਿਹਾ ਹੈ।ਭਾਈ ਰਾਮ ਸਿੰਘ ਨੇ ਦੱਸਿਆ ਕਿ ਰਾਸ਼ਨ ਵੰਡਣ ਤੋਂ ਬਾਅਦ ਉਹ ਕੋਰੋਨਾ ਦੀਆਂ ਕਿੱਟਾਂ ਦਾ ਵੀ ਪ੍ਰਬੰਧ ਕਰ ਰਹੇ ਹਨ। ਜਿਸ ਸਬੰਧੀ ਉਪਰਾਲੇ ਅਰੰਭੇ ਜਾ ਚੁੱਕੇ ਹਨ, ਛੇਤੀ ਹੀ ਰਿਸ ਨੂੰ ਅਮਲੀ ਰੂਪ ਦਿੱਤਾ ਜਾਵੇਗਾ। ਡਾ. ਸਾਗਰਜੀਤ ਸਿੰਘ ਨੇ ਕਿਹਾ ਕਿ ਸਿੱਖ ਸੇਵਾ ਸੁਸਾਇਟੀ ਦੇ ਫੰਡਾਂ ਵਿੱਚ ਕਮੀ ਨਹੀਂ ਆਉਣ ਦਿੱਤੀ ਜਾਵੇਗੀ। ਉਹਨਾਂ ਕਿਹਾ ਕਿ ਕਮਿਊਨਿਟੀ ਦੀ ਸੇਵਾ ਕਰਨ ਵਾਲੀਆਂ ਜਥੇਬੰਦੀਆਂ ਤੇ ਸੰਸਥਾਵਾਂ ਨਾਲ ਸਾਡਾ ਹਮੇਸ਼ਾ ਸਹਿਯੋਗ ਰਹੇਗਾ। ਕੋਰੋਨਾਵਾਇਰਸ ਦੀ ਮਹਾਮਾਰੀ ਦੌਰਾਨ ਅਸੀਂ ਗਰੀਬ ਤੇ ਲੋੜਵੰਦਾਂ ਨੂੰ ਲਗਾਤਾਰ ਰਾਸ਼ਣ ਵੰਡਣ ਦਾ ਉਪਰਾਲਾ ਕਰਦੇ ਰਹਾਂਗੇ। ਰਾਮ ਸਿੰਘ ਚੇਅਰਮੈਨ ਸਿੱਖ ਸੇਵਾ ਸੁਸਾਇਟੀ ਪਾਕਿਸਤਾਨ ਨੇ ਕਿਹਾ ਕਿ ਇਕੱਲਾ ਵਿਅਕਤੀ ਕੁਝ ਨਹੀਂ ਕਰ ਸਕਦਾ। ਇਹ ਅਵਾਮ ਦੀ ਸੰਸਥਾ ਹੈ, ਉਨਾਂ ਦੇ ਸਹਿਯੋਗ ਨਾਲ ਹੀ ਚੱਲ ਰਹੀ ਹੈ। ਅਸੀਂ ਦਾਨੀਆਂ ਦਾ ਧੰਨਵਾਦ ਕਰਦੇ ਹਾਂ, ਜਿਨਾਂ ਨੇ ਸੰਸਥਾ ਦੀ ਮਦਦ ਲਈ ਹਰ ਤਰਾਂ ਦਾ ਸਹਿਯੋਗ ਦਿੱਤਾ ਹੈ।

# ਸ਼੍ਰੋਮਣੀ ਅਕਾਲੀ ਦਲ (ਅ) ਵੱਲੋਂ ਪਾਕਿਸਤਾਨ ਹਵਾਈ ਹਾਦਸੇ ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ

**ਨਿਊਯਾਰਕ/ਰਾਜ ਗੋਗਨਾ:** ਬੀਤੇਂ ਦਿਨੀਂ ਪਾਕਿਸਤਾਨ ਵਿੱਚ ਹੋਏ ਹਵਾਈ ਜਹਾਜ਼ ਕਰੈਸ਼ ਵਿਚ ਮਾਰੇ ਗਏ ਯਾਤਰੀਆਂ ਤੇ ਜਾਨ ਮਾਲ ਦਾ ਕਾਫੀ ਨੁਕਸਾਨ ਹੋਇਆ ਹੈ ਇਸ ਦੁੱਖ ਦੀ ਘੜੀ ਵਿਚ ਜਦੋ ਦੁਨੀਆਂ ਪਹਿਲਾ ਹੀ ਕਰੋਨਾ ਵਾਇਰਸ ਨਾਲ ਜੂਝ ਰਹੀ ਹੈ ਇਸ ਹਾਦਸੇ ਨਾਲ ਉਹਨਾ ਪਰਿਵਾਰਾਂ ਦਾ ਦੁਖ ਦੁੱਗਣਾ ਹੋ ਗਿਆ ਹੈ ਪਾਕਿਸਤਾਨ ਦੇ ਵਜੀਰੇ ਆਜਮ ਇਮਰਾਨ ਖਾਨ ਨੇ ਕਰਤਾਰਪੁਰ ਸਾਹਿਬ ਦਾ ਲਾਂਘਾ ਖੋਲ ਕੇ ਪਹਿਲਾ ਹੀ ਸਿੱਖ ਕੌਮ ਦਾ ਦਿਲ ਜਿੱਤਿਆ ਹੋਇਆ ਹੈ ਇਸ ਦੁਖ ਦੀ ਘੜੀ ਵਿਚ ਸ਼ਰੋਮਣੀ ਅਕਾਲੀ ਦਲ ਅਮ੍ਰਿਤਸਰ ਜਿਸ ਦੇ ਕੌਮੀ ਪ੍ਰਧਾਨ ਸ੍ਰ ਸਿਮਰਨਜੀਤ ਸਿੰਘ ਮਾਨ ਅਤੇ ਕਨਵੀਨਰ ਸ: ਬੂਟਾ ਸਿੰਘ ਖੜੌਦ ਅਤੇ ਅਮਰੀਕਾ ਦੀ ਇਕਾਈ ਦੇ ਸਮੂੰਹ ਅਹੁਦੇਦਾਰਾਂ ਅਤੇ ਵਰਕਰਾਂ ਨੇ ਪਾਕਿਸਤਾਨ ਦੇ ਇਸ ਦੁੱਖਦਾਈ ਸਮੇ ਵਿਚ ਪਾਕਿਸਤਾਨ ਦੀ ਅਵਾਮ ਅਤੇ ਸਰਕਾਰ ਨਾਲ ਖੜਣ ਦੀ ਗੱਲ ਵੀ ਕਹੀ ਹੈ ਅਤੇ ਇਸ ਅਫਸੋਸ ਦਾ ਸੁਨੇਹਾ ਉਹਨਾਂ ਵਲੋ ਵਾਸਿੰਗਟਨ ਡੀ .ਸੀ ਵਿੱਚ ਪਾਕਿਸਤਾਨ ਦੇ ਸਫੀਰ ( ਅੰਬੈਸੇਡਰ ) ਰਾਹੀ ਇਮਰਾਨ ਖਾਨ ਸਾਹਿਬ ਨੂੰ ਭੇਜ ਦਿੱਤਾ ਗਿਆ ਹੈ ?







# ਮੈਰੀਲੈਂਡ ਸੂਬੇ ਦੇ ਰਾਜਪਾਲ ਲੈਰੀ ਹੋਗਨ ਨੇ ਮਈ ਮਹੀਨੇ ਨੂੰ ਏਸ਼ੀਅਨ ਪੈਸੀਫਿਕ ਅਮਰੀਕੀ ਵਿਰਾਸਤ ਮਹੀਨੇ ਵਜੋਂ ਐਲਾਨਿਆ

**ਮੈਰੀਲੈਡ/ਰਾਜ ਗੋਗਨਾ:** ਮੈਰੀਲੈਂਡ ਸੂਬੇ ਦੇ ਰਾਜਪਾਲ ਲੈਰੀ ਹੋਗਨ ਨੇ ਕਿਹਾ, ਕਿ ਮੈਰੀਲੈਂਡ ਦੀ ਇਕ ਮਹਾਨ ਸਭਿਆਚਾਰਕ ਵਿਭਿੰਨਤਾ, ਸਾਡੇ ਰਾਜ ਨੂੰ ਮਜ਼ਬੂਤ ਬਣਾਉਂਦੀ ਹੈ। ਇਹ ਕਦੇ ਵੀ ਨਹੀਂ ਹੋਇਆ ਹੈ ਕਿ ਅਸੀਂ ਮੁਸ਼ਕਲ ਦਾ ਸਾਹਮਣਾ ਨਾਂ ਕਰ ਸਕੀਏ।ਕਿਉਂਕਿ ਅਸੀਂ ਹੁਣ ਇੱਕ ਵਿਸ਼ਵਵਿਆਪੀ ਸੰਕਟ ਦਾ ਸਾਹਮਣਾ ਕਰਦੇ ਆ ਰਹੇ ਹਾਂ, ਰਾਜਪਾਲ ਹੋਗਨ ਨੇ ਕਿਹਾ, ਜਿਵੇਂ ਕਿ ਏਸ਼ੀਅਨ ਪੈਸੀਫਿਕ ਅਮਰੀਕਨ ਵਿਰਾਸਤ ਮਹੀਨਾ ਨੇੜੇ ਆ ਰਿਹਾ ਹੈ, ਅਸੀਂ ਏਸ਼ੀਅਨ ਮੈਰੀਲੈਂਡਜ਼ ਦੇ ਆਪਣੇ ਰਾਜ ਦੀ ਮਾਣ ਵਾਲੀ ਪਛਾਣ ਵਿਚ ਸ਼ਾਨਦਾਰ ਯੋਗਦਾਨ ਨੂੰ ਪਛਾਣਦੇ ਹਾਂ ਅਤੇ ਮਨਾਉਂਦੇ ਹਾਂ। ਲੈਰੀ ਹੋਗਨ ਨੇ ਕਿਹਾ ਕਿ ਏਸ਼ੀਅਨ ਹਰ ਮੁਸ਼ਕਲ ਵਿੱਚ ਸਾਡੀ ਮਦਦ ਲਈ ਅੱਗੇ ਆਉਦੇ ਹਨ। ਉਹਨਾਂ ਏਸ਼ੀਅਨ ਮੂਲ ਦੇ ਸ: ਜਸਦੀਪ ਸਿੰਘ ਜੱਸੀ ਚੇਅਰਮੈਨ ਸਾਊਥ ਏਸ਼ੀਅਨ ਕਮਿਸ਼ਨ ਤੇ ਸਾਜਿਦ ਤਰਾਰ ਉਪ-ਚੇਅਰਮੈਨ ਦੀ ਅਗਵਾਈ ਵਿੱਚ ਅਨੇਕਾਂ ਸਕੀਮਾਂ ਚਲਾਈਆ ਗਈਆ ਹਨ। ਜੋ ਬਹੁਤ ਹੀ ਸ਼ਲਾਘਾਯੋਗ ਹਨ ਅਤੇ ਜਿਸ ਦਾ ਲਾਹਾ



ਸਾਊਥ ਏਸ਼ੀਅਨਾਂ ਨੇ ਹਸਪਤਾਲਾਂ, ਸਕੂਲਾਂ ਅਤੇ ਬਿਜਨਸਾਂ ਵਿੱਚ ਲਿਆ ਹੈ। ਇਥੋ ਤੱਕ ਕਿ ਕੋਰੋਨਾਵਾਇਰਸ ਦੀ ਮਹਾਂਮਾਰੀ ਦੌਰਾਨ ਵੀ ਸਟੇਟ ਵੱਲੋਂ ਦਿੱਤੀਆਂ ਸਹੂਲਤਾਂ ਰਾਹੀ ਰਾਹਤ ਪ੍ਰਾਪਤ ਕੀਤੀ ਹੈ। ਜਿਸ ਲਈ ਸਾਊਥ ਏਸ਼ੀਅਨ ਕਮਿਸ਼ਨ ਲਈ ਮਾਣ ਵਾਲੀ ਗੱਲ ਹੈ। ਅਤੇ ਜਿਸ ਸਦਕਾ ਸਾਊਥ ਏਸ਼ੀਅਨ ਕਮਿਸ਼ਨਰ ਜਸਦੀਪ ਸਿੰਘ ਜੱਸੀ ਨੂੰ ਸਨਮਾਨਿਆ ਵੀ ਗਿਆ ਸੀ। ਗਵਰਨਰ ਹੋਗਨ ਵੱਲੋਂ ਮਈ ਮਹੀਨੇ ਨੂੰ ਹੈਰੀਟੇਜ ਮਹੀਨਾ ਐਲਾਨ ਕਿ ਏਸ਼ੀਅਨ ਮੂਲ ਦੇ ਲੋਕਾਂ ਵੱਲੋਂ ਵਾਹ ਵਾਹ ਖੱਟੀ ਹੈ।ਉਹਨਾਂ ਕਿਹਾ ਕਿ ਇਸ ਦੌਰਾਨ ਅਸੀਂ ਅਨੇਕਾਂ ਰਾਹਤ ਕਾਰਜਾਂ ਸੰਬੰਧੀ ਇਸ ਕਮਿਊਨਿਟੀ ਨੂੰ ਜਾਗਰੂਕ ਕੀਤਾ ਜਾਵੇਗਾ।



The State of Maryland

Proclamation

From the Governor of the State of Maryland

ASIAN PACIFIC AMERICAN HERITAGE MONTH
MAY 2020

WHEREAS, The State of Maryland is deeply enriched by the diversity of its residents, and seeks to further promote tolerance, acceptance, and equality of opportunities for all; and

WHEREAS, The US Census counts a rapidly growing population of more than 310,000 Asian Pacific Americans in the State of Maryland; and

WHEREAS, Asian Pacific American Heritage Month was first celebrated in May 1990 to commemorate the arrival of the first Japanese immigrants in the United States in May 1843, and to honor the contributions of Chinese Americans in building the Transcontinental Railroad, which was completed on May 10, 1869; and

WHEREAS, Asian Americans and Pacific Islanders continue to make impressive and lasting contributions to every facet of society in our state.

NOW, THEREFORE, I, LAWRENCE J. HOGAN, JR., GOVERNOR OF THE STATE OF MARYLAND, do hereby proclaim MAY 2020 as ASIAN PACIFIC AMERICAN HERITAGE MONTH in Maryland, and do commend this observance to all of our citizens.

Governor

Lt. Governor

Secretary of State

# ਬਰਾਜ਼ੀਲ ਵਿਚੋਂ ਕੋਈ ਵੀ ਵਿਅਕਤੀ ਅਮਰੀਕਾ ਵਿਚ ਦਾਖਲ ਨਹੀਂ ਹੋ ਸਕੇਗਾ:ਟਰੰਪ

## ਅਮਰੀਕਾ ਵਿਚ ਰੋਜ਼ਾਨਾ ਮੌਤਾਂ ਦੀ ਗਿਣਤੀ ਘਟੀ

**ਵਾਸ਼ਿੰਗਟਨ/ਹੁਸਨ ਲੜੋਆ ਬੰਗਾ:** ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕੋਰੋਨਾਵਾਇਰਸ ਦੇ ਫੈਲਾਅ ਨੂੰ ਰੋਕਣ ਲਈ ਬਰਾਜ਼ੀਲ ਉਪਰ ਨਵੀਆਂ ਯਾਤਰਾ ਪਾਬੰਦੀਆਂ ਲਾਉਣ ਦਾ ਐਲਾਨ ਕੀਤਾ ਹੈ ਜੋ ਫੌਰੀ ਲਾਗੂ ਹੋ ਗਈਆਂ ਹਨ। ਰਾਸ਼ਟਰਪਤੀ ਨੇ ਆਪਣੇ ਐਲਾਨ ਵਿਚ ਕਿਹਾ ਹੈ ਕਿ ਮੈਂ ਇਸ ਵਾਸਤੇ ਦ੍ਰਿੜ ਸੰਕਲਪ ਹਾਂ ਕਿ ਇਹ ਅਮਰੀਕਾ ਦੇ ਹਿੱਤ ਵਿਚ ਹੈ ਕਿ ਬਰਾਜ਼ੀਲ ਵਿਚ ਰਹਿ ਰਹੇ ਕਿਸੇ ਵੀ ਪ੍ਰਵਾਸੀ, ਗੈਰ ਪ੍ਰਵਾਸੀ ਜਾਂ ਵਿਦੇਸ਼ੀ ਦਾ ਅਮਰੀਕਾ ਵਿਚ ਦਾਖਲਾ ਮੁਲਤਵੀ ਕਰ ਦਿੱਤਾ ਜਾਵੇ। ਬਰਾਜ਼ੀਲ ਵਿਚ ਇਸ ਸਮੇਂ 3,47,000 ਵਿਅਕਤੀ ਕੋਰੋਨਾ ਤੋਂ ਪੀੜਤ ਹਨ। ਟਰੰਪ ਦੇ ਐਲਾਨ ਉਪਰੰਤ ਵਾਈਟ ਹਾਊਸ ਦੇ ਪ੍ਰੈਸ ਸਕੱਤਰ ਕੇਲੀਘ ਮੈਕਏਨਾਨੀ ਨੇ ਕਿਹਾ ਕਿ ਅੱਜ ਦੀ ਕਾਰਵਾਈ ਇਸ ਗੱਲ ਨੂੰ ਯਕੀਨੀ ਬਣਾਏਗੀ ਕਿ ਵਿਦੇਸ਼ੀ ਨਾਗਰਿਕ ਜੋ ਬਰਾਜ਼ੀਲ ਵਿਚ ਹਨ, ਦੇਸ਼ ਵਿਚ ਕੋਰੋਨਾ ਲਾਗ ਵਧਣ ਦਾ ਕਾਰਨ ਨਹੀਂ ਬਣਨਗੇ। ਨਵੀਆਂ ਪਾਬੰਦੀਆਂ ਅਮਰੀਕਾ ਤੇ ਬਰਾਜ਼ੀਲ ਵਿਚਾਲੇ ਚਲ ਰਹੀਆਂ ਵਪਾਰਕ ਸਰਗਰਮੀਆਂ ਉਪਰ ਲਾਗੂ ਨਹੀਂ ਹੋਣਗੀਆਂ। ਘਰਾਂ ਵਿਚ ਰਹਿਣ ਸਬੰਧੀ ਲਾਗੂ ਪਾਬੰਦੀਆਂ ਵਿਚ ਢਿੱਲ ਦੇਣ ਉਪਰੰਤ ਬੀਚਾਂ ਤੇ ਰੈਸਟੋਰੈਂਟਾਂ ਵਿਚ ਲੋਕਾਂ ਦੀ ਆਮਦ ਵਧ ਜਾਣ ਦੇ ਸਿੱਟੇ ਵਜੋਂ ਕਈ ਰਾਜਾਂ ਵਿਚ ਕੋਰੋਨਾ ਦੇ ਨਵੇਂ ਮਾਮਲੇ ਸਾਹਮਣੇ ਆਏ ਹਨ। ਯੂ. ਐਸ ਫੂਡ ਐਂਡ ਡਰੱਗ ਐਡਮਨਿਸਟ੍ਰੇਸ਼ਨ ਕਮਿਸ਼ਨਰ ਡਾਕਟਰ ਸਟੀਫਨ ਐਮ ਹਾਨ ਨੇ ਕਿਹਾ ਹੈ ਕਿ "ਦੇਸ਼ ਹਫਤਾਵਾਰੀ ਛੁੱਟੀਆਂ ਮਨਾਉਣ ਲਈ ਖੁਲ ਰਿਹਾ ਹੈ, ਮੈਂ ਤੁਹਾਨੂੰ ਦੁਬਾਰਾ ਚੇਤੇ ਕਰਵਾਉਂਦਾ ਹਾਂ ਕਿ ਕੋਰੋਨਾ ਮਹਾਂਮਾਰੀ ਅਜੇ ਖਤਮ ਨਹੀਂ ਹੋਈ। ਇਹ ਹਰ ਵਿਅਕਤੀ ਉਪਰ ਨਿਰਭਰ ਕਰਦਾ ਹੈ ਕਿ ਉਹ ਆਪਣੀ ਤੇ ਬਾਕੀ ਲੋਕਾਂ ਦੀ ਰਖਿਆ ਕਰੇ। ਸਮਾਜਿਕ ਦੂਰੀ ਰਖਣ, ਹੱਥਾਂ ਨੂੰ ਧੋਣ ਤੇ ਮਾਸਕ ਪਹਿਣਨ ਨਾਲ ਅਸੀਂ ਆਪਣਾ ਤੇ ਦੂਸਰਿਆਂ ਦਾ ਬਚਾਅ ਕਰ ਸਕਦੇ ਹਾਂ'

# ਪੰਜਾਬੀ ਮੀਡੀਆ ਯੂ.ਐਸ.ਏ ਅਤੇ ਪੰਜਾਬ ਪ੍ਰੋਡਕਸ਼ਨਜ਼ ਵੱਲੋਂ ਇੰਟਰਨੈਸ਼ਨਲ ਦਸਤਾਰ ਮੁਕਾਬਲਾ

**ਫਰਿਜ਼ਨੋ/ਕੁਲਵੰਤ ਧਾਲੀਆਂ/ ਨੀਟਾ ਮਾਛੀਕੇ:** ਪੰਜਾਬੀ ਮੀਡੀਆਂ ਯੂ.ਐਸ.ਏ., ਜਗਦੇਵ ਸਿੰਘ ਭੰਡਾਲ ਅਤੇ ਪੰਜਾਬ ਪ੍ਰੋਡਕਸ਼ਨਜ਼ ਵੱਲੋਂ ਪਹਿਲਾ ਅੰਤਰ-ਰਾਸ਼ਟਰੀ ਦਸਤਾਰ ਮੁਕਾਬਲਾ ਆਨ-ਲਾਈਨ ਕਰਵਾਇਆ ਜਾ ਰਿਹਾ ਹੈ। ਜਿਸ ਨੂੰ 'ਪੰਜਾਬੀ ਮੀਡੀਆਂ ਯੂ.ਐਸ.ਏ.' ਦੇ 'ਯੂ-ਟਿਊਬ' ਚੈਨਲ ਤੇ ਵੀਡਿਓਜ਼ ਰਾਹੀ
ਵੀਡੀਓ ਰਾਹੀ ਸਮੁੱਚੇ ਭਾਈਚਾਰੇ ਦੀ ਜੱਜਮੈਂਟ ਲਈ ਪੇਸ਼ ਕੀਤਾ ਜਾਵੇਗਾ। ਜਿਸ ਦੇ ਅਧਾਰ 'ਤੇ ਇਨਾਮ ਅਤੇ ਸਨਮਾਨ ਦਿੱਤਾ ਜਾਵੇਗਾ। ਇਸ ਦਸਤਾਰ ਮੁਕਾਬਲੇ ਵਿੱਚ ਹਿੱਸਾ ਲੈਣ ਵਾਲੇ ਆਪਣੀ ਵੀਡੀਉ ਸ਼ੁਰੂ ਕਰਨ ਤੋਂ ਪਹਿਲਾ ਤੁਸੀਂ ਆਪਣਾ ਨਾਮ, ਕਿੱਥੋਂ ਦੇ ਵਸਨੀਕ ਹਨ, ਜਿਵੇਂ ਪਿੰਡ/ਸ਼ਹਿਰ, ਜਿਲਾ ਜਾਂ ਕਾਉਂਟੀ, ਸਟੇਟ, ਦੇਸ਼, ਅਦਿਕ ਅਤੇ ਇਸ ਦਸਤਾਰ ਮੁਕਾਬਲੇ ਸੰਬੰਧੀ ਸਹਿਮਤੀ ਕਿ 'ਮੈਂ ਇਸ ਦਸਤਾਰ ਮੁਕਾਬਲੇ ਦੀਆਂ ਸਾਰੀਆਂ ਸਰਤਾਂ ਨੂੰ ਮੰਨਦਾ ਹੋਇਆ ਮੁਕਾਬਲੇ 'ਚ ਹਿੱਸਾ ਲੈ ਰਿਹਾ ਹਾਂ' (ਇਹ ਲਾਈਨਾਂ ਨਾ ਬੋਲਣ ਦੀ ਸੂਰਤ ਵਿੱਚ ਵੀਡੀਓ ਮੁਕਾਬਲੇ 'ਚ ਸ਼ਾਮਿਲ ਨਹੀਂ ਕੀਤੀ ਜਾਵੇਗੀ)।
ਦਸਤਾਰ ਸਜਾਉਣ ਵੇਲੇ ਵੀਡੀਓ ਦਾ ਸਮਾਂ 10 ਮਿੰਟ ਨਿਯਤ ਹੈ। ਇਸ ਲਈ ਵੱਧ ਤੋਂ ਵੱਧ 10 ਮਿੰਟ ਤੱਕ ਦੀ ਹੀ ਬਣਾਈ ਜਾਵੇ।
ਵੀਡੀਓ ਬਿਨਾਂ ਕਿਸੇ ਬੈਕਗਰਾਉਂਡ ਸੰਗੀਤ ਅਤੇ ਐਡੀਟਿੰਗ ਦੇ ਹੋਣੀ ਚਾਹੀਦੀ। ਵਧੀਆਂ ਕੁਆਲਟੀ ਵਾਲ਼ੀਆਂ ਵੀਡੀਉ ਹੀ ਮੁਕਾਬਲੇ 'ਚ ਸ਼ਾਮਿਲ ਕੀਤੀਆ ਜਾਣਗੀਆਂ। ਵੀਡੀਓ ਵੱਟਸਐਪ ਰਾਹੀ (WhatsApp) +1916516 0571 'ਤੇ ਹੀ ਭੇਜੀ ਜਾਵੇ। ਮੁਕਾਬਲੇ ਵਿੱਚ ਸਾਮਲ ਹੋਣ ਲਈ ਵੀਡੀਓ ਭੇਜਣ ਦੀ ਆਖਰੀ ਮਿਤੀ 15 ਜੂਨ 2020 ਹੈ। 15 ਜੂਨ ਤੋਂ 30 ਜੂਨ ਤੱਕ ਦੀਆਂ ਮੁਕਾਬਲੇ ਵਾਲੀਆਂ ਸਾਰੀਆਂ ਵੀਡਿਓਜ਼ 'ਯੂ-ਟਿਊਬ' ਚੈਨਲ 'ਤੇ ਅਪਲੋਡ ਕਰਕੇ ਪ੍ਰਾਈਵੇਟ ਰਹਿਣਗੀਆਂ। ਜੋ 1 ਜੁਲਾਈ ਤੋਂ ਦਸਤਾਰ ਮੁਕਾਬਲੇ 'ਯੂ-



ਟਿਊਬ' ਚੈਨਲ www.Youtube.com/PunjabiMediaUSAOfficial 'ਤੇ ਸ਼ੁਰੂ ਹੋ ਜਾਣਗੇ ਅਤੇ ਸਾਰੀਆਂ ਵੀਡਿਓਜ਼ ਚੈਨਲ 'ਤੇ ਪਬਲਿਕ ਕੀਤੀਆਂ ਜਾਣਗੀਆਂ।
ਦਸਤਾਰ ਮੁਕਾਬਲਾ 1 ਜੁਲਾਈ ਤੋਂ ਸ਼ੁਰੂ ਹੋ ਕੇ 30 ਜੁਲਾਈ ਤੱਕ ਚੱਲੇਗਾ। 31 ਜੁਲਾਈ ਦਿਨ ਸ਼ੁੱਕਰਵਾਰ ਨੂੰ ਕੈਲੀਫੋਰਨੀਆ (ਅਮਰੀਕਾ) ਸਮੇਂ ਅਨੁਸਾਰ ਸ਼ਾਮ 6:00 ਵਜੇ ਮੁਕਾਬਲਾ ਸਮਾਪਤ ਹੋਵੇਗਾ। 31 ਜੁਲਾਈ ਦਿਨ ਸ਼ੁਕਰਵਾਰ ਨੂੰ ਕੈਲੀਫੋਰਨੀਆ (ਯੂ.ਐਸ.ਏ) ਟਾਇਮ ਸ਼ਾਮ 9:00 ਵਜੇ ਯੂ ਟਿਊਬ ਚੈਨਲ/ਫੇਸਬੁੱਕ 'ਤੇ ਜੇਤੂ ਕਰਾਰ ਦਿੱਤੇ ਜਾਣਗੇ।
ਇਸ ਮੁਕਾਬਲੇ ਵਿੱਚ ਕੁੱਲ ਪੰਜ ਜੇਤੂ ਚੁਣੇ ਜਾਣਗੇ। ਯੂ-ਟਿਊਬ ਚੈਨਲ 'ਤੇ ਸਾਰੀਆਂ ਵੀਡੀਉ ਨੂੰ ਇਕ ਮਹੀਨੇ ਲਈ 1 ਜੁਲਾਈ ਤੋਂ 30 ਜੁਲਾਈ ਤੱਕ ਦੇਖਿਆਂ ਜਾਵੇਗਾ। ਜਿਸ ਵੀਡੀਓ ਦੇ ਸਭ ਤੋਂ ਵੱਧ ਵਿਊਜ਼ ਹੋਣਗੇ, ਉਸਦੇ ਅਧਾਰ 'ਤੇ ਕ੍ਰਮਵਾਰ ਪਹਿਲੇ, ਦੂਜੇ, ਤੀਜੇ, ਚੌਥੇ ਅਤੇ ਪੰਜਵੇਂ ਸਥਾਨ ਤੇ ਜੇਤੂ ਹੋਵੇਗਾ। ਜੇਤੂਆਂ ਨੂੰ ਇਨਾਮ ਕ੍ਰਮਵਾਰ ਪਹਿਲੇ ਨੂੰ £500,ਦੂਜਾ £400, ਤੀਜਾ £300, ਚੌਥਾ £200 ਅਤੇ ਪੰਜਵਾਂ £100 ਡਾਲਰ ਹੋਵੇਗਾ। ਇਨਾਮ ਯੂ ਐਸ ਏ ਡਾਲਰ ਦੀ ਵੈਲਿਊ ਦੇ ਹੀ ਹੋਣਗੇ।
ਮੁਕਾਬਲੇ ਸੰਬੰਧੀ ਕੋਈ ਵੀ ਟਾਈਮ ਅਤੇ ਤਾਰੀਖ਼/ਦਿਨ ਕੈਲੀਫੋਰਨੀਆ ਯੂ.ਐਸ.ਏ ਦੇ ਟਾਈਮ/ਤਾਰੀਖ਼ ਅਨੁਸਾਰ ਹੀ ਹੋਵੇਗਾ। 31 ਜੁਲਾਈ ਦਿਨ ਸ਼ੁੱਕਰਵਾਰ ਨੂੰ ਕੈਲੀਫੋਰਨੀਆ ਸਮੇਂ ਅਨੁਸਾਰ ਸ਼ਾਮ 6:00 ਵਜੇ ਮੁਕਾਬਲਾ ਸਮਾਪਤ ਹੋਵੇਗਾ।
ਸ਼ਾਮ 9:00 ਵਜੇ ਜੇਤੂਆ ਦੇ ਨਾਮ ਦੱਸੇ ਜਾਣਗੇ।
ਪ੍ਰੋਗਰਾਮ ਨੂੰ ਬਦਲਣ ਅਤੇ ਤਬਦੀਲੀ ਕਰਨ ਦੇ ਸਾਰੇ ਹੱਕ ਪੰਜਾਬੀ ਮੀਡੀਆ ਯੂ.ਐਸ.ਏ ਅਤੇ ਪੰਜਾਬ ਪ੍ਰੋਡਕਸ਼ਨਜ਼ ਕੋਲ ਰਾਖਵੇ ਹੋਣਗੇ। ਸਮੂੰਹ ਪ੍ਰਬੰਧਕਾਂ ਵੱਲੋਂ ਦੁਨੀਆ ਭਰ ਦੇ ਦਸਤਾਰ ਸਜਾਉਣ ਦੇ ਸ਼ੌਕੀਨਾਂ ਨੂੰ ਸਾਮਲ ਹੋਣ ਲਈ ਸੱਦਾ ਦਿੱਤਾ ਜਾਂਦਾ ਹੈ।

# ਰਾਸ਼ਟਰਪਤੀ ਵੱਲੋਂ ਗਿਰਜਾ ਘਰ, ਮਸਜਿਦਾਂ ਤੇ ਹੋਰ ਪੂਜਾ ਸਥਾਨ ਤੁਰੰਤ ਖੋਲਣ ਦਾ ਆਦੇਸ਼

**ਵਾਸ਼ਿੰਗਟਨ/ਹੁਸਨ ਲੜੋਆ ਬੰਗਾ:** ਰਾਸ਼ਟਰਪਤੀ ਡੋਨਾਲਡ ਟਰੰਪ ਨੇ ਗਿਰਜਾ ਘਰਾਂ, ਮਸਜਿਦਾਂ ਤੇ ਹੋਰ ਪੂਜਾ ਸਥਾਨਾਂ ਨੂੰ ਤੁਰੰਤ ਖੋਲਣ ਦਾ ਆਦੇਸ਼ ਦਿੱਤਾ ਹੈ ਤੇ ਨਾਲ ਹੀ ਤਾੜਨਾ ਕੀਤੀ ਹੈ ਅਜਿਹਾ ਨਾ ਕਰਨ ਵਾਲੇ ਗਵਰਨਰਾਂ ਨੂੰ ਓਵਰਰਾਈਡ ਕਰ ਦਿੱਤਾ ਜਾਵੇਗਾ।



ਰਾਸ਼ਟਰਪਤੀ ਨੇ ਗਿਰਜਾ ਘਰਾਂ, ਮਸਜਿਦਾਂ , ਯਹੂਦੀਆਂ ਦੇ ਪ੍ਰਾਰਥਨਾ ਘਰਾਂ ਤੇ ਹੋਰ ਪੂਜਾ ਸਥਾਨਾਂ ਨੂੰ ਜਰੂਰੀ ਸੇਵਾਵਾਂ ਐਲਾਨ ਦਿੱਤਾ ਹੈ। ਰਾਸ਼ਟਰਪਤੀ ਨੇ ਪ੍ਰੈਸ ਕਾਨਫਰੰਸ ਦੌਰਾਨ ਕਿਹਾ ਕਿ ਸਾਨੂੰ ਵਧੇਰੇ ਪ੍ਰਾਰਥਨਾ ਕਰਨ ਦੀ ਲੋੜ ਹੈ। ਰਾਸ਼ਟਰਪਤੀ ਨੇ ਮਿਸ਼ੀਗਨ ਦੇ ਅਟਾਰਨੀ ਜਨਰਲ ਡਾਨਾ ਨਸਲ ਦੀ ਅਲੋਚਨਾ ਕੀਤੀ ਹੈ ਜਿਸ ਨੇ ਫੋਰਡ ਫੈਕਟਰੀ ਦੇ ਦੌਰੇ ਦੌਰਾਨ ਮਾਸਕ ਨਾ ਪਾਉਣ ਕਾਰਨ ਟਰੰਪ ਨੂੰ ਢੀਠ ਬੱਚਾ ਕਿਹਾ ਸੀ। ਟਰੰਪ ਨੇ ਸਪਸ਼ਟੀਕਰਨ ਵੀ ਦਿੱਤਾ ਹੈ ਤੇ ਕਿਹਾ ਹੈ ਕਿ ਉਸ ਨੇ ਫੈਕਟਰੀ ਦੇ ਅੰਦਰ ਮਾਸਕ ਪਾਇਆ ਸੀ ਪਰ ਪੱਤਰਕਾਰਾਂ ਸਾਹਮਣੇ ਨਹੀਂ ਪਾਇਆ ਸੀ। ਟਰੰਪ ਨੇ ਕਿਹਾ ਹੈ ਕਿ ਗਰੇਟ ਸਟੇਟ ਮਿਸ਼ੀਗਨ ਲਈ ਡਾਨਾ ਨਸਲ ਨੇ ਕੁਝ ਨਹੀਂ ਕੀਤਾ।

**ਨਿਆਂ ਵਿਭਾਗ ਵੱਲੋਂ ਚਿਤਾਵਨੀ:**
ਨਿਆਂ ਵਿਭਾਗ ਨੇ ਕੁਝ ਰਾਜਾਂ ਦੇ ਅਧਿਕਾਰੀਆਂ ਨੂੰ ਚਿਤਾਵਨੀ ਦਿੰਦਿਆਂ ਕਿਹਾ ਹੈ ਕਿ ਉਨਾਂ ਦੇ 'ਘਰਾਂ ਵਿਚ ਰਹਿਣ' ਦੇ ਆਦੇਸ਼ ਗੈਰਕਾਨੂੰਨੀ ਹਨ। ਲਾਸ ਏਂਜਲਸ ਦੇ ਅਧਿਕਾਰੀਆਂ ਨੂੰ ਲਿਖੇ ਪੱਤਰ ਵਿਚ ਅਸਿਸਟੈਂਟ ਅਟਾਰਨੀ ਜਨਰਲ ਐਰਿਕ ਡਰੀਬਰੈਂਡ ਨੇ ਕਿਹਾ ਹੈ ਕਿ ਉਨਾਂ ਵੱਲੋਂ ਹਾਲ ਹੀ ਵਿਚ ਕੀਤੀ ਗਈ ਟਿਪਣੀ ਕਿ ਘਰਾਂ ਵਿਚ ਰਹਿਣ ਦੇ ਹੁਕਮ ਲੰਬਾ ਸਮਾਂ ਲਾਗੂ ਰਹਿ ਸਕਦੇ ਹਨ, ਆਪਹੁਦਰੀ ਤੇ ਗੈਰ ਕਾਨੂੰਨੀ ਹੈ। ਨਿਆਂ ਵਿਭਾਗ ਨੇ ਇਹ ਵੀ ਕਿਹਾ ਹੈ ਕਿ ਇਲੀਨੋਇਸ ਦੇ ਗਵਰਨਰ ਜੇ ਬੀ ਪ੍ਰਿਟਜ਼ਕਰ ਵੱਲੋਂ ਇਲੀਨੋਇਸ ਵਾਸੀਆਂ ਉਪਰ ਲਾਗੂ ਕੀਤੀਆਂ ਅਸੀਮਿਤ ਬੰਦਸ਼ਾਂ ਨੇ ਸੰਵਿਧਾਨਕ ਚਿੰਤਾ ਪੈਦਾ ਕਰ ਦਿੱਤੀ ਹੈ। ਇਸ ਤੋਂ ਪਹਿਲਾਂ ਅਟਾਰਨੀ ਜਨਰਲ ਵਿਲੀਅਮ ਬਰ ਨੇ ਕਿਹਾ ਸੀ ਕਿ ਹਾਲਾਂ ਕਿ ਕੋਰੋਨਾਵਾਇਰਸ ਨੂੰ ਫੈਲਣ ਤੋਂ ਰੋਕਣ ਲਈ ਲਾਕਡਾਊਨ ਜਰੂਰੀ ਸੀ ਪਰ ਬੰਦਸ਼ਾਂ ਨੇ ਅਮਰੀਕੀਆਂ ਉਪਰ ਬਹੁਤ ਜਿਆਦਾ ਬੋਝ ਪਾ ਦਿੱਤਾ ਹੈ।

# ਸਿੱਖ ਕੌਮ ਦੀਆਂ ਭਾਵਨਾਵਾਂ ਨੂੰ ਸਮਝਦੇ ਹੋਏ ਯੂ. ਕੇ. ਸਰਕਾਰ ਆਪੇ ਚੁਣੇ ਵਿਅਕਤੀ ਦੀ ਨਿਯੁਕਤੀ ਰੱਦ ਕਰੇ

**ਬ੍ਰਮਿੰਘਮ/ਏ.ਟੀ.ਨਿਊਜ਼ :** ਬੀਤੇ ਦਿਨੀਂ ਯੂ. ਕੇ. ਸਰਕਾਰ ਨੇ ਧਾਰਮਿਕ ਸਥਾਨਾਂ ਨੂੰ ਮੁੜ ਖੋਲਣ ਸਬੰਧੀ ਜੋ ਕਮੇਟੀ ਸਥਾਪਤ ਕੀਤੀ ਹੈ ਉਸ ਵਿੱਚ ਸਿੱਖਾਂ ਦੇ ਨੁਮਾਇੰਦੇ ਵਜੋਂ ਨਾਮਜ਼ਦ ਕੀਤੇ ਵਿਅਕਤੀ ਨੂੰ ਸਿੱਖ ਕੌਮ ਪ੍ਰਵਾਨ ਨਹੀਂ ਕਰਦੀ ਸਰਕਾਰ ਨੂੰ ਚਾਹੀਦਾ ਹੈ ਕਿ ਸਿੱਖ ਕੌਮ ਦੀਆਂ ਭਾਵਨਾਵਾਂ ਨੂੰ ਸਮਝਦੇ ਹੋਏ ਆਪੇ ਚੁਣੇ ਵਿਅਕਤੀ ਦੀ ਨਿਯੁਕਤੀ ਰੱਦ ਕਰੇ। ਕੋਵਿਡ-19 ਮਹਾਂਮਾਰੀ ਦੇ ਪ੍ਰਕੋਪ ਕਾਰਨ ਯੂ. ਕੇ. ਦੇ ਪ੍ਰਧਾਨ ਮੰਤਰੀ ਮਿ: ਬੋਰਿਸ ਜੌਹਨਸਨ ਨੇ ਜਿਸ ਤਰਾਂ ਸਾਰੇ ਧਾਰਮਿਕ ਸਥਾਨ ਬੰਦ ਕਰਨ ਦਾ ਸੁਨੇਹਾ ਦਿੱਤਾ ਸੀ ਇਸੇ ਤਰਾਂ ਕਹਿ ਸਕਦੇ ਸਨ ਕਿ ਫਲਾਨਾ ਤਰੀਕ ਤੋਂ ਦੁਬਾਰਾ ਖੋਲ੍ਹ ਸਕਦੇ ਹੋ ਅਤੇ ਨਾਲ ਨੈਸ਼ਨਲ ਹੈਲਥ ਸਰਵਿਸ ਵੱਲੋਂ ਸਿਹਤ ਅਤੇ ਸੁਰੱਖਿਆ ਸਬੰਧੀ ਵਿਸ਼ੇਸ਼ ਹਦਾਇਤਾਂ ਜਾਰੀ ਕਰ ਸਕਦੇ ਸਨ। ਹਰ ਧਰਮ ਦੀਆਂ ਮਰਿਯਾਦਾਵਾਂ ਅਲੱਗ ਅਲੱਗ ਹੁੰਦੀਆਂ ਹਨ ਅਤੇ ਹਰ ਧਰਮ ਦੇ ਪੈਰੋਕਾਰ ਉਨਾਂ ਅਨੁਸਾਰ ਆਪੋ ਆਪਣੇ ਧਰਮ ਸਥਾਨਾਂ ਦਾ ਪ੍ਰਬੰਧ ਚਲਾਉਂਦੇ ਆ ਰਹੇ ਹਨ ਅਤੇ ਚਲਾਉਂਦੇ ਰਹਿਣਗੇ, ਡੈਮਕ੍ਰੇਟਿਕ ਸਰਕਾਰਾਂ ਦਾ ਫਰਜ਼ ਹੈ ਕਿ ਧਾਰਮਿਕ ਭਾਵਨਾਵਾਂ ਨਾਲ ਖਿਲਵਾੜ ਨਾਂ ਕਰੇ। ਜਥੇਦਾਰ ਗੁਰਮੇਜ ਸਿੰਘ ਸਿੰਘ ਪ੍ਰਧਾਨ ਮੰਤਰੀ ਖ਼ਾਲਿਸਤਾਨ ਜਲਾਵਤਨ ਸਰਕਾਰ ਅਤੇ ਸ਼੍ਰੋਮਣੀ ਅਕਾਲੀ ਦਲ (ਅ) ਯੂ. ਕੇ. (ਰਜਿ) ਦੇ ਸੂਬਾ ਸਿੰਘ ਲਿੱਤਰਾਂ ਪ੍ਰਧਾਨ 'ਤੇ ਸਕੱਤਰ ਜਨਰਲ ਸਰਬਜੀਤ ਸਿੰਘ ਨੇ ਸਾਂਝਾ ਬਿਆਨ ਜਾਰੀ ਕਰਦੇ ਹੋਏ ਅੱਗੇ ਕਿਹਾ ਕਿ ਅਸਲ ਵਿੱਚ ਅਜੇਹੇ ਮੰਦਭਾਗੇ ਫੈਸਲੇ ਸਿੱਖ ਕੌਮ ਵਿਚਲੀ ਪਾਟੋਧਾੜ ਦਾ ਨਤੀਜਾ ਹਨ। ਮੀਡੀਆ ਲੋਕਤੰਤਰ ਦਾ ਚੌਥਾ ਥੰਮ ਮੰਨਿਆਂ ਜਾਂਦਾ ਹੈ ਅਤੇ ਅਜੋਕਾ ਸੋਸ਼ਲ ਮੀਡੀਆ ਆਪਣੇ ਵਿਚਾਰ ਪੇਸ਼ ਕਰਨ ਦਾ ਅਸਾਨ ਸਾਧਨ ਹੈ 'ਤੇ ਸਾਨੂੰ ਇਸ ਰਾਹੀਂ ਦਲੀਲਪੂਰਵਕ ਤੱਥਾਂ ਸਹਿਤ ਗੱਲਾਂ ਕਰਦੇ ਹੋਏ ਦੁਨੀਆਂ ਨੂੰ ਆਪਣੇ ਉੱਪਰ ਹੁੰਦੇਂ ਆ ਰਹੇ ਜ਼ੁਲਮ ਤੋਂ ਜਾਣੂੰ ਕਰਵਾਉਣ ਅਤੇ ਆਪਣੇ ਉਸਾਰੂ ਭਵਿੱਖ ਦੀ ਸਿਰਜਣਾਂ ਲਈ ਵਰਤਣਾਂ ਚਾਹੀਦਾ ਹੈ ਪਰ ਅਫਸੋਸ ਕਿ ਅਸੀਂ ਇਸਨੂੰ ਖਾਨਾਜੰਗੀ ਲਈ ਵਰਤ ਰਹੇ ਹਾਂ।ਸੰਨ 2020 ਵੀ ਇਕ ਤਰਾਂ ਨਾਲ ਸਭ ਦੇ ਭੁਲੇਖੇ ਦੂਰ ਕਰ ਰਿਹਾ ਹੈ ਕਈ ਧਰਮੀ ਅਖਵਾਉਂਦੇ ਲੋਕਾਂ ਨੇ ਮਾਰਚ, ਅਪ੍ਰੈਲ, ਮਈ ਆਦਿਕ ਇਨਾਂ ਮਹੀਨਿਆਂ ਦੇ ਸ਼ੁੱਭ ਮਹੂਰਤ ਕੱਢੇ ਹੋਣਗੇ, ਕਈ ਚੱਪਣ ਚੁੱਕ ਰਹੇ ਸਨ ਕਈ ਉਪਰੋਂ ਸੰਤਰੇ ਫੜਦੇ 'ਤੇ ਪੁਲ ਚੌੜੇ ਕਰਦੇ ਸਨ ਪਰ ਹੁਣ ਲਚਾਰ ਦਿਸਦੇ ਹਨ। ਜੂਨ 1984 ਤੋਂ ਲੈ ਕੇ ਇੱਥੇ ਵੀ ਸਰਕਾਰ ਨਾਲ ਸਿੱਧੀ ਗੱਲਬਾਤ ਦੇ ਅਨੇਕਾਂ ਦਮਗਜ਼ੇ ਮਾਰੇ ਜਾ ਰਹੇ ਹਨ ਪਰ ਪਹਿਲਾਂ ਲੇਬਰ ਪਾਰਟੀ ਦੇ ਨਵਨਿਯੁਕਤ ਪ੍ਰਧਾਨ ਦਾ ਇੰਡੀਆ ਬਾਰੇ ਬਿਆਨ ਅਤੇ ਹੁਣ ਸਰਕਾਰ ਵੱਲੋਂ ਬਿਨਾਂ ਪੁੱਛੇ ਦੱਸੇ ਨੁਮਾਇੰਦੇ ਦੀ ਨਿਯੁਕਤੀ ਕੋਈ ਹੋਰ ਕਹਾਣੀ ਬਿਆਨ ਕਰ ਰਹੀ ਹੈ। ਮੁਸੀਬਤ ਪੈਣ 'ਤੇ ਬਾਕੀ ਜਥੇਬੰਦੀਆਂ ਅਤੇ ਕੌਮ ਨੂੰ ਜਜ਼ਬਾਤੀ ਅਪੀਲਾਂ ਕਰਨੀਆਂ ਅਤੇ ਮੌਕਾਂ ਨਿਕਲਣ ਤੋਂ ਬਾਦ ਨਜ਼ਰਅੰਦਾਜ ਕਰਨਾ, ਧੱਕਸ਼ਾਹੀ ਕਰਨਾ ਅਤੇ ਸੰਸਥਾਵਾਂ ਉੱਪਰ ਜਬਰੀ ਕਬਜ਼ੇ ਕਰਨੇ ਜਿੰਨੀ ਦੇਰ ਇਨਾਂ ਨੀਤੀਆਂ ਦਾ ਤਿਆਗ ਨਹੀਂ ਕੀਤਾ ਜਾਂਦਾ ਸਮੇਂ ਦੀਆਂ ਸਰਕਾਰਾਂ ਵੱਲੋਂ ਅਜੇਹੀਆਂ ਹਰਕਤਾਂ ਬਾਰ ਬਾਰ ਦੁਹਰਾਈਆਂ ਜਾਣਗੀਆਂ। ਇਹ ਫੈਸਲਾ ਹੁਣ ਸਾਡੇ ਹੱਥ ਹੈ ਕਿ ਕਹਿਣੀ 'ਤੇ ਕਰਨੀ ਇਕ ਕਰਕੇ ਸੁਹਿਰਦਤਾ ਨਾਲ ਘੱਟੋ ਘੱਟ ਸਾਝਾਂ ਪ੍ਰੋਗਰਾਮ ਬਣਾਂ ਕੇ ਮਿਲਕੇ ਚੱਲਣਾਂ ਹੈ ਜਾਂ ਬਾਰ ਬਾਰ ਇਸੇ ਤਰਾਂ ਖੁਆਰ ਹੁੰਦੇ ਰਹਿਣਾ ਹੈ।

# ਮਹਾਮਾਰੀ ਨਾਲ ਜੂਝ ਰਿਹੈ ਅਮਰੀਕਾ, ਟਰੰਪ ਖੇਡ ਰਹੇ ਨੇ ਗੋਲਫ

## ਟਰੰਪ ਗੋਲਫ ਕੋਰਸ ਦੀ ਸੈਰ ਤੋਂ ਵਾਪਸ ਆਏ, ਪਾਬੰਦੀਆਂ ਵਿਚ ਢਿੱਲ ਦਾ ਸਿਲਸਿਲਾ ਸ਼ੁਰੂ, ਨਿਊਯਾਰਕ ਟਾਈਮਜ਼ ਨੇ ਕੋਰੋਨਾ ਦੀ ਗੰਭੀਰਤਾ ਸਮਝਾਉਣ ਲਈ ਪਹਿਲੇ ਪੇਜ ’ਤੇ ਛਾਪੇ ਮ੍ਰਿਤਕਾਂ ਦੇ ਨਾਂਅ

**ਵਾਸ਼ਿੰਗਟਨ** : ਮਾਰਚ ਵਿਚ ਵਾਈਟ ਹਾਊਸ ਵੱਲੋਂ ਕੋਰੋਨਾ ਵਾਇਰਸ ’ਤੇ ਰਾਸ਼ਟਰੀ ਐਮਰਜੈਂਸੀ ਦਾ ਐਲਾਨ ਕਰਨ ਤੋਂ ਬਾਅਦ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਸ਼ਨਿਚਰਵਾਰ ਨੂੰ ਪਹਿਲੀ ਵਾਰ ਗੋਲਫ ਖੇਡਣ ਨਿਕਲੇ। ਉਹ ਇਹ ਦਿਖਾਉਣ ਦੀ ਕੋਸ਼ਿਸ ਕਰ ਰਹੇ ਸਨ ਕਿ ਦੇਸ਼ ਵਿਚ ਹਾਲਾਤ ਆਮ ਹਨ। ਨੈਸ਼ਨਲ ਗੋਲਫ ਕਲੱਬ ਪੁੱਜੇ ਟਰੰਪ ਨੇ ਸਫੇਦ ਟੋਪੀ ਤੇ ਸਫੇਦ ਪੋਲੋ ਸ਼ਰਟ ਪਾਈ ਹੋਈ ਸੀ। ਟਰੰਪ ਨੂੰ ਆਖ਼ਰੀ ਵਾਰ ਅੱਠ ਮਾਰਚ ਨੂੰ ਫਲੋਰਿਡਾ ਦੇ ਵੈਸਟ ਪਾਮ ਬੀਚ ਸਥਿਤ ਗੋਲਫ ਕਲੱਬ ਵਿਚ ਦੇਖਿਆ ਗਿਆ ਸੀ। ਇਸੇ ਦੌਰਾਨ ਉਹ ਬ੍ਰਾਜ਼ੀਲ ਦੇ ਰਾਸ਼ਟਰਪਤੀ ਜੇਰ ਬੋਲਸੋਨਾਰੋ ਨੂੰ ਮਿਲੇ ਸਨ। ਬਾਅਦ ਵਿਚ ਬੋਲਸੋਨਾਰੋ ਦੇ ਪ੍ਰੈੱਸ ਸਕੱਤਰ ਦਾ ਕੋਰੋਨਾ ਟੈਸਟ ਪਾਜ਼ੇਟਿਵ ਆਇਆ ਸੀ। ਵਾਈਟ ਹਾਊਸ ਦੇ ਕੁਝ ਮੁਲਾਜ਼ਮ ਜਿਹੜੇ ਪ੍ਰੈੱਸ ਸਹਿਯੋਗੀ ਦੇ ਸੰਪਰਕ ਵਿਚ ਸਨ, ਬਾਅਦ ਵਿਚ ਉਨਾਂ ਨੂੰ ਕੁਆਰੰਟਾਈਨ ਵਿਚ ਭੇਜ ਦਿੱਤਾ ਗਿਆ ਸੀ। ਹਾਲਾਂਕਿ ਉਨਾਂ ਵਿਚੋਂ ਕਿਸੇ ਦਾ ਵੀ ਕੋਰੋਨਾ ਟੈਸਟ ਪਾਜ਼ੇਟਿਵ ਨਹੀਂ ਆਇਆ ਸੀ। ਜ਼ਿਕਰਯੋਗ ਹੈ ਕਿ 13 ਮਾਰਚ ਨੂੰ ਟਰੰਪ ਨੇ ਐਲਾਨ ਕਰਦਿਆਂ ਇਸ ਮਹਾਮਾਰੀ ਨੂੰ ‘ਰਾਸ਼ਟਰੀ ਐਮਰਜੈਂਸੀ’ ਐਲਾਨ ਦਿੱਤਾ ਸੀ। 20 ਜਨਵਰੀ ਨੂੰ ਵਾਸ਼ਿੰਗਟਨ ਸੂਬੇ ਵਿਚ ਕੋਰੋਨਾ ਦਾ ਪਹਿਲਾ ਮਾਮਲਾ ਸਾਹਮਣੇ ਆਇਆ ਸੀ। ਅਸਲ ਵਿਚ ਟਰੰਪ ਇਸ ਵਿਚਾਰ ਨੂੰ ਉਤਸ਼ਾਹਿਤ ਕਰਨ ਲਈ ਉਤਸੁਕ ਹਨ ਕਿ ਅਮਰੀਕਾ ਵਾਪਸ ਲੀਹ ’ਤੇ ਪਰਤ ਰਿਹਾ ਹੈ। ਹਾਲਾਂਕਿ, ਕੋਰੋਨਾ ਵਾਇਰਸ ਦੇ ਕਹਿਰ ਨਾਲ ਮਰਨ ਵਾਲਿਆਂ ਦੀ ਗਿਣਤੀ ਵਿਚ ਵਾਧਾ ਜਾਰੀ ਹੈ ਤੇ ਆਉਣ ਵਾਲੇ ਦਿਨਾਂ ਵਿਚ ਇਹ ਅੰਕੜਾ ਇਕ ਲੱਖ ਤੋਂ ਵੱਧ ਹੋ ਸਕਦਾ ਹੈ।

ਕੋਰੋਨਾ ਮਹਾਮਾਰੀ ਤੋਂ ਬਾਅਦ ਅਮਰੀਕੀ ਪਾਬੰਦੀਆਂ ਨੂੰ ਢਿੱਲ ਦਿੰਦਿਆਂ ਨਾਗਰਿਕਾਂ ਦੇ ਮੈਮੋਰੀਅਲ ਡੇਅ ਵੀਕੈਂਡ ਦਾ ਲਾਭ ਦੇਣ ਲਈ ਗੋਲਫ ਕੋਰਸ ਖੋਲਣ ਦਾ ਫ਼ੈਸਲਾ ਕੀਤਾ ਸੀ। ਵੈਸਟ ਪਾਮ ਬੀਚ ਵਿਚ ਟਰੰਪ ਵੱਲੋਂ ਇੰਟਰਨੈਸ਼ਨਲ ਗੋਲਫ ਕਲੱਬ ਦੀ ਯਾਤਰਾ ਉਨਾਂ ਦਾ ਪਹਿਲਾ ਦੌਰ ਸੀ। ਮੈਮੋਰੀਅਲ ਡੇਅ ਉਨਾਂ ਸਾਰੇ ਲੋਕਾਂ ਦੇ ਯਾਦ ਉਤਸਵ ਵਿਚ ਵਿਕਸਤ ਹੋਇਆ, ਜਿਹੜਾ ਅਮਰੀਕੀ ਸ਼ਸਤਰ ਬਲਾਂ ਵਿਚ ਸੇਵਾ ਕਰਦੇ ਹੋਏ ਮਾਰੇ ਗਏ। ਇਹ ਮੂਲ ਰੂਪ ਵਿਚ 31 ਮਈ ਨੂੰ ਮਨਾਇਆ ਜਾਂਦਾ ਹੈ। ਇਸ ਦਾ ਮਕਸਦ ਲਗਪਗ 7,00,000 ਸੰਘ ਤੇ ਕਨਫੈਡਰੇਸ਼ਨ ਫ਼ੌਜੀਆਂ ਦਾ ਸਨਮਾਨ ਕਰਨਾ ਸੀ, ਜਿਨਾਂ ਨੇ ਸੀਤ ਜੰਗ ਦੌਰਾਨ ਆਪਣੀ ਜਾਨ ਗੁਆਈ ਸੀ। ਟਰੰਪ ਦੇ ਕੋਰੋਨਾ ਵਾਇਰਸ ਟਾਸਕ ਫੋਰਸ ਦੇ ਕਨਵੀਨਰ ਡੇਬੋਰਾਹ ਬੀਰਕਸ ਨੇ ਬੀਤੇ ਹਫਤੇ ਵਾਈਟ ਹਾਊਸ ਨੂੰ ਦੱਸਿਆ ਕਿ ਇਸ ਮੈਮੋਰੀਅਲ ਡੇਅ ਵੀਕੈਂਡ ’ਤੇ ਅਮਰੀਕੀਆਂ ਨੂੰ ਘਰਾਂ ਤੋਂ ਬਾਹਰ ਹੋਣਾ ਚਾਹੀਦਾ ਹੈ, ਗੋਲਫ ਖੇਡਣਾ ਚਾਹੀਦਾ ਹੈ, ਟੈਨਿਸ ਖੇਡਣਾ ਚਾਹੀਦਾ ਹੈ, ਸਮੁੰਦਰ ਤਟ ’ਤੇ ਜਾਣਾ ਚਾਹੀਦਾ ਹੈ, ਪਰ ਛੇ ਫੁੱਟ ਦੀ ਦੂਰੀ ਨਾਲ।

### ਨਿਊਯਾਰਕ ਟਾਈਮਜ਼ ਦੀ ਸ਼ਰਧਾਂਜਲੀ

ਅਮਰੀਕਾ ਦੇ ਪ੍ਰਮੁੱਖ ਅਖ਼ਬਾਰਾਂ ਵਿਚੋਂ ਇਕ ਨਿਊਯਾਰਕ ਟਾਈਮਜ਼ ਨੇ ਬੀਤੇ ਐਤਵਾਰ ਨੂੰ ਅਨੋਖੇ ਤਰੀਕੇ ਨਾਲ ਕੋਰੋਨਾ ਮਹਾਮਾਰੀ ਵਿਚ ਜਾਨ ਗੁਆਉਣ ਵਾਲਿਆਂ ਨੂੰ ਸ਼ਰਧਾਂਜਲੀ ਦਿੱਤੀ। ਅਧਿਕਾਰਤ ਤੌਰ ’ਤੇ ਹੁਣ ਤਕ 98,740 ਲੋਕਾਂ ਦੀ ਮੌਤ ਹੋਈ ਹੈ। ਅਮਰੀਕਾ ਵਿਚ ਕੋਰੋਨਾ ਵਾਇਰਸ ਮਹਾਂਮਾਰੀ ਦੀ ਗੰਭੀਰਤਾ ਬਾਰੇ ਦੱਸਣ ਅਤੇ ਲੋਕਾਂ ਨੂੰ ਜਾਗਰੂਕ ਕਰਨ ਲਈ ਨਿਊਯਾਰਕ ਟਾਈਮਜ਼ ਦੇ ਪਹਿਲੇ ਪੇਜ਼ ’ਤੇ ਕੋਰੋਨਾ ਨਾਲ ਮਰਨ ਵਾਲੇ ਲੋਕਾਂ ਦੇ ਨਾਂਅ ਛਾਪੇ ਗਏ ਹਨ। ਅਮਰੀਕਾ ਦੇ ਪ੍ਰਮੁੱਖ



ਅਖਬਾਰਾਂ ਵਿੱਚੋਂ ਇੱਕ ਨਿਊਯਾਰਕ ਟਾਈਮਜ਼ ਨੇ ਆਪਣੇ ਪਹਿਲੇ ਪੇਜ਼ ’ਤੇ ਨਾ ਤਾਂ ਕੋਈ ਖ਼ਬਰ ਪ੍ਰਕਾਸ਼ਤ ਕੀਤੀ ਹੈ, ਨਾ ਗ੍ਰਾਫਿਕਸ ਅਤੇ ਨਾ ਹੀ ਇਸ਼ਤਿਹਾਰਬਾਜ਼ੀ। ਸਗੋਂ ਉਨਾਂ ਦੇ ਦੇਸ਼ ਵਿੱਚ ਕੋਰੋਨਾ ਵਾਇਰਸ ਨਾਲ ਮਾਰੇ ਗਏ ਲੋਕਾਂ ਦੇ ਨਾਂਅ ਪ੍ਰਕਾਸ਼ਤ ਕੀਤੇ ਹਨ। ਅਖ਼ਬਾਰ ਨੇ ਪਹਿਲੇ ਸਫ਼ੇ ’ਤੇ ਸਿਰਲੇਖ ਦਿੱਤਾ ਹੈ, ‘ਯੂਐੱਸ ਡੈੱਥ ਨਿਅਰ 1,00,000 ਇਨ ਇਨਕੈਲਕੁਲੇਬਲ ਲਾਸ’। ਯਾਨੀ ਕਿ ਅਮਰੀਕਾ ਵਿਚ ਇਕ ਲੱਖ ਮੌਤਾਂ ਤੇ ਬੇਹਿਸਾਬ ਨੁਕਸਾਨ। ਉਸੇ ਪੇਜ ’ਤੇ ਖੱਬੇ ਪਾਸੇ ਲਿਖਿਆ ਹੈ, ‘ਦੇ ਵਰ ਨਾਟ ਸਿੰਪਲ ਨੇਮ ਇਨ ਅ ਲਿਸਟ, ਦੇ ਵਰ ਅਸ’ (ਇਸ ਸੂਚੀ ਵਿਚ ਉਹ ਸਿਰਫ਼ ਨਾਂ ਨਹੀਂ ਸਨ ਬਲਕਿ ਉਹ ਅਸੀਂ ਸੀ।) ਇਸ ਬਾਰੇ ਉਨਾਂ ਨੇ ‘ਟਾਈਮਜ਼ ਇਨਸਾਈਡਰ’ ਵਿੱਚ ਇਕ ਲੇਖ ਵੀ ਪ੍ਰਕਾਸ਼ਿਤ ਕੀਤਾ। ਦਰਅਸਲ, ਨਿਊਯਾਰਕ ਟਾਈਮਜ਼ ਦੇ ਸੰਪਾਦਕਾਂ ਨੇ ਇਸ ਡਰਾਉਣੀ ਸਥਿਤੀ ਨੂੰ ਦਰਸਾਉਣ ਦਾ ਫ਼ੈਸਲਾ ਕੀਤਾ। ਗ੍ਰਾਫਿਕਸ ਡੈਸਕ ਦੇ ਸਹਾਇਕ ਸੰਪਾਦਕ ਸਿਮੋਨ ਲੈਂਡਨ ਨੰਬਰਾਂ ਨੂੰ ਇਸ ਤਰਾਂ ਰੱਖਣਾ ਚਾਹੁੰਦੇ ਸਨ ਕਿ ਜੋ ਇਹ ਵਿਖਾਉਣ ਕਿ ਕਿੰਨੀ ਵੱਡੀ ਗਿਣਤੀ ਵਿਚ ਲੋਕਾਂ ਦੀ ਮੌਤ ਹੋਈ ਹੈ। ਨਿਊਯਾਰਕ ਟਾਈਮਜ਼ ਦੇ ਸਾਰੇ ਵਿਭਾਗਾਂ ਦੇ ਪੱਤਰਕਾਰ ਮਹਾਂਮਾਰੀ ਨੂੰ ਕਵਰ ਕਰ ਰਹੇ ਹਨ। ਸਿਮੋਨ ਨੇ ਕਿਹਾ, “ਸਾਨੂੰ ਪਤਾ ਸੀ ਕਿ ਅਸੀਂ ਮੀਲ ਪੱਥਰ ਖੜਾ ਕਰਨ ਜਾ ਰਹੇ ਹਾਂ। ਅਸੀਂ ਜਾਣਦੇ ਸੀ ਕਿ ਉਨਾਂ ਨੰਬਰਾਂ ਨੂੰ ਰੱਖਣ ਦਾ ਕੋਈ ਤਰੀਕਾ ਜ਼ਰੂਰ ਹੋਣਾ ਚਾਹੀਦਾ ਹੈ। ਉਨਾਂ ਕਿਹਾ ਕਿ ਇਸ ਨੂੰ 1 ਲੱਖ ਬਿੰਦੂ ਜਾਂ ਸਟਿੱਕ ਫਿਗਰ ਪੇਜ਼ ’ਤੇ ਲਗਾਉਣ ਨਾਲ ਤੁਹਾਨੂੰ ਕੁਝ ਪਤਾ ਨਹੀਂ ਚੱਲੇਗਾ ਕਿ ਉਹ ਕੌਣ ਲੋਕ ਸਨ ਅਤੇ ਉਹ ਸਾਡੇ ਲਈ ਕੀ ਅਰਥ ਰੱਖਦੇ ਸਨ। ਇੱਕ ਖੋਜਕਰਤਾ ਏਲਨ ਨੇ ਕੋਵਿਡ-19 ਨਾਲ ਮਾਰੇ ਗਏ ਲੋਕਾਂ ਦੀਆਂ ਖ਼ਬਰਾਂ ਤੇ ਡੈਥ ਨੋਟਿਸ ਇਕੱਤਰ ਕੀਤੇ, ਜੋ ਵੱਖ-ਵੱਖ ਅਖ਼ਬਾਰਾਂ ਵਿਚ ਪ੍ਰਕਾਸ਼ਿਤ ਹੋਈਆਂ ਸਨ। ਉਨਾਂ ਨੇ ਸੈਂਕੜੇ ਅਖਬਾਰਾਂ ਤੋਂ ਹਜ਼ਾਰਾਂ ਲੋਕਾਂ ਦੇ ਨਾਂਅ ਇਕੱਤਰ ਕੀਤੇ। ਇਸ ਤੋਂ ਬਾਅਦ ਨਿਊਜ਼ ਰੂਮ ਵਿਚ ਸੰਪਾਦਕਾਂ ਨੇ ਜਨਰਲਿਜ਼ਮ ਵਿਚ ਗ੍ਰੈਜੁਏਟ ਤਿੰਨ ਵਿਦਿਆਰਥੀਆਂ ਨਾਲ ਉਨਾਂ ਦੇ ਨਾਂ ਦੀ ਸੂਚੀ ਤਿਆਰ ਕੀਤੀ।

DIAMOND TRANSPORTATION

DIAMOND
Transportation
Logistics, Inc.

Dry Van ਤੇ Reefer ਦੇ ਕੰਮ ਲਈ
Owner Operators ਦੀ ਲੋੜ

Good Pay

Dedicated Routs

Weekly Payment
ਇਕ ਹਫ਼ਤੇ 'ਚ ਪੇਮੈਂਟ ਲਵੋ



ਅੱਜ ਹੀ ਕਾਲ ਕਰੋ :

ਗੁਲਵਿੰਦਰ ਸਿੰਘ ਗਾਖ਼ਲ
209.487.3699

ਹਰਨੇਕ ਸਿੰਘ ਅਟਵਾਲ
209.351.5965

2850 Loomis Rd, Stockton, CA 95205

# ਤਾਜਾ ਹਵਾ ਤੇ ਰੌਸ਼ਨੀ ਨਾਲ ਖਤਮ ਹੁੰਦਾ ਹੈ ਵਾਇਰਸ

**- ਨਿਊਯਾਰਕ ਟਾਈਮਜ਼**

ਅਮਰੀਕਾ ਵਿਚ ਕੋਰੋਨਾ ਵਾਇਰਸ ਮਹਾਂਮਾਰੀ ਦੇ ਬਾਅਦ ਲਾਗੂ ਪਾਬੰਦੀਆਂ ਵਿਚ ਛੂਟ ਦੇਣ ਤੋਂ ਬਾਅਦ ਲੋਕਾਂ ਦੀ ਸੁਰੱਖਿਆ 'ਤੇ ਸੁਆਲ ਉਠ ਰਹੇ ਹਨ। ਜ਼ਿਆਦਾਤਰ ਸਿਹਤ ਮਾਹਿਰਾਂ ਦੀ ਰਾਏ ਹੈ ਕਿ ਆਫਿਸ ਜਾਂ ਭੀੜ ਭਰੇ ਬਾਜਾਰਾਂ ਦੀ ਤੁਲਨਾ ਵਿਚ ਬਾਹਰ ਰਹਿਣਾ ਜ਼ਿਆਦਾ ਸੁਰੱਖਿਅਤ ਹੈ। ਤਾਜ਼ੀ ਹਵਾ ਤੇ ਲੋਕਾਂ ਦੇ ਵਿਚਾਲੇ ਦੂਰੀ ਹੋਣ ਨਾਲ ਕੋਰੋਨਾ ਵਾਇਰਸ ਦਾ ਖਤਰਾ ਘੱਟ ਜਾਂਦਾ ਹੈ। ਮਾਹਿਰਾਂ ਨੇ ਹੋਟਲ ਰੈਸਟੋਰੇਂਟਾਂ ਵਿਚ ਖਾਣ ਪੀਣ, ਸਵਿਮਿੰਗ ਪੂਲ ਵਿਚ ਕੱਪੜੇ ਬਦਲਣ ਤੇ ਭੀੜ ਭਰੇ ਸਥਾਨਾਂ ਤੋਂ ਬਚਣ ਦੀ ਸਲਾਹ ਦਿੱਤੀ ਹੈ। ਬਾਹਰ ਜਾਣ ਤੋਂ ਅਲੱਗ ਥਲੱਗ ਰਹਿਣ ਦੀ ਬੋਰੀਅਤ ਤੇ ਥਕਾਨ ਨਾਲ ਨਿਪਟਣ ਵਿਚ ਸਹਾਇਤਾ ਮਿਲਦੀ ਹੈ। ਪਰ ਸਾਵਧਾਨੀ ਨਾ ਵਰਤਣ ਤੇ ਅਸੁਰੱਖਿਅਤ ਲੋਕਾਂ ਨਾਲ ਮਿਲਣ ਕਾਰਨ ਖਤਰਾ ਵਧ ਜਾਂਦਾ ਹੈ। ਹਾਰਵਿਡ ਮੈਡੀਕਲ ਕਾਲਜ ਵਿਚ ਅਸਿਸਟੈਂਟ ਪ੍ਰੋਫੈਸਰ ਜੂਲੀਆ ਮਾਰਕਸ ਕਹਿੰਦੀ ਹੈ ਕਿ ਬਾਹਰ ਨਿਕਲਣਾ ਸਿਹਤ ਲਈ ਜ਼ਰੂਰੀ ਹੈ। ਅੰਦਰ ਰਹਿਣ ਦੀ ਤੁਲਨਾ ਵਿਚ ਬਾਹਰ ਕੋਰੋਨਾ ਵਾਇਰਸ ਦਾ ਖਤਰਾ ਘੱਟ ਰਹਿੰਦਾ ਹੈ। ਮਾਹਿਰਾਂ ਦਾ ਕਹਿਣਾ ਹੈ ਕਿ ਸ਼ੋਸ਼ਲ ਡਿਸਟੈਸਿੰਗ ਦਾ ਪਾਲਣ ਕਰੋ, ਮਾਸਕ ਜ਼ਰੂਰ ਪਾਓ। ਚੰਗੀ ਗੱਲ ਇਹ ਹੈ ਕਿ ਆਪਣੇ ਘਰਾਂ ਵਿਚ ਰਹਿਣ ਵਾਲੇ ਲੋਕਾਂ ਨਾਲ ਹੀ ਮੇਲ ਮਿਲਾਪ ਰੱਖੋ। ਜੇਕਰ ਤੁਸੀਂ ਆਪਣੇ ਦੋਸਤਾਂ ਨਾਲ ਮਿਲਣ ਦਾ ਫੈਸਲਾ ਕਰਦੇ ਹੋ ਤਾਂ ਯਕੀਨੀ ਖਤਰਾ ਵਧੇਗਾ। ਫਿਰ ਵੀ ਸਾਵਧਾਨੀਆਂ ਵਰਤ ਕੇ ਤੁਸੀਂ ਆਪਣਾ ਬਿਜਨਸ ਤੇ ਮੇਲ ਮਿਲਾਪ ਜਾਰੀ ਰੱਖ ਸਕਦੇ ਹੋ। ਘੱਟ ਲੋਕਾਂ ਦੇ ਇਕੱਠ ਵਿਚ ਜਾਵੋ, ਖਾਣ ਪੀਣ ਦਾ ਸਮਾਨ, ਭਾਂਡੇ ਜਾਂ ਡ੍ਰਿੰਕ ਆਪਸ ਵਿਚ ਸ਼ੇਅਰ ਨਾ ਕਰੋ, ਜੂਠ ਨਾ ਖਾਓ, ਜੂਠ ਨਾ ਪੀਓ, ਹੱਥ ਸਾਫ ਰੱਖੋ। ਉਨਾਂ ਲੋਕਾਂ ਤੋਂ ਛੇ ਫੁੱਟ ਦੀ ਦੂਰੀ ਰੱਖੋ ਜੋ ਤੁਹਾਡੇ ਘਰ ਵਿਚ ਨਹੀਂ ਰਹਿੰਦੇ। ਵਰਜੀਨੀਆ ਤੇਗ ਵਿਚ ਏਰੋਸੋਲ ਸਾਇੰਟਿਸ ਲਿਨਸੇ ਮਾਰ ਕਹਿੰਦੀ ਹੈ ਕਿ ਕੋਰੋਨਾ

> **- ਆਫਿਸ, ਭੀੜ ਭਰੀ ਬਜ਼ਾਰਾਂ ਤੇ ਬੰਦ ਕਮਰਿਆਂ ਨਾਲੋਂ ਪਾਰਟ ਵਰਗੀ ਖੁੱਲੀ ਜਗਾ ਜ਼ਿਆਦਾ ਸੁਰੱਖਿਅਤ**
> **- ਸ਼ੋਸ਼ਲ ਡਿਸਟੈਂਸਿੰਗ ਦਾ ਪਾਲਣ ਨਾ ਕਰਨਾ ਟਾਈਮ ਬੰਬ 'ਤੇ ਬੈਠਣ ਦੇ ਸਮਾਨ**
> **- ਮਾਈਕੇਲ ਲੇਵੇਨਸਨ ਤਾਰਾ ਪਾਰਕਰ-ਪੋਪ ਜੇਮਸ ਗੋਮਰਨ**

ਵਾਇਰਸ ਤੋਂ ਬਚਣਾ ਹੈ ਅੰਦਰ ਦੀ ਤੁਲਨਾ ਨਾਲੋਂ ਬਾਹਰ ਤੇ ਪਾਰਕ ਜ਼ਿਆਦਾ ਸੁਰੱਖਿਅਤ ਹਨ। ਕਿਸੇ ਨਾਲ ਵੀ ਛੇ ਫੁੱਟ ਦੀ ਦੂਰੀ 'ਤੇ ਰਹੋਗੇ ਤਾਂ ਕੋਰੋਨਾ ਤੁਹਾਡੇ ਲਈ ਖਤਰਾ ਨਹੀਂ ਬਣੇਗਾ। ਚੀਨ ਵਿਚ 7300 ਤੋਂ ਜ਼ਿਆਦਾ ਲੋਕਾਂ ਨੂੰ ਇਕ ਸਟੱਡੀ ਵਿਚ ਕੇਵਲ ਇਕ ਵਿਅਕਤੀ ਨੂੰ ਬਾਹਰ ਰਹਿਣ ਨਾਲ ਕੋਰੋਨਾ ਵਾਇਰਸ ਦਾ ਖਤਰਾ ਪੈਦਾ ਹੋਇਆ।

ਯੇਲ ਜੈਕਸਨ ਇੰਸੀਟਚਿਊਟ ਵਿਚ ਵਿਸ਼ਵ ਮਾਮਲਿਆਂ ਬਾਰੇ ਲੈਕਚਰਾਰ ਸ਼ਾਨ ਸੋਲਿਨ ਕਹਿੰਦੇ ਹਨ ਆਊਟਡੋਰ ਵਿਚ ਖਤਰਾ ਘੱਟ ਹੈ, ਪਰ ਸਕਰਮਣ ਵੀ ਹੋ ਸਕਦਾ ਹੈ। ਲੰਬੇ ਸਮੇਂ ਤੋਂ ਦੋ ਲੋਕਾਂ ਦੇ ਇਕ ਸਥਾਨ 'ਤੇ ਖੜੇ ਰਹਿਣ ਵਿਚ ਜ਼ਿਆਦਾ ਖਤਰਾ ਹੈ। ਦੂਸਰੇ ਪਾਸੇ ਪੈਦਲ ਚੱਲਣ ਵਾਲਿਆਂ ਤੇ ਕੋਲੋਂ ਗੁਜ਼ਰਨ ਵਾਲੇ ਲੋਕਾਂ ਤੋਂ ਖਤਰਾ ਘੱਟ ਹੈ। ਇਕ ਸਟੱਡੀ ਵਿਚ ਦੱਸਿਆ ਗਿਆ ਹੈ ਕਿ ਕੇਵਲ ਗੱਲ ਕਰਨ ਨਾਲ ਹਜ਼ਾਰਾਂ ਬੂੰਦਾਂ ਮੂੰਹ 'ਚੋਂ ਬਾਹਰ ਨਿਕਲ ਕੇ ਹਵਾ ਵਿਚ 8 ਤੋਂ 14 ਘੰਟੇ ਤੱਕ ਰਹਿ ਸਕਦੀਆਂ ਹਨ। ਇਹ ਲਾਗ ਤੁਹਾਡੇ ਲਈ ਵੀ ਨੁਕਸਾਨਦਾਇਕ ਹੋ ਸਕਦੀ ਹੈ, ਅਰਥਾਤ ਤੁਸੀਂ ਕੋਰੋਨਾ ਦੇ ਸ਼ਿਕਾਰ ਹੋ ਸਕਦੇਹੋ। ਪਰ ਖੁੱਲੀ ਜਗਾ ਵਿਚ ਇਨਾਂ ਬੂੰਦਾਂ ਦੇ ਸਰੀਰ ਵਿਚ ਜਾਣ ਨੂੰ ਖਤਰਾ ਘੱਟ ਰਹਿੰਦਾ ਹੈ। ਮਾਹਿਰ ਕਹਿੰਦੇ ਹਨ ਕਿ ਸਵੀਮਿੰਗ ਪੂਲ, ਝੀਲ ਜਾਂ ਸਮੁੰਦਰ ਵਿਚ ਨਹਾਉਣ ਨਾਲ ਖਤਰਾ ਪਾਣੀ ਨਾਲ ਨਹੀਂ, ਬਲਕਿ ਉੱਥੇ ਮੌਜੂਦ ਲੋਕਾਂ ਤੋਂ ਹੈ। ਮਾਹਿਰਾਂ ਦਾ ਕਹਿਣਾ ਹੈ ਕਿ ਕੁਝ ਸਕਿੰਟ ਦੇ ਲਈ ਕਿਸੇ ਵਿਅਕਤੀ ਦਾ ਪੈਦਲ ਸਾਈਕਲ ਚਲਾਉਂਦੇ ਜਾਂ ਜੋਗਿੰਗ ਕਰਦੇ ਹੋਏ ਕੋਲੋਂ ਗੁਜ਼ਰਨ ਕਾਰਨ ਤੁਸੀਂ ਲਾਗ ਦੇ ਸ਼ਿਕਾਰ ਹੋ ਸਕਦੇ ਹੋ। ਇਸ ਲਈ ਦੂਰੀ ਬਣਾਉਣ ਦੀ ਲੋੜ ਹੈ ਜਾਗਰਸ ਨੂੰ ਮਾਸਕ ਪਾਉਣਾ ਚਾਹੀਦਾ ਹੈ। ਉਹ ਕਿਸੇ ਵੀ ਹੋਰ ਕੱਪੜੇ ਨਾਲ ਮੂੰਹ ਢੱਕ ਸਕਦਾ ਹੈ। ਪਿਕਨਿਕ ਮਨਾਉਂਦੇ ਸਮੇਂ ਛੇ ਫੁੱਟ ਦੀ ਦੂਰੀ ਰੱਖਣਾ ਜ਼ਰੂਰੀ ਹੈ। ਡਾਕਟਰ ਚੂਡਨੋਵਸਕੀ ਦੇ ਅਨੁਸਾਰ ਸੂਰਜ ਦੀ ਰੋਸ਼ਨੀ ਤੇ ਹਵਾ ਵਿਚ ਕੋਰੋਨਾ ਕਮਜ਼ੋਰ ਪੈਂਦਾ ਹੈ, ਲਗਭਗ ਖਤਮ ਹੋ ਜਾਂਦਾ ਹੈ। ਟੋਰਾਂਟੋ ਯੂਨੀਵਰਸਿਟੀ ਵਿਚ ਮਹਾਂਮਾਰੀ ਦੇ ਮਾਹਿਰ ਪੀਟਰ ਜੂਨੀ ਕਹਿੰਦੇ ਹਨ ਕਿ ਜੇਕਰ ਸ਼ੋਸ਼ਲ ਦੂਰੀਆਂ ਦਾ ਪਾਲਣ ਨਹੀਂ ਕਰਦੇ ਤਾਂ ਤੁਸੀਂ ਕਿਸੇ ਟਾਈਮ ਬੰਬ ਉੱਪਰ ਬੈਠੇ ਹੋ। ਤੁਸੀਂ ਆਪਣੇ ਲਈ ਖਤਰਾ ਨਹੀਂ ਸਹੇੜ ਰਹੇ, ਬਲਕਿ ਆਪਣੇ ਪਰਿਵਾਰ ਲਈ ਵੀ ਖਤਰਾ ਸਹੇੜਦੇ ਹੋ। ਤੁਸੀਂ ਨਹੀਂ ਜਾਣਦੇ ਕਿ ਵਾਇਰਸ ਤੁਹਾਨੂੰ ਕਦੋ ਜਕੜ ਲਵੇਗਾ।

# ਭਗਵੀਂ ਭੀੜ ਨੇ ਲੁੱਟੀ ਫਲ ਵੇਚਣ ਵਾਲੇ ਮੁਸਲਮ ਦੀ ਰੇਹੜੀ

**ਨਵੀਂ ਦਿੱਲੀ/ ਏ.ਟੀ.ਨਿਊਜ਼:** ਦਿੱਲੀ ਵਿਚ ਜਗਤਪੁਰੀ ਦੇ ਚੰਦਰ ਨਗਰ ਮੋੜ 'ਤੇ ਭਗਵੀਂ ਭੀੜ ਨੇ ਇਕ ਫਲ ਵੇਚਣ ਵਾਲੇ ਮੁਸਲਮਾਨ ਫੂਲ ਮੀਆਂ ਦੀ ਰੇਹੜੀ ਤੋਂ ਅੰਬ ਲੁੱਟ ਲਏ ਸਨ। ਵੇਖਦਿਆਂ ਹੀ ਵੇਖਦਿਆਂ ਲੋਕ 30 ਹਜਾਰ ਰੁਪਏ ਦੀ ਲੁੱਟ ਕਰ ਗਏ। 30 ਹਜ਼ਾਰ ਰੁਪਏ ਦੇ ਅੰਬਾਂ ਦੀ ਲੁੱਟ ਨੇ ਫੂਲ ਮੀਆਂ ਨੂੰ ਅੰਦਰੋਂ ਤੋੜ ਦਿੱਤਾ ਸੀ। ਉਹ ਨਿਰਾਸ਼ ਸੀ। ਉਦਾਸ ਬੈਠੇ ਫੂਲ ਮੀਆਂ ਦੇ ਘਰ ਹੁਣ ਈਦ ਮੌਕੇ ਰੌਣਕਾਂ ਪਰਤ ਆਈਆਂ ਹਨ। ਆਖਰ ਲੋਕਾਂ ਦੀ ਜਮੀਰ ਜਾਗ ਪਈ ਤੇ ਵੱਡੀ ਗਿਣਤੀ ਲੋਕਾਂ ਉਸ ਦੀ ਮਦਦ ਲਈ ਅੱਗੇ ਆਏ। ਮੀਆਂ ਦੇ ਖਾਤੇ ਵਿਚ 24 ਘੰਟਿਆਂ ਦੇ ਅੰਦਰ 8 ਲੱਖ ਰੁਪਏ ਤੋਂ ਵੱਧ ਦੀ ਸਹਾਇਤਾ ਪੁੱਜੀ ਹੈ।

# ਨਾਂਦੇੜ ਵਿਚ ਇੱਕ ਹੋਰ ਸਾਧੂ ਦੀ ਲੁੱਟਣ ਤੋਂ ਬਾਅਦ ਕਤਲ

**ਨਾਂਦੇੜ/ਏ.ਟੀ.ਨਿਊਜ਼:** ਇਥੋਂ ਦੇ ਐਸ. ਪੀ. ਵਿਜੇ ਕੁਮਾਰ ਅਨੁਸਾਰ ਸ਼ਨਿੱਚਰਵਾਰ ਰਾਤ ਦੌਰਾਨ 2 ਅਣਪਛਾਤੇ ਲੋਕ ਆਸ਼ਰਮ ਵਿੱਚ ਦਾਖ਼ਲ ਹੋਏ ਤੇ ਸ਼ਿਵਾਚਾਰੀਆ ਨਿਵਰਨਾਰੂਦਰ ਪਸ਼ੂਪਤੀਨਾਥ ਦੀਆਂ ਅੱਖਾਂ ਵਿੱਚ ਮਿਰਚ ਪਾਊਡਰ ਪਾ ਦਿੱਤਾ ਤੇ ਕਤਲ ਕਰ ਦਿੱਤਾ। ਅਪਰਾਧੀਆਂ ਨੇ ਪੀੜਤ ਬੈਡਰੂਮ ਤੋਂ ਉਸ ਦੀ ਕਾਰ ਦੀਆਂ ਚਾਬੀਆਂ ਤੋਂ ਇਲਾਵਾ 69,000 ਰੁਪਏ, ਉਸ ਦਾ ਲੈਪਟਾਪ ਅਤੇ ਹੋਰ 1.50 ਲੱਖ ਰੁਪਏ ਦੀ ਕੀਮਤ ਦਾ ਹੋਰ ਸਾਮਾਨ ਲੁੱਟ ਲਿਆ। ਅਪਰਾਧੀਆਂ ਨੇ ਸਾਧੂ ਦੀ ਕਾਰ ਰਾਹੀਂ ਭੱਜਣਾ ਚਾਹਿਆ ਪਰ ਆਸ਼ਰਮ ਦੇ ਮੁੱਖ ਗੇਟ ਨਾਲ ਕਾਰ ਟਕਰਾ ਗਈ। ਮਾਗਰ ਨੇ ਦੱਸਿਆ ਕਿ ਕਾਰ ਦੀ ਟੱਕਰ ਦੀ ਆਵਾਜ਼ ਸੁਣਦਿਆਂ ਹੀ ਆਸ਼ਰਮ ਵਿੱਚ ਰਹਿੰਦੇ 10 ਵਿਅਕਤੀ ਬਾਹਰ ਆ ਗਏ ਅਤੇ ਦੋਹਾਂ ਨੂੰ ਇਕ ਮੋਟਰਸਾਈਕਲ ਉੱਤੇ ਫਰਾਰ ਹੁੰਦੇ ਵੇਖਿਆ। ਬਾਅਦ ਵਿੱਚ ਉਨਾਂ ਨੂੰ ਆਸ਼ਰਮ ਤੋਂ ਥੋੜੀ ਦੂਰੀ 'ਤੇ ਲੁਟੇਰਿਆਂ ਵਿੱਚੋਂ ਇਕ ਦੀ ਲਾਸ਼ ਮਿਲੀ।

ਮਾਗਰ ਨੇ ਕਿਹਾ ਕਿ ਸਾਧੂ ਨੂੰ ਮਾਰਨ ਦਾ ਕਾਰਨ ਲੁੱਟਣਾ ਹੈ। ਦੋ ਅਪਰਾਧੀਆਂ ਵਿਚੋਂ ਇੱਕ ਦਾ ਕਤਲ ਦੋਵਾਂ ਵਿਚਕਾਰ ਮਤਭੇਦ ਹੋ ਸਕਦੇ ਹਨ। ਅਸੀਂ ਫ਼ਰਾਰ ਕਾਤਲ ਦੀ ਪਛਾਣ ਕਰ ਲਈ ਹੈ ਅਤੇ ਜਲਦੀ ਹੀ ਦੂਜੇ ਦੇ ਫੜੇ ਜਾਣ ਦੀ ਉਮੀਦ ਹੈ।

A-ONE EXPRESS

ਸਾਨੂੰ ਤਜ਼ਰਬੇਕਾਰ ਡਰਾਈਵਰਾਂ ਅਤੇ ਓਨਰ ਅਪਰੇਟਰਾਂ ਦੀ ਲੋੜ ਹੈ

- ਲੰਬਾ ਸਮਾਂ ਕੰਮ ਕਰਨ ਵਾਲੇ ਡਰਾਈਵਰ ਵੀ ਟਰੇਂਡ ਕੀਤੇ ਜਾਂਦੇ ਹਨ
- ਕੈਲੀਫੋਰਨੀਆ ਤੋਂ ਮਿਡਵੈਸਟ, ਨਾਰਥ-ਈਸਟ, ਸਾਊਥ-ਈਸਟ
- ਸੌਖੇ ਲੋਡ, ਚੰਗੇ ਪੈਸੇ ਅਤੇ ਤਨਖ਼ਾਹ ਸਮੇਂ ਸਿਰ
- 50% ਹੁੱਕ ਡਰਾਪ
- Excellent Payment
- Easy Aboard ELD Logbook



ਪਿਛਲੇ 20 ਸਾਲਾਂ ਤੋਂ ਲਗਾਤਾਰ ਕੰਮ ਕਰਨ ਦਾ ਤਜਰਬਾ

MC NO. # 464630

3096 Farrar Ave Modesto, CA 95354

TAX ID #32-0065398

ਹੋਰ ਜਾਣਕਾਰੀ ਲਈ ਮਨਜੀਤ ਸਿੰਘ ਜਾਂ ਸੰਦੀਪ ਸਿੰਘ ਨਾਲ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕਰੋ

TOLL FREE 888.725.7441 OFFICE : 209.537.0975 FAX : 209.537.0375

# ਨਿਹੰਗ ਸਿੰਘਾਂ ਵੱਲੋਂ ਅੰਮ੍ਰਿਤ ਸੰਚਾਰ ਮੌਕੇ ਵਿਤਕਰੇ ਦੀ ਸ਼ਿਕਾਇਤ ਜਥੇਦਾਰ ਹਵਾਰਾ ਕੋਲ ਪਹੁੰਚੀ

**ਫ਼ਤਹਿਗੜ੍ਹ ਸਾਹਿਬ/ਏ.ਟੀ.ਨਿਊਜ਼:** ਸਰਬੱਤ ਖਾਲਸਾ ਵੱਲੋਂ ਥਾਪੇ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਭਾਈ ਜਗਤਾਰ ਸਿੰਘ ਹਵਾਰਾ ਦੇ ਨਾਮ ਇੱਕ ਸ਼ਿਕਾਇਤ ਨਿਹੰਗ ਸਿੰਘ ਜਥੇਬੰਦੀ ਇੰਟਰਨੈਸ਼ਨਲ ਮਿਸਲ ਸ਼੍ਰੋਮਣੀ ਸ਼ਹੀਦ ਬਾਬਾ ਸੰਗਤ ਸਿੰਘ ਜੀ ਦੇ ਮੁੱਖ ਚੀਫ ਬਾਬਾ ਚੜ੍ਹਤ ਸਿੰਘ ਅਤੇ ਮੀਤ ਜਥੇਦਾਰ ਰਾਜਾ ਰਾਜ ਸਿੰਘ ਵੱਲੋਂ ਦਿੱਤੀ ਗਈ। ਇਹ ਸ਼ਿਕਾਇਤ ਪੱਤਰ ਅੱਜ ਪ੍ਰੈੱਸ ਕਾਨਫਰੰਸ ਦੌਰਾਨ ਜਥੇਦਾਰ ਹਵਾਰਾ ਕਮੇਟੀ ਦੇ ਮੈਂਬਰਾਂ ਨੇ ਪ੍ਰਾਪਤ ਕੀਤਾ। ਸ਼ਿਕਾਇਤ ਪੱਤਰ ਵਿੱਚ ਨਿਹੰਗ ਸਿੰਘ ਜਥੇਬੰਦੀ ਵੱਲੋਂ ਕਿਹਾ ਗਿਆ ਕਿ ਕੁਝ ਸੰਪਰਦਾਵਾਂ ਵੱਲੋਂ ਅੰਮ੍ਰਿਤ ਸੰਚਾਰ ਵੇਲੇ ਮਜ਼ਬੀ ਅਤੇ ਰਾਮ ਦੱਸੀਏ ਸਿੰਘਾਂ ਨੂੰ ਜੱਟ ਸਿੱਖਾਂ ਤੋਂ ਅਲਾਇਦਾ ਕਰਕੇ ਅੰਮ੍ਰਿਤ ਛਕਾਇਆ ਜਾਂਦਾ ਹੈ ਅਤੇ ਲੰਗਰ ਵਿੱਚ ਵੀ ਜਾਤ ਪਾਤ ਦਾ ਵਿਤਕਰਾ ਹੈ। ਗੁਰੂ ਸਾਹਿਬ ਵੱਲੋਂ ਬਖਸ਼ੀ ਹੋਈ ਮਰਿਆਦਾ ਅਨੁਸਾਰ ਜਾਤ ਪਾਤ ਦਾ ਭੇਦ ਮਿਟਾ ਕੇ ਇੱਕੋ ਹੀ ਬਾਟੇ ਵਿੱਚੋਂ ਅੰਮ੍ਰਿਤ ਛਕਾਉਣ ਦਾ ਹੁਕਮ ਹੈ।



ਜਥੇਦਾਰ ਹਵਾਰਾ ਕਮੇਟੀ ਦੇ ਆਗੂ ਐਡਵੋਕੇਟ ਅਮਰ ਸਿੰਘ ਚਾਹਲ, ਪ੍ਰੋਫੈਸਰ ਬਲਜਿੰਦਰ ਸਿੰਘ ਅਤੇ ਬਾਪੂ ਗੁਰਚਰਨ ਸਿੰਘ ਨੇ ਕਿਹਾ ਕਿ ਪੰਥ ਪ੍ਰਵਾਨਿਤ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਮਰਿਆਦਾ ਅਨੁਸਾਰ ਅੰਮ੍ਰਿਤ ਛਕਾਉਣ ਵੇਲੇ ਜਾਤੀ ਦੇ ਆਧਾਰ ਤੇ ਕਿਸੇ ਵੀ ਪ੍ਰਕਾਰ ਦਾ ਵਿਤਕਰਾ ਕਰਨ ਦੀ ਇਜਾਜ਼ਤ ਨਹੀਂ ਹੈ ਅਤੇ ਨਾ ਹੀ ਲੰਗਰ ਛਕਾਉਣ ਅਤੇ ਵਰਤਾਉਣ ਵਿੱਚ ਜਾਤੀ ਦਾ ਭੇਦ ਭਾਵ ਹੈ। ਇਸ ਸ਼ਿਕਾਇਤ ਦਾ ਨਿਵਾਰਨ ਕਰਨ ਲਈ ਕਮੇਟੀ ਗਠਿਤ ਕਰਕੇ ਸਬੰਧਿਤ ਸੰਪਰਦਾਵਾਂ ਨਾਲ ਸੰਪਰਕ ਕੀਤਾ ਜਾਵੇਗਾ ਤਾਂ ਜੋ ਅੰਮ੍ਰਿਤ ਛਕਾਉਣ ਦੀ ਮਰਿਆਦਾ ਵਿੱਚ ਇੱਕਸਾਰਤਾ ਲਿਆਈ ਜਾ ਸਕੇ। ਉਨਾ ਕਿਹਾ ਕਿ ਵਿਸ਼ਵ ਦੇ ਸਿੱਖਾਂ ਲਈ ਵਰਲਡ ਸਿੱਖ ਪਾਰਲੀਮੈਂਟ ਸਾਂਝਾ ਮੰਚ ਹੈ। ਇਸਦੇ ਰਾਹੀਂ ਕੌਮੀ ਮਸਲੇ ਸੰਜੀਦਗੀ ਨਾਲ ਹੱਲ ਕੀਤੇ ਜਾ ਸਕਦੇ ਹਨ ਇਸ ਲਈ ਸਾਨੂੰ ਇਸਨੂੰ ਹੋਰ ਮਜ਼ਬੂਤ ਕਰਨ ਲਈ ਯਤਨ ਕਰਨੇ ਚਾਹੀਦੇ ਹਨ। ਨਿਹੰਗ ਸਿੰਘਾਂ ਨੇ ਇਹ ਮਸਲਾ ਵਰਲਡ ਸਿੱਖ ਪਾਰਲੀਮੈਂਟ ਕੋਲ ਵੀ ਰਖਿਆ ਹੈ।

ਪ੍ਰੈੱਸ ਕਾਨਫਰੰਸ ਵਿੱਚ ਹੋਰਨਾਂ ਤੋਂ ਇਲਾਵਾ ਗੁਰਜੰਟ ਸਿੰਘ ਪਟਿਆਲਾ, ਪ੍ਰਦੀਪ ਸਿੰਘ ਸੰਗਤਪੁਰ ਸੋਢੀਆਂ, ਜਥੇਦਾਰ ਬਾਬਾ ਕੁਲਵੰਤ ਸਿੰਘ ਸੋਢੀ, ਮੁਖੀ ਦਸ਼ਮੇਸ਼ ਤਰਨਾ ਦਲ, ਜਥੇਦਾਰ ਬਾਬਾ ਨਰੈਣ ਸਿੰਘ ਮੁੱਖੀ ਤਰਨਾ ਦੱਲ, ਜਥੇਦਾਰ ਸ਼ੇਰ ਸਿੰਘ ਸੋਢੀ ਮੁੱਖੀ ਤਰਨਾ ਦਲ ਲੁਧਿਆਣਾ, ਜਥੇਦਾਰ ਕੁਲਦੀਪ ਸਿੰਘ ਕੋਟਦੂਨਾ, ਤਰਨਾ ਦਲ, ਕੁਲਦੀਪ ਸਿੰਘ ਦੁਬਾਲੀ, ਬਲਜੀਤ ਸਿੰਘ ਭਾਊ, ਜਸਵੰਤ ਸਿੰਘ ਸਿੱਧੂਪੁਰ, ਗੁਰਪ੍ਰੀਤ ਸਿੰਘ ਬੱਬਰ, ਮਹਾਂਬੀਰ ਸਿੰਘ ਸੁਲਤਾਨਵਿੰਡ, ਮਾਸਟਰ ਕਾਬਲ ਸਿੰਘ, ਇੰਦਰਜੀਤ ਸਿੰਘ, ਹਰਦੀਪ ਸਿੰਘ ਸਿੱਧੂਪੁਰ, ਹਰਪ੍ਰੀਤ ਸਿੰਘ, ਪਰਵਿੰਦਰ ਸਿੰਘ ਲਾਡੀ, ਗੁਰਜੰਟ ਸਿੰਘ, ਪਰਵਿੰਦਰ ਸਿੰਘ ਕਵੀਸ਼ਰ ਆਦਿ ਹਾਜ਼ਰ ਸਨ।

# ਦਲ ਖਾਲਸਾ ਵਲੋਂ ਸ਼ਹੀਦ ਹੋਏ ਸਿੰਘ-ਸਿੰਘਣੀਆਂ ਅਤੇ ਨਿਹੱਥੇ ਸ਼ਰਧਾਲੂਆਂ ਦੀ ਯਾਦ ਵਿੱਚ 5 ਜੂਨ ਨੂੰ ਘੱਲੂਘਾਰਾ ਯਾਦਗਾਰੀ ਮਾਰਚ

## ਦਰਬਾਰ ਸਾਹਿਬ ਹਮਲੇ ਦੀ 36ਵੀਂ ਵਰੇਗੰਢ

**ਅੰਮ੍ਰਿਤਸਰ/ਏ.ਟੀ.ਨਿਊਜ਼:** ਬੀਤੇ ਦਿਨ ਘੱਲੂਘਾਰਾ ਹਫਤਾ ਮਨਾਉਣ ਸਬੰਧੀ ਪਾਰਟੀ ਦੇ ਅਹੁਦੇਦਾਰਾਂ ਦੀ ਮੀਟਿਗ ਪ੍ਰਧਾਨ ਹਰਪਾਲ ਸਿੰਘ ਚੀਮਾ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿੱਚ ਹਰਚਰਨਜੀਤ ਸਿੰਘ ਧਾਮੀ, ਅਮਰੀਕ ਸਿੰਘ ਈਸੜੂ, ਜਨਵੀਰ ਸਿੰਘ ਖੰਡੂਰ, ਰਣਬੀਰ ਸਿੰਘ, ਪਰਮਜੀਤ ਸਿੰਘ ਟਾਂਡਾ, ਸਿੱਖ ਯੂਥ ਆਫ ਪੰਜਾਬ ਦੇ ਪ੍ਰਧਾਨ ਪਰਮਜੀਤ ਸਿੰਘ ਮੰਡ ਸ਼ਾਮਿਲ ਹੋਏ।

ਅੱਜ ਏਥੇ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਪਾਰਟੀ ਦੇ ਬੁਲਾਰੇ ਕੰਵਰਪਾਲ ਸਿੰਘ ਨੇ ਦਸਿਆ ਕਿ ਘੱਲੂਘਾਰਾ ਦੇ ਜ਼ਖਮ ਹਰੇ ਹਨ ਅਤੇ ਪੀੜ ਸੱਜਰੀ। ਉਹਨਾਂ ਕਿਹਾ ਕਿ ਭਾਰਤੀ ਸਟੇਟ ਵਲੋਂ ਸਿੱਖ ਧਰਮ ਅਤੇ ਸਵੈਮਾਨ ਉਤੇ ਕੀਤਾ ਇਹ ਹਮਲਾ ਭੁੱਲਣਾ ਨਾ-ਮਾਮਕਿਨ ਹੈ। ਉਹਨਾਂ ਕਿਹਾ ਕਿ ਜ਼ਿੰਦਾ ਕੌਮਾਂ ਆਪਣੇ ਸ਼ਹੀਦਾਂ ਦੀਆਂ ਕੁਰਬਾਨੀਆਂ ਨੂੰ ਵਿਸਾਰ ਦੀਆਂ ਨਹੀਂ ਹਨ ਸਗੋਂ ਇਤਿਹਾਸ ਦੇ ਇਸ ਦੌਰ ਦੀਆਂ ਯਾਦਾਂ ਨੂੰ ਹਰ ਹਰ ਹੀਲੇ ਸਾਂਭ ਕੇ ਰੱਖਦੀਆਂ ਹਨ।

ਉਹਨਾਂ ਕਿਹਾ ਕਿ ਮੀਟਿੰਗ ਵਿੱਚ ਕੋਰੋਨਾ ਵਾਈਰਸ ਮਹਾਂਮਾਰੀ ਦੇ ਫੈਲਣ ਅਤੇ ਤਾਲਾਬੰਦੀ ਕਰਕੇ ਲੋਕਾਂ ਨੂੰ ਦਰਪੇਸ਼ ਮੁਸ਼ਕਲਾਂ, ਮੁਸੀਬਤਾਂ ਅਤੇ ਆਰਥਿਕ ਦੁਸ਼ਵਾਰੀਆਂ ਨੂੰ ਗੰਭੀਰਤਾ ਨਾਲ ਵਿਚਾਰਿਆ ਗਿਆ। ਉਹਨਾਂ ਮੰਨਿਆ ਕਿ ਮਹਾਂਮਾਰੀ ਦਾ ਖਤਰਾ ਕਾਇਮ ਹੈ ਅਤੇ ਕੇਸਾਂ ਵਿੱਚ ਵਾਧਾ ਹੋ ਰਿਹਾ ਹੈ। ਉਹਨਾਂ ਕਿਹਾ ਕਿ ਮੋਦੀ ਸਰਕਾਰ ਵਲੋਂ ਬਿਨਾਂ ਕਿਸੇ ਠੋਸ ਵਿਉਂਤਬੰਦੀ ਅਤੇ ਜਲਦਬਾਜ਼ੀ ਵਿੱਚ ਠੋਸੇ ਲਾਕਡਾਊਨ ਨੇ ਲੋਕਾਂ ਖਾਸਕਰ ਪ੍ਰਵਾਸੀਆਂ ਅਤੇ ਗਰੀਬਾਂ ਦੀਆਂ ਦੁਸ਼ਵਾਰੀਆਂ ਵਿੱਚ ਵਾਧਾ ਕੀਤਾ ਹੈ। ਉਹਨਾਂ ਪੀ.ਐਮ ਕੇਅਰਜ਼ ਫੰਡ ਉਤੇ ਤਿੱਖੀ ਟਿਪਣੀ ਕਰਦਿਆਂ ਇਸਨੂੰ ਭਾਜਪਾ ਦਾ ਨਿਜੀ ਸਰਮਾਇਆ ਦਸਿਆ।

ਉਹਨਾਂ ਕਿਹਾ ਕਿ ਮਹਾਂਮਾਰੀ ਦੇ ਮੱਦੇਨਜ਼ਰ ਸਾਵਧਾਨੀ ਵਜੋਂ ਫੈਸਲਾ ਲਿਆ ਗਿਆ ਹੈ ਕਿ ਮਾਰਚ ਵਿੱਚ ਗਿਣਤੀ ਸੀਮਤ ਰੱਖੀ ਜਾਵੇਗੀ ਅਤੇ ਇੱਕ-ਦੂਜੇ ਦਰਮਿਆਨ ਸ਼ਰੀਰਕ ਵਿੱਥ (ਦੂਰੀ ਬਣਾ) ਰੱਖ ਕੇ ਚਲਿਆ ਜਾਵੇਗਾ। ਉਹਨਾਂ ਕਿਹਾ ਕਿ ਜਿਥੇ ਉਹ ਸਮਾਜ ਅਤੇ ਸੂਬੇ ਪ੍ਰਤੀ ਆਪਣੀ ਜ਼ਿੰਮੇਵਾਰੀ ਨੂੰ ਖੂਬ ਸਮਝਦੇ ਹਨ, ਉਥੇ ਸ਼ਹੀਦਾਂ ਪ੍ਰਤੀ ਆਪਣੇ ਫਰਜ਼ ਨੂੰ ਵੀ ਪਛਾਣਦੇ ਹਨ। ਉਹਨਾਂ ਪਤਰਕਾਰਾਂ ਦੇ ਸਵਾਲ ਦੇ ਜੁਆਬ ਵਿੱਚ ਦਸਿਆ ਕਿ 6 ਦੇ ਅੰਮ੍ਰਿਤਸਰ ਬੰਦਾ ਦਾ ਅੰਤਿਮ ਫੈਸਲਾ 1 ਜੂਨ ਨੂੰ ਪੰਜਾਬ ਸਰਕਾਰ ਦੇ ਲਾਕਡਾਊਨ-5.0 ਦੇ ਨਿਯਮਾਂ ਦੇ ਮੱਦੇਨਜ਼ਰ ਲਿਆ ਜਾਵੇਗਾ।

ਦਲ ਖਾਲਸਾ ਆਗੂਆਂ ਨੇ ਨਰਿੰਦਰ ਮੋਦੀ ਸਰਕਾਰ 'ਤੇ ਲਾਕਡਾਊਨ ਦੀ ਦੁਰਵਰਤੋਂ

ਬਾਕੀ ਸਫ਼ਾ 32 'ਤੇ


ALL STATE INSURANCE
Allstate You're in good hands
ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS



Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544

When tired of all treatments for any disease at any age Try
HOMEOPATHIC
Experienced Consultant Physician since 1973
American Red Cross
ਹੋਰ ਇਲਾਜਾਂ ਤੋਂ ਥਕ ਗਏ ਹੋ ਤਾਂ ਹੋਮੀਓਪੈਥੀ ਅਜਮਾਓ
We sell homeopathic medicines
ਅਰਥਰਾਈਟਸ, ਦਮਾ, ਸ਼ੂਗਰ, ਬਲੱਡ ਪ੍ਰੈਸ਼ਰ, ਪੱਥਰੀ, ਖਾਰਿਸ਼, ਮੁਹਾਸੇ,
ਵਜ਼ਨ ਦਾ ਘਟਣਾ ਜਾਂ ਵਧਣਾ, ਜਨਾਨਾ ਤੇ ਮਰਦਾਨਾ ਕਮਜ਼ੋਰੀ ਦਾ ਪੱਕਾ ਇਲਾਜ
7021 Village Parkway Dublin CA 94568



GURDIP SINGH SANDHU
DHMS-Gold Medalist, BAMS, MDEH. - INDIA
Ex Principal, Prof., Chief Medical Officer,
Ex Member NCH and CA Homeomedical Society
Working under act SB 577 state of CA
Office: 408.729.6691
Cell: 408.687.1899
email: homeomedicine@yahoo.com
www.homeopathyatoz.com
ਡਾ. ਸੰਧੂ ਦੇ ਸਿਹਤ ਵਿਗਿਆਨ ਸੰਬੰਧੀ ਲੈਕਚਰ Listen live on Radio 1170
'Jus Punjabi TV' & Face Book Every Saturday 09:00 AM, Live on 'Jus Punjabi TV' Sunday 4:00 A.M.

CAPITAL SERVICES
Capital services
ਸਾਰੀਆਂ ਸੇਵਾਵਾਂ ਇਕੋ ਥਾਂ
• ਇੰਡੀਅਨ ਪਾਸਪੋਰਟ
• ਇੰਡੀਅਨ ਵੀਜ਼ਾ, OCI
• ਮੁਖਤਿਆਰਨਾਮਾ
• ਇਮੀਗਰੇਸ਼ਨ ਸਰਵਿਸਜ਼
• ਸਿਟੀਜਨ, ਗਰੀਨ ਕਾਰਡ
• ਫੈਮਲੀ ਪਟੀਸ਼ਨ



ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿਚ ਨਵਾਂ ਆਇਆ ਹੈ ਤਾਂ ਇੰਟਰਨੈਸ਼ਨਲ ਡਰਾਇਵਿੰਗ ਲਾਇਸੰਸ ਲੈਣ ਲਈ ਸੰਪਰਕ ਕਰੋ
ਹੋਰ ਸੇਵਾਵਾਂ
* ਕਾਰ ਟਰਾਂਸਫਰ/ਸਟਿੱਕਰ
* ਇੰਸ਼ੋਰੈਂਸ : ਕਾਰ, ਘਰ ਤੇ ਬਿਜਨਸ
* ਲਾਈਵ ਸਕੈਨ/ਫਿੰਗਰ ਪ੍ਰਿੰਟ
* ਨੋਟਰੀ ਪਬਲਿਕ, ਮੇਲ ਬੌਕਸ, ਫੈਕਸ, ਕਾਪੀ,
* ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ
Call, Banga (916) 427-4321, Fax (916) 258-0441
Email : sacramento99@yahoo.co, website: capitalservices.us

BSons Travel & Tax Services, Inc.
* All Airlines * International And Domestic
* Wholesale Fares Around the World
We Will Beat or Match any Fare!



Office Hours
Mon-Fri
9am-6pm
Saturday
9am-5pm
CST. REG #2092042-40
We Also Have Special Vacation Packages
President : Avtar Singh
Contact any time from anywhere
Tel 707.302.0512, 916.340.8100 • Fax 707.425.4260
Email: bsonstravel@yahoo.com
1652 West Texas St. Suite 139, Fairfield, CA 94533
4200 North Boulevard Street No. 1B, Sacramento, CA, 95834

# Sir Speedy Tustin
Printers to the Community




**Outdoor 3'x11' Promo Flag**
**Only $29/-**
Pole & Spike $55/-




**Outdoor 3'x6' Durable Banner**
All weather, durable to sunlight, rain and wear & tear. Text only.
**Only $69/-**



**Receipt Books**
Customized with your information and design. 2 part carbonless with numbering and perforation.
**Call for Price**




**Retractable 33"x 80" Banner**
Includes stand and carry bag. Hi-res imaging, durable and Brilliant colors!
**Only $225/-**




**All Weather 18"x24" Yard Signs**
Includes H-stakes. Single sided, durable to sunlight and rain. Reusable!
**$49/- for 4**




**11" Printed Balloons**
Printed with your logo and info. One color, one location. Min. qty 1000
**19¢ each**




White T-Shirts, 1 color screen printing in 1 position. Min Qty. 100
**Your Printed T-Shirts**
**Only $4.99**




1 color in 1 position. Min Qty. 100
**Your Printed Caps**
**Only $4.99**




**Trip Envelopes** Qty 1000
**Only $199/-**

**What we can do for you today?**
- Printing & Copying
- Creative Services
- Mailing Services
- Mailing List Aquisition
- Signs Posters & Banners
- Promotional Product
- Website design and development

1045 East Main Street, Tustin, CA 92780
**Call 562-881-7430**
Fax: 714-731-8931
E-mail: sirspeedy_tustin@yahoo.com
www.sirspeedy.com/tustin


Jagjit Singh Bains

**CUSTOMIZED SWEET BOXES**




*South Asian Wedding Cards*



CALL NOW

# ਜੰਗ-ਨਾਮਾ ਗਾਵੇ ਸਤਿੰਦਰ ਸਰਤਾਜ

**- ਤਰਲੋਚਨ ਸਿੰਘ ਦੁਪਾਲਪੁਰ**



ਗਾਇਕੀ ਦੇ ਖੇਤਰ ਵਿੱਚ ਆਪਣਾ ਵਿਲੱਖਣ ਸਥਾਨ ਬਣਾ ਚੁੱਕੇ ਸਤਿੰਦਰ ਸਰਤਾਜ ਵਲੋਂ ਗਾਇਨ ਕੀਤੀ ਆਰਤੀ ਦੇ ਸਿਰਲੇਖ ਵਾਲੀ ਪਾਵਨ ਬਾਣੀ ਦਾ ਰਸ ਮਾਨਣ ਤੋਂ ਬਾਅਦ ਗੁਰਬਾਣੀ ਅਤੇ ਸਿੱਖ ਸਾਹਿਤ ਨੂੰ ਰੂਹ ਨਾਲ ਪਿਆਰ ਕਰਨ ਵਾਲੇ ਸ੍ਰੋਤਿਆਂ ਨੇ ਉਸਦੀ ਬੁਲੰਦ ਅਵਾਜ਼ ਵਿੱਚ ਗਾਇਨ ਕੀਤੇ ਜਫਰਨਾਮੇ ਨੂੰ ਅਦਬ ਸਤਿਕਾਰ ਨਾਲ ਸ੍ਰਵਣ ਕੀਤਾ ਹੈ।ਪਹਿਲਾਂ ਤਾਂ ਮੈਂ ਸਤਿੰਦਰ ਸਰਤਾਜ ਹੁਣਾ ਦੀ ਭਰਪੂਰ ਸ਼ਲਾਘਾ ਕਰਦਾ ਹਾਂ ਜੋ ਉਨਾਂ ਨੇ ਹਜਾਰਾਂ ਲੱਖਾਂ ਸ੍ਰੋਤਿਆਂ ਦੇ ਦਿਲਾਂ ਦੀਆਂ ਰੀਝਾਂ ਪੂਰੀਆਂ ਕੀਤੀਆਂ ਹਨ। ਮੇਰਾ ਆਪਣਾ ਵਿਚਾਰ ਹੈ ਕਿ ਸ੍ਰੀ ਸਰਤਾਜ ਨੂੰ ਇਸ ਪਾਸੇ ਵੱਲ ਪ੍ਰੇਰਿਤ ਕਰਨ ਲਈ ਭਾਈ ਜਸਜੀਤ ਸਿੰਘ (ਅੰਮ੍ਰਿਤਸਰ ਟਾਈਮਜ ਵਾਲੇ) ਹੁਣਾ ਨੇ ਜਰੂਰ ਯੋਗਦਾਨ ਪਾਇਆ ਹੋਵੇਗਾ। ਸੋ ਮੈਂ ਆਪਣੇ ਇਸ ਪੱਤਰ ਰਾਹੀਂ ਭਾਈ ਜਸਜੀਤ ਸਿੰਘ ਹੁਣਾਂ ਨੂੰ ਬੇਨਤੀ ਕਰਦਾ ਹਾਂ ਕਿ ਉਹ ਸਰਤਾਜ ਹੁਣਾ ਨੂੰ ਸਿੱਖ ਪੰਥ ਦੀ ਇਕ ਹੋਰ ਸੇਵਾ ਕਰਨ ਲਈ ਵੀ ਆਖਣ। ਉਹ ਸੇਵਾ ਇਹ ਕਿ 'ਜੰਗ ਸਿੰਘਾਂ ਤੇ ਫਿਰੰਗੀਆਂ' ਕ੍ਰਿਤ ਸ਼ਾਹ ਮੁਹੰਮਦ ਨੂੰ ਵੀ ਉਹ ਆਪਣੀ ਅਵਾਜ਼ ਦੇਣ। ਪ੍ਰੋਫੈਸਰ ਪਿਆਰਾ ਸਿੰਘ ਪਦਮ ਜੀ ਵਲੋਂ ਸੰਪਾਦਿਤ ਕੀਤੇ ਇਸ ਜੰਗ-ਨਾਮੇ ਦੇ ਕੋਈ ਡੇਡ਼ ਸੌ ਬੰਦ ਹਨ। ਕਿੰਨਾ ਚੰਗਾ ਹੋਵੇ ਜੇ ਸਰਤਾਜ ਜੀ ਪੂਰੇ ਦਾ ਪੂਰਾ ਕਿੱਸਾ ਗਾਇਨ ਕਰਨ। ਪਰ ਜੇ ਕਿਸੇ ਤਕਨੀਕੀ ਕਾਰਣ ਕਰਕੇ ਪੂਰਾ ਕਿੱਸਾ ਰਿਕਾਰਡ ਨਾ ਹੋ ਸਕੇ ਤਾਂ ਇਸ ਵਿੱਚੋਂ ਚੋਣਵੇਂ ਬੰਦ ਲਏ ਜਾ ਸਕਦੇ ਹਨ।ਸਿੱਖ ਇਤਿਹਾਸ ਦੀ ਇਹ ਸ਼ਾਹਕਾਰ ਰਚਨਾਂ ਕਈ ਲਿਖਾਰੀਆਂ ਨੇ ਸੰਪਾਦਿਤ ਤਾਂ ਕੀਤੀ ਹੋਈ ਹੈ ਪਰ ਕਿਸੇ ਗਾਇਕ ਨੇ ਇਸਨੂੰ ਪੂਰਨ ਰੂਪ ਵਿਚ ਹਾਲੇ ਤੱਕ ਗਾਇਨ ਨਹੀਂ ਕੀਤਾ ਸ਼ਾਇਦ। ਸੋ ਭਾਈ ਜਸਜੀਤ ਸਿੰਘ ਜੀ ਇਸ ਜੰਗਨਾਮੇ ਦੀ ਗਾਇਕੀ ਦਾ ਪ੍ਰੋਜੈਕਟ ਵੀ ਆਪਣੇ ਹੱਥਾਂ ਵਿਚ ਲਵੋ ਅਤੇ ਸਰਤਾਜ ਹੁਣਾ ਦੀ ਪ੍ਰਭਾਵਸ਼ਾਲੀ ਅਵਾਜ਼ ਵਿਚ ਗਾਇਨ ਕਰਵਾ ਕੇ ਖਾਲਸਾ ਪੰਥ ਦੀ ਝੋਲੀ 'ਚ ਪਾਉ। ਸਮੂਹ ਪੰਜਾਬੀ ਪਿਆਰਿਆਂ ਦੀ ਚਾਹਤ ਪੂਰੀ ਕਰਕੇ ਉਨਾਂ ਦੀਆਂ ਖ਼ੁਸ਼ੀਆਂ ਪ੍ਰਾਪਤ ਕਰਨ ਲਈ ਹੁਣੇ ਕਮਰਕੱਸੇ ਕਰੋ ਕਿਰਪਾ ਕਰਕੇ ! ਪੂਰਨ ਵਿਸ਼ਵਾਸ ਹੈ ਕਿ ਆਪ ਜੀ ਮੇਰੇ ਇਸ ਪੱਤਰ 'ਤੇ ਜਰੂਰ ਗੌਰ ਕਰੋਗੇ।

# ਪਿੰਡਾਂ ਨੂੰ ਸਮਰੱਥਾਵਾਨ ਬਨਾਉਣ ਦੀ ਲੋੜ

**- ਗੁਰਮੀਤ ਸਿੰਘ ਪਲਾਹੀ**

ਕੋਰੋਨਾ ਸੰਕਟ ਦੌਰਾਨ ਮਿਹਨਤ ਕਰਨ ਵਾਲਾ ਮਜ਼ਦੂਰ ਕੰਮ ਕਰਨਾ ਚਾਹੁੰਦਾ ਹੈ, ਉਸ ਕੋਲ ਕੰਮ ਨਹੀਂ ਹੈ। ਨਕਦ-ਨਾਮਾ ਕੋਲ ਨਹੀਂ, ਦੋ ਡੰਗ ਰੋਟੀ ਨਸੀਬ ਨਹੀਂ ਹੋ ਰਹੀ। ਦੇਸ਼ ਵਿੱਚ ਲੌਕ-ਡਾਊਨ ਨੇ ਸਭ ਕੁਝ ਬੰਦ ਕਰ ਦਿੱਤਾ ਹੈ। ਬੇਵਸ ਲੋਕ ਸ਼ਹਿਰਾਂ ਤੋਂ ਪਿੰਡਾਂ ਵੱਲ ਤੁਰ ਪਏ, ਕੋਈ ਪੈਦਲ, ਕੋਈ ਸਵਾਰੀ ਤੇ, ਕੋਈ ਰੇਲ ਗੱਡੀ ਤੇ, ਕੋਈ ਹੋਰ ਸਾਧਨ ਨਾਲ, ਇਸ ਆਸ ਨਾਲ ਕਿ "ਘਰ ਪਹੁੰਚਾਂਗੇ", ਘੱਟ ਖਾ ਲਵਾਂਗੇ, ਪਰ ਦਹਿਸ਼ਤ ਵਿਚੋਂ ਤਾਂ ਨਿਕਲਾਂਗੇ। ਪਰ ਪਿੰਡ ਵਿੱਚ ਰੋਜ਼ਗਾਰ ਕਿਥੇ ਹੈ? ਪਿੰਡ ਕੋਲ ਰੋਟੀ ਕਿਥੇ ਹੈ? ਸਭੋ ਕੁਝ ਉਲਟ-ਪੁਲਟ ਹੋ ਗਿਆ ਹੈ। ਦੇਸ਼ ਦੋ ਤਿਹਾਈ ਪਿੰਡਾਂ ਵਿਚ ਵਸਦਾ ਹੈ। ਪਰ ਸਰਕਾਰਾਂ ਦਾ ਪਿੰਡਾਂ ਦੀ ਤਰੱਕੀ, ਪਿੰਡਾਂ ਵਿਚ ਰੁਜ਼ਗਾਰ, ਪਿੰਡਾਂ ਵਿਚ ਸਿੱਖਿਆ ਅਤੇ ਸਿਹਤ ਸੇਵਾਵਾਂ ਵੱਲ ਧਿਆਨ ਹੀ ਨਹੀਂ ਗਿਆ। ਹੁਣ ਜਦੋਂ ਲੌਕਡਾਊਨ ਹੋਇਆ ਹੈ, ਸ਼ਹਿਰਾਂ ਵਿਚੋਂ ਲੋਕ ਆਪਣੇ ਪਿਤਰੀ ਸੂਬਿਆਂ ਅਤੇ ਪਿੰਡਾਂ ਵੱਲ ਵਹੀਰਾਂ ਘੱਤ ਤੁਰ ਪਏ ਹਨ, ਤਾਂ ਕਈ ਨਵੀਆਂ ਚਣੌਤੀਆਂ ਖੜੀਆਂ ਹੋ ਗਈਆਂ ਹਨ। ਇਹਨਾ ਚਣੌਤੀਆਂ ਵਿਚੋਂ ਵਿਸ਼ੇਸ਼ ਕਰਕੇ ਜਿਥੇ ਸਿਹਤ ਅਤੇ ਜੀਵਨ ਦੀ ਰੱਖਿਆ ਕਰਨ ਦੀ ਚਣੌਤੀ ਹੈ, ਉਥੇ ਕਰੋੜਾਂ ਸਾਧਨ-ਹੀਣ ਲੋਕਾਂ ਦੇ ਖਾਣ-ਪਹਿਨਣ ਦੀ ਵੱਡੀ ਚਣੌਤੀ ਵੀ ਹੈ। ਇਹ ਚਣੌਤੀ ਸ਼ਹਿਰਾਂ ਨਾਲੋਂ ਪਿੰਡਾਂ ਲਈ ਵੱਧ ਹੈ, ਕਿਉਂਕਿ ਪਿੰਡ ਦੇਸ਼ ਦੀ ਆਜ਼ਾਦੀ ਦੇ 72 ਵਰਿਆਂ ਬਾਅਦ ਵੀ ਸਮਰੱਥਾਵਾਨ ਨਹੀਂ ਬਣ ਸਕੇ। ਬਾਵਜੂਦ ਇਸ ਗੱਲ ਦੇ ਕਿ ਸੈਂਕੜੇ ਨਹੀਂ ਹਜ਼ਾਰਾਂ ਸਕੀਮਾਂ ਪਿੰਡਾਂ ਦੇ ਸਰਬ ਪੱਖੀ ਵਿਕਾਸ ਲਈ ਬਣਾਈਆਂ ਗਈਆਂ, ਪਰ ਇਹ ਸਕੀਮਾਂ ਪਿੰਡ ਅਤੇ ਪਿੰਡ ਦੇ ਲੋਕਾਂ ਦਾ ਉਸ ਪੱਧਰ ਤੱਕ ਕੁਝ ਵੀ ਸੁਆਰ ਨਹੀਂ ਸਕੀਆਂ, ਜਿਸਦੀ ਲੋੜ ਸੀ। ਉਹ ਵਿਦਿਆਰਥੀ ਜਿਹੜੇ ਪਿੰਡਾਂ ਇਲਾਕਿਆਂ 'ਚੋਂ ਸ਼ਹਿਰ ਵਿੱਚ ਪੜਾਈ ਕਰਨ ਗਏ ਸਨ, ਉਹ ਵੱਡੀ ਗਿਣਤੀ ਵਿਚ ਪਿੰਡਾਂ ਵੱਲ ਪਰਤ ਆਏ ਹਨ। ਜਿਸ ਨਾਲ ਪਿੰਡ ਜਿਹੜੇ ਪਹਿਲਾਂ ਹੀ ਬੁਨਿਆਦੀ ਲੋੜਾਂ ਸਮੇਤ ਸਰਵਜਨਕ ਸੁਵਿਧਾਵਾਂ ਤੋਂ ਸੱਖਣੇ ਹਨ, ਉਹਨਾਂ ਉਤੇ ਹੋਰ ਭਾਰ ਪੈ ਗਿਆ ਹੈ। ਸੂਬੇ ਦੇ ਆਪਣੇ ਸ਼ਹਿਰਾਂ ਤੋਂ ਪਿੰਡਾਂ ਵੱਲ ਹੀ ਮਜ਼ਦੂਰਾਂ ਦਾ ਪਲਾਇਣ ਨਹੀਂ ਵਧਿਆ, ਸਗੋਂ ਵਰਿਆਂ ਤੋਂ ਦੂਜੇ ਸੂਬਿਆਂ ਵਿਚ ਪ੍ਰਵਾਸ ਹੰਢਾ ਰਹੇ ਮਜ਼ਦੂਰ ਆਪਣੇ ਘਰਾਂ ਨੂੰ ਪਰਤੇ ਹਨ। ਇਹਨਾ ਵੱਖਰੇ ਸੂਬਿਆਂ ਵਿਚ ਉਥੋਂ ਦੇ ਸਭਿਆਚਾਰ, ਬੋਲੀ ਦਾ ਵੀ ਉਹਨਾ ਉਤੇ ਪ੍ਰਭਾਵ ਹੈ। ਅਤੇ ਸ਼ਹਿਰੀ ਸਭਿਆਚਾਰ ਦਾ ਵੀ। ਇਹਨਾ ਮਜ਼ਦੂਰਾਂ ਨੇ ਸ਼ਹਿਰਾਂ ਵਿੱਚ ਰਹਿਕੇ ਮਗਨਰੇਗਾ ਮਜ਼ਦੂਰਾਂ ਨਾਲੋਂ ਵੱਧ ਕਮਾਈ ਕੀਤੀ ਹੈ, ਇਹ ਮਜ਼ਦੂਰ ਹੁਣ ਮਗਨਰੇਗਾ ਮਜ਼ਦੂਰਾਂ ਨੂੰ ਆਪਣੇ ਨਾਲੋਂ ਮਿਲਦੀ ਅੱਧੀ ਦਿਹਾੜੀ ਉਤੇ ਪਿੰਡਾਂ ਵਿਚ ਕਿਵੇਂ ਕੰਮ ਕਰਨਗੇ? ਸ਼ਹਿਰਾਂ ਵਿਚ ਰਹਿੰਦਿਆਂ ਇਹਨਾ ਮਜ਼ਦੂਰਾਂ ਦੀਆਂ ਪਤਨੀਆਂ, ਛੋਟੇ ਬੱਚੇ ਤੱਕ ਕੰਮ ਕਰਦੇ ਹਨ ਅਤੇ ਇੰਜ ਗੁਜ਼ਰ-ਬਸਰ ਕਰਦਿਆਂ ਆਪਣੀ ਜ਼ਿੰਦਗੀ ਨੂੰ ਧੱਕਾ ਦੇ ਰਹੇ ਹਨ।

ਘਰਾਂ ਨੂੰ ਪਰਤਣ ਵਾਲੇ ਸ਼ਹਿਰਾਂ ਵਿਚ ਰਹਿਣ ਵਾਲੇ ਇਹ ਪੀੜਤ ਲੋਕ ਉਂਜ ਸ਼ਹਿਰਾਂ ਵਿਚ ਸੁਖਾਵੀਆਂ ਹਾਲਤਾਂ ਵਿੱਚ ਨਹੀਂ ਸਨ ਰਹਿ ਰਹੇ। ਕਿਧਰੇ ਇੱਕ-ਇੱਕ ਕਮਰੇ ਵਿਚ 15 ਜਾਂ 20 ਬੰਦੇ, ਕਿਧਰੇ ਫੈਕਟਰੀਆਂ ਦੇ ਗੁਦਾਮਾਂ ਵਿੱਚ ਹੀ ਨਿਵਾਸ। ਕਿਧਰੇ ਤੰਗ ਗਲੀਆਂ, ਸਲੱਮ ਬਸਤੀਆਂ ਵਿੱਚ ਰਹਿੰਦੇ ਇਹ ਲੋਕ ਕਿਧਰੇ ਸਾਫ਼ ਪੀਣ ਵਾਲੇ ਪਾਣੀ ਦੀ ਥੁੜੋਂ ਦਾ ਸਾਹਮਣਾ ਕਰਦੇ ਹਨ, ਕਿਧਰੇ ਬਰਸਾਤਾਂ ਵਿਚ ਬਦਬੂ ਮਾਰਦੇ ਪਾਣੀ ਤੋਂ ਤੰਗ ਹੁੰਦੇ, ਮੱਛਰਾਂ, ਮੱਖੀਆਂ ਦੀ ਮਾਰ ਝੱਲਦੇ ਹਨ। ਕੰਮ ਨਾ ਮਿਲਣ ਦੀ ਹਾਲਤ ਵਿੱਚ ਇਹ ਭੁੱਖੇ ਸੌਣ ਲਈ ਵੀ ਮਜ਼ਬੂਰ ਹੁੰਦੇ ਹਨ। ਤ੍ਰਾਸਦੀ ਇਹ ਕਿ ਇਹੋ ਜਿਹੇ ਭੈੜੇ ਬਸਰ ਕੀਤੇ ਜਾ ਰਹੇ ਜੀਵਨ ਵਿਚ ਲੌਕਡਾਊਨ ਵਿਚ ਕੋਰੋਨਾ ਦਹਿਸ਼ਤ ਦੀ ਮਾਰ ਝੱਲਣ ਤੋਂ ਉਹਨਾ ਦਾ ਮਨ, ਉਹਨਾਂ ਦਾ ਤਨ, ਆਤੁਰ ਹੋ ਗਿਆ। ਇਹ ਜਾਣਦਿਆਂ ਵੀ ਕਿ ਉਹਨਾ ਦੇ ਆਪਣੇ ਪਿੰਡ ਕੋਈ ਸਵਰਗ ਨਹੀਂ, ਇਹ ਸੋਚਕੇ ਕਿ ਚਲੋ ਜੇਕਰ ਦੁੱਖ, ਭੁੱਖ, ਗਰੀਬੀ ਨਾਲ ਮਰਨਾ ਹੀ ਹੋਇਆ ਤਾਂ ਜਨਮ ਭੂਮੀ ਵਿਚ ਕਿਉਂ ਨਾ ਮਰੀਏ?

ਜਿਵੇਂ ਦੇਸ਼ ਵਿੱਚ ਅਮੀਰਾਂ-ਗਰੀਬਾਂ ਵਿਚ ਦੂਰੀ ਹੈ, ਉਹਨਾ ਦੇ ਕੰਮ, ਰਹਿਣ ਸਹਿਣ ਦੀਆਂ ਹਾਲਤਾਂ ਵਿੱਚ ਵਧੇਰਾ ਅੰਤਰ ਹੈ, ਉਵੇਂ ਹੀ ਸ਼ਹਿਰੀ ਤੇ ਪੇਂਡੂ ਜ਼ਿੰਦਗੀ ਵਿੱਚ ਵੱਡਾ ਅੰਤਰ ਹੈ। ਇੱਕ ਪਾਸੇ ਸ਼ਹਿਰ ਜਗਮਗਾਉਂਦੇ ਹਨ, ਬੁਨਿਆਦੀ ਢਾਂਚੇ ਨਾਲ ਉਤਪੋਤ ਹਨ, ਚੰਗੇ ਪੰਜ ਤਾਰਾ ਹੋਟਲਾਂ ਵਰਗੇ ਅਮੀਰ ਬੱਚਿਆਂ ਲਈ ਸਕੂਲ, ਕਾਲਜ ਪੰਜ ਤਾਰਾ, ਹਸਪਤਾਲ ਹਨ, ਉਥੇ ਪਿੰਡਾਂ ਵਿਚ ਇਹ ਵਿਖਾਈ ਹੀ ਨਹੀਂ ਦਿੰਦੇ। ਸ਼ਹਿਰੀ ਸਭਿਅਤਾ ਨੂੰ ਚੰਗੇਰਾ ਬਣਾਈ ਰੱਖਣ ਲਈ ਮਜ਼ਦੂਰਾਂ ਦੀਆਂ ਸੇਵਾਵਾਂ ਲਈਆਂ ਜਾਂਦੀਆਂ ਹਨ, ਕਾਰਖਾਨਿਆਂ ਨੂੰ ਚਲਾਉਣ ਲਈ ਵੀ ਇਹਨਾਂ ਦੀ ਵਰਤੋਂ ਹੁੰਦੀ ਹੈ। ਅਨਾਜ ਵੰਡ ਪ੍ਰੋਗਰਾਮ ਤੋਂ ਲੈ ਕੇ ਆਧਾਰ ਕਾਰਡ ਤੱਕ ਦੀਆਂ ਸਹੂਲਤਾਂ ਸ਼ਹਿਰਾਂ ਦੇ ਮੁਕਾਬਲੇ ਪਿੰਡਾਂ ਵਿਚ ਘੱਟ ਹਨ।

ਬਾਕੀ ਸਫ਼ਾ 31 'ਤੇ

HOTHI FREIGHTLINES
HOTHI FREIGHTLINES
ਸਾਨੂੰ ਓਨਰ ਅਪਰੇਟਰ ਅਤੇ ਡਰਾਈਵਰਾਂ ਦੀ ਲੋੜ ਹੈ।
• California to Michigan, New Jersey Florida & Texas • Dedicated Load (ਪੱਕੇ ਲੋਡ)

• ਪੈਸਿਆਂ ਦਾ ਭੁਗਤਾਨ ਆਪ ਸਾਨੂੰ ਲੋਡ ਡਲਿਵਰ ਕਰਕੇ ਪੇਪਰ ਦਿਉ ਅਤੇ ਆਪਣੇ ਪੈਸੇ ਲਉ।
• ਸਾਡੇ ਡਿਸਪੈਚਰ ਪੰਜਾਬੀ ਅਤੇ ਇੰਗਲਿਸ਼ ਬੋਲਦੇ ਹਨ।
ਹੋਰ ਜਾਣਕਾਰੀ ਲਈ ਸੰਪਰਕ ਕਰੋ ਜੀ
ਗੁਰਜੀਤ ਸਿੰਘ ਹੋਠੀ (408) 332-9355
248 South Hillview Dr Milpitas CA 95035

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ Weekly Punjabi Newspaper
Corporate Office
4127 Bay Street, Suite 8
Fremont, CA 94538
Email: asrtimes@gmail.com
Tel: (510) 240-5949
Fax: (888) 323-6950
ਇਸ਼ਤਿਹਾਰਬਾਜ਼ੀ ਲਈ ਸੰਪਰਕ (408) 457-6157

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ 'ਚ ਛਪੇ ਲੇਖ, ਖ਼ਬਰਾਂ ਅਤੇ ਇਸ਼ਤਿਹਾਰਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।
"The opinions expressed in this newspaper donot necessarily represent the views or opinions of the staff or employees of Quomantry Amritsar times. "All Disputes must be Handled in Santa Clara Superior Court.

# ਓਲੰਪੀਅਨ ਬਲਬੀਰ ਸਿੰਘ ਸੀਨੀਅਰ ਨਹੀਂ ਰਹੇ

## ਤਿੰਨ ਵਾਰ ਦੇ ਓਲੰਪਿਕ ਸੋਨ ਤਗਮਾ ਜੇਤੂ ਦਾ ਸਰਕਾਰੀ ਸਨਮਾਨਾਂ ਨਾਲ ਸਸਕਾਰ

**ਚੰਡੀਗੜ੍ਹ/ਏ.ਟੀ.ਨਿਊਜ਼:** ਦੁਨੀਆਂ ਦੇ ਮਹਾਨ ਹਾਕੀ ਖਿਡਾਰੀ, ਪਦਮ ਸ੍ਰੀ ਅਤੇ ਅਰਜੁਨ ਐਵਾਰਡੀ ਓਲੰਪੀਅਨ ਬਲਬੀਰ ਸਿੰਘ ਸੀਨੀਅਰ (96) ਜ਼ਿੰਦਗੀ ਦੀ ਜੰਗ ਹਾਰ ਗਏ। ਉਹ 8 ਮਈ ਤੋਂ ਮੁਹਾਲੀ ਦੇ ਫੋਰਟਿਸ ਹਸਪਤਾਲ ਵਿੱਚ ਦਾਖਲ ਸਨ, ਜਿੱਥੇ ੨੫ ਮਈ ਸਵੇਰੇ 6:17 ਵਜੇ ਉਨਾਂ ਆਖਰੀ ਸਾਹ ਲਏ। ਇਸ ਦੌਰਾਨ ਸ਼ਾਮ ਸਮੇਂ ਚੰਡੀਗੜ੍ਹ ਦੇ ਸੈਕਟਰ 25 ਦੇ ਬਿਜਲਈ ਸਮਸ਼ਾਨਘਾਟ ਵਿੱਚ ਸਰਕਾਰੀ ਸਨਮਾਨਾਂ ਨਾਲ ਉਨਾਂ ਦਾ ਸਸਕਾਰ ਕਰ ਦਿੱਤਾ ਗਿਆ। ਉਨਾਂ ਦੀਆਂ ਅੰਤਿਮ ਰਸਮਾਂ ਦੋਹਤੇ ਕਬੀਰ ਸਿੰਘ ਨੇ ਨਿਭਾਈਆਂ। ਰਾਸ਼ਟਰਪਤੀ ਰਾਮ ਨਾਥ ਕੋਵਿੰਦ, ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਗ੍ਰਹਿ ਮੰਤਰੀ ਅਮਿਤ ਸ਼ਾਹ, ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਐੱਸਜੀਪੀਸੀ) ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ, ਰਾਜ ਸਭਾ ਮੈਂਬਰ ਸੁਖਦੇਵ ਸਿੰਘ ਢੀਂਡਸਾ, ਕੌਮਾਂਤਰੀ ਹਾਕੀ ਫੈਡਰੇਸ਼ਨ (ਐੱਫਆਈਐੱਚ) ਦੇ ਪ੍ਰਧਾਨ ਨਰਿੰਦਰ ਸਿੰਘ ਬੱਤਰਾ ਤੇ ਸੀਈਓ ਥੀਐਰੀ ਵੈੱਲ ਆਦਿ ਸਮੇਤ ਖੇਡ ਜਗਤ ਤੇ ਬੌਲੀਵੁੱਡ ਦੀਆਂ ਹਸਤੀਆਂ ਨੇ ਸੀਨੀਅਰ ਦੇ ਅਕਾਲ ਚਲਾਣੇ ’ਤੇ ਦੁੱਖ ਦਾ ਇਜਹਾਰ ਕਰਦਿਆਂ ਇਸ ਨੂੰ ਹਾਕੀ ਦੇ ਇਕ ਯੁੱਗ ਦਾ ਅੰਤ ਕਰਾਰ ਦਿੱਤਾ ਹੈ।

ਸਸਕਾਰ ਮੌਕੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲੋਂ ਖੇਡ ਮੰਤਰੀ ਰਾਣਾ ਗੁਰਮੀਤ ਸਿੰਘ ਸੋਢੀ, ਪੰਜਾਬ ਦੇ ਰਾਜਪਾਲ ਅਤੇ ਯੂਟੀ ਦੇ ਪ੍ਰਸ਼ਾਸਕ ਵੀ.ਪੀ. ਸਿੰਘ ਬਦਨੌਰ ਵੱਲੋਂ ਏਡੀਸੀ ਸਚਿਨ ਰਾਣਾ, ਵਿਧਾਇਕ ਪਰਗਟ ਸਿੰਘ ਅਤੇ ਸਾਬਕਾ ਵਿਧਾਇਕ ਪਰਮਿੰਦਰ ਸਿੰਘ ਢੀਂਡਸਾ ਨੇ ਸ਼ਰਧਾਂਜਲੀ ਭੇਟ ਕੀਤੀ। ਇਸ ਮੌਕੇ ਰਾਣਾ ਸੋਢੀ ਨੇ ਤਿੰਨ ਵਾਰ ਦੇ ਓਲੰਪਿਕ ਜੇਤੂ ਬਲਬੀਰ ਸਿੰਘ ਸੀਨੀਅਰ ਨੂੰ ‘ਭਾਰਤ ਰਤਨ’ ਦੇਣ ਦੀ ਮੰਗ ਕਰਦਿਆਂ ਕਿਹਾ ਕਿ ਮੁਹਾਲੀ ਸਥਿਤ ਕੌਮਾਂਤਰੀ ਹਾਕੀ ਸਟੇਡੀਅਮ ਦਾ ਨਾਂਅ ਪਦਮ ਸ੍ਰੀ ਬਲਬੀਰ ਸਿੰਘ ਸੀਨੀਅਰ ਦੇ ਨਾਮ ’ਤੇ ਰੱਖਿਆ ਜਾਵੇਗਾ।

ਬਲਬੀਰ ਸਿੰਘ ਸੀਨੀਅਰ ਤੇਜ ਬੁਖਾਰ ਅਤੇ ਨਿਮੋਨੀਏ ਦੀ ਸ਼ਿਕਾਇਤ ਮਗਰੋਂ ਮੁਹਾਲੀ ਦੇ ਫ਼ੋਰਟਿਸ ਹਸਪਤਾਲ ਵਿੱਚ ਜ਼ੇਰੇ ਇਲਾਜ ਸਨ। ਉਨਾਂ ਦੀ ਕਰੋਨਾ ਰਿਪੋਰਟ ਨੈਗੇਟਿਵ ਆਈ ਸੀ। ਉਨਾਂ ਦੀ ਮੌਤ ਦੀ ਖ਼ਬਰ ਨਾਲ ਦੇਸ਼ ਭਰ ਵਿੱਚ ਸੋਗ ਦੀ ਲਹਿਰ ਦੌੜ ਗਈ। ਉਡਣੇ ਸਿੱਖ ਮਿਲਖਾ ਸਿੰਘ ਨੇ ਕਿਹਾ ਕਿ ਹਾਕੀ ਦੇ ਜਾਦੂਗਰ ਧਿਆਨ ਚੰਦ ਮਗਰੋਂ ਜੇਕਰ ਕੋਈ ਮਹਾਨ ਖਿਡਾਰੀ ਸੀ ਤਾਂ ਉਹ ਬਲਬੀਰ ਸਿੰਘ ਸੀਨੀਅਰ ਸਨ। ਉਨਾਂ ਆਪਣੇ ਦੋਸਤ ਨੂੰ ਸ਼ਰਧਾਂਜਲੀ ਦਿੱਤੀ। ਹਾਕੀ ਇੰਡੀਆ ਦੇ ਮੁਖੀ ਮੁਹੰਮਦ ਮੁਸਤਾਕ ਅਤੇ ਕੌਮੀ ਹਾਕੀ ਖਿਡਾਰੀ ਤੇ ਕੋਚ ਸਰਪਾਲ ਸਿੰਘ ਤੋਂ ਇਲਾਵਾ ਵੱਖ-ਵੱਖ ਖੇਤਰਾਂ ਨਾਲ ਜੁੜੀਆਂ ਹਸਤੀਆਂ ਨੇ ਸੀਨੀਅਰ ਦੀ ਮੌਤ ’ਤੇ ਡੂੰਘੇ ਦੁੱਖ ਦਾ ਇਜਹਾਰ ਕੀਤਾ ਹੈ। ਸੀਨੀਅਰ ਦੇ ਪਰਿਵਾਰ ’ਚ ਪਿੱਛੇ ਤਿੰਨ ਪੁੱਤਰ ਅਤੇ ਇੱਕ ਧੀ ਹੈ। ਉਹ ਚੰਡੀਗੜ੍ਹ ਦੇ ਸੈਕਟਰ 36 ਵਿੱਚ ਆਪਣੀ ਧੀ ਸੁਸ਼ਬੀਰ ਕੌਰ ਅਤੇ ਦੋਹਤੇ ਕਬੀਰ ਸਿੰਘ ਕੋਲ ਰਹਿ ਰਹੇ ਸਨ।

ਬਲਬੀਰ ਸਿੰਘ ਸੀਨੀਅਰ ਦਾ ਜਨਮ 10 ਅਕਤੂਬਰ 1924 ਨੂੰ ਪਿਤਾ ਗਿਆਨੀ ਦਲੀਪ ਸਿੰਘ ਅਤੇ ਮਾਤਾ ਕਰਮ ਕੌਰ ਦੇ ਘਰ ਨਾਨਕੇ ਪਿੰਡ ਹਰੀਪੁਰ ਖਾਲਸਾ (ਮੋਗਾ) ਵਿੱਚ ਹੋਇਆ ਸੀ। ਉਨਾਂ ਆਪਣਾ ਕੌਮਾਂਤਰੀ ਹਾਕੀ ਕਰੀਅਰ 1947 ਤੋਂ ਸ਼ੁਰੂ ਕੀਤਾ ਅਤੇ ਭਾਰਤ ਦੀ ਝੋਲੀ ਤਿੰਨ ਓਲੰਪਿਕ (1948, 1952 ਅਤੇ 1956) ਸੋਨ ਤਗਮੇ ਪਾਏ। ਉਨਾਂ 1975 ਵਿੱਚ ਪੰਜਾਬ ਖੇਡ ਵਿਭਾਗ ਦੇ ਡਾਇਰੈਕਟਰ ਹੁੰਦਿਆਂ ਭਾਰਤੀ ਹਾਕੀ ਟੀਮ ਦੇ ਕੋਚ ਅਤੇ ਮੈਨੇਜਰ ਵਜੋਂ ਵਿਸ਼ਵ ਕੱਪ ਜਿਤਾਉਣ ਵਿੱਚ ਅਹਿਮ ਭੂਮਿਕਾ ਨਿਭਾਈ। ਉਨਾਂ ਨੇ ਦੋ ਪੁਸਤਕਾਂ (ਦਿ ਗੋਲਡਨ ਹੈਟ੍ਰਿਕ ਅਤੇ ਦਿ ਗੋਲਡਨ ਯਾਰਡ ਸਟਿੱਕ) ਵੀ ਲਿਖੀਆਂ। ਮਹਾਰਾਜਾ ਰਣਜੀਤ ਸਿੰਘ ਖੇਡ ਐਵਾਰਡ ਸਣੇ ਦਰਜਨਾਂ ਵੱਕਾਰੀ ਇਨਾਮ ਉਨਾਂ ਦੀ ਝੋਲੀ ਪਏ।

## ‘ਗੋਲਡਨ ਹੈਟ੍ਰਿਕ’ ਤੋਂ ‘ਗੋਲਡਨ ਗੋਲ’ ਤਕ

### - ਪ੍ਰਿੰ. ਸਰਵਣ ਸਿੰਘ




ਹਾਕੀ ਦਾ ‘ਗੋਲ ਕਿੰਗ’ ਬਲਬੀਰ ਸਿੰਘ 97ਵੇਂ ਸਾਲ ਦੀ ਲੰਮੇਰੀ ਉਮਰ ਵਿਚ ਖੇਡ ਜਗਤ ਨੂੰ ਆਖ਼ਰੀ ਫਤਿਹ ਬੁਲਾ ਗਿਆ। ਉਸਨੇ ਪਹਿਲਾ ਸਾਹ ਆਪਣੇ ਨਾਨਕੇ ਪਿੰਡ ਹਰੀਪੁਰ ਖ਼ਾਲਸਾ ਦੀ ਫਿਜ਼ਾ ਵਿਚ 31 ਦਸੰਬਰ 1923 ਦੀ ਰਾਤ ਨੂੰ ਲਿਆ ਸੀ ਤੇ ਆਖ਼ਰੀ ਸਾਹ 25 ਮਈ 2020 ਦੀ ਸਵੇਰ ਨੂੰ ਮੁਹਾਲੀ ਦੇ ਫੋਰਟਿਸ ਹਸਪਤਾਲ ਵਿਚ ਲਿਆ। ਉਸਦੀ ਧੀ ਸੁਸ਼ਬੀਰ ਕੌਰ ਤੇ ਦੋਹਤੇ ਕਬੀਰ ਸਿੰਘ ਨੇ ਦੱਸਿਆ ਕਿ ਰਾਤੀਂ ਜਦੋਂ ਉਹ ਮਿਲ ਕੇ ਆਏ ਤਾਂ ਉਹ ਠੀਕ-ਠਾਕ ਸਨ, ਪਰ ਤੜਕਸਾਰ ਦਿਲ ਦਾ ਚੌਥਾ ਦੌਰਾ ਪਿਆ ਜਿਸ ਨਾਲ ਜੀਵਨ ਦੀ ਖੇਡ ਹੀ ਖ਼ਤਮ ਹੋ ਗਈ। ਪਿਛਲੇ ਸਾਲ ਵੀ ਉਨਾਂ ਦੀ ਸਹਿਤ ਕਾਫੀ ਢਿੱਲੀ ਰਹੀ ਸੀ। ਬਲਬੀਰ ਸਿੰਘ ਦੀ ਪਤਨੀ ਸੁਸ਼ੀਲ ਕੌਰ 1982 ਵਿਚ ਗੁਜ਼ਰ ਗਈ ਸੀ। ਉਸਦੇ ਤਿੰਨ ਪੁੱਤਰ ਹਨ ਤੇ ਇਕ ਧੀ। ਤਿੰਨੇ ਪੁੱਤਰ ਇਸ ਵੇਲੇ ਕੈਨੇਡਾ ਵਿਚ ਹਨ। ਧੀ ਦਾ ਪਤੀ ਵਿੰਗ ਕਮਾਂਡਰ ਮਲਵਿੰਦਰ ਸਿੰਘ ਭੋਮੀਆ 2012 ਵਿਚ ਗੁਜ਼ਰ ਗਿਆ ਸੀ। ਪਿਛਲੇ ਕੁਝ ਸਾਲਾਂ ਤੋਂ ਬਲਬੀਰ ਸਿੰਘ ਆਪਣੀ ਧੀ ਤੇ ਦੋਹਤੇ ਪਾਸ ਚੰਡੀਗੜ੍ਹ ਰਹਿ ਰਿਹਾ ਸੀ।

‘ਗੋਲਡਨ ਹੈਟ੍ਰਿਕ’ ਐਜ਼ ਟੋਲਡ ਟੂ ਸੈਮੂਅਲ ਬੈਨਰਜੀ, ਬਲਬੀਰ ਸਿੰਘ ਦੀ ਅੰਗਰੇਜ਼ੀ ਵਿਚ ਲਿਖੀ ਜੀਵਨੀ ਹੈ ਜੋ 1977 ਵਿਚ ਛਪੀ ਸੀ। ‘ਗੋਲਡਨ ਗੋਲ’ ਮੇਰੇ ਵੱਲੋਂ ਪੰਜਾਬੀ ਵਿਚ ਲਿਖੀ ਉਨਾਂ ਦੀ ਜੀਵਨੀ ਹੈ ਜੋ 2015 ਵਿਚ ਪ੍ਰਕਾਸ਼ਿਤ ਹੋਈ। ਉਹ ਜੀਵਨੀ ਮੈਂ ਬਲਬੀਰ ਸਿੰਘ ਦੇ ਇਸ ਕਥਨ ਨਾਲ ਸਮਾਪਤ ਕੀਤੀ ਸੀ,‘ਜਿਵੇਂ ਮੈਚ ਬਰਾਬਰ ਰਹਿ ਜਾਣ ਪਿੱਛੋਂ ਐਕਸਟਰਾ ਟਾਈਮ ਦਿੱਤਾ ਜਾਂਦੈ, ਐਕਸਟਰਾ ਟਾਈਮ ਵਿਚ ਵੀ ਮੈਚ ਬਰਾਬਰ ਰਹੇ ਤਾਂ ਗੋਲਡਨ ਗੋਲ ਦਾ ਸਮਾਂ ਹੁੰਦੈ, ਉਵੇਂ ਮੈਂ ਵੀ ਹੁਣ ਗੋਲਡਨ ਗੋਲ ਦੀ ਉਡੀਕ ਵਿਚ ਹਾਂ। ਖੇਡ ਹੁਣ ਉਪਰਲੇ ਨਾਲ ਹੈ। ਜਦੋਂ ‘ਗੋਲਡਨ ਗੋਲ’ ਹੋ ਗਿਆ ਤਾਂ ਖੇਡ ਖ਼ਤਮ ਹੋ ਜਾਵੇਗੀ।’

ਹਾਕੀ ਦੇ ਯੁੱਗ ਪੁਰਸ਼ ਬਲਬੀਰ ਸਿੰਘ ਨੇ ਓਲੰਪਿਕ ਖੇਡਾਂ ’ਚੋਂ ਤਿੰਨ ਗੋਲਡ ਮੈਡਲ ਜਿੱਤੇ ਜਿਸ ਕਰਕੇ ਉਸਨੂੰ ‘ਗੋਲਡਨ ਹੈਟ੍ਰਿਕ’ ਵਾਲਾ ਬਲਬੀਰ ਕਿਹਾ ਜਾਂਦੈ। ਹੈਲਸਿੰਕੀ-1952 ਦੀਆਂ ਓਲੰਪਿਕ ਖੇਡਾਂ ਵਿਚ ਸੈਮੀਫਾਈਨਲ ਤੇ ਫਾਈਨਲ ਮੈਚਾਂ ’ਚ ਭਾਰਤੀ ਟੀਮ ਦੇ 9 ਗੋਲਾਂ ਵਿਚੋਂ 8 ਗੋਲ ਉਸਦੀ ਹਾਕੀ ਨਾਲ ਹੋਏ। ਫਾਈਨਲ ਮੈਚ ਵਿਚ ਭਾਰਤੀ ਟੀਮ ਦੇ 6 ਗੋਲਾਂ ’ਚੋਂ ਉਸਦੇ 5 ਗੋਲ ਸਨ ਜੋ ਓਲੰਪਿਕ ਖੇਡਾਂ ਦਾ ਹੁਣ ਤਕ ਅਟੁੱਟ ਰਿਕਾਰਡ ਹੈ। ਲੰਡਨ ਓਲੰਪਿਕ-2012 ਮੌਕੇ ਓਲੰਪਿਕ ਖੇਡਾਂ ਦੇ ਇਤਿਹਾਸ ’ਚੋਂ ਜਿਹੜੇ 16 ‘ਆਈਕੌਨਿਕ ਓਲੰਪੀਅਨ’ ਚੁਣੇ ਗਏ ਉਨਾਂ ’ਚ ਬਲਬੀਰ ਸਿੰਘ ਵੀ ਸ਼ਾਮਲ ਹੈ। ਸਾਰੀ ਦੁਨੀਆਂ ’ਚੋਂ ਹਾਕੀ ਦਾ ਸਿਰਫ਼ ਉਹੀ ਖਿਡਾਰੀ ਹੈ ਜਿਸਨੂੰ ਇਹ ਮਾਣ ਮਿਲਿਆ। ਓਲੰਪਿਕ ਖੇਡਾਂ ਦੇ 16 ਰਤਨਾਂ ਵਿਚ 8 ਮਰਦ ਹਨ ਤੇ 8 ਔਰਤਾਂ। ਉਨਾਂ ਵਿਚ ਭਾਰਤੀ ਉਪ ਮਹਾਂਦੀਪ ਦਾ ’ਕੱਲਾ ਬਲਬੀਰ ਸਿੰਘ ਹੀ ਹੈ।

ਓਲੰਪਿਕ ਖੇਡਾਂ ਦੇ ਗੋਲਡਨ ਹੈਟ੍ਰਿਕ ਤੋਂ ਬਿਨਾਂ ਉਨਾਂ ਨੇ ਭਾਰਤੀ ਟੀਮਾਂ ਦਾ ਕੋਚ/ਮੈਨੇਜਰ ਬਣ ਕੇ ਵਿਸ਼ਵ ਹਾਕੀ ਕੱਪ ਜਿਤਾਇਆ ਅਤੇ ਛੇ ਹੋਰ ਮੈਡਲ ਭਾਰਤੀ ਟੀਮਾਂ ਨੂੰ ਜਿਤਾਏ। ਹਾਕੀ ਦੀ ਕੋਚਿੰਗ ਬਾਰੇ ‘ਦਿ ਗੋਲਡਨ ਯਾਰਡ ਸਟਿਕ’ ਪੁਸਤਕ ਵੀ ਲਿਖੀ। ਭਾਰਤ-ਚੀਨ ਜੰਗ ਵੇਲੇ ਆਪਣੇ ਤਿੰਨੇ ਓਲੰਪਿਕ ਗੋਲਡ ਮੈਡਲ ਪ੍ਰਧਾਨ ਮੰਤਰੀ ਫੰਡ ਲਈ ਦਾਨ ਕੀਤੇ। ਫਿਰ ਆਪਣੀਆਂ ਸਾਰੀਆਂ ਖੇਡ ਨਿਸ਼ਾਨੀਆਂ ਸਾਈ ਦੇ ਸਪੁਰਦ ਕਰ ਦਿੱਤੀਆਂ।

ਪੁਸਤਕ ਦੀਆਂ ਅੰਤਲੀਆਂ ਸਤਰਾਂ ਸਨ: ਕੀ ਸਰਕਾਰਾਂ ਬਲਬੀਰ ਸਿੰਘ ਦੇ ‘ਗੋਲਡਨ ਗੋਲ’ ਦੀ ਉਡੀਕ ਵਿਚ ਹਨ? ਭਾਰਤੀ ਖਿਡਾਰੀਆਂ ’ਚੋਂ ਸਚਿਨ ਤੇਂਦੁਲਕਰ ਨੂੰ ਜੀਂਦੇ ਜੀਅ ਭਾਰਤ ਰਤਨ ਦੇ ਦਿੱਤਾ ਗਿਆ। ਵੇਖਦੇ ਹਾਂ ਬਲਬੀਰ ਸਿੰਘ ਨੂੰ ਭਾਰਤ ਰਤਨ ਜਿਊਂਦੇ ਜੀਅ ਮਿਲਦਾ ਹੈ ਜਾਂ ਜੀਵਨ ਉਪਰੰਤ?

ਬਲਬੀਰ ਸਿੰਘ ਦਾ ਜਨਮ ਉਸਦੇ ਨਾਨਕੇ ਪਿੰਡ ਹਰੀਪੁਰ ਖ਼ਾਲਸਾ ਵਿਚ ਹੋਇਆ ਸੀ। ਉਸਦਾ ਦਾਦਕਾ ਪਿੰਡ ਪਵਾਦੜਾ ਹੈ। ਇਹ ਦੋਵੇਂ ਪਿੰਡ ਤਹਿਸੀਲ ਫਿਲੌਰ ਵਿਚ ਹਨ। ਉਸਦੇ ਤਿੰਨੇ ਪੁੱਤਰ ਹੁਣ ਕੈਨੇਡੀਅਨ ਹਨ ਜਿਨਾਂ ਦੀਆਂ ਪਤਨੀਆਂ ਸਿੰਘਾਪੁਰ, ਚੀਨ ਤੇ ਯੂਕਰੇਨ ਤੋਂ ਹਨ। ਧੀ ਸੁਸ਼ਬੀਰ ਕੌਰ ਤੇ ਦੋਹਤਾ ਕਬੀਰ ਸਿੰਘ ਭੋਮੀਆ ਹਨ। ਬਲਬੀਰ ਸਿੰਘ ਦੇ ਪੁਰਖਿਆਂ ਦੀ ਬੰਸਾਵਲੀ ਵਿਚ ਦਸਵਾਂ ਪੁਰਖਾ ਭਾਈ ਬਿਧੀ ਚੰਦ ਸੀ।



ਬਲਬੀਰ ਸਿੰਘ ਕਿਹਾ ਕਰਦਾ ਸੀ, ‘ਮੈਂ ਪਿੱਛਲਝਾਤ ਮਾਰਦਾਂ ਤਾਂ ਮੈਨੂੰ ਮੇਰਾ ਨਾਨਕਾ ਪਿੰਡ ਹਰੀਪੁਰ ਯਾਦ ਆ ਜਾਂਦੈ। ਉੱਥੇ ਮੈਂ ਪਿੰਡ ਦੇ ਨਿਆਣੇ ਖਿੱਦੋ-ਖੂੰਡੀ ਖੇਡਦੇ ਦੇਖੇ। ਪੰਜ ਕੁ ਸਾਲ ਦਾ ਸਾਂ ਜਦੋਂ ਮੋਗੇ ਗਿਆ। ਉੱਥੇ ਮੇਰੇ ਪਿਤਾ ਜੀ ਅਧਿਆਪਕ ਸਨ। ਮੈਂ ਮੁੰਡਿਆਂ ਨੂੰ ਸਕੂਲ ਦੇ ਮੈਦਾਨ ਵਿਚ ਹਾਕੀ ਖੇਡਦੇ ਦੇਖੀ ਜਾਂਦਾ। ਹਾਕੀ ਮੈਨੂੰ ਮੰਧਰ ਮੁਗਧ ਕਰ ਦਿੰਦੀ ਤੇ ਮੈਨੂੰ ਸੁਰਤ ਨਾ ਰਹਿੰਦੀ ਕਿ ਧੁੱਪੇ ਬੈਠਾ ਹਾਂ ਜਾਂ ਛਾਵੇਂ? ਫਿਰ ਮੇਰਾ ਜਨਮ ਦਿਨ ਆਇਆ। ਪਿਤਾ ਜੀ ਨੇ ਪੁੱਛਿਆ, ਕਿਹੜਾ ਖਿਡਾਉਣਾ ਲੈਣਾ? ਮੈਂ ਹਾਕੀ ਦੀ ਮੰਗ ਕੀਤੀ ਜੋ ਮੈਨੂੰ ਜਨਮ ਦਿਨ ਦੇ ਤੋਹਫ਼ੇ ਵਜੋਂ ਮਿਲੀ। ਉਹ ਦਿਨ ਤੇ ਆਹ ਦਿਨ, ਹਾਕੀ ਮੇਰਾ ਇਸ਼ਕ ਹੈ। ਮੇਰੀਆਂ ਵੱਡੀਆਂ ਜਿੱਤਾਂ ਸੁਸ਼ੀਲ ਨਾਲ ਵਿਆਹ ਕਰਾਉਣ ਤੋਂ ਬਾਅਦ ਦੀਆਂ ਹਨ। ਮੈਂ ਅਕਸਰ ਆਖਦਾਂ ਮੇਰੀ ਇਕ ਪਤਨੀ ਸੁਸ਼ੀਲ ਸੀ ਤੇ ਦੂਜੀ ਹਾਕੀ। ਪਰ ਸੁਸ਼ੀਲ ਨੇ ਹਾਕੀ ਨੂੰ ਸੌਂਕਣ ਸਮਝਣ ਦੀ ਥਾਂ ਭੈਣ ਸਮਝਿਆ।’

ਅਫਸੋਸ ਹੈ! ਬਲਬੀਰ ਸਿੰਘ ਵਰਗੇ ਦੇਸ਼ਭਗਤ ਇਨਸਾਨ ਅਤੇ ਵਿਸ਼ਵ ਦੇ ਅੱਵਲ ਨੰਬਰ ਹਾਕੀ ਖਿਡਾਰੀ ਦੀ ਭਾਰਤ ਦੀਆਂ ਕੌਮੀ ਸਰਕਾਰਾਂ ਉਹ ਕਦਰ ਨਹੀਂ ਪਾ ਸਕੀਆਂ ਜਿਸਦਾ ਉਹ ਹੱਕਦਾਰ ਸੀ। ਸ਼ੁਕਰ ਹੈ ਵਿਸ਼ਵ ਦੀ ਸੁਪਰੀਮ ਖੇਡ ਸੰਸਥਾ ਇੰਟਰਨੈਸ਼ਨਲ ਓਲੰਪਿਕ ਕਮੇਟੀ ਨੇ ਉਸਨੂੰ ‘ਆਈਕੌਨਿਕ ਓਲੰਪੀਅਨ’ ਯਾਨੀ ਓਲੰਪਿਕ ਰਤਨ ਦੇ ਖ਼ਿਤਾਬ ਨਾਲ ਨਿਵਾਜਿਆ। ਅਮਰ ਰਹੇ ਸਾਡਾ ਜੋਧਾ ਖਿਡਾਰੀ ਬਲਬੀਰ ਸਿੰਘ!




### ਬਲਬੀਰ ਸਿੰਘ ਦੇ ਜੀਵਨ ਦੇ ਕੁਝ ਖਾਸ ਪਲ

1947 ਦੇ ਖ਼ੂਨੀ ਦਿਨ ਸਨ। ਬਲਬੀਰ ਸਿੰਘ ਨਾਲ ਵੀ ਇਕ ਦੁਰਘਟਨਾ ਵਾਪਰੀ। ਜੇਕਰ ਰਾਈਫਲ ’ਚੋਂ ਨਿਕਲੀ ਗੋਲੀ ਰਤਾ ਕੁ ਨੀਵੀਂ ਹੁੰਦੀ ਤਾਂ ਨਾ ਬਲਬੀਰ ਸਿੰਘ ਬਚਦਾ ਤੇ ਨਾ ਉਸਤੋਂ ਓਲੰਪਿਕ ਖੇਡਾਂ ਦਾ ‘ਗੋਲਡਨ ਹੈਟ੍ਰਿਕ’ ਵੱਜਦਾ। ਪਰ ਬਲਬੀਰ ਸਿੰਘ ਕਿਸਮਤ ਦਾ ਬਲੀ ਨਿਕਲਿਆ ਜੋ ਲੰਮੀ ਉਮਰ ਜਿਊਣ ਲਈ ਮੌਤ ਦੇ ਹੱਥ ਆਉਣੋਂ ਬਚ ਗਿਆ। ਗੋਲੀ ਉਸਦੇ ਮੱਥੇ ਉੱਪਰ ਦੀ ਵਾਲਾਂ ਨੂੰ ਛੋਂਹਦੀ ਪੱਗ ਵਿਚੋਂ ਨਿਕਲ ਗਈ ਸੀ।

2 ਨਵੰਬਰ 1984 ਦਾ ਦਿਨ ਸੀ। ਟੋਕੀਓ ਦੇ ਹਵਾਈ ਅੱਡੇ ’ਤੇ ਪਤਾ ਲੱਗਾ ਕਿ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੂੰ ਉਸਦੇ ਬਾਡੀ ਗਾਰਡਾਂ ਨੇ ਕਤਲ ਕਰ ਦਿੱਤੈ। ਦਿੱਲੀ ਵਿਚ ਸਿੱਖਾਂ ਦੀ ਜਾਨ ਖ਼ਤਰੇ ਵਿਚ ਹੈ। ਕੁਝ ਸਿੱਖ ਮੁਸਾਫ਼ਿਰ ਟੋਕੀਓ ਰੁਕ ਗਏ, ਪਰ ਬਲਬੀਰ ਸਿੰਘ ਨਾ ਰੁਕਿਆ। ਜਿਹੋ ਜਿਹਾ ਖ਼ਤਰਾ ਲਾਸ ਏਂਜਲਸ ਵਿਚ ਸਹੇੜਿਆ ਸੀ ਉਹੋ ਜਿਹਾ ਖ਼ਤਰਾ ਸਹੇੜਨ ਲਈ ਉਹ ਦਿੱਲੀ ਨੂੰ ਚੱਲ ਪਿਆ। ਉਸਨੇ ਆਪਣੀ ਧੀ ਤੇ ਜੁਆਈ ਪਾਸ ਦਿੱਲੀ ਆਉਣਾ ਸੀ। ਉਨਾਂ ਦੇ ਜੁਆਈ ਦਾ ਛੋਟਾ ਭਰਾ ਗੁਰਿੰਦਰਜੀਤ ਸਿੰਘ ਬੀ. ਐੱਸ. ਐੱਫ. ਵਿਚ ਅਫ਼ਸਰ ਸੀ। ਉਸਦੀ ਡਿਊਟੀ ਲਾਈ ਗਈ ਕਿ ਉਹ ਹਵਾਈ ਅੱਡੇ ’ਤੇ ਜਾਵੇ ਅਤੇ ਬਲਬੀਰ ਸਿੰਘ ਨੂੰ ਸੁਰੱਖਿਅਤ ਘਰ ਲਿਆਵੇ। ਕੈਸੇ ਦਿਨ ਆ ਗਏ ਸਨ? ਉਹ ਓਲੰਪਿਕ ਮੈਡਲ ਜਿੱਤ ਕੇ ਮੁੜਦਾ ਸੀ ਤਾਂ ਨਾਇਕਾਂ ਵਾਲਾ ਸਵਾਗਤ ਹੁੰਦਾ ਸੀ। ਪਰ ਅੱਜ? ਪੱਗ ਦਾੜ੍ਹੀ ਕਰਕੇ ਉਸਦੀ ਜਾਨ ਖ਼ਤਰੇ ਵਿਚ ਸੀ!

ਸਿਰੋਂ ਮੋਨੇ ਗੁਰਿੰਦਰਜੀਤ ਨੇ ਬਲਬੀਰ ਸਿੰਘ ਨੂੰ ਗੱਡੀ ਵਿਚ ਬਿਠਾ ਕੇ ਪਰਦਾ ਤਾਣਨਾ ਤੇ ਪੱਗ ਢਕਣੀ ਚਾਹੀ ਤਾਂ ਬਲਬੀਰ ਸਿੰਘ ਨੇ ਰੋਕਿਆ ਕਿ ਇੱਥੇ ਮੈਨੂੰ ਕਾਹਦਾ ਖ਼ਤਰਾ? ਤਿਰੰਗੇ ਦੀ ਇੱਜ਼ਤ ਤੇ ਸਨਮਾਨ ਲਈ ਖ਼ਤਰੇ ਸਹੇੜਨ ਵਾਲੇ ਜ਼ਿੰਦਾਦਿਲ ਖਿਡਾਰੀ ਨੂੰ ਨਹੀਂ ਸੀ ਪਤਾ ਕਿ ਲਾਸ ਏਜ਼ਲਸ ਵਿਚਲੇ ਖ਼ਤਰਿਆਂ ਤੋਂ ਤਾਂ ਉਹ ਬਚ ਆਇਆ ਸੀ, ਪਰ ਦਿੱਲੀ ਵਿਚਲਾ ਖ਼ਤਰਾ ਉਸਨੂੰ ਬਰੂਹਾਂ ’ਤੇ ਉਡੀਕ ਰਿਹਾ ਸੀ! ਇਹ ਤਾਂ ਗੁਰਿੰਦਰਜੀਤ ਦੀ ਹਿੰਮਤ ਸੀ ਕਿ ਉਹ ਬਲਬੀਰ ਸਿੰਘ ਨੂੰ ਜੀਂਦੇ ਜੀਅ ਧੀ ਦੇ ਘਰ ਲੈ ਆਇਆ।

ਲਾਸ ਏਂਜਲਸ ਤੋਂ ਪਾਕਿਸਤਾਨ ਦੀ ਹਾਕੀ ਟੀਮ ਨੇ ਗੋਲਡ ਮੈਡਲ ਜਿੱਤ ਲਿਆ ਸੀ। ਪਾਕਿਸਤਾਨ ਨੇ ਕਰਾਚੀ ਵਿਚ ਓਲੰਪਿਕ ਜੇਤੂ ਟੀਮ ਦਾ ਰੈੱਸਟ ਆਫ ਵਰਲਡ ਟੀਮ ਨਾਲ ਮੈਚ ਕਰਾਉਣਾ ਸੀ। ਬਲਬੀਰ ਸਿੰਘ ਨੂੰ ਕਰਾਚੀ ਸੱਦਿਆ ਗਿਆ ਤੇ ਰੈੱਸਟ ਆਫ ਵਰਲਡ ਟੀਮ ਦਾ ਮੈਨੇਜਰ ਬਣਾਇਆ ਗਿਆ ਜਿਸ ਵਿਚ ਪੰਜ ਮੁਲਕਾਂ ਦੇ ਖਿਡਾਰੀ ਸ਼ਾਮਲ ਸਨ। ਪਾਕਿਸਤਾਨ ਦਾ ਸਦਰ ਜਨਰਲ ਜ਼ਿਆ ਉੱਲ ਹੱਕ ਸਟੇਡੀਅਮ ਵਿਚ ਮੌਜੂਦ ਸੀ। ਉਸਨੇ ਬਲਬੀਰ ਸਿੰਘ ਨੂੰ ਆਪਣੇ ਪਾਸ ਸੱਦਦਿਆਂ ਕਿਹਾ, ‘ਬਲਬੀਰ ਸਿੰਘ ਮੇਰੇ ਕੋਲ ਆਓ, ਆਪਾਂ ਤਾਂ ਇਕੋ ਪਿੰਡ ਦੇ ਹਾਂ। ਤੁਸੀਂ ਵੀ ਜ਼ਿਲਾ ਜਲੰਧਰ ਦੇ ਓ ਤੇ ਮੈਂ ਵੀ ਜਲੰਧਰ ਦੀ ਬਸਤੀ ਦਾ ਹਾਂ।’

ਅਪਣੱਤ ਭਰੇ ਸੱਦੇ ਨਾਲ ਬਲਬੀਰ ਸਿੰਘ ਜਨਰਲ ਜ਼ਿਆ ਉੱਲ ਹੱਕ ਕੋਲ ਜਾ ਬੈਠਾ। ਹਾਫ ਟਾਈਮ ਵੇਲੇ ਬਲਬੀਰ ਸਿੰਘ ਮੈਦਾਨ ’ਚ ਆਪਣੀ ਟੀਮ ਕੋਲ ਗਿਆ ਤਾਂ ਸਟੈਂਡਾਂ ਤੋਂ ‘ਬਲਬੀਰ ਸਿੰਘ ਜ਼ਿੰਦਾਬਾਦ’ ਦੇ ਨਾਅਰੇ ਲੱਗਣ ਲੱਗੇ। ਉਸਨੇ ਹੱਥ ਹਿਲਾ ਕੇ ਦਰਸ਼ਕਾਂ ਦਾ ਸ਼ੁਕਰੀਆ ਅਦਾ ਕੀਤਾ।

## ਘੱਲ ਕਲਾਂ ’ਚ ਲੱਗੇਗਾ ਸੀਨੀਅਰ ਦਾ ਬੁੱਤ

**ਮੋਗਾ (ਮਹਿੰਦਰ ਸਿੰਘ ਰੱਤੀਆਂ):** ਇੱਥੋਂ ਦੇ ਇਤਿਹਾਸਿਕ ਪਿੰਡ ਘੱਲ ਕਲਾਂ ਦੇ ਦੇਸ਼ ਭਗਤ ਪਾਰਕ ਵਿੱਚ ਹਾਕੀ ਓਲੰਪੀਅਨ ਬਲਬੀਰ ਸਿੰਘ ਸੀਨੀਅਰ ਦਾ ਬੁੱਤ ਲਗਾਇਆ ਜਾ ਰਿਹਾ ਹੈ, ਜੋ ਆਉਣ ਵਾਲੀ ਪੀੜ੍ਹੀ ਲਈ ਪ੍ਰੇਰਨਾ ਸਰੋਤ ਬਣੇਗਾ। ਮੂਰਤੀਕਾਰ ਮਨਜੀਤ ਸਿੰਘ ਗਿੱਲ ਨੇ ਉਨਾਂ ਨੂੰ ਸ਼ਰਧਾਂਜਲੀ ਦਿੰਦਿਆਂ ਦੱਸਿਆ ਕਿ ਛੇਤੀ ਹੀ ਉਨਾਂ ਦਾ ਬੁੱਤ ਤਿਆਰ ਕਰ ਕੇ ਪਾਰਕ ’ਚ ਸਥਾਪਤ ਕੀਤਾ ਜਾਵੇਗਾ। ਇਸ ਪਾਰਕ ’ਚ ਸਾਰਾਗੜ੍ਹੀ ਜੰਗ ਤੇ ਹੋਰ ਮਹਾਨ ਸ਼ਖ਼ਸੀਅਤਾਂ ਦੀਆਂ ਯਾਦਗਾਰਾਂ ਵੀ ਸਥਾਪਤ ਕੀਤੀਆਂ ਹੋਈਆਂ ਹਨ। ਸ੍ਰੀ ਸੀਨੀਅਰ ਨੇ ਦਸਵੀਂ ਤੱਕ ਦੀ ਪੜ੍ਹਾਈ ਸਥਾਨਕ ਦੇਵ ਸਮਾਜ ਹਾਈ ਸਕੂਲ ਤੋਂ ਕੀਤੀ। ਉਨਾਂ ਦੇ ਪਿਤਾ ਆਜਾਦੀ ਘੁਲਾਟੀਏ ਸਨ ਅਤੇ ਇਸ ਸਕੂਲ ’ਚ ਅਧਿਆਪਕ ਸਨ। ਸ੍ਰੀ ਸੀਨੀਅਰ ਨੇ ਉਚੇਰੀ ਸਿੱਖਿਆ ਡੀਐੱਮ ਕਾਲਜ ਮੋਗਾ, ਸਿੱਖ ਨੈਸ਼ਨਲ ਕਾਲਜ ਲਾਹੌਰ ਅਤੇ ਖਾਲਸਾ ਕਾਲਜ ਅੰਮ੍ਰਿਤਸਰ ਤੋਂ ਹਾਸਲ ਕੀਤੀ।

## ਦੱਰਿਆਂ ਤੇ ਦਰਿਆਵਾਂ ਸੰਗ - 5

# ਹਿਮਾਚਲ ਦੀ ਹਰਿਆਲੀ ਨੂੰ ਅਲਵਿਦਾ



**- ਪ੍ਰੀਤਮ ਰੁਪਾਲ**

ਕੇਲਾਂਗ ਦੇ ਆਲੀਸ਼ਾਨ ਰੈਸਟ ਹਾਊਸ ਵਿਚ ਰਾਤੀਂ ਨੀਂਦ ਚੰਗੀ ਆ ਗਈ ਸੀ। ਸਵਖਤੇ ਉਠ ਕੇ ਦਾਤਣ ਕੁਰਲੀ ਕਰਨ ਲਈ ਅਹੁਲਿਆ। ਮੈਨੂੰ ਇਹ ਲਾਲਚ ਸੀ ਕਿ ਸਭ ਤੋਂ ਪਹਿਲਾਂ ਉੱਠ ਕੇ ਨਹਾਂ ਧੋ ਲਵਾਂ ਕਿਉਂਕਿ ਨਾਤਿਆਂ ਦੋ ਦਿਨ ਹੋ ਚੁੱਕੇ ਸਨ। ਮੈਂ ਆਪਣੇ ਰਕਸੈਕ ਵਿਚੋਂ ਤੌਲੀਆ ਸਾਬਣ ਅਤੇ ਬਰੱਸ਼ ਵਗੈਰਾ ਕੱਢਿਆ ਤੇ ਪੌੜੀਆਂ ਉਤਰ ਕੇ ਹੇਠਾਂ ਆ ਗਿਆ। ਜਿਉਂ ਹੀ ਮੈਂ ਸਵੇਰ ਦੀ ਕਿਰਿਆ ਲਈ ਗੁਸਲਖਾਨੇ ਵੱਲ ਅਹੁਲਿਆ ਅੱਗੇ ਤੇਜਿੰਦਰ ਖੜਾ ਦਾੜੀ ਨੂੰ ਫਿਕਸੋ ਲਗਾ ਰਿਹਾ ਸੀ। ਮੈਂ ਸੋਚਿਆ ਮੈਂ ਹੀ ਸਭ ਤੋਂ ਪਹਿਲਾਂ ਜਾਗਿਆ ਹਾਂ ਪਰ ਮੈਥੋਂ ਕਾਹਲੇ ਵੀ ਹੈਗੇ ਨੇ। ਤੇਜਿੰਦਰ ਨੇ ਕਿਹਾ ਭਾਅ ਜੀ ਬਸ ਦੋ ਮਿੰਟਾਂ ਵਿਚ ਦਾੜੀ ਬੰਨ ਲਵਾਂਗਾ। ਇਧਰ ਮੈਨੂੰ ਜ਼ੋਰ ਪਿਆ ਹੋਇਆ ਸੀ। ਜਿਉਂ ਹੀ ਤੇਜਿੰਦਰ ਬਾਹਰ ਨਿਕਲਿਆ ਮੈਂ ਝੱਟ ਅੰਦਰ ਵੜ ਕੇ ਕੁੰਡੀ ਮਾਰ ਲਈ ਤੇ ਫਲੱਸ਼ 'ਤੇ ਬੈਠ ਕੇ ਸੁਖ ਦਾ ਸਾਹ ਲਿਆ। ਇੰਨੇ ਨੂੰ ਬਾਹਰੋਂ ਦਸਤਕ ਹੋਈ ਅਤੇ ਤੇਜਿੰਦਰ ਦੀ ਮੱਧਮ ਜਿਹੀ ਆਵਾਜ਼ ਆਈ, "ਭਾਅ ਜੀ ਮੇਰਾ ਦਾੜੀ ਵਾਲਾ ਬਰੱਸ਼ ਅੰਦਰ ਹੀ ਰਹਿ ਗਿਆ।" ਮੈਂ ਬੈਠਿਆਂ ਹੀ ਉਚੀ ਆਵਾਜ਼ ਵਿਚ ਕਿਹਾ ਕਿ ਹੁਣ ਅੱਧੇ ਘੰਟੇ ਨੂੰ ਕੁੰਡੀ ਖੁੱਲੇਗੀ ਮੈਂ ਤੇਰਾ ਬਰੱਸ਼ ਫੜਾਉਣ ਦੀ ਹਾਲਤ ਵਿਚ ਨਹੀਂ। ਮੈਨੂੰ ਲੱਗਾ ਕਿ ਉਹ ਜ਼ਰੂਰ ਕੱਚਾ ਜਿਹਾ ਹੋ ਕੇ ਮੁੜਿਆ ਹੋਏਗਾ। ਅੱਠ ਕੁ ਵਜਦੇ ਨੂੰ ਸਾਰੇ ਹੀ ਨਹਾ ਧੋ ਕੇ ਤਿਆਰ ਹੋ ਗਏ। ਤਲਵਾੜ ਸਾਹਿਬ ਰਸੋਈ ਦੇ ਬਹੁਤ ਮਾਹਿਰ ਸਨ। ਉਹਨਾਂ ਪੂੜੀ ਛੋਲਿਆਂ ਦਾ ਨਾਸ਼ਤਾ ਕਰਾਉਣ ਦੀ ਧਾਰੀ ਹੋਈ ਸੀ। ਅਸੀਂ ਆਪਣੀ ਹੀ ਗੈਸ ਭੱਠੀ 'ਤੇ ਕੜਾਹੀ ਰੱਖ ਕੇ ਪੂੜੀਆਂ ਤਲ ਲਈਆਂ। ਇਸ ਕਾਰਜ ਵਿਚ ਸਾਰਿਆਂ ਨੇ ਹੱਥ ਵਟਾਇਆ। ਮੇਰੇ ਹਿੱਸੇ ਬਰਤਨਾਂ ਦੀ ਸੇਵਾ ਆਈ। ਛੋਟੇ ਹੁੰਦਿਆਂ ਮਾਂ ਨੇ ਬਰਤਨਾਂ ਦੀ ਸੇਵਾ ਕਰਨ ਸਿਖਾਇਆ ਸੀ। ਗੁਰਦੁਆਰੇ ਜਾਂ ਕਿਸੇ ਸਾਂਝੇ ਸਮਾਗਮ 'ਤੇ ਉਹਨਾਂ ਕਹਿਣਾ ਕਿ ਪੁੱਤ ਬਰਤਨ ਸਾਫ਼ ਕਰਨ ਦੀ ਸੇਵਾ ਅਤੇ ਸੰਗਤ ਦੇ ਜੋੜੇ ਝਾੜਨ ਦੀ ਸੇਵਾ ਸਭ ਤੋਂ ਉਤਮ ਹੁੰਦੀ ਹੈ।

ਨਾਸ਼ਤਾ ਕਰਨ ਮਗਰੋਂ ਸਮਾਨ ਬੰਨਕੇ, ਰੈਸਟ ਹਾਊਸ ਦੇ ਨੇੜੇ ਉਸ ਜਗਾ 'ਤੇ ਪਹੁੰਚ ਗਏ ਜਿਥੇ ਗਰੈਫ ਵਾਲਿਆਂ ਦਾ ਡੋਜ਼ਰ ਅਤੇ ਇਕ ਜੇ.ਸੀ.ਬੀ. ਉਪਰੋਂ ਡਿੱਗੇ ਭਾਰੀ ਪੱਥਰ ਹਟਾਉਣ ਲੱਗੇ ਹੋਏ ਸਨ। ਰੈਸਟ ਹਾਊਸ ਵਾਲੀ ਉਪਰਲੀ ਸੜਕ ਵੀ ਟੁੱਟੀ ਹੋਣ ਕਾਰਨ ਸਾਡੀਆਂ ਜੀਪਾਂ ਨੂੰ ਹੇਠਾਂ ਬਾਜ਼ਾਰ ਵਿਚੋਂ ਹੋ ਕੇ ਆਉਣਾ ਪਿਆ। ਸੜਕ ਸਾਫ਼ ਕਰਨ ਦਾ ਕੰਮ ਅਜੇ ਜਾਰੀ ਸੀ। ਇਕ ਭਾਰਾ ਪੱਥਰ ਜੋ ਡੋਜ਼ਰ ਤੋਂ ਵੀ ਨਹੀਂ ਸੀ ਹਿੱਲ ਰਿਹਾ, ਉਸ ਨੂੰ ਡਾਇਨਾਮਾਈਟ ਨਾਲ ਤੋੜਨ ਦੀ ਸਕੀਮ ਬਣਾਈ ਗਈ। ਸਾਰੇ ਲੋਕਾਂ ਅਤੇ ਲੇਬਰ ਵਾਲਿਆਂ ਨੂੰ ਕਾਫ਼ੀ ਦੂਰ ਹਟਾ ਦਿੱਤਾ ਗਿਆ। ਫਿਰ ਵੱਡੇ, ਹਾਥੀ ਦੇ ਕੱਦ ਦੇ ਪੱਥਰ ਵਿਚ ਵਰਮੇ ਨਾਲ ਡਰਿਲ ਕਰ ਕੇ ਬਰੂਦ ਭਰਿਆ ਗਿਆ ਤੇ ਪਲੀਤਾ ਲਾਇਆ ਗਿਆ। ਵੱਡੇ ਪੱਥਰ ਵਿਚ ਚਾਰ ਪਲੀਤੇ ਇਕੱਠੇ ਲਾਏ ਗਏ ਸਨ, ਜਿਹਨਾਂ ਦੇ ਲੜੀਵਾੜ ਧਮਾਕਿਆਂ ਨੇ ਇਸ ਦੇ ਪਰਖਚੇ ਉਡਾ ਦਿੱਤੇ। ਇਸ ਦੀਆਂ ਮੋਟੀਆਂ ਕਾਤਰਾਂ ਭਾਗਾ ਦਰਿਆ ਦੇ ਪਰਲੇ ਕਿਨਾਰੇ ਤੱਕ ਪਹੁੰਚ ਗਈਆਂ। ਇਸ ਯਤਨ ਨਾਲ ਵੱਡਾ ਪੱਥਰ ਤਾਂ ਤੋੜ ਲਿਆ ਪਰ ਇਸ ਦੇ ਧਮਾਕੇ ਨਾਲ ਉਪਰਲੀ ਪਹਾੜੀ ਤੋਂ ਦੋ ਤਿੰਨ ਵੱਡੇ ਪੱਥਰ ਹੋਰ ਖਿਸਕ ਕੇ ਹੇਠਾਂ ਆ ਗਏ। ਪਰ ਇਹ ਇੰਨੇ ਭਾਰੀ ਨਹੀਂ ਸਨ। ਇਹਨਾਂ ਨੂੰ ਡੋਜ਼ਰ ਨੇ ਹੇਠਾਂ ਦਰਿਆ ਵਿਚ ਰੋੜਦਿੱਤਾ। ਰਸਤਾ ਖੁੱਲਣ ਤੱਕ ਗੱਡੀਆਂ ਦੀ ਕਤਾਰ ਲੱਗ ਗਈ ਸੀ। ਪੁਲਿਸ ਵਾਲਿਆਂ ਨੇ ਪਹਿਲਾਂ ਛੋਟੇ ਵਾਹਨ ਲੰਘਾਏ। ਜਿਉਂ ਹੀ ਸਾਡੀਆਂ ਜੀਪਾਂ ਅੱਗੇ ਸਟੀਂਗਰੀ ਵੱਲ ਵਧੀਆਂ ਅੱਗੋਂ ਟਰੱਕਾਂ ਅਤੇ ਤੇਲ ਵਾਲੇ ਟੈਂਕਰਾਂ ਦੀ ਲੰਬੀ ਕਤਾਰ ਕੱਛੂ ਚਾਲੇ ਆਉਂਦੀ ਨਜ਼ਰੀਂ ਪਈ। ਸਟੀਂਗਰੀ ਕੋਲ ਜਾ ਕੇ ਸੜਕ 'ਤੇ ਜਾਮ ਲੱਗ ਗਿਆ। ਇਥੇ ਸੜਕ 'ਤੇ ਕਾਫ਼ੀ ਚਿੱਕੜ ਸੀ ਜਿਸ ਵਿਚ ਛੋਟੀਆਂ ਕਾਰਾਂ ਫਸੀਆਂ ਹੋਈਆਂ ਸਨ। ਸਟੀਂਗਰੀ ਇਕ ਐਸ.ਟੀ.ਡੀ./ਪੀ.ਸੀ.ਓ. 'ਤੇ ਜਾ ਕੇ ਚੰਡੀਗੜ ਫੋਨ ਕਰਨ ਦੀ ਇੱਛਾ ਜ਼ਾਹਿਰ ਕੀਤੀ ਤਾਂ ਉਹਨਾਂ ਦੱਸਿਆ ਕਿ ਪਿਛਲੇ ਹਫਤੇ ਤੋਂ ਮੌਸਮ ਖ਼ਰਾਬ ਹੋਣ ਕਾਰਨ ਫੋਨ ਡੈੱਡ ਪਏ ਨੇ। ਟਰੈਫਿਕ ਚਾਲੂ ਹੋਇਆ ਤਾਂ ਗੈਮੂਰ ਹੁੰਦੇ ਹੋਏ ਜਿਸਪਾ ਪਹੁੰਚੇ। ਆਲੇ ਦੁਆਲੇ ਚੰਗੀ ਹਰਿਆਲੀ ਸੀ। ਭਾਗਾ ਦਰਿਆ ਦੀ ਵਾਦੀ ਵਿਚ ਸਬਜ਼ੀਆਂ ਅਤੇ ਫਲਦਾਰ ਦਰਖ਼ਤ ਨਜ਼ਰ ਆ ਰਹੇ ਸਨ। ਇਥੇ ਇਕ ਹੈਲੀਪੈਡ ਵੀ ਬਣਿਆ ਹੋਇਆ ਸੀ। ਜਿਸਪਾ ਲੰਘ ਕੇ ਫਿਰ ਪਥਰੀਲੀਆਂ ਖੁਸ਼ਕ ਪਹਾੜੀਆਂ ਨਜ਼ਰ ਆਉਣ ਲੱਗੀਆਂ। ਅੱਗੇ ਛੋਟਾ ਜਿਹਾ ਪਿੰਡ ਹਰੀਪੁਰ ਆ ਗਿਆ।

ਹਰੀਪੁਰ ਤੋਂ ਅੱਗੇ ਸੜਕ ਬਿਲਕੁਲ ਹੇਠਾਂ ਦਰਿਆ ਦੀ ਪੱਤਣ ਦੇ ਨਾਲ ਆ ਮਿਲੀ ਅਤੇ ਦਰਿਆ ਕਾਫ਼ੀ ਚੌੜਾ ਹੋ ਗਿਆ। ਇਥੇ ਖੱਬੇ ਪਾਸਿਓਂ ਜੰਕਰ ਨਾਲਾ (ਛੋਟੀ ਨਦੀ) ਭਾਗਾ ਵਿਚ ਆ ਕੇ ਮਿਲਦਾ ਹੈ ਅਤੇ ਸਾਹਮਣੇ ਸੱਜੇ ਪਾਸਿਓਂ ਵੀ ਇਕ ਛੋਟਾ ਨਾਲਾ ਦਰਿਆ ਵਿਚ ਪੈਂਦਾ ਹੈ। ਇਸ ਲਈ ਇਥੇ ਕਾਫੀ ਵੱਡਾ ਸੰਗਮ ਹੈ। ਜੰਕਰ ਨਦੀ 'ਤੇ ਲੋਹੇ ਦੇ ਦੋ ਆਰਜ਼ੀ ਪੁਲ ਬਣੇ ਹੋਏ ਹਨ। ਇਹ ਪੁਲ ਪਾਰ ਕਰਨ ਤੋਂ ਪਹਿਲਾਂ ਇੰਡੋ ਤਿੱਬਤੀਅਨ ਬਾਰਡਰ ਪੁਲਿਸ ਦੀ ਚੌਂਕੀ ਹੈ ਜਿਥੇ ਅਸੀਂ ਆਪਣੀਆਂ ਜੀਪਾਂ ਦੇ ਨੰਬਰ ਅਤੇ ਡਰਾਈਵਰਾਂ ਦੇ ਨਾਮ ਵਗੈਰਾ ਦਰਜ ਕਰਵਾਏ। ਪੁਲ ਪਾਰ ਕਰਦਿਆਂ ਹੀ ਅੱਗੇ ਦਾਰਚਾ ਪਿੰਡ ਹੈ। ਇਸ ਲਈ ਇਹ ਥਾਂ ਦਾਰਚਾ ਦੇ ਨਾਂ ਨਾਲ ਹੀ ਜਾਣੀ ਜਾਂਦੀ ਹੈ। ਪੁਲ ਪਾਰ ਕਰਦਿਆਂ ਦੋ ਤਿੰਨ ਢਾਬੇ ਹਨ ਜਿਥੇ ਖਾਣ ਦੇ ਸਮਾਨ ਤੋਂ ਇਲਾਵਾ ਰਾਤ ਠਹਿਰਨ ਦਾ ਪ੍ਰਬੰਧ ਵੀ ਹੈ।




ਜੰਕਰ ਨਦੀ ਦੇ ਨਾਲ ਹੀ ਖੱਬੇ ਪਾਸੇ ਇਕ ਟਰੈਕ ਹੈ। ਇਸ ਸੰਗਮ ਤੋਂ ਹੀ ਇਸ ਟਰੈਕ ਦੀ ਚੜਾਈ ਸ਼ੁਰੂ ਹੋ ਜਾਂਦੀ ਹੈ। ਥੋੜਾ ਅੱਗੇ ਜਾ ਕੇ ਰਰਿਗ ਨਾਂ ਦਾ ਇਕ ਕਬਾਇਲੀ ਪਿੰਡ ਆਉਂਦਾ ਹੈ ਤੇ ਅੱਗੋਂ ਇਹ ਟਰੈਕ ਸਿੰਖੁਨ ਦੱਰਾ ਪਾਰ ਕਰ ਕੇ ਜੰਮੂ ਕਸ਼ਮੀਰ ਵਿਚ ਦਾਖ਼ਲ ਹੋ ਜਾਂਦਾ ਹੈ। ਸਿੰਖੁਨ ਦੱਰਾ ਹਿਮਾਚਲ ਪ੍ਰਦੇਸ਼ ਅਤੇ ਜੰਮੂ ਕਸ਼ਮੀਰ ਦੀ ਹੱਦ ਉਪਰ ਪੈਂਦਾ ਹੈ। ਅਸੀਂ ਦਾਰਚਾ ਬਹੁਤਾ ਸਮਾਂ ਨਹੀਂ ਰੁਕੇ ਕਿਉਂਕਿ ਸਾਨੂੰ ਇਹ ਕਾਹਲ ਸੀ ਕਿ ਅੱਜ ਹਰ ਹੀਲੇ ਪਾਂਗ ਪਹੁੰਚਣਾ ਹੈ। ਅੱਗੇ ਟ੍ਰੈਫਿਕ ਵੀ ਘੱਟ ਗਈ ਸੀ ਕਿਉਂਕਿ ਲੱਦਾਖ ਵਾਲੇ ਪਾਸੇ ਤੋਂ ਆਉਣ ਵਾਲੇ ਟਰੱਕ, ਟੈਂਕਰ ਹੁਣ ਲੰਘ ਚੁਕੇ ਸਨ। ਇਕ ਹੋਰ ਛੋਟਾ ਜਿਹਾ ਪਿੰਡ ਪਾਤਸੀਓ ਵੀ ਅਸੀਂ ਲੰਘ ਗਏ। ਇਥੇ ਹਿਮਾਚਲ ਪ੍ਰਦੇਸ਼ ਲੋਕ ਨਿਰਮਾਣ ਵਿਭਾਗ ਦਾ ਰੈਸਟ ਹਾਊਸ ਵੀ ਹੈ, ਜੋ ਜੂਨ ਤੋਂ ਅਕਤੂਬਰ ਤੱਕ ਖੁੱਲਾ ਰਹਿੰਦਾ ਹੈ। ਹੁਣ ਅਸੀਂ ਬੜਾ ਲਾਚਾ ਨੇੜੇ ਪਹੁੰਚ ਗਏ ਸਾਂ ਅਤੇ ਖੁੱਲੀ ਅਤੇ ਪਥਰੀਲੀ ਵਾਦੀ ਵਿਚ ਪਹੁੰਚ ਗਏ ਸਾਂ। ਪੱਥਰਾਂ ਦੀਆਂ ਕੀਚਰਾਂ (ਟੁਕੜੇ) ਵੇਖ ਕੇ ਜਾਪਦਾ ਸੀ ਕਿ ਕਦੇ ਇਸ ਥਾਂ 'ਤੇ ਬਹੁਤ ਵੱਡਾ ਜ਼ਲਜ਼ਲਾ ਆਇਆ ਹੋਵੇਗਾ। ਸੱਜੇ ਪਾਸੇ ਚੰਦਰ ਭਾਗਾ ਰੇਂਜ ਉਪਰ ਤਾਜ਼ੀ ਪਈ ਬਰਫ਼ ਸਾਫ਼ ਨਜ਼ਰ ਆ ਰਹੀ ਸੀ। ਸੜਕ ਇਕ ਖੁੱਲੇ ਰੇਤਲੇ ਮੈਦਾਨ ਵਿਚ ਦਾਖ਼ਲ ਹੋ ਗਈ ਜਿਸ ਦੇ ਖੱਬੇ ਪਾਸੇ ਇਕ ਫ਼ੌਜੀ ਕੈਂਪ ਸੀ ਜੋ ਛੋਟੀ ਛਾਉਣੀ ਵਾਂਗ ਲੱਗ ਰਿਹਾ ਸੀ। ਇਹ ਜ਼ਿੰਗਜ਼ਿੰਗਬਾਰ ਨਾਂ ਦੀ ਜਗਾ ਹੈ। ਸ਼ਾਇਦ ਫ਼ੌਜ ਜਾਂ ਗਰੈੱਫ਼ ਵਾਲਿਆਂ ਨੇ ਹੀ ਇਸ ਥਾਂ ਦਾ ਨਾਮਕਰਨ ਕੀਤਾ ਹੋਵੇ। ਇਥੇ ਸੈਲਾਨੀ ਵੀ ਟੈਂਟ ਲਗਾ ਕੇ ਰੁਕ ਸਕਦੇ ਸਨ। ਇਸੇ ਤਰਾਂ ਦਾ ਇਕ ਛੋਟਾ ਜਿਹਾ ਮੈਦਾਨ ਥੋੜਾ ਪਿੱਛੇ ਹਟ ਕੇ ਸੀ ਜਿਸ ਦਾ ਨਾਂ ਤਪਾਚਨ ਦੱਸਿਆ ਗਿਆ। ਇਥੇ ਫ਼ੌਜ ਵਾਲੇ ਸੈਲਾਨੀਆਂ ਦੀ ਹਰ ਸੰਭਵ ਮਦਦ ਕਰਦੇ ਹਨ। ਮਨਾਲੀ ਜਾਂ ਕੇਲਾਂਗ ਤੋਂ ਜਾਣ ਵਾਲੇ ਐਡਵੈਂਚਰ ਟੂਰ ਵੀ ਕਈ ਵਾਰ ਇਥੇ ਰਾਤ ਬਤੀਤ ਕਰਦੇ ਹਨ।

ਅਸੀਂ ਛੇਤੀ ਹੀ ਬੜਾ ਲਾਚਾ ਦੱਰੇ ਦੇ ਨੇੜੇ ਪਹੁੰਚ ਗਏ। ਸੜਕ ਦੇ ਦੋਵੇਂ ਪਾਸੇ ਢਾਲਵੀਆਂ ਪਹਾੜੀਆਂ ਉਪਰ ਬਰਫ਼ ਪਈ ਹੋਈ ਸੀ। ਅਸੀਂ ਉਚਾਈ ਵੱਲ ਵੱਧ ਰਹੇ ਸਾਂ। ਬਰਫ਼ੀਲਾ ਰਸਤਾ ਤੈਅ ਕਰਦੇ ਹੋਏ ਸਾਡੀਆਂ ਗੱਡੀਆਂ ਸੂਰਜ ਤਾਲ ਨਾਂ ਦੀ ਝੀਲ ਦੇ ਕਿਨਾਰੇ ਪਹੁੰਚ ਗਈਆਂ। ਬੜਾ ਲਾਚਾ ਦੱਰਾ ਅਤੇ ਸੂਰਜ ਤਾਲ ਬਿਲਕੁਲ ਨਾਲ ਨਾਲ ਹਨ। ਝੀਲ ਦਾ ਨੀਲੀ ਭਾਅ ਮਾਰਦਾ ਸਾਫ਼ ਪਾਣੀ ਇਕ ਦਿਲਕਸ਼ ਨਜ਼ਾਰਾ ਪੇਸ਼ ਕਰ ਰਿਹਾ ਸੀ। ਦੂਸਰੀ ਚੋਟੀ ਵਾਲੇ ਪਾਸਿਓਂ ਝੀਲ ਅੱਧੀ ਜੰਮੀ ਹੋਈ ਸੀ। ਤਿੱਬਤੀ ਬੋਲੀ ਵਿਚ ਇਸ ਝੀਲ ਦਾ ਨਾਂ ਛੋਚਕਮ ਚੀ ਹੈ। ਇਥੋਂ ਚੰਦਰ ਤਾਲ ਤੱਕ ਤਿੰਨ ਦਿਨ ਦਾ ਟਰੈਕ ਹੈ ਜੋ ਚੰਦਰ ਭਾਗਾ ਰੇਂਜ ਦੇ ਨਾਲ ਨਾਲ ਜਾਂਦਾ ਹੈ। ਇਹ ਰੇਂਜ ਲਹੌਲ ਵਾਦੀ ਦੇ ਦੋਵੇਂ ਸਿਰਿਆਂ ਨੂੰ ਮਿਲਾਉਂਦੀ ਹੈ। ਇਸ ਪਾਸੇ ਬੜਾ ਲਾਚਾ ਦੱਰਾ ਹੈ, ਜਿਸ ਦੀ ਸਮੁੰਦਰੀ ਤਲ ਤੋਂ ਉਚਾਈ 16500 ਫੁੱਟ ਹੈ ਅਤੇ ਇਹ ਹਿਮਾਚਲ ਪ੍ਰਦੇਸ਼ ਦਾ ਸੜਕ ਦੇ ਰਸਤੇ ਵਾਲਾ (ਮੋਟਰਏਬਲ) ਸਭ ਤੋਂ ਉੱਚਾ ਦੱਰਾ ਹੈ। ਦੂਜੇ ਸਿਰੇ 'ਤੇ ਕੁੰਜਮ ਦੱਰਾ ਹੈ ਜਿਸ ਨੂੰ ਪਾਰ ਕਰ ਕੇ ਸਪਿਤੀ ਘਾਟੀ ਸ਼ੁਰੂ ਹੁੰਦੀ ਹੈ। ਬੜਾ ਲਾਚਾ ਦੱਰੇ 'ਤੇ ਹਵਾ ਦਾ ਰੁਖ ਬਹੁਤ ਤੇਜ਼ ਸੀ। ਦੂਜਾ ਬਰਫ਼ ਪਈ ਹੋਣ ਕਰਕੇ ਹਵਾ ਯਖ਼ ਠੰਡੀ ਸੀ। ਸਾਡੇ ਇਕ ਡਰਾਈਵਰ (ਪੱਪੂ) ਨੂੰ ਕੁਝ ਪੇਟ ਦਰਦ ਦੀ ਸ਼ਿਕਾਇਤ ਹੋ ਗਈ ਅਤੇ ਉਸ ਦਾ ਜੀਅ ਕੱਚਾ ਹੋ ਰਿਹਾ ਸੀ। ਅਸੀਂ ਛੇਤੀ ਹੀ ਸਰਚੂ ਵੱਲ ਚੱਲ ਪਏ। ਦੱਰੇ ਤੋਂ ਉਤਰਦਿਆਂ ਹੀ ਇਕ ਪੱਧਰੀ ਜਿਹੀ ਥਾਂ ਆ ਗਈ ਜਿਥੇ ਤਿੰਨ ਚਾਰ ਢਾਬੇ ਸਨ। ਇਹਨਾਂ ਢਾਬਿਆਂ ਦਾ ਕਲਚਰ ਲੱਦਾਖ ਅਤੇ ਤਿੱਬਤ ਵਾਲਾ ਸੀ। ਜੀਪਾਂ ਇਕ ਪਾਸੇ ਖੜੀਆਂ ਕਰ ਕੇ ਅਸੀਂ ਇਕ ਵੱਡੇ ਚਿੱਟੇ ਤੰਬੂ ਵਿਚ ਜਾ ਬੈਠੇ ਜਿਥੇ ਕਾਫ਼ੀ ਨਿੱਘ ਸੀ। ਢਾਬੇ ਵਾਲੇ ਨੂੰ ਚਾਹ ਦਾ ਆਰਡਰ ਦਿੱਤਾ ਉਸ ਨੇ ਵੱਡੀ ਸਾਰੀ ਥਰਮਸ ਵਿਚੋਂ ਗਿਲਾਸ ਭਰਨੇ ਸ਼ੁਰੂ ਕਰ ਦਿੱਤੇ। ਜ਼ਿਆਦਾ ਠੰਢ ਅਤੇ ਘੱਟ ਆਕਸੀਜਨ ਕਰਕੇ, ਸਾਡੇ ਵਿਚੋਂ ਕਈਆਂ ਦਾ ਜੀਅ ਮਿਤਲਾਉਣਾ ਸ਼ੁਰੂ ਹੋ ਗਿਆ ਸੀ। ਗਰਮ ਚਾਹ ਪੀ ਕੇ ਕਾਫ਼ੀ ਰਾਹਤ ਮਹਿਸੂਸ ਕੀਤੀ। ਢਾਬਿਆਂ ਵਾਲਿਆਂ ਨੇ ਆਪਣੇ ਤੰਬੂਆਂ ਦੇ ਅੰਦਰ ਹੀ ਰਾਤ ਠਹਿਰਨ ਦਾ ਇੰਤਜ਼ਾਮ ਕੀਤਾ ਹੋਇਆ ਸੀ। ਉਹਨਾਂ ਨੇ ਦੱਸਿਆ ਕਿ ਉਹ ਰੋਟੀ ਪਾਣੀ ਤੋਂ ਇਲਾਵਾ ਰਾਤ ਰਹਿਣ ਦਾ ਇਕ ਜਣੇ ਦਾ ਕਿਰਾਇਆ 50 ਰੁਪਏ ਲੈਂਦੇ ਨੇ। ਢਾਬਿਆਂ ਵਾਲਿਆਂ ਨੇ ਇਸ ਥਾਂ ਦਾ ਨਾਂ ਭਰਤਪੁਰ ਸਿਟੀ ਰੱਖਿਆ ਹੋਇਆ ਹੈ। ਹੌਲੀ ਹੌਲੀ ਇਹ ਜਗਾ ਇਸੇ ਨਾਂ ਨਾਲ ਮਕਬੂਲ ਹੋ ਜਾਵੇਗੀ।

ਪੱਪੂ ਵਾਲੀ ਜੀਪ ਹੁਣ ਸੁਖਬੀਰ ਚਲਾਉਣ ਲੱਗ ਪਿਆ ਸੀ ਅਤੇ ਅਸੀਂ ਇਕ ਤੰਗ ਵਾਦੀ ਵਿਚੋਂ ਗੁਜ਼ਰ ਰਹੇ ਸਾਂ। ਸੱਜੇ ਪਾਸੇ ਕਾਫ਼ੀ ਥਾਂ ਵਿਚ ਫੈਲੀ ਦਲਦਲ ਅਤੇ ਪਾਣੀ ਨਜ਼ਰ ਆ ਰਿਹਾ ਸੀ। ਇਸ ਨੂੰ ਯੁਨਮ ਝੀਲ ਦੇ ਨਾਂ ਨਾਲ ਜਾਣਿਆ ਜਾਂਦਾ ਹੈ ਅਤੇ ਇਸ ਤੋਂ ਕਾਫ਼ੀ ਪਿੱਛੇ ਹੱਟ ਕੇ ਸਰਚੂ ਝੀਲ ਹੈ ਜਿਸ ਦੇ ਪਿਛੇ ਸਰਚੂ ਚੋਟੀ ਵਿਖਾਈ ਦੇ ਰਹੀ ਸੀ। ਸਰਚੂ ਚੋਟੀ ਦੀ ਉਚਾਈ 5741 ਮੀਟਰ ਹੈ। ਯੁਨਮ ਝੀਲ ਤੋਂ ਹੀ ਇਕ ਛੋਟੀ ਜਿਹੀ ਨਦੀ ਸ਼ੁਰੂ ਹੁੰਦੀ ਹੈ, ਜੋ ਸੜਕ ਦੇ ਨਾਲੋ ਨਾਲ ਲੱਦਾਖ ਵੱਲ ਨੂੰ ਵਹਿੰਦੀ ਹੈ। ਇਸ ਨਦੀ ਦਾ ਨਾਂ ਵੀ ਯੁਨਮ ਦਰਿਆ ਹੀ ਹੈ। ਖੱਬੇ ਪਾਸਿਓਂ ਲਿੰਗਟੀ ਚੋਅ ਨਾਂ ਦਾ ਇਕ ਹੋਰ ਨਾਲਾ ਇਸ ਵਿਚ ਆ ਕੇ ਮਿਲਦਾ ਹੈ ਜਿਸ ਨਾਲ ਇਸ ਦਾ ਪਾਣੀ ਕਾਫ਼ੀ ਵੱਧ ਜਾਂਦਾ ਹੈ। ਸੱਜੇ ਪਾਸੇ ਰੇਤਲੇ ਅਤੇ ਨਿੱਕੇ ਨਿੱਕੇ ਘਾਹ ਵਾਲੇ ਮੈਦਾਨ ਵਿਚ ਬੜੀ ਸੁੰਦਰ ਸਜਾਵਟ ਨਾਲ ਛੋਟੇ ਤੰਬੂ ਲਗਾਏ ਹੋਏ ਸਨ। ਇਸ ਥਾਂ ਨੂੰ ਕਿਉਲਿੰਗ ਸਰਾਏ ਕਹਿੰਦੇ ਹਨ। ਇਥੇ ਕਈ ਵਾਰ ਫ਼ੌਜ ਵਲੋਂ ਵੀ ਕੈਂਪਿੰਗ ਕੀਤੀ ਜਾਂਦੀ ਹੈ।

ਥੋੜਾ ਜਿਹਾ ਸੱਜੇ ਪਾਸੇ ਵੱਲ ਮੁੜ ਕੇ ਫਿਰ ਰੇਤਲਾ ਮੈਦਾਨ ਆ ਗਿਆ ਜਿਸ ਵਿਚ ਕਿਤੇ ਕਿਤੇ ਵੱਡੇ ਪੱਥਰ ਪਏ ਹੋਏ ਸਨ। ਅਚਾਨਕ ਰੋਹਿਤ ਨੇ ਸਾਡਾ ਧਿਆਨ ਇਕ ਛੋਟੇ ਜਿਹੇ ਜੰਗਲੀ ਜਾਨਵਰ ਵੱਲ ਦੁਆਇਆ ਜੋ ਜੀਪ ਤੋਂ ਥੋੜੀ ਦੂਰ ਦੌੜ ਰਿਹਾ ਸੀ। ਪਹਿਲਾਂ ਤਾਂ ਸਾਨੂੰ ਇਹ ਛੋਟਾ ਗਿੱਦੜ ਲੱਗਾ ਫਿਰ ਰੋਹਿਤ ਨੇ ਹੀ ਦਸਿਆ ਕਿ ਇਹ ਲੱਦਾਖੀ ਚੂਹਾ ਹੈ। ਏਡਾ ਵੱਡਾ ਚੂਹਾ? ਅਸੀਂ ਸਾਰੇ ਹੈਰਾਨ ਹੋ ਗਏ। ਫਿਰ ਅੱਗੇ ਹੋਰ ਕਈ ਇਸ ਤਰਾਂ ਦੇ ਚੂਹੇ ਸਾਡੇ ਨਜ਼ਰੀ ਪਏ। ਉਹ ਦੌੜ ਕੇ ਖੁੱਡ ਕੋਲ ਜਾਂਦੇ ਅਤੇ ਫਿਰ ਸਾਡੇ ਵੱਲ ਵੇਖਕੇ ਅਗਲੀਆਂ ਲੱਤਾਂ ਉਪਰ ਚੁੱਕ ਲੈਂਦੇ। ਆਪਣੀ ਨਿੱਕੀ ਜਿਹੀ ਮੋਟੀ ਪੂਛ ਹਿਲਾ ਕੇ ਇਸ਼ਾਰਾ ਕਰਦੇ ਅਤੇ ਖੁੱਡ ਵਿਚ ਵੜ ਜਾਂਦੇ।



ਅੰਮ੍ਰਿਤਸਰ ਟਾਈਮਜ਼
Quomantry AMRITSAR TIMES
27 ਮਈ 2020 ਤੋਂ 02 ਜੂਨ 2020

# ਘਰ ਦਾ ਸੰਕਲਪ

ਸਮਾਜ ਵਿਗਿਆਨੀਆਂ ਦੀ ਆਮ ਜਿਹੀ ਧਾਰਨਾ ਹੈ ਕਿ ਜਿਸ ਥਾਂ ਤੇ ਪਰਿਵਾਰ ਇਕ ਛੱਤ ਹੇਠ ਰਹਿੰਦਾ ਹੈ, ਉਹ ਹੀ ਅਸਲ ਵਿਚ ਉਸ ਦਾ ਘਰ ਹੈ। ਸਿਰਫ਼ ਮਕਾਨ ਜਾਂ ਢਾਰੇ ਨੂੰ ਘਰ ਨਹੀਂ ਕਿਹਾ ਜਾ ਸਕਦਾ। ਪਿਛਲੇ ਸਾਲ ਦਸੰਬਰ ਤੋਂ ਵਿਸ਼ਵ ਭਰ ਵਿਚ ਸ਼ੁਰੂ ਹੋਈ ਮਹਾਂਮਾਰੀ ਕੋਵਿਡ-19 ਨੇ ਜਿੱਥੇ ਵੱਖ ਵੱਖ ਮੁਲਕਾਂ, ਸੂਬਿਆਂ ਅਤੇ ਭੂ ਖੰਡਾਂ ਦੇ ਸਮਾਜਿਕ, ਆਰਥਿਕ ਅਤੇ ਰਾਜਨੀਤਕ ਢਾਂਚੇ ਉਪਰ ਗਹਿਰਾ ਅਸਰ ਪਾਇਆ ਹੈ ਉਥੇ ਇਕਹਿਰੇ ਰੂਪ ਵਿਚ ਮਨੁੱਖ ਦੀ ਮਾਨਸਿਕਤਾ ਅਤੇ ਸਹਿਹੋਂਦ ਨੂੰ ਵੀ ਪ੍ਰਭਾਵਿਤ ਕੀਤਾ ਹੈ। ਜੇ ਭਾਰਤ ਦੀ ਮਿਸਾਲ ਹੀ ਲਈ ਜਾਵੇ ਤਾਂ ਆਬਾਦੀ ਅਤੇ ਆਬਾਦੀ ਦੀ ਘਣਤਾ ਪੱਖੋਂ ਇਹ ਦੁਨੀਆਂ ਦਾ ਦੂਜਾ ਵੱਡਾ ਦੇਸ਼ ਹੈ ਜਿਸ ਨੂੰ ਹੁਣ ਤੱਕ ਖੇਤੀ ਪ੍ਰਧਾਨ ਮੁਲਕਾਂ ਵਿਚ ਸ਼ੁਮਾਰ ਕੀਤਾ ਜਾਂਦਾ ਹੈ। ਇਸ ਮਹਾਂਮਾਰੀ ਦੇ ਅਸਰ ਕਾਰਨ ਜਿਸ ਤਰੀਕੇ ਨਾਲ ਪ੍ਰਵਾਸੀ ਮਜ਼ਦੂਰਾਂ ਨੇ ਆਪਣੇ ਪਿਤਰੀ ਰਾਜਾਂ ਅਤੇ ਜ਼ਿਲਿਆਂ ਨੂੰ ਹਿਜ਼ਰਤ ਕਰਨ ਦਾ ਸਿਲਸਿਲਾ ਸ਼ੁਰੂ ਕੀਤਾ ਹੈ, ਉਹ ਕਈ ਸੁਆਲ ਖੜੇ ਕਰਦਾ ਹੈ। ਇਹ ਮਜ਼ਦੂਰ ਆਪਣੇ ਪਰਿਵਾਰਾਂ ਸਮੇਤ ਥੋੜੀ ਬਹੁਤੀ ਪੂੰਜੀ ਲੈ ਕੇ ਵੱਖ ਵੱਖ ਸਾਧਨਾਂ ਰਾਹੀਂ ਆਪਣੇ ਜੱਦੀ ਪੁਸ਼ਤੀ ਇਲਾਕਿਆਂ ਨੂੰ ਜਾ ਰਹੇ ਹਨ। ਪੰਜਾਬ ਦੇ ਲੁਧਿਆਣਾ ਵਰਗੇ ਸਨਅਤੀ ਸ਼ਹਿਰ ਵਿਚ ਬਿਹਾਰ ਅਤੇ ਉੱਤਰ ਪ੍ਰਦੇਸ਼ ਨਾਲ ਸਬੰਧਤ ਲੱਖਾਂ ਕਿਰਤੀ ਆਪਣੇ ਪਰਿਵਾਰਾਂ ਸਮੇਤ ਵਸੇ ਹੋਏ ਸਨ, ਜਿਨਾਂ ਨੇ ਆਪਣੇ ਪਿਤਰੀ ਸੂਬਿਆਂ ਨੂੰ ਜਾਣ ਦੀ ਤਿਆਰੀ ਕਰ ਲਈ ਅਤੇ ਬਹੁਤ ਸਾਰੇ ਜਾ ਵੀ ਚੁੱਕੇ ਹਨ। ਅਰਥ ਵਿਗਿਆਨੀ ਜਾਂ ਅਰਥਚਾਰੇ ਦੇ ਮਾਹਰ ਇਸ ਵਰਤਾਰੇ ਦੇ ਕੋਈ ਹੋਰ ਮਾਹਨੇ ਕੱਢ ਸਕਦੇ ਹਨ ਪਰ ਜੇ ਸਮਾਜਿਕ ਅਤੇ ਸੱਭਿਆਚਾਰਕ ਦ੍ਰਿਸ਼ਟੀ ਤੋਂ ਵੇਖਿਆ ਜਾਵੇ ਤਾਂ ਇਹ ਲੋਕ ਅਜੇ ਵੀ ਆਪਣੇ ਜੱਦੀ ਪੁਸ਼ਤੀ ਇਲਾਕਿਆਂ ਨੂੰ ਆਪਣਾ ਅਸਲੀ ਘਰ ਤਸਲੀਮ ਕਰਦੇ ਹਨ। ਮੀਡੀਆ ਨੇ ਬੇਸ਼ੱਕ ਇਨਾਂ ਪ੍ਰਵਾਸੀ ਮਜ਼ਦੂਰਾਂ ਦੀ ਘਰ ਵਾਪਸੀ ਨੂੰ ਬਹੁਤੀ ਹੀ ਕਰੁਨਾਮਈ ਤਰੀਕੇ ਨਾਲ ਪੇਸ਼ ਕੀਤਾ ਹੈ, ਕਿਉਂਕਿ ਦੇਸ਼ ਦੇ ਵੱਖ ਵੱਖ ਸੂਬਿਆਂ ਦੀਆਂ ਸਰਕਾਰਾਂ ਨੇ ਇਨਾਂ ਦੀ ਵਾਪਸੀ ਲਈ ਪ੍ਰਬੰਧ ਕਰ ਰੱਖੇ ਹਨ ਪਰ ਇਸ ਸਚਾਈ ਤੋਂ ਮੁਨਕਰ ਨਹੀਂ ਹੋਇਆ ਜਾ ਸਕਦਾ ਕਿ ਮਨੁੱਖ ਅੰਦਰ ਜ਼ਰੂਰ ਅਜਿਹੀ ਕੋਈ ਸਮਾਜਿਕ-ਮਾਨਸਿਕ ਖਿੱਚ ਹੈ ਜੋ ਉਸ ਨੂੰ ਸੰਕਟ ਦੀ ਹਾਲਤ ਵਿਚ ਆਪਣੇ ਅਸਲੀ ਘਰ ਵੱਲ ਜਾਣ ਲਈ ਪ੍ਰੇਰਦੀ ਹੈ। ਇਹ ਮਜ਼ਦੂਰ ਜਿਸ ਹਾਲਤ ਵਿਚ ਜਾ ਰਹੇ ਹਨ, ਇਹ ਜਾਪਦਾ ਹੈ ਕਿ ਇਨਾਂ ਕੋਲ ਫਿਲਹਾਲ ਕੋਈ ਕੰਮ ਨਹੀਂ ਅਤੇ ਬੇਰੁਜਗਾਰ ਹੋ ਗਏ ਹਨ ਪਰ ਕਈ ਸੂਬਿਆਂ ਵਿਚ ਕਾਰਖਾਨਿਆਂ ਤੇ ਗ਼ੈਰ ਸੰਗਠਤ ਖੇਤਰਾਂ, ਉਸਾਰੀ, ਭੱਠਿਆਂ, ਖੇਤਾਂ ਵਗੈਰਾ ਵਿਚ ਕੰਮ ਸ਼ੁਰੂ ਹੋ ਚੁੱਕਾ ਹੈ। ਉਨਾਂ ਨੂੰ ਸ਼ਾਇਦ ਹੁਣ ਕੰਮ ਨਾਲੋਂ ਵੀ ਆਪਣੇ ਪਿੰਡਾਂ ਦੀਆਂ ਉਹ ਗਲੀਆਂ ਵਧੇਰੇ ਸੁਖਦਾਈ ਜਾਪਦੀਆਂ ਹਨ ਜਿਨਾਂ ਨੂੰ ਛੱਡ ਆਏ ਹਨ। ਅਗਲੇ ਹਫ਼ਤੇ ਦਰਬਾਰ ਸਾਹਿਬ ਅੰਮ੍ਰਿਤਸਰ ਅਤੇ ਪੰਜਾਬ ਦੇ ਹੋਰਨਾਂ ਗੁਰੂਘਰਾਂ ਉਪਰ ਫੌਜੀ ਹਮਲੇ (ਬਲੂ ਸਟਾਰ ਅਪ੍ਰੇਸ਼ਨ) ਦੀ 36ਵੀਂ ਵਰੇਗੰਢ ਆ ਰਹੀ ਹੈ। ਇਹ ਉਹ ਸਮਾਂ ਸੀ ਜਦ ਕਰਫਿਊ ਲਗਾ ਕੇ ਲੋਕਾਂ ਨੂੰ ਉਨਾਂ ਦੇ ਘਰਾਂ ਅੰਦਰ ਹੀ ਡੱਕ ਦਿੱਤਾ ਗਿਆ ਸੀ ਪਰ ਲੋਕ ਕਰਫਿਊ ਤੋੜ ਕੇ ਅੰਮ੍ਰਿਤਸਰ ਵੱਲ ਚੱਲ ਪਏ ਸਨ। ਇਹ ਵੀ ਇਕ ਸੰਕਟ ਸੀ ਜਦ ਲੋਕ ਆਪਣੇ ਜੱਦੀ ਪੁਸ਼ਤੀ ਘਰਾਂ ਵਿਚ ਸਨ ਪਰ ਉਨਾਂ ਦੀ ਅੰਤਰ ਆਤਮਾ ਦਾ ਘਰ ਕਿਤੇ ਹੋਰ ਸੀ। ਉਸ ਸਮੇਂ ਸਿੱਖ ਫੌਜੀ ਛਾਉਣੀਆਂ ਵਿਚੋਂ ਬੈਰਕਾਂ ਛੱਡ ਕੇ ਪੰਜਾਬ ਨੂੰ ਚੱਲ ਪਏ ਸਨ। ਨਾ ਹੀ ਉਨਾਂ ਨੂੰ ਕਿਸੇ ਨੇ ਬਗਾਵਤ ਕਰਨ ਲਈ ਪ੍ਰੇਰਨਾ ਦਿੱਤੀ ਸੀ ਅਤੇ ਨਾ ਹੀ ਕਿਸੇ ਸਿਆਸੀ ਜਾਂ ਧਾਰਮਿਕ ਆਗੂ ਨੇ ਭੜਕਾਇਆ ਸੀ ਪਰ ਉਹ ਫਿਰ ਵੀ ਬਿਨਾਂ ਕਿਸੇ ਉਕਸਾਹਟ ਦੇ ਛਾਉਣੀਆਂ ਵਿਚੋਂ ਪੰਜਾਬ ਅਤੇ ਅੰਮ੍ਰਿਤਸਰ ਨੂੰ ਚੱਲ ਪਏ ਸਨ, ਜਿਨਾਂ ਨੂੰ ਮਗਰੋਂ ਕੋਰਟ ਮਾਰਸ਼ਲ ਸਮੇਤ ਹੋਰ ਬਹੁਤ ਸਾਰੇ ਸਿਵਲ ਮੁਕੱਦਮਿਆਂ ਦਾ ਸਾਹਮਣਾ ਕਰਨਾ ਪਿਆ, ਜੇਲਾਂ ਵਿਚ ਰੁਲਣਾ ਪਿਆ ਪਰ ਛਾਉਣੀਆਂ ਦੀ ਮਹਿਫੂਜ਼ ਫਿਜ਼ਾ ਨੂੰ ਛੱਡ ਕੇ ਉਨਾਂ ਨੇ ਬਲਦੀ ਅੱਗ ਵਿਚ ਛਲਾਂਗ ਕਿਉਂ ਮਾਰੀ, ਇਹ ਉਨਾਂ ਦੇ ਦਿਲੋ ਦਿਮਾਗ ਵਿਚ ਵਸਦੇ 'ਘਰ ਦੇ ਸੰਕਲਪ' ਦਾ ਹੀ ਨਤੀਜਾ ਸੀ ਕਿ ਕਿਸ ਤਰਾਂ ਨਿਸ਼ਚਾ ਜਾਂ ਆਸਥਾ ਮਨੁੱਖ ਅੰਦਰ ਉਸ ਦੇ ਅਸਲੀ ਘਰ ਦਾ ਨਕਸ਼ਾ ਤਿਆਰ ਕਰਦੀ ਹੈ ਜਿਸ ਅੱਗੇ ਬਾਹਰੀ ਰਾਜ ਦਾ ਅਨੁਸ਼ਾਸਨ ਅਤੇ ਮਰਯਾਦਾ ਫਿੱਕੀ ਪੈ ਜਾਂਦੀ ਹੈ। ਅਜੋਕੇ ਪਦਾਰਥਵਾਦੀ ਯੁੱਗ ਵਿਚ ਰੋਜ਼ੀ ਰੋਟੀ ਲਈ ਹਿਜ਼ਰਤ ਦੀ ਥਾਂ, ਰਿਜ਼ਕ ਛੱਡ ਕੇ ਆਪਣੇ 'ਘਰ ਪਰਤਣਾ' ਇਕ ਜਜ਼ਬਾਤੀ ਕਦਮ ਮੰਨਿਆ ਜਾ ਸਕਦਾ ਹੈ ਪਰ ਇਸ ਦੇ ਪਿੱਛੇ ਮਨੁੱਖ ਦੀ ਕਿਹੜੀ ਸ਼ਕਤੀ ਕੰਮ ਕਰਦੀ ਹੈ, ਉਸ ਦੀ ਥਾਹ ਨਹੀਂ ਪਾਈ ਜਾ ਸਕਦੀ। ਉਨੀ ਸੌ ਸੰਤਾਲੀ ਵਿਚ ਹਿੰਦੋਸਤਾਨ ਦੇ ਬਟਵਾਰੇ ਸਮੇਂ ਕੋਈ ਵੀ ਆਪਣਾ ਘਰ ਛੱਡ ਕੇ ਨਹੀਂ ਸੀ ਜਾਣਾ ਚਾਹੁੰਦਾ ਪਰ ਫਿਰ ਵੀ ਇਕ ਰਾਜਨੀਤਕ ਫੈਸਲੇ ਮਗਰੋਂ ਝੁੱਲੀ ਫਿਰਕੂ ਹਨੇਰੀ ਨੇ ਲੋਕਾਂ ਨੂੰ ਆਪਣੇ ਘਰ ਛੱਡਣ ਲਈ ਮਜ਼ਬੂਰ ਕਰ ਦਿੱਤਾ। ਇਸ ਵੱਡੇ ਮਨੁੱਖੀ ਸੰਕਟ ਵਿਚ 20 ਲੱਖ ਲੋਕ ਮਾਰੇ ਗਏ ਸਨ ਅਤੇ ਇਕ ਕਰੋੜ 40 ਲੱਖ ਤੋਂ ਵੱਧ ਲੋਕ ਬੇਘਰ ਹੋਏ ਸਨ। ਉਨਾਂ ਦੇ ਮਨਾਂ ਅੰਦਰਲਾ ਘਰ ਕਿੱਥੇ ਸੀ ? ਜਿਸ ਨੂੰ ਉਹ ਭਰੀਆਂ ਅੱਖਾਂ ਅਤੇ ਡੁੱਬੇ ਹੋਏ ਮਨ ਨਾਲ ਛੱਡ ਜਾਂ ਰਿਫਿਊਜ਼ੀ ਕੈਂਪ ਜਿੱਥੇ ਜਿੰਦਗੀ ਦੇ ਅਰਥ ਬਦਲ ਗਏ ਸਨ। ਅੱਜ ਵੀ ਬਜ਼ੁਰਗਾਂ ਦੇ ਮੂੰਹੋਂ ਸੁਣ ਸਕਦੇ ਹਾਂ ਕਿ ਜਿਸ ਨੇ ਲਾਹੌਰ ਨਹੀਂ ਵੇਖਿਆ, ਉਹ ਜੰਮਿਆ ਨਹੀਂ। ਭਾਰਤੀ ਪੰਜਾਬ ਦੀ ਨਵੀਂ ਪੀੜੀ ਨੇ ਵਾਕਿਆ ਹੀ ਲਾਹੌਰ ਨਹੀਂ ਵੇਖਿਆ ਤੇ ਪਾਕਿਸਤਾਨੀ ਪੰਜਾਬ ਦੀ ਅਜੋਕੀ ਪੀੜੀ ਨੇ ਅੰਮ੍ਰਿਤਸਰ ਨਹੀਂ ਵੇਖਿਆ। ਪਰ ਇਸ ਪੀੜੀ ਦੇ ਮਨ ਵਿਚ ਵੀ ਬਜ਼ੁਰਗਾਂ ਦੀ ਕਸਕ ਵੇਖੀ ਜਾ ਸਕਦੀ ਹੈ ਜਦ ਉਹ ਦੂਜੇ ਦੇਸ਼ ਵਿਚ ਆਪਣੇ ਦਾਦੇ ਜਾਂ ਨਾਨੇ ਦੇ ਘਰ ਦੀ ਗੱਲ ਛੋਂਹਦੇ ਹਨ। ਜੇ ਅਸੀਂ ਦੁਨਿਆਵੀ ਪੱਖ ਤੋਂ ਛੱਡ ਕੇ ਅਧਿਆਤਮਕਤਾ ਵੱਲ ਚਲੇ ਜਾਈਏ ਤਾਂ ਘਰ ਦੀ ਪਰਿਭਾਸ਼ਾ, ਧਾਰਨਾ ਅਤੇ ਸੰਕਲਪ ਬਦਲ ਜਾਂਦਾ ਹੈ ਜਦ ਅਸੀਂ ਸ੍ਰਿਸ਼ਟੀ ਜਾਂ ਕਾਇਨਾਤ ਤੋਂ ਪਾਰ ਦੀ ਦੁਨੀਆ ਵਿਚ ਲੀਨ ਹੋ ਜਾਂਦੇ ਹਾਂ ਜਾਂ ਉਸ ਦੀ ਪ੍ਰਾਪਤੀ ਲਈ ਤਾਂਘਦੇ ਹਾਂ। ਜ਼ਿੰਦਗੀ ਜਿਊਣ ਦਾ ਅਹਿਸਾਸ, ਚੰਗੇ ਜੀਵਨ ਦੀ ਤਾਂਘ ਅਤੇ ਸਮਾਜਿਕ ਮਾਨਤਾ ਅਜਿਹੇ ਵਰਤਾਰੇ ਹਨ ਜੋ ਘਰ ਦੇ ਸੰਕਲਪ ਅਤੇ ਪਰਿਭਾਸ਼ਾ ਦੀ ਇਕ ਸ਼ਰਤ ਨੂੰ ਤੋੜਦੇ ਹਨ। ਸੰਖੇਪ ਰੂਪ ਵਿਚ ਇਹ ਕਿਹਾ ਜਾ ਸਕਦਾ ਹੈ ਕਿ ਸਮਕਾਲੀ ਜਾਂ ਤਤਕਾਲੀ ਹਾਲਾਤ ਮਨੁੱਖੀ ਸੋਚ ਅੱਗੇ ਕਿਹੜੀ ਸਚਾਈ ਨੂੰ ਪੇਸ਼ ਕਰਦੇ ਹਨ ਜਾਂ ਕਿਹੜੇ ਫੈਸਲੇ ਨੂੰ ਦਰੁਸਤ ਸਮਝਦੇ ਹਨ, ਮਨੁੱਖੀ ਮਨ ਉਸ ਵੱਲ ਹੀ ਵਧੇਰੇ ਆਕਰਸ਼ਤ ਹੁੰਦਾ ਹੈ। ਇਹ ਹਾਲਾਤ ਹੀ ਉਸ ਦੀ ਸੋਚ ਨੂੰ ਪ੍ਰਭਾਵਿਤ ਕਰਦੇ ਹਨ ਕਿ ਉਹ ਇਕ ਟੁੱਕ ਫੈਸਲਾ ਲਵੇ ਜਾਂ ਆਤਮ ਚੀਨਣ ਤੋਂ ਬਾਅਦ ਦਿਸ਼ਾ ਨਿਰਧਾਰਤ ਕਰੇ, ਇਸ ਨੂੰ ਕਿਸੇ ਇਕ ਸੂਤਰ ਵਿਚ ਬੰਨ ਕੇ ਪਰਿਭਾਸ਼ਤ ਨਹੀਂ ਕੀਤਾ ਜਾ ਸਕਦਾ।

# 'ਇੰਡੀਆ' ਤੋਂ ਦੂਰ ਭੱਜਦਾ 'ਭਾਰਤ'


ਗੁਰਬਚਨ ਜਗਤ

ਭਾਰਤ ਉੱਤੇ 21 ਮਾਰਚ ਨੂੰ ਇਕ ਅਣਕਿਆਸੀ ਗਾਜ ਡਿੱਗੀ ਤੇ ਇਸ ਨੇ ਫੌਰੀ ਸਾਰੇ ਦੇਸ਼ ਨੂੰ ਨਿਸ਼ਾਨਾ ਬਣਾ ਲਿਆ। ਬਹੁਤ ਸਾਰਿਆਂ ਨੂੰ ਇਹ ਬੇਲੋੜਾ ਜਾਪਿਆ, ਪਰ ਬਾਅਦ ਵਿਚ ਇਸ ਅਦਿੱਖ ਦੁਸ਼ਮਣ ਦੀ ਪਛਾਣ 'ਕੋਵਿਡ-19' ਵਜੋਂ ਹੋਈ। ਛੇਤੀ ਹੀ ਸਾਰੇ ਮੁਲਕ ਵਿਚ ਜੰਗ ਵਰਗਾ ਬਲੈਕਆਊਟ ਕਰ ਦਿੱਤਾ ਗਿਆ ਜਿਸ ਨੂੰ 'ਲੌਕਡਾਊਨ' ਆਖਿਆ ਗਿਆ। ਇਸ ਕਾਰਨ ਸਨਅਤਾਂ ਬੰਦ ਹੋ ਗਈਆਂ, ਸੜਕੀ ਆਵਾਜਾਈ ਰੁਕ ਗਈ, ਰੇਲਾਂ ਤੇ ਹਵਾਈ ਉਡਾਣਾਂ ਵੀ ਰੋਕ ਦਿੱਤੀਆਂ ਗਈਆਂ। ਵਿੱਦਿਅਕ ਅਦਾਰੇ ਬੰਦ ਕਰ ਦਿੱਤੇ ਗਏ, ਲੋਕ ਘਰਾਂ ਵਿਚ ਬੰਦ ਹੋ ਕੇ ਰਹਿ ਗਏ ਸੰਖੇਪ 'ਚ ਆਖੀਏ ਤਾਂ ਹਸਪਤਾਲਾਂ ਨੂੰ ਛੱਡ ਕੇ ਹੋਰ ਸਾਰਾ ਕੁਝ ਠੱਪ ਹੋ ਗਿਆ।

ਇਸ ਸਭ ਕੁਝ ਦੀ ਜਾਣਕਾਰੀ ਮਹਿਜ ਚਾਰ ਘੰਟੇ ਪਹਿਲਾਂ ਦਿੱਤੀ ਗਈ ਅਤੇ ਇਸ ਤਰਾਂ ਸਾਰਾ ਮੁਲਕ ਆਪ ਸਹੇੜੀ ਡੂੰਘੀ ਬੇਹੋਸ਼ੀ (ਕੋਮਾ) ਵਿਚ ਚਲਾ ਗਿਆ। ਕੇਂਦਰ ਸਰਕਾਰ ਵੱਲੋਂ ਕੀਤੀ ਗਈ ਨੋਟਬੰਦੀ ਵਾਂਗ ਹੀ ਦੇਸ਼ਬੰਦੀ ਦੇ ਇਸ ਫੈਸਲੇ ਨੇ ਭਾਰੀ ਆਫਤ ਪੈਦਾ ਕਰ ਦਿੱਤੀ ਅਤੇ ਜੰਿਦਗੀ ਦੀਆਂ ਬੁਨਿਆਦੀ ਲੋੜਾਂ ਤੋਂ ਸੱਖਣੇ ਲੋਕ ਘਰਾਂ 'ਚ ਕੈਦ ਹੋ ਗਏ। ਹਾਂ, ਬਾਅਦ ਵਿਚ ਜਦੋਂ ਲੋਕਾਂ ਦੀਆਂ ਮੁਸ਼ਕਲਾਂ ਦਾ ਖਿਆਲ ਆਇਆ ਤਾਂ ਇਨਾਂ ਨੂੰ ਘਟਾਉਣ ਲਈ ਸੈਂਕੜੇ ਹੁਕਮ ਜਾਰੀ ਕੀਤੇ ਗਏ। ਚਾਹੀਦਾ ਸੀ ਕਿ ਇਹ ਕਾਰਵਾਈ ਪਹਿਲਾਂ ਐਲਾਨੀ ਜਾਂਦੀ ਅਤੇ ਅਗਾਊਂ ਚਾਰ ਦਿਨਾਂ ਦਾ ਨੋਟਿਸ ਦਿੱਤਾ ਜਾਂਦਾ। ਇਸ ਨਾਲ ਲੋਕਾਂ ਨੂੰ ਇਸ ਲਈ ਤਿਆਰੀ ਕਰਨ ਦਾ ਸਮਾਂ ਮਿਲ ਜਾਣਾ ਸੀ ਤੇ ਨਾਲ ਹੀ ਵੱਖੋ-ਵੱਖ ਸੇਵਾਵਾਂ ਦੀ ਪੂਰਤੀ ਦੀ ਤਿਆਰੀ ਕੀਤੀ ਜਾ ਸਕਦੀ ਸੀ। ਇਸ ਹਾਲਤ ਵਿਚ ਸਨਅਤਾਂ ਆਪਣੇ ਕਾਮਿਆਂ ਨਾਲ ਗੱਲ ਕਰ ਕੇ ਲੌਕਡਾਊਨ ਦੇ ਸਮੇਂ ਦੌਰਾਨ ਦਾ ਕੰਮ-ਢੰਗ ਤੈਅ ਕਰ ਸਕਦੀਆਂ ਸਨ; ਰੇਲਵੇ ਤੇ ਹੋਰ ਆਵਾਜਾਈ ਸਾਧਨਾਂ ਰਾਹੀਂ ਕਿਤੇ ਹੋਰ ਥਾਈਂ ਜਾਣ ਦੇ ਚਾਹਵਾਨਾਂ ਨੂੰ ਉਨਾਂ ਦੇ ਟਿਕਾਣੇ ਉੱਤੇ ਪਹੁੰਚਾਇਆ ਜਾ ਸਕਦਾ ਸੀ; ਅਧਿਆਪਕਾਂ ਵੱਲੋਂ ਵੀ ਬੱਚਿਆਂ ਦੀ ਪੜਾਈ ਬਾਰੇ ਮਾਪਿਆਂ ਨਾਲ ਸਲਾਹ ਕੀਤੀ ਜਾ ਸਕਦੀ ਸੀ ਤੇ ਹੋਰ ਮਾਮਲਿਆਂ ਵਿਚ ਵੀ ਲੋੜੀਂਦੇ ਕਦਮ ਉਠਾਏ ਜਾ ਸਕਦੇ ਸਨ। ਕਈ ਪੱਛਮੀ ਮੁਲਕਾਂ ਦੇ ਉਲਟ ਭਾਰਤ ਸਰਕਾਰ ਨੇ ਮਜਦੂਰਾਂ ਨੂੰ ਅਦਾਇਗੀ ਲਈ ਸਨਅਤਾਂ ਦੀ ਕੋਈ ਮਾਲੀ ਇਮਦਾਦ ਨਹੀਂ ਕੀਤੀ। ਇਸ ਕਾਰਨ ਭਾਵੇਂ ਸਭ ਨੂੰ ਸਮੱਸਿਆ ਆਈ, ਪਰ ਸਮਾਜ ਦਾ ਇਕ ਅਜਿਹਾ ਤਬਕਾ ਵੀ ਸੀ ਜਿਹੜਾ ਪੂਰੀ ਤਰਾਂ ਨਿਆਸਰਾ ਹੋ ਕੇ ਰਹਿ ਗਿਆ। ਇਹ ਸਨ ਦੇਸ਼ ਦੇ ਪੇਂਡੂ ਖੇਤਰਾਂ ਨਾਲ ਸਬੰਧਤ 'ਪਰਵਾਸੀ ਮਜਦੂਰ' ਜਿਹੜੇ ਕੰਮ ਦੀ ਭਾਲ 'ਚ ਸ਼ਹਿਰਾਂ ਤੇ ਕਸਬਿਆਂ ਵਿਚ ਆਏ ਸਨ। ਇਹ ਸਮਝ ਤੋਂ ਬਾਹਰ ਹੈ ਕਿ ਉਨਾਂ ਨੂੰ 'ਪਰਵਾਸੀ' ਕਿਉਂ ਆਖਿਆ ਜਾਂਦਾ ਹੈ ਕਿਉਂਕਿ ਉਹ ਵੀ ਇੰਡੀਆ ਦੇ ਹੀ ਬਾਸ਼ਿੰਦੇ ਹਨ, ਭਾਵੇਂ ਭਾਰਤ ਤੋਂ ਆਏ ਹੋਏ ਹਨ। ਇਨਾਂ ਲੱਖਾਂ ਪਰਵਾਸੀਆਂ ਨੇ ਦੇਸ਼ ਭਰ ਵਿਚ ਜਿਵੇਂ ਕਿਵੇਂ ਵੱਖ-ਵੱਖ ਸਨਅਤਾਂ ਫੈਕਟਰੀਆਂ, ਉਸਾਰੀ ਸਰਗਰਮੀਆਂ, ਸੜਕਾਂ ਦੇ ਵਿਕਾਸ, ਮੰਡੀਆਂ ਅਤੇ ਸਾਡੇ ਘਰਾਂ ਤੱਕ ਵਿਚ ਨੌਕਰੀਆਂ ਹਾਸਲ ਕੀਤੀਆਂ ਹੋਈਆਂ ਹਨ। ਉਹ ਘਰਾਂ ਵਿਚ ਕੰਮ ਵਾਲੀਆਂ 'ਬਾਈਆਂ', ਕਲੀਨਰਾਂ, ਖਾਨਸਾਮਿਆਂ ਤੇ ਸਫਾਈ ਮੁਲਾਜਮਾਂ ਆਦਿ ਵਜੋਂ ਕੰਮ ਕਰਦੇ ਹਨ। ਹਾਲਤ ਇਹ ਬਣ ਚੁੱਕੀ ਹੈ ਕਿ ਅੱਜ ਉਨਾਂ ਬਿਨਾਂ ਸਾਡਾ ਸਰਦਾ ਨਹੀਂ। ਇਸੇ ਤਰਾਂ ਜਿਨਾਂ ਸੂਬਿਆਂ ਵਿਚ ਮੁਕਾਮੀ ਲੋਕ ਖੇਤੀ ਦਾ ਕੰਮ ਕਰਨਾ ਨਹੀਂ ਚਾਹੁੰਦੇ, ਉੱਥੇ ਇਨਾਂ ਪਰਵਾਸੀਆਂ ਨੇ ਖੇਤੀਬਾੜੀ ਵੀ ਆਪਣੇ ਹੱਥਾਂ ਵਿਚ ਲੈ ਲਈ ਹੈ ਤੇ ਉੱਥੇ ਦੋਵੇਂ ਧਿਰਾਂ ਦੇ ਆਪਸੀ ਵਧੀਆ ਰਿਸ਼ਤੇ ਬਣੇ ਹੋਏ ਹਨ। ਇਸ ਤਰਾਂ ਸ਼ਹਿਰਾਂ, ਕਸਬਿਆਂ ਤੇ ਪਿੰਡਾਂ ਵਿਚ ਪਰਵਾਸੀ ਲੋਕ ਸਮੁੱਚੀ ਕਿਰਤ ਸ਼ਕਤੀ ਵਿਚ ਘੁਲਮਿਲ ਚੁੱਕੇ ਹਨ। ਇਸ ਦੇ ਬਾਵਜੂਦ, ਉਨਾਂ ਨੂੰ ਕੰਮ ਵਿਚ ਮਿਲੀ ਮਨਜੂਰੀ ਦਾ ਸਿੱਟਾ ਸਮਾਜਿਕ ਪੱਧਰ 'ਤੇ ਮਨਜੂਰੀ ਵਜੋਂ ਨਹੀਂ ਨਿਕਲਿਆ ਅਤੇ ਇਹ ਫਾਸਲਾ ਕਾਇਮ ਰਿਹਾ ਜਿਸ ਕਾਰਨ ਦੇਸ਼ ਵਿਚ ਅਣਗਿਣਤ ਝੁੱਗੀ ਬਸਤੀਆਂ ਵੱਸ ਗਈਆਂ ਜਿਨਾਂ ਦੇ ਆਪਣੇ ਸਮਾਜਿਕ ਕਾਇਦੇ ਹਨ। ਇਸ ਦੇ ਬਾਵਜੂਦ ਆਪਸੀ ਰਿਸ਼ਤਿਆਂ ਵਿਚ ਇਕ ਸਹਿਮਤੀ ਸੀ, ਨਾ ਕਿ ਦੁਸ਼ਮਣੀ, ਪਰ ਇਹ ਸਦਭਾਵਨਾ ਕੁਝ ਪਲਾਂ ਵਿਚ ਹੀ ਤਹਿਸ-ਨਹਿਸ ਹੋ ਗਈ। ਲੌਕਡਾਊਨ ਅਤੇ ਕਰਫਿਊ ਬੜੀ ਸਖਤ ਨਾਲ ਲਾਗੂ ਕੀਤਾ ਜਾ ਰਿਹਾ ਸੀ। ਇਸ ਕਾਰਨ ਕਾਰਖਾਨੇਦਾਰਾਂ ਅਤੇ ਹੋਰ ਰੁਜਗਾਰਦਾਤਾਵਾਂ ਨੂੰ ਆਪਣੇ ਕਾਰੋਬਾਰ ਬੰਦ ਕਰਨੇ ਪਏ ਅਤੇ ਇਕੋ ਸੱਟੇ ਰੁਜਗਾਰਦਾਤਾ ਤੇ ਮੁਲਾਜਮ ਦੋਵੇਂ ਬੇਰੁਜਗਾਰ ਹੋ ਗਏ। ਪਰਵਾਸੀ ਮਜਦੂਰਾਂ ਨੂੰ ਇਸ ਦੀ ਸਭ ਤੋਂ ਭਾਰੀ ਸੱਟ ਵੱਜੀ ਕਿਉਂਕਿ ਉਨਾਂ ਕੋਲ ਇਸ ਤੋਂ ਬਚਣ ਦਾ ਕੋਈ ਜਰੀਆ ਨਹੀਂ ਸੀ। ਉਨਾਂ ਆਪਣੀਆਂ ਝੁੱਗੀ ਬਸਤੀਆਂ ਵਿਚ ਰੁਕੇ ਰਹਿਣ ਦੀ ਕੋਸ਼ਿਸ਼ ਕੀਤੀ, ਪਰ ਛੇਤੀ ਹੀ ਉਨਾਂ ਦੇ ਪੈਸੇ ਤੇ ਅੰਨ-ਦਾਣਾ ਮੁੱਕ ਗਿਆ ਕਿਉਂਕਿ ਸਨਅਤਾਂ ਬੰਦ ਸਨ, ਵੱਡੇ ਤੇ ਛੋਟੇ ਸਨਅਤਕਾਰ ਆਪਣੇ ਮੁਲਾਜਮਾਂ ਨੂੰ ਉਜਰਤਾਂ ਦੇਣ ਤੋਂ ਬੇਵੱਸ ਸਨ। ਇੰਨਾ ਹੀ ਨਹੀਂ, ਘਰਾਂ ਵਿਚ ਵੀ ਵਾਇਰਸ ਦਾ ਇੰਨਾ ਡਰ ਸੀ ਕਿ ਘਰਾਂ ਵਿਚ ਕੰਮ ਕਰਨ ਵਾਲੇ ਕਾਮਿਆਂ 'ਕੰਮ ਵਾਲੀਆਂ', ਖਾਨਸਾਮਿਆਂ ਤੇ ਸਫਾਈ ਮਜਦੂਰਾਂ ਆਦਿ ਨੂੰ ਵੀ ਕੰਮ ਤੋਂ ਜਵਾਬ ਦੇ ਦਿੱਤਾ ਗਿਆ। ਘਰਾਂ ਵਾਲੇ ਜਾਣ ਗਏ ਸਨ ਕਿ ਇਹ ਕਾਮੇ ਝੁੱਗੀ ਬਸਤੀਆਂ ਵਿਚੋਂ ਆਉਂਦੇ ਸਨ ਜਿਸ ਕਾਰਨ ਉਨਾਂ ਨੂੰ ਕੰਮ ਤੋਂ ਜਵਾਬ ਦੇਣਾ ਹੀ ਬਿਹਤਰ ਸਮਝਿਆ ਗਿਆ। ਲੌਕਡਾਊਨ ਕਾਰਨ ਇਹ ਮਜਦੂਰ ਆਪਣੀਆਂ ਝੁੱਗੀਆਂ ਵਿਚ ਬੰਦ ਹੋ ਕੇ ਰਹਿ ਗਏ। ਉਨਾਂ ਕੋਲ ਨਾ ਕੰਮ ਸੀ, ਨਾ ਅੰਨ, ਨਾ ਕਿਰਾਇਆ ਦੇਣ ਲਈ ਪੈਸੇ ਤੇ ਨਾ ਹੀ ਬੱਚਿਆਂ ਦਾ ਸਕੂਲ। ਇਸ 'ਤੇ ਉਨਾਂ ਉਹੋ ਫੈਸਲਾ ਲਿਆ ਜਿਹੜਾ ਉਹ ਲੈ ਸਕਦੇ ਸਨ, ਭਾਵ ਭਾਰਤ ਨੂੰ ਪਰਤ ਜਾਣਾ। ਆਪਣੇ ਪਿੰਡਾਂ ਨੂੰ ਮੁੜ ਜਾਣਾ, ਜਿਹੜੇ ਸੈਂਕੜੇ ਨਹੀਂ ਹਜਾਰਾਂ ਮੀਲਾਂ ਦੂਰ ਸਨ, ਕਿਉਂਕਿ ਇੰਡੀਆ ਵਿਚ ਉਨਾਂ ਦੀ ਹੁਣ ਲੋੜ ਨਹੀਂ ਸੀ ਤੇ ਉੱਥੇ ਉਨਾਂ ਕਾਰਨ ਮਹਾਂਮਾਰੀ ਫੈਲ ਰਹੀ ਸੀ। ਜਦੋਂ ਰੇਲਾਂ, ਬੱਸਾਂ ਜਾਂ ਆਵਾਜਾਈ ਦਾ ਹੋਰ ਕੋਈ ਵਸੀਲਾ ਨਹੀਂ ਸੀ ਤਾਂ ਸਵਾਲ ਇਹ ਉੱਠਿਆ ਕਿ ਭਾਰਤ ਨੂੰ ਪਰਤਿਆ ਕਿਵੇਂ ਜਾਵੇ ? ਇਸ ਤਰਾਂ ਲੰਬਾ ਮਾਰਚ ਸ਼ੁਰੂ ਹੋ ਗਿਆ, ਹਾਲਾਂਕਿ ਇਹ ਮਾਰਚ ਕਿਸੇ ਇਨਕਲਾਬ ਲਈ ਨਹੀਂ ਸੀ ਸਗੋਂ ਇਹ ਤਾਂ ਡਰ ਕੇ ਵਾਪਸ ਭੱਜਣਾ ਸੀ। ਇਹ ਤਾਂ ਉਸ ਸਮਾਜਿਕ ਤੇ ਆਰਥਿਕ ਇਨਕਲਾਬ ਤੋਂ ਗੈਰ-ਜਥੇਬੰਦ ਵਾਪਸੀ ਸੀ ਜਿਸ ਦੀ ਚਾਹਤ ਵਿਚ ਉਹ ਇੰਡੀਆ ਆਏ ਸਨ। ਇਨਾਂ ਲਈ ਰੇਲਾਂ ਜਾਂ ਬੱਸਾਂ ਦਾ ਪ੍ਰਬੰਧ ਕਰਨ ਦੀਆਂ ਸਰਕਾਰ ਨੂੰ ਕੀਤੀਆਂ ਗਈਆਂ ਸਾਰੀਆਂ ਅਪੀਲਾਂ ਅਣਸੁਣੀਆਂ ਰਹਿ ਗਈਆਂ। ਉੱਥੇ ਉਹ ਰਹਿ ਨਹੀਂ ਸਨ ਸਕਦੇ ਤੇ ਪਿੱਛੇ ਉਨਾਂ ਦੇ ਆਪਣੇ ਸੂਬੇ ਉਨਾਂ ਦੇ ਪਰਤਣ ਦੇ ਹੱਕ ਵਿਚ ਨਹੀਂ ਸਨ। ਪਰ ਉਹ ਪੈਦਲ ਜਾਂ ਸਾਈਕਲਾਂ ਆਦਿ ਰਾਹੀਂ ਵਾਪਸ ਤੁਰ ਪਏ। ਇਸ ਵਾਪਸੀ ਦੌਰਾਨ ਅਧਿਕਾਰੀਆਂ ਵੱਲੋਂ ਉਨਾਂ ਨਾਲ ਕੀਤੇ ਗਏ ਜਾਲਮਾਨਾ ਰਵੱਈਏ ਤੇ ਉਨਾਂ ਨੂੰ ਪੇਸ਼ ਦੁਸ਼ਵਾਰੀਆਂ ਦੀਆਂ ਅਨੇਕਾਂ ਦਿਲ-ਦਹਿਲਾਊ ਰਿਪੋਰਟਾਂ ਸੁਣਨ ਨੂੰ ਮਿਲੀਆਂ। ਰਾਹ ਵਿਚ ਨਾ ਕੁਝ ਖਾਣ ਨੂੰ ਸੀ, ਨਾ ਪੀਣ ਨੂੰ। ਵਾਪਸੀ ਦੇ ਰਾਹਾਂ ਉੱਤੇ ਉਨਾਂ ਦੀ ਮਦਦ ਲਈ ਨਾ ਸਰਕਾਰ ਨੇ ਕੋਈ ਪ੍ਰਬੰਧ ਕੀਤਾ ਤੇ ਨਾ ਕਿਸੇ ਖੱਬੀ ਜਾਂ ਸੱਜੀ ਸਿਆਸੀ ਪਾਰਟੀ ਨੇ। ਉਸ ਵਕਤ ਰੋਟਰੀ ਕਲੱਬ, ਲਾਇਨਜ ਕਲੱਬ ਤੇ ਹੋਰ ਐੱਨਜੀਓਜ ਕਿੱਥੇ ਸਨ ? ਉਨਾਂ ਸ਼ਹਿਰਾਂ-ਕਸਬਿਆਂ ਦੇ ਲੋਕ ਕਿੱਥੇ ਸਨ, ਜਿੱਥੋਂ ਉਹ ਲੰਘ ਰਹੇ ਸਨ ? ਕੁਝ ਸੀ ਤਾਂ ਭਿਆਨਕ ਖਾਮੋਸ਼ੀ, ਸੰਨਾਟਾ। ਖਲਕਤ ਦਾ ਜਿਵੇਂ ਇਕ ਦਰਿਆ ਵਗ ਰਿਹਾ ਹੋਵੇ। ਹਾਂ, ਉਹ ਹਾਲੇ ਵੀ ਇਨਸਾਨ ਹੀ ਸਨ, ਭਾਵੇਂ ਉਹ ਆਪਣੇ ਇਨਸਾਨੀ ਮਾਣ ਤੋਂ ਸੱਖਣੇ ਸਨ, ਆਪਣੇ ਰੋਟੀ, ਮਕਾਨ ਅਤੇ ਕਿਤੇ ਵੀ ਜਾ ਸਕਣ ਦੇ ਹੱਕ ਤੋਂ ਵਾਂਝੇ ਸਨ। ਜਦੋਂ ਉਨਾਂ ਦੀ ਇਸ ਮਾੜੀ ਹਾਲਤ ਦੀਆਂ ਖਬਰਾਂ ਮੀਡੀਆ ਦੇ ਉਸ ਹਿੱਸੇ ਵਿਚ ਨਸ਼ਰ ਹੋਈਆਂ ਜੋ ਹਾਲੇ ਵੀ ਕੁਝ ਆਜਾਦ ਸੋਚ ਰੱਖਦਾ ਹੈ ਤਾਂ ਸੂਬਿਆਂ ਦੇ 'ਸੂਬੇਦਾਰਾਂ' ਨੂੰ ਹਦਾਇਤਾਂ ਦਿੱਤੀਆਂ ਗਈਆਂ ਕਿ ਉਨਾਂ ਨੂੰ ਜਿੱਥੇ ਵੀ ਉਹ ਹਨ, ਉੱਥੇ ਹੀ ਰੋਕ ਦਿੱਤਾ ਜਾਵੇ। ਇਸ 'ਤੇ ਸੜਕਾਂ ਉੱਤੇ ਉਨਾਂ ਖਲਿਾਫ ਰੋਕਾਂ ਲਾ ਦਿੱਤੀਆਂ ਗਈਆਂ ਜਿਹੜੀਆਂ ਕੁਝ ਕਸਬਿਆਂ ਵਿਚ ਹਾਲੇ ਵੀ ਜਾਰੀ ਹਨ। ਉਨਾਂ ਦੀ ਆਵਾਜ ਉੱਚੀ ਹੁੰਦਿਆਂ ਇਕੋ ਮੰਗ ਵਿਚ ਬਦਲ ਗਈ ਕਿ 'ਸਾਨੂੰ ਘਰ ਭੇਜ ਦਿਉ'। ਉਹ ਮਰ ਕੇ ਵੀ ਇੰਡੀਆ ਵਿਚ ਰਹਿਣ ਲਈ ਤਿਆਰ ਨਹੀਂ ਸਨ ਆਖਰ ਜੇ ਮਰਨਾ ਹੀ ਹੈ ਤਾਂ ਆਪਣੇ ਘਰ ਜਾ ਕੇ ਕਿਉਂ ਨਾ ਮਰੀਏ। ਯਕੀਨਨ ਬਹੁਤ ਸਾਰੇ ਸੜਕਾਂ ਉੱਤੇ ਹੀ ਮਰ ਵੀ ਗਏ ਜਿਨਾਂ ਵਿਚੋਂ ਕਾਫੀ ਮੌਤਾਂ ਜਿਆਦਾ ਭਰੇ ਵਾਹਨਾਂ ਦੇ ਹਾਦਸਾਗ੍ਰਸਤ ਹੋ ਜਾਣ ਕਾਰਨ ਹੋਈਆਂ। ਰੌਲਾ ਵਧਦਾ ਜਾ ਰਿਹਾ ਸੀ ਤੇ ਆਖਰ ਹਾਕਮਾਂ ਨੇ ਇਕ ਕਦਮ ਪਿਛਾਂਹ ਹਟਦਿਆਂ ਇਨਾਂ ਨੂੰ ਉਨਾਂ ਦੇ ਸੂਬਿਆਂ 'ਚ ਪਹੁੰਚਾਉਣ ਲਈ ਰੇਲਾਂ ਤੇ ਬੱਸਾਂ ਚਲਾਉਣ ਦੀ ਇਜਾਜਤ ਦੇ ਦਿੱਤੀ। ਫਿਰ ਸਵਾਲ ਖੜਾ ਹੋਇਆ ਇਸ ਦਾ ਕਿਰਾਇਆ ਕੌਣ ਅਦਾ ਕਰੇਗਾ, ਸੂਬੇ, ਕੇਂਦਰ, ਸਿਆਸੀ ਪਾਰਟੀਆਂ ਜਾਂ ਉਹ ਖੁਦ ? ਇਸ ਖੋਹ-ਖਿੰਝ ਦੌਰਾਨ ਇਹ ਸਾਫ ਨਹੀਂ ਹੋ ਸਕਿਆ ਕਿ ਅਦਾਇਗੀ ਕਿਸ ਨੇ ਕੀਤੀ, ਪਰ ਇਸ ਬਾਰੇ ਦਾਅਵੇ ਕਰਨ ਵਾਲੇ ਬਹੁਤ ਹਨ। ਆਖਰ ਉਹ ਜਿਵੇਂ ਰੇਲਾਂ ਵਿਚ ਤੂੜ ਕੇ ਭੇਜੇ ਗਏ, ਉਸ ਨੂੰ ਕੋਈ ਭਲਾ ਇਨਸਾਨ 'ਭੇਡਾਂ-ਬੱਕਰੀਆਂ ਵਾਂਗ' ਤੂੜਨਾ ਹੀ ਆਖ ਸਕਦਾ ਹੈ। ਇਸ ਦੇ ਬਾਵਜੂਦ ਸੂਬਿਆਂ ਤੇ ਜ਼ਿਲਿਆਂ ਦੀਆਂ ਹੱਦਾਂ ਉੱਤੇ ਖੜੇ ਕੀਤੇ ਗਏ ਅੜਿੱਕਿਆਂ ਦੇ ਬਾਵਜੂਦ ਪੈਦਲ ਮਾਰਚ ਵੀ ਜਾਰੀ ਰਿਹਾ। ਇਸ ਦੌਰਾਨ ਦਿੱਲੀ ਵਿਚ ਕੇਂਦਰ ਸਰਕਾਰ ਤੇ ਸੂਬਾਈ ਸਰਕਾਰਾਂ ਨੇ ਦੋ ਮਹੀਨੇ ਚੁੱਪ ਧਾਰੀ ਰੱਖੀ। ਨਾ ਤਾਂ ਭਾਰਤ ਸਰਕਾਰ ਹੀ ਉਨਾਂ ਨੂੰ ਚਾਹੁੰਦੀ ਸੀ ਤੇ ਨਾ ਉਨਾਂ ਦੇ ਆਪਣੇ ਸੂਬਿਆਂ ਦੀਆਂ ਸਰਕਾਰਾਂ। ਸਭ ਨੂੰ ਮਹਾਂਮਾਰੀ ਫੈਲਣ ਦਾ ਡਰ, ਭੁੱਖ ਮਾਰੇ ਲੋਕਾਂ ਦਾ ਡਰ, ਉਨਾਂ ਨੂੰ ਛੂਹੇ ਜਾਣ ਤੇ ਉਨਾਂ ਦੇ ਮੁੜ-ਵਸੇਬੇ ਦਾ ਡਰ ਸਤਾ ਰਿਹਾ ਸੀ। ਉਨਾਂ ਨੂੰ ਇਕੋ ਰਾਹਤ ਇਹ ਦਿੱਤੀ ਗਈ ਕਿ ਉਹ ਮਨਰੇਗਾ ਤਹਿਤ ਕੰਮ ਕਰ ਸਕਦੇ ਹਨ। ਤੇ ਉਹ ਕਹੀਆਂ-ਬੇਲਚੇ ਲੈ ਕੇ ਕੰਮ 'ਚ ਜੁਟ ਗਏ ਸ਼ਾਇਦ ਉਹ ਧਰਤੀ ਪੁੱਟ ਕੇ ਆਪਣੇ ਮਰ ਗਏ ਸੁਪਨੇ ਤਲਾਸ਼ ਰਹੇ ਹਨ। ਇਸ ਦੌਰਾਨ ਅਨੇਕਾਂ ਵਿੱਤੀ ਰਾਹਤਾਂ ਦੇ ਐਲਾਨ ਕੀਤੇ ਗਏ, ਪਰ ਬੇਜਮੀਨਿਆਂ ਤੇ ਪਰਵਾਸੀਆਂ ਲਈ ਕੋਈ ਐਲਾਨ ਨਹੀਂ ਸੀ। ਆਖਰ ਉਨਾਂ ਅਜਿਹਾ ਸੁਪਨਾ ਲੈਣ ਦੀ ਜੁਰੱਅਤ ਹੀ ਕਿਵੇਂ ਕੀਤੀ ਭਾਰਤ ਤੇ ਇੰਡੀਆ ਦਰਮਿਆਨ ਵੱਡਾ ਫਾਸਲਾ ਹੈ, ਜੋ ਹੋਰ ਵਧਦਾ ਜਾਵੇਗਾ ਕਿਉਂਕਿ ਉਨਾਂ ਦੇ ਬੱਚਿਆਂ ਦੀ ਪੜਾਈ, ਤਕਨਾਲੋਜੀ ਤੇ ਔਨਲਾਈਨ ਸਿੱਖਿਆ ਆਦਿ ਤੱਕ ਕੋਈ ਪਹੁੰਚ ਨਹੀਂ ਹੋਵੇਗੀ। ਉਨਾਂ ਇੰਡੀਆ ਤੇ ਭਾਰਤ ਨੂੰ ਆਪਸ ਵਿਚ ਜੋੜਨ ਦੀ ਜੋ ਕੋਸ਼ਿਸ਼ ਕੀਤੀ ਸੀ, ਉਹ ਹੁਣ ਮਹਿਜ ਇਕ ਸੁਪਨਾ ਹੈ। ਹੁਣ ਸਾਰਾ ਕੁਝ ਨਵੇਂ ਸਿਰਿਉਂ ਸ਼ੁਰੂ ਹੋਵੇਗਾ। ਸਮਾਜਿਕ ਤੇ ਆਰਥਿਕ ਸੰਪਰਕ, ਮੁਲਾਜਮ ਤੇ ਰੁਜਗਾਰਦਾਤਾ ਦੇ ਇਕਰਾਰਨਾਮੇ ਆਦਿ ਸਭ ਦੁਬਾਰਾ ਹੋਣਗੇ। ਭਾਰਤ ਅਤੇ ਇੰਡੀਆ ਦੇ ਆਰਥਿਕ ਤੇ ਸਮਾਜਿਕ ਨਵੀਨੀਕਰਨ ਦਾ ਕੰਮ ਬਹੁਤ ਵੱਡਾ ਤੇ ਬਹੁਪਰਤੀ ਹੈ ਜਿਹੜਾ ਬਿਨਾਂ ਸੋਚੇ ਸਮਝੇ ਤੇ ਕੁਝ ਖੈਰਾਤਾਂ ਵੰਡ ਕੇ ਨਹੀਂ ਕੀਤਾ ਜਾ ਸਕਦਾ। ਇਸ ਲਈ ਸਮੁੱਚੇ ਤੌਰ 'ਤੇ ਨਵੀਂ ਰਣਨੀਤੀ ਘੜਨ ਦੀ ਲੋੜ ਹੈ ਜਿਸ ਵਿਚ ਸਿੱਖਿਆ, ਸਿਹਤ, ਸਨਅਤਾਂ (ਵੱਡੀਆਂ ਤੇ ਛੋਟੀਆਂ), ਵਪਾਰੀਆਂ, ਟਰਾਂਸਪੋਰਟ ਤੇ ਹਵਾਈ ਸੇਵਾ ਲਈ ਨਵੀਆਂ ਯੋਜਨਾਵਾਂ ਜਰੂਰੀ ਹਨ ਤੇ ਇਹ ਸੂਚੀ ਹੋਰ ਲੰਬੀ ਹੈ ਤੇ ਹਰੇਕ ਪੱਖ ਬਰਾਬਰ ਅਹਿਮ ਹੈ। ਇਹ ਰਣਨੀਤੀ ਸਭ ਖੇਤਰਾਂ ਦੇ ਮਾਹਿਰਾਂ ਨੂੰ ਮਿਲ ਕੇ ਬਣਾਉਣੀ ਚਾਹੀਦੀ ਹੈ, ਨਾ ਕਿ ਸਿਰਫ ਹਾਕਮ ਪਾਰਟੀ ਨੂੰ। ਇਹ ਮਾਹਿਰ ਸਿਆਸੀ ਖੇਤਰ, ਸਨਅਤਾਂ, ਯੂਨੀਵਰਸਿਟੀਆਂ ਨਾਲ ਸਬੰਧਿਤ ਤੇ ਪਰਵਾਸੀ ਭਾਰਤੀਆਂ (ਬਹੁਤ ਸਾਰੇ ਵਧੀਆ ਸੋਚ ਵਾਲੇ ਭਾਰਤੀ ਭਾਵੇਂ ਵਿਦੇਸ਼ਾਂ ਵਿਚ ਨੌਕਰੀਆਂ ਕਰਦੇ ਹਨ ਪਰ ਉਹ ਆਪਣੀ ਮਾਤ ਭੂਮੀ ਦੀ ਮਦਦ ਕਰ ਕੇ ਖੁਸ਼ ਹੋਣਗੇ) ਵਿਚੋਂ ਵੀ ਹੋਣੇ ਚਾਹੀਦੇ ਹਨ। ਇਸ ਸਬੰਧੀ ਵਿਚਾਰ-ਵਟਾਂਦਰੇ ਵਿਚ ਮੁਲਾਜਮਾਂ ਤੇ ਪਰਵਾਸੀ ਮਜਦੂਰਾਂ ਨੂੰ ਵੀ ਸ਼ਾਮਲ ਕੀਤਾ ਜਾਣਾ ਚਾਹੀਦਾ ਹੈ ਤੇ ਇਸ ਉੱਤੇ ਸੰਸਦ ਵਿਚ ਵੀ ਗੰਭੀਰ ਬਹਿਸ ਤੇ ਵਿਚਾਰ-ਵਟਾਂਦਰਾ ਜਰੂਰੀ ਹੈ। ਖਾਸਕਰ ਭਾਰਤ ਨੂੰ ਆਰਥਿਕ ਤੇ ਸਮਾਜਿਕ ਪੱਧਰ 'ਤੇ ਉੱਚਾ ਚੁੱਕਣ ਲਈ ਹਰ ਕੋਸ਼ਿਸ਼ ਹੋਣੀ ਚਾਹੀਦੀ ਹੈ ਤਾਂ ਕਿ ਪਾੜਾ ਘਟੇ, ਨਾ ਕਿ ਹੋਰ ਵਧੇ। ਭਾਰਤ ਇਕ ਜਮਹੂਰੀ ਮੁਲਕ ਹੈ ਤੇ ਸਾਨੂੰ ਸ਼ਮੂਲੀਅਤਕਾਰੀ ਜਮਹੂਰੀਅਤ ਬਣਨਾ ਚਾਹੀਦਾ ਹੈ ਜਿਸ ਵਿਚ ਸਾਰਿਆਂ ਦੇ ਭਲੇ ਦੀ ਸੋਚ ਤੇ ਯੋਜਨਾਬੰਦੀ ਹੋਵੇ। ਅਸੀਂ ਸਭ ਜਮਹੂਰੀਅਤ ਦਾ ਹਿੱਸਾ ਹਾਂ ਤੇ ਲੀਡਰਸ਼ਿਪ ਨੂੰ ਅਜਿਹੇ ਮਾਮਲਿਆਂ ਮੁਤੱਲਕ ਸਾਨੂੰ ਸਭ ਨੂੰ ਭਰੋਸੇ ਵਿਚ ਲੈਣਾ ਚਾਹੀਦਾ ਹੈ ਜਿਹੜੇ ਸਾਡੀ ਜੰਿਦਗੀ ਤੇ ਰੋਜੀ-ਰੋਟੀ ਉੱਤੇ ਅਸਰ ਪਾਉਂਦੇ ਹਨ। ਭਾਰਤ ਤੇ ਇੰਡੀਆ ਨੂੰ ਹਰਗਿਜ ਭਾਰੀ ਨਾਬਰਾਬਰੀ ਵਾਲੀ ਜਮਹੂਰੀਅਤ ਨਹੀਂ ਬਣਨ ਦਿੱਤਾ ਜਾਣਾ ਚਾਹੀਦਾ ਸਗੋਂ ਇਸ ਮਹਾਨ ਜਮਹੂਰੀਅਤ ਵਿਚ ਇਹ ਦੋਵੇਂ (ਭਾਰਤ ਤੇ ਇੰਡੀਆ) ਬਰਾਬਰ ਦੇ ਭਾਈਵਾਲ ਹੋਣੇ ਚਾਹੀਦੇ ਹਨ ਜਿਵੇਂ ਦੇਸ਼ ਦੇ ਬਾਨੀ ਆਗੂਆਂ ਨੇ ਲਿਖਿਆ ਹੈ: 'ਇੰਡੀਆ ਜੋ ਭਾਰਤ ਹੈ'।

*** ਸਾਬਕਾ ਚੇਅਰਮੈਨ, ਯੂਪੀਐੱਸਸੀ ਅਤੇ ਸਾਬਕਾ ਰਾਜਪਾਲ, ਮਨੀਪੁਰ।**

# ਕੁੜੀਆਂ ਦੀ ਆਜ਼ਾਦੀ ਨਾਲ ਜੁੜੀ ਮੁਹਿੰਮ 'ਪਿੰਜਰਾ ਤੋੜ' ਦੀਆਂ ਦੋ ਵਿਦਿਆਰਥਣਾਂ ਕਾਲੇ ਕਾਨੂੰਨ ਦਾ ਸ਼ਿਕਾਰ

## ਦੋ ਦਿਨਾਂ ਲਈ ਪੁਲਿਸ ਹਿਰਾਸਤ ਵਿੱਚ ਭੇਜਿਆ ਗਿਆ, ਪੁਲੀਸ ਨੇ ਲਗਾਏ ਹਿੰਸਾ ਅਤੇ ਦੰਗੇ ਭੜਕਾਉਣ ਦੇ ਦੋਸ਼

– ਪ੍ਰੋ. ਬਲਵਿੰਦਰਪਾਲ ਸਿੰਘ
9815700916

ਨਤਾਸ਼ਾ ਅਤੇ ਦੇਵੰਗਾਨਾ ਦੀ ਗ੍ਰਿਫਤਾਰੀ ਭਾਰਤੀ ਲੋਕਤੰਤਰ ਲਈ ਖ਼ਤਰੇ ਦੀ ਘੰਟੀ ਹੈ। ਪਰ ਇਹ ਘੰਟੀ ਬਿਨਾਂ ਰੁਕੇ ਵਜ ਰਹੀ ਹੈ ਅਤੇ ਸਾਨੂੰ ਸੁਣ ਨਹੀਂ ਰਹੀ। ਦੋਵਾਂ ਨੂੰ ਦੋ ਦਿਨਾਂ ਦਾ ਪੁਲਿਸ ਰਿਮਾਂਡ ਦਿੱਤਾ ਗਿਆ ਹੈ। ਦੋਵਾਂ ਨੂੰ 24 ਮਈ ਦੇ ਦੌਰਾਨ ਮੈਜਿਸਟਰੇਟ ਸਾਹਮਣੇ ਪੇਸ਼ ਕੀਤਾ ਗਿਆ ਸੀ। ਉਨ੍ਹਾਂ ਨੂੰ ਜ਼ਫ਼ਰਾਬਾਦ ਪੁਲਿਸ ਨੇ 23 ਮਈ ਨੂੰ ਦਿੱਲੀ ਸਥਿਤ ਉਨ੍ਹਾਂ ਦੇ ਘਰ ਤੋਂ ਗ੍ਰਿਫਤਾਰ ਕੀਤਾ ਸੀ। ਗ੍ਰਿਫਤਾਰੀ ਸ਼ਾਮ 6 ਵਜੇ ਕੀਤੀ ਗਈ ਸੀ। ਇਹ ਕੁਝ ਨਾਟਕੀ ਕਾਰਵਾਈ ਸੀ।

ਜ਼ਫ਼ਰਾਬਾਦ ਪੁਲਿਸ ਉਨ੍ਹਾਂ ਦੇ ਘਰ ਵਿੱਚ ਦਾਖਲ ਹੋਈ ਜਦੋਂ ਦਿੱਲੀ ਪੁਲਿਸ ਦੇ ਸਪੈਸ਼ਲ ਸੈੱਲ ਦੇ ਅਧਿਕਾਰੀ ਉਨ੍ਹਾਂ ਤੋਂ ਪੁੱਛਗਿੱਛ ਕਰ ਰਹੇ ਸਨ ਤਾਂ ਦਿੱਲੀ ਪੁਲਿਸ ਉੱਤਰ-ਪੂਰਬੀ ਦਿੱਲੀ ਵਿੱਚ ਹੋਈ ਹਿੰਸਾ ਦੀ ਸਾਜਿਸ਼ ਦਾ ਪਰਦਾਫਾਸ਼ ਕਰਨ ਲਈ ਵੱਖ ਵੱਖ ਸਰਕਾਰ ਵਿਰੋਧੀਆਂ ਨਾਲ ਅਜਿਹਾ ਹੀ ਵਰਤਾਰਾ ਕਰ ਰਹੀ ਹੈ। ਅਕਸਰ ਇਹ ਡਰਾਮਾ ਗ੍ਰਿਫਤਾਰੀ ਨਾਲ ਖਤਮ ਹੁੰਦਾ ਹੈ। ਹੁਣੇ ਜਿਹੇ ਸਪੂਰਾ, ਮੀਰਾ, ਸ਼ੀਫਾ, ਗਲਫਿਸ਼ਾ ਅਤੇ ਆਸਿਫ ਦੇ ਮਾਮਲੇ ਵਿੱਚ ਵੇਖਿਆ ਗਿਆ ਹੈ। ਇਨ੍ਹਾਂ ਸਾਰਿਆਂ ਨੂੰ ਫਰਵਰੀ ਦੀ ਦਿੱਲੀ ਹਿੰਸਾ ਦੀ ਸਾਜਿਸ਼ ਵਿਚ ਸ਼ਾਮਲ ਹੋਣ ਦੇ ਦੋਸ਼ ਵਿਚ ਗ੍ਰਿਫ਼ਤਾਰ ਕੀਤਾ ਗਿਆ ਹੈ।

ਵਿਸ਼ੇਸ਼ ਸੈੱਲ ਅਧਿਕਾਰੀ ਅਜੇ ਪੁੱਛਗਿੱਛ ਕਰ ਰਹੇ ਸਨ ਤਾਂ ਜ਼ਫ਼ਰਾਬਾਦ ਪੁਲਿਸ ਉਥੇ ਪਹੁੰਚ ਗਈ, ਜਿਸ ਨੇ ਦੋਵਾਂ ਲੜਕੀਆਂ ਨੂੰ ਗ੍ਰਿਫਤਾਰ ਕਰ ਲਿਆ। ਇਹ ਗ੍ਰਿਫਤਾਰੀ ਜ਼ਫ਼ਰਾਬਾਦ ਪੁਲਿਸ ਦੁਆਰਾ ਦੰਗੇ ਭੜਕਾਉਣ ਦੇ ਦੋਸ਼ ਵਿਚ ਕੀਤੀ ਗਈ। ਪੁਲਿਸ ਨੇ ਕਿਹਾ ਕਿ ਉਨ੍ਹਾਂ ਨੂੰ ਅਧਿਕਾਰੀਆਂ ਦੇ ਕੰਮ ਵਿਚ ਰੁਕਾਵਟ ਪਾਉਣ ਅਤੇ ਉਨ੍ਹਾਂ ਵਿਰੁੱਧ ਹਿੰਸਾ ਜਾਂ ਤਾਕਤ ਵਰਤਣ ਦੇ ਦੋਸ਼ ਵਿਚ ਗ੍ਰਿਫ਼ਤਾਰ ਕੀਤਾ ਗਿਆ ਹੈ।

ਹਾਲਾਂਕਿ, ਐਫਆਈਆਰ ਵਿਚ ਇਸ ਦਾ ਜ਼ਿਕਰ ਨਹੀਂ ਕੀਤਾ ਗਿਆ। ਐਫਆਈਆਰ ਵਿਚ ਸਿਰਫ ਸੜਕ ਜਾਮ ਕਰਨ ਦਾ ਹੀ ਜ਼ਿਕਰ ਹੈ। ਐਫਆਈਆਰ ਵਿਚ ਕਿਹਾ ਗਿਆ ਹੈ ਕਿ ਉਹ ਸੰਘਰਸ਼ ਵਿਚ ਸ਼ਾਮਲ ਸੀ ਜਿਨ੍ਹਾਂ ਨੇ ਸੜਕ ਜਾਮ ਕੀਤੀ ਅਤੇ ਨਾਗਰਿਕਤਾ ਸੋਧ ਐਕਟ (ਸੀਏਏ) ਵਿਰੁੱਧ ਨਾਅਰੇਬਾਜ਼ੀ ਕੀਤੀ ਗਈ ਸੀ, ਪਰ ਐਫਆਈਆਰ





ਵਿਚ ਉਨ੍ਹਾਂ 'ਤੇ ਕੋਈ ਹਿੰਸਾ ਦੀ ਵਰਤੋਂ ਕਰਨ ਦਾ ਦੋਸ਼ ਨਹੀਂ ਲਗਾਇਆ ਗਿਆ ਸੀ। ਗ੍ਰਿਫਤਾਰੀ ਦੇ ਅਗਲੇ ਦਿਨ ਜਦੋਂ ਉਨ੍ਹਾਂ ਦੋਵਾਂ ਨੂੰ ਮੈਜਿਸਟਰੇਟ ਦੇ ਸਾਹਮਣੇ ਪੇਸ਼ ਕੀਤਾ ਗਿਆ ਤਾਂ ਉਨ੍ਹਾਂ ਨੂੰ 20,000 ਰੁਪਏ ਦੇ ਜੁਰਮਾਨੇ ਮਗਰੋਂ ਤੁਰੰਤ ਜ਼ਮਾਨਤ ਦੇ ਦਿੱਤੀ। ਅਦਾਲਤ ਨੇ ਫੈਸਲਾ ਸੁਣਾਉਂਦਿਆਂ ਕਿਹਾ ਸੀ ਕਿ ਕੇਸ ਦੇ ਤੱਥ ਇਹ ਦਰਸਾਉਂਦੇ ਹਨ ਕਿ ਮੁਲਜ਼ਮ ਸਿਰ਼ਫ ਨਾਗਰਿਕਤਾ ਸੋਧ ਕਾਨੂੰਨ ਅਤੇ ਰਾਸ਼ਟਰੀ ਨਾਗਰਿਕਤਾ ਰਜਿਸਟਰ ਦਾ ਵਿਰੋਧ ਕਰ ਰਹੇ ਸਨ। ਉਹ ਕਿਸੇ ਵੀ ਰੂਪ ਵਿੱਚ ਹਿੰਸਾ ਵਿੱਚ ਸ਼ਾਮਲ ਨਹੀਂ ਸਨ। ਉਹ ਤੇ ਚੰਗੇ ਪੜ੍ਹੇ-ਲਿਖੇ ਵੀ ਹਨ। ਪੂਰੀ ਜਾਂਚ ਦੇ ਸੰਬੰਧ ਵਿੱਚ ਇਹ ਪੁਲਿਸ ਦਾ ਸਹਿਯੋਗ ਕਰਨ ਲਈ ਤਿਆਰ ਹਨ।

ਕੋਵਿਡ -19 ਮਹਾਮਾਰੀ ਦੇ ਮੱਦੇਨਜ਼ਰ ਅਦਾਲਤ ਮੁਲਜ਼ਮਾਂ ਨੂੰ ਪੁਲਿਸ ਰਿਮਾਂਡ ਉੱਤੇ ਭੇਜਣ ਦੇ ਹੱਕ ਵਿਚ ਨਹੀਂ ਸੀ ਅਤੇ ਹਿਰਾਸਤ ਲਈ ਦਿੱਤੀ ਗਈ ਪੁਲਿਸ ਦੀ ਅਰਜ਼ੀ ਰੱਦ ਕਰ ਦਿੱਤੀ ਗਈ ਸੀ।

ਪਰ ਉਸੇ ਸਮੇਂ ਵਿਸ਼ੇਸ਼ ਸੈੱਲ ਅਧਿਕਾਰੀ ਆਏ ਅਤੇ ਉਨ੍ਹਾਂ ਨੂੰ ਇਕ ਹੋਰ ਐਫਆਈਆਰ ਦੇ ਸੰਬੰਧ ਵਿਚ ਗ੍ਰਿਫਤਾਰ ਕੀਤਾ ਅਤੇ 14 ਦਿਨਾਂ ਦੇ ਰਿਮਾਂਡ ਦੀ ਮੰਗ ਕੀਤੀ। ਉਸੇ ਸਮੇਂ ਦੌਰਾਨ ਦਿੱਲੀ ਪੁਲਿਸ ਦੀ ਕਰਾਈਮ ਬ੍ਰਾਂਚ ਦੇ ਇੱਕ ਜਾਂਚ ਅਧਿਕਾਰੀ ਨੇ ਅਦਾਲਤ ਵਿੱਚ ਇੱਕ ਨਵੀਂ ਅਰਜ਼ੀ ਦਾਇਰ ਕਰ ਕੀਤੀ। ਇਸ ਅਰਜ਼ੀ ਵਿੱਚ ਦੰਗਿਆਂ ਨਾਲ ਜੁੜੇ ਕਤਲ ਦੇ ਇੱਕ ਹੋਰ ਕੇਸ ਵਿੱਚ ਉਨ੍ਹਾਂ ਦੀ ਗ੍ਰਿਫ਼ਤਾਰੀ ਅਤੇ ਪੁੱਛ-ਗਿੱਛ ਲਈ ਮਨਜ਼ੂਰੀ ਮੰਗੀ ਗਈ ਸੀ। ਉਨ੍ਹਾਂ ਨੇ ਇਸ ਲਈ 14 ਦਿਨਾਂ ਦੇ ਪੁਲਿਸ ਰਿਮਾਂਡ ਦੀ ਮੰਗ ਵੀ ਕੀਤੀ ਸੀ।

ਸੁਣਵਾਈ ਦੌਰਾਨ ਪੁਲਿਸ ਨੇ ਹਿਰਾਸਤ ਦੀ ਮੰਗ ਕਰਦਿਆਂ ਅਦਾਲਤ ਨੂੰ ਕਿਹਾ ਕਿ ਮੁਲਜ਼ਮਾਂ ਨੂੰ ਪੁਲਿਸ ਹਿਰਾਸਤ ਵਿੱਚ ਭੇਜਣਾ ਜ਼ਰੂਰੀ ਹੈ ਕਿਉਂਕਿ ਉਹ ਦੇਸ਼ ਵਿਰੋਧੀ ਗਤੀਵਿਧੀਆਂ ਵਿੱਚ ਸ਼ਾਮਲ ਸਨ। ਇਸ 'ਤੇ ਮੁਲਜ਼ਮਾਂ ਲਈ ਪੇਸ਼ ਵਕੀਲ ਨੇ ਕਿਹਾ ਹੈ ਕਿ ਇਹ ਇਲਜ਼ਾਮ ਬੁਰੀ ਨੀਯਤ ਨਾਲ ਲਗਾਏ ਗਏ ਹਨ ਅਤੇ ਇਨ੍ਹਾਂ ਵਿਚ ਕੋਈ ਦਮ ਨਹੀਂ ਹੈ। ਨਤਾਸ਼ਾ ਨਰਵਾਲ ਅਤੇ ਦੇਵਾਂਗਨਾ ਕਾਲਿਤਾ ਦੇ ਵਕੀਲ ਨੇ ਕਿਹਾ ਕਿ ਐਫ਼ਆਈਆਰ 24 ਫਰਵਰੀ ਨੂੰ ਦਰਜ ਕੀਤੀ ਗਈ ਸੀ।

ਨਤਾਸ਼ਾ ਅਤੇ ਦੇਵਾਂਗਨਾ ਵੀ ਪੁਲਿਸ ਜਾਂਚ ਵਿੱਚ ਸਹਿਯੋਗ ਕਰ ਰਹੀਆਂ ਸਨ। ਇਸ ਲਈ ਉਨ੍ਹਾਂ ਨੂੰ ਇਸ ਮਾਮਲੇ ਵਿੱਚ ਜਮਾਨਤ ਮਿਲਣੀ ਚਾਹੀਦੀ ਹੈ। ਜਿਵੇਂ ਹੀ ਜੱਜ ਅਤੀਤ ਨਾਰਾਇਣ ਨੇ ਇਸ ਕੇਸ ਵਿੱਚ ਜਮਾਨਤ ਦਾ ਹੁਕਮ ਦੇ ਦਿੱਤਾ, ਪੁਲਿਸ ਨੇ ਪੁੱਛਗਿੱਛ ਅਤੇ ਗ੍ਰਿਫ਼ਤਾਰੀ ਦੀ ਮੰਗ ਕਰਦਿਆਂ ਦੂਜੀ ਅਰਜ਼ੀ ਦਾਇਰ ਕਰ ਦਿੱਤੀ। ਪੁਲਿਸ ਨੇ ਅਦਾਲਤ ਨੂੰ ਦੱਸਿਆ ਕਿ ਦੋਵੇਂ ਮੁਲਜ਼ਮ ਇੱਕ ਹੋਰ ਮਾਮਲੇ ਵਿੱਚ ਸ਼ੱਕੀ ਹਨ। 15 ਮਿੰਟ ਦੀ ਪੁੱਛਗਿੱਛ ਤੋਂ ਬਾਅਦ, ਪੁਲਿਸ ਨੇ ਦੋਵਾਂ ਕੁੜੀਆਂ ਨੂੰ 14 ਦਿਨਾਂ ਦੀ ਪੁਲਿਸ ਹਿਰਾਸਤ ਵਿੱਚ ਲੈਣ ਦੀ ਮੰਗ ਕੀਤੀ। ਇਸ ਵਾਰ ਮਾਮਲਾ ਕਤਲ ਦਾ ਸੀ ਅਤੇ ਪੁਲਿਸ ਨੇ ਕਿਹਾ ਕਿ ਅੱਗੇ ਦੀ ਜਾਂਚ ਲਈ ਪੁਲਿਸ ਹਿਰਾਸਤ ਜ਼ਰੂਰੀ ਹੈ।

ਇਸ ਵਾਰ ਬਚਾਅ ਪੱਖ ਦੇ ਵਕੀਲ ਦੇ ਵਿਰੋਧ ਦੇ ਬਾਵਜੂਦ ਅਦਾਲਤ ਨੇ ਨਤਾਸ਼ਾ ਨਰਵਾਲ ਅਤੇ ਦੇਵਾਂਗਨਾ ਕਾਲਿਤਾ ਨੂੰ ਦੋ ਦਿਨਾਂ ਲਈ ਪੁਲਿਸ ਹਿਰਾਸਤ ਵਿੱਚ ਭੇਜਣ ਦਾ ਫੈਸਲਾ ਸੁਣਾਇਆ। ਪੁਲੀਸ ਨੇ ਉਨ੍ਹਾਂ ਉੱਪਰ ਦੰਗੇ ਭੜਕਾਉਣ, ਕਤਲ ਕਰਨ ਦੀ ਕੋਸ਼ਿਸ਼, ਆਰਮਜ਼ ਐਕਟ ਅਤੇ ਜਨਤਕ ਜਾਇਦਾਦ ਨੂੰ ਨੁਕਸਾਨ ਪਹੁੰਚਾਉਣ ਦਾ ਵੀ ਇਲਜ਼ਾਮ ਲਾਇਆ ਹੈ।

ਇੱਥੇ ਜ਼ਿਕਰਯੋਗ ਹੈ ਕਿ ਉੱਤਰ ਪੂਰਬੀ ਦਿੱਲੀ ਵਿਚ 24 ਫਰਵਰੀ ਨੂੰ ਨਾਗਰਿਕਤਾ ਸੋਧ ਕਾਨੂੰਨ ਦੇ ਵਿਰੋਧੀਆਂ ਅਤੇ ਸਮਰਥਕਾਂ ਵਿਚ ਹਿੰਸਾ ਭੜਕ ਗਈ ਸੀ।

ਬਾਕੀ ਸਫ਼ਾ 32 'ਤੇ

# ਕੋਰੋਨਾ ਸੰਕਟ ਦੌਰਾਨ ਮੋਦੀ ਸਰਕਾਰ ਦੀ ਤਾਲਾਬੰਦੀ ਹੋਈ ਫੇਲ

## ਵਿਸ਼ਵ ਸਿਹਤ ਸੰਸਥਾ ਵੱਲੋਂ ਵੱਧ ਤੋਂ ਵੱਧ ਟੈੱਸਟ ਕਰਨ ਦੀ ਸਲਾਹ ਨੂੰ ਮੋਦੀ ਸਰਕਾਰ ਨੇ ਸ਼ੁਰੂ ਤੋਂ ਹੀ ਅਣਡਿੱਠ ਕੀਤਾ, ਹੁਣ ਰੋਜ਼ਾਨਾ ਆ ਰਹੇ ਨੇ ਪੰਜ ਹਜ਼ਾਰ ਮਰੀਜ਼



- ਆਸ਼ੂਤੋਸ਼

ਦੇਸ਼ ਵਿਚ ਤਾਲਾਬੰਦੀ ਨੂੰ ਦੋ ਮਹੀਨੇ ਹੋ ਚੁੱਕੇ ਹਨ। ਇਹ ਸਵਾਲ ਉੱਠਣਾ ਚਾਹੀਦਾ ਹੈ ਕਿ ਇਨਾਂ ਦੋ ਮਹੀਨਿਆਂ ਵਿਚ ਕੋਰੋਨਾ ਵਿਰੁੱਧ ਲੜਾਈ ਵਿਚ ਦੇਸ਼ ਜਿੱਤ ਗਿਆ ਜਾਂ ਹਾਰ ਗਿਆ। ਇਸ ਦੇ ਨਾਲ ਹੀ, ਇਹ ਸਵਾਲ ਵੀ ਪੁੱਛਿਆ ਜਾਣਾ ਚਾਹੀਦਾ ਹੈ ਕਿ ਪ੍ਰਧਾਨ ਮੰਤਰੀ ਮੋਦੀ ਦੁਆਰਾ ਦੇਸ਼ ਨੂੰ ਕੋਰੋਨਾ ਨੂੰ 21 ਦਿਨਾਂ ਵਿਚ ਹਰਾਉਣ ਦੇ ਕੀਤੇ ਗਏ ਵਾਅਦਿਆਂ ਦਾ ਕੀ ਬਣਿਆ? ਕੀ ਅੱਜ ਦੇਸ਼ ਅੱਜ 24 ਮਾਰਚ ਨਾਲੋਂ ਜ਼ਿਆਦਾ ਸੁਰੱਖਿਅਤ ਮਹਿਸੂਸ ਕਰ ਰਿਹਾ ਹੈ ਜਾਂ ਸੰਕਟ ਵਧਿਆ ਹੈ? ਤੇ ਜੇ ਸੰਕਟ ਵਧਿਆ ਹੈ ਤਾਂ ਇਸ ਲਈ ਕੌਣ ਜ਼ਿੰਮੇਵਾਰ ਹੈ ਤੇ ਕਿਉਂ ਜ਼ਿੰਮੇਵਾਰ ਹੈ?

25 ਮਾਰਚ ਨੂੰ ਪ੍ਰਧਾਨ ਮੰਤਰੀ ਮੋਦੀ ਨੇ ਆਪਣੇ ਹਲਕੇ ਬਨਾਰਸ ਦੇ ਲੋਕਾਂ ਨਾਲ ਗੱਲਬਾਤ ਕਰਦਿਆਂ ਕਿਹਾ ਸੀ ਕਿ 'ਮਹਾਂਭਾਰਤ ਦਾ ਯੁੱਧ 18 ਦਿਨਾਂ ਵਿੱਚ ਜਿੱਤਿਆ ਗਿਆ ਸੀ। ਪਰ ਉਹ ਕੋਰੋਨਾ ਨੂੰ ਹਰਾਉਣ ਲਈ ਦੇਸ਼ ਤੋਂ 21 ਦਿਨਾਂ ਦੀ ਮੰਗ ਕਰ ਰਹੇ ਹਨ। ਭਾਵ, ਮੋਦੀ ਨੂੰ ਪੂਰਾ ਭਰੋਸਾ ਸੀ ਕਿ ਕੋਰੋਨਾ ਦਾ ਸੰਕਟ ਭਿਆਨਕ ਸੰਕਟ ਨਹੀਂ ਹੈ ਅਤੇ ਉਹ 21 ਦਿਨਾਂ ਵਿਚ ਇਸ ਸੰਕਟ ਨਾਲ ਨਿਪਟ ਲੈਣਗੇ। ਮੋਦੀ ਜੀ ਦੀ ਸ਼ੈਲੀ ਸੁਭਾਸ਼ ਚੰਦਰ ਬੋਸ ਦੀ ਸੀ- 'ਮੈਨੂੰ ਖ਼ੂਨ ਦਿਓ, ਮੈਂ ਤੁਹਾਨੂੰ ਆਜ਼ਾਦੀ ਦਿਆਂਗਾ'। ਤੁਸੀਂ ਮੈਨੂੰ 21 ਦਿਨ ਦਿਓ, ਮੈਂ ਤੁਹਾਨੂੰ ਕੋਰੋਨਾ ਮੁਕਤ ਭਾਰਤ ਦੇਵਾਂਗਾ।

ਇਹ ਉਹ ਸੰਕਟ ਦਾ ਸਮਾਂ ਸੀ ਜਦੋਂ ਸਾਰਾ ਦੇਸ਼ ਪ੍ਰਧਾਨ ਮੰਤਰੀ ਮੋਦੀ ਤੋਂ ਉਮੀਦ ਕਰ ਰਿਹਾ ਸੀ ਕਿ ਉਹ ਸਭ ਨੂੰ ਕੋਰੋਨਾ ਦੇ ਸੰਕਟ ਵਿੱਚੋਂ ਬਾਹਰ ਕੱਢ ਲੈਣਗੇ। ਮੋਦੀ ਜੀ ਦੇ ਸ਼ਰਧਾਲੂਆਂ ਨੂੰ ਸ਼ਾਇਦ ਪੂਰਾ ਵਿਸ਼ਵਾਸ ਸੀ ਕਿ ਮੋਦੀ ਦੇ ਸਾਹਮਣੇ ਕੋਰੋਨਾ ਨਹੀਂ ਠਹਿਰ ਸਕਦਾ। ਪਰ ਦੋ ਮਹੀਨਿਆਂ ਬਾਅਦ, ਸਥਿਤੀ ਇਹ ਨਹੀਂ ਹੈ ਕਿ ਕੋਰੋਨਾ ਉੱਪਰ ਕਾਬੂ ਪਾ ਲਿਆ ਗਿਆ ਹੈ। ਕੋਰੋਨਾ ਅੱਜ ਵੀ ਭਿਅੰਕਰ ਰੂਪ ਦਿਖਾ ਰਿਹਾ ਹੈ। ਸ਼ਰਧਾਲੂ ਵੀ ਨਿਰਾਸ਼ ਹਨ ਕਿ ਇਹ ਕੀ ਬਣ ਗਿਆ ਹੈ?

ਕੋਰੋਨਾ ਸੰਕਟ ਦੌਰਾਨ ਮੋਦੀ ਦੇ ਦਿੱਤੇ ਬਿਆਨ ਤੋਂ ਇਹ ਸਪੱਸ਼ਟ ਹੈ ਕਿ ਉਨਾਂ ਨੂੰ ਕੋਰੋਨਾ ਦੀ ਦਹਿਸ਼ਤ ਦਾ ਅਹਿਸਾਸ ਨਹੀਂ ਸੀ ਕਿ ਉਹ ਕਿਵੇਂ ਭਿਅੰਕਰ ਰੂਪ ਬਦਲੇਗਾ। ਪ੍ਰਧਾਨ ਮੰਤਰੀ ਮੋਦੀ ਆਪਣੇ ਦੋਸਤ ਡੋਨਾਲਡ ਟਰੰਪ ਵਾਂਗ ਲਾਪਰਵਾਹ ਦਿਖਾਈ ਦਿੱਤੇ। ਜੇਕਰ ਉਹ ਸੁਚੇਤ ਹੁੰਦੇ ਤਾਂ, 30 ਜਨਵਰੀ ਦੌਰਾਨ ਕੋਰੋਨਾ ਦੇ ਪਹਿਲੇ ਮਰੀਜ਼ ਦੇ ਪਤਾ ਲੱਗਣ ਤੋਂ ਬਾਅਦ, ਉਨਾਂ ਨੂੰ ਕੋਰੋਨਾ ਨਾਲ ਲੜਨ ਦੀ ਤਿਆਰੀ ਵਿੱਚ ਜੰਗੀ ਪੱਧਰ 'ਤੇ ਜੁਟ ਜਾਣਾ ਚਾਹੀਦਾ ਸੀ। ਦੱਖਣੀ ਕੋਰੀਆ ਨੂੰ ਵੀ ਇਕ ਹਫ਼ਤਾ ਪਹਿਲਾਂ ਜਨਵਰੀ ਦੌਰਾਨ ਭਾਰਤ ਤੋਂ ਪਹਿਲਾਂ ਕੋਰੋਨਾ ਮਰੀਜ਼ ਮਿਲਿਆ ਸੀ ਅਤੇ ਕੋਰੀਆ ਨੇ ਤੁਰੰਤ ਇਸ ਬਾਰੇ ਤਿਆਰੀ ਸ਼ੁਰੂ ਕਰ ਦਿੱਤੀ ਸੀ। ਟੈਸਟ ਕਰਨੇ ਸ਼ੁਰੂ ਕਰ ਦਿੱਤੇ ਸਨ। ਨਤੀਜੇ ਵਜੋਂ, ਉਹ ਕੋਰੋਨਾ ਨੂੰ ਲਾਕਡਾਉਨ ਤੋਂ ਬਿਨਾਂ ਸਫਲਤਾਪੂਰਵਕ ਹਰਾਉਣ ਦੇ ਯੋਗ ਹੋਇਆ ਤੇ ਇਸ ਉੱਪਰ ਕਾਬੂ ਵੀ ਪਾ ਸਕਿਆ। ਜਨਵਰੀ ਵਿਚ ਹੀ, ਕੋਰੀਆ ਨੇ ਵੱਡੇ ਪੈਮਾਨੇ 'ਤੇ ਜ਼ਰੂਰੀ ਚੀਜ਼ਾਂ ਜਿਵੇਂ ਟੈਸਟ ਕਿੱਟਾਂ, ਮਾਸਕ ਅਤੇ ਵੈਂਟੀਲੇਟਰਾਂ ਦਾ ਉਤਪਾਦਨ ਕਰਨਾ ਸ਼ੁਰੂ ਕਰ ਦਿੱਤਾ ਸੀ। ਇਸ ਦੇ ਉਲਟ ਭਾਰਤ ਸ਼ਾਂਤ ਰਿਹਾ। ਸਿਰਫ ਕੇਰਲ ਨੇ ਹੀ ਕੋਰੋਨਾ ਵਿਰੁਧ ਤਿਆਰੀ ਕੀਤੀ ਅਤੇ ਪੂਰੀ ਦੁਨੀਆ ਵਿੱਚ ਅੱਜ ਕੇਰਲਾ ਦੀ ਪ੍ਰਸ਼ੰਸਾ ਹੋ ਰਹੀ ਹੈ।

ਲੋਕ ਮੋਦੀ ਦੀ ਪ੍ਰਸ਼ੰਸਾ ਕਰਦੇ ਹਨ ਕਿ ਉਨਾਂ ਨੇ ਸਾਰੇ ਭਾਰਤ ਵਿਚ ਤਾਲਾਬੰਦੀ ਕਰਕੇ ਇਤਿਹਾਸਕ ਫੈਸਲਾ ਲਿਆ ਹੈ। ਕੁਝ ਲੋਕ ਇਹ ਵੀ ਕਹਿੰਦੇ ਹਨ ਕਿ ਜੇ ਡਾ. ਮਨਮੋਹਨ ਸਿੰਘ ਹੁੰਦੇ ਤਾਂ ਕੀ ਉਹ ਅਜਿਹਾ ਕਰਦੇ? ਡਾ. ਮਨਮੋਹਨ ਸਿੰਘ ਲਈ ਅੱਜ ਸਾਡੇ ਕੋਈ ਸਵਾਲ ਨਹੀਂ ਹੈ, ਕਿਉਂਕਿ ਉਹ ਸੱਤਾ 'ਤੇ ਬਿਰਾਜਮਾਨ ਨਹੀਂ ਹਨ। ਸਵਾਲ ਸਿਰਫ ਪ੍ਰਧਾਨ ਮੰਤਰੀ ਮੋਦੀ ਲਈ ਹੈ ਜੋ ਸੱਤਾ 'ਤੇ ਬਿਰਾਜਮਾਨ ਹਨ ਅਤੇ ਜਨਤਾ ਨੇ ਉਨਾਂ ਨੂੰ 2019 ਦੌਰਾਨ 303 ਸੀਟਾਂ ਦਿੱਤੀਆਂ ਹਨ। ਇਸ ਲਈ ਪ੍ਰਧਾਨ ਮੰਤਰੀ ਮੋਦੀ ਨੂੰ ਜਵਾਬ ਦੇਣਾ ਚਾਹੀਦਾ ਹੈ ਕਿ 30 ਜਨਵਰੀ ਤੋਂ 24 ਮਾਰਚ ਤੱਕ ਕਦਮ ਕਿਉਂ ਨਹੀਂ ਚੁੱਕੇ ਗਏ? ਤੱਥ ਇਹ ਹੈ ਕਿ ਇਸ ਸਮੇਂ ਦੌਰਾਨ ਉਸਦਾ ਧਿਆਨ ਦਿੱਲੀ ਵਿਚ ਵਿਧਾਨ ਸਭਾ ਚੋਣਾਂ, ਅਹਿਮਦਾਬਾਦ ਵਿਚ ਟਰੰਪ ਦੇ ਸਵਾਗਤ ਤੇ ਭੋਪਾਲ ਵਿਚ ਕਾਂਗਰਸ ਦੀ ਸਰਕਾਰ ਬਣਨ ਅਤੇ ਭਾਜਪਾ ਦੀ ਸਰਕਾਰ ਬਣਨ ਵਲ ਸੀ। 24 ਮਾਰਚ ਤੱਕ ਵੈਂਟੀਲੇਟਰਾਂ ਦਾ ਨਿਰਯਾਤ ਭਾਰਤ ਤੋਂ ਜਾਰੀ ਰਿਹਾ ਤੇ ਭਾਰਤ ਇਕ ਮਹੀਨਾ ਅਜਾਈ ਗੁਆ ਬੈਠਾ। 13 ਮਾਰਚ ਨੂੰ ਸਿਹਤ ਮੰਤਰੀ ਹਰਸ਼ਵਰਧਨ ਕਹਿ ਰਹੇ ਸਨ ਕਿ ਕਿਸੇ ਵੀ ਮੈਡੀਕਲ ਐਮਰਜੈਂਸੀ ਦੀ ਜ਼ਰੂਰਤ ਨਹੀਂ ਹੈ ਤੇ ਪੰਜ ਦਿਨਾਂ ਬਾਅਦ, ਪ੍ਰਧਾਨ ਮੰਤਰੀ 22 ਮਾਰਚ ਨੂੰ ਪੂਰੇ ਦਿਨ ਲਈ ਲੋਕਾਂ ਨਾਲ ਗੱਲਬਾਤ ਕਰਦੇ ਹਨ ਅਤੇ 24 ਮਾਰਚ ਨੂੰ, ਉਹ ਸਿਰਫ ਚਾਰ ਘੰਟਿਆਂ ਦੇ ਨੋਟਿਸ 'ਤੇ 21 ਦਿਨਾਂ ਦਾ ਤਾਲਾਬੰਦੀ ਦਾ ਐਲਾਨ ਕਰਦੇ ਹਨ। ਇਹ ਹੜਬੜੀ ਤੇ ਅਗਿਆਨਤਾ ਦਾ ਨਤੀਜਾ ਹੈ ਕਿ ਇਸ ਤਾਲਾਬੰਦੀ ਕਾਰਨ ਲੱਖਾਂ ਪ੍ਰਵਾਸੀ ਮਜ਼ਦੂਰਾਂ ਨੂੰ ਅਣਸੁਖਾਵੀਂ ਪ੍ਰੇਸ਼ਾਨੀਆਂ ਤੇ ਸੰਕਟਾਂ ਦਾ ਸਾਹਮਣਾ ਕਰਨਾ ਪਿਆ। ਕੋਰੋਨਾ ਕਾਲ ਨੇ ਇਹ ਸੱਚਾਈ ਸਾਫ਼-ਸਾਫ਼ ਸਾਹਮਣੇ ਲੈ ਆਉਂਦੀ ਹੈ ਕਿ ਆਰਥਿਕਤਾ ਦੀ ਰੀੜ ਦੀ ਹੱਡੀ ਸਮਝੇ ਜਾਂਦੇ ਕਿਰਤੀਆਂ ਦੀ ਮੌਜੂਦਾ ਹਾਕਮਾਂ ਦੀਆਂ ਨਜ਼ਰਾਂ ਵਿੱਚ ਕੋਈ ਕਦਰ ਨਹੀਂ ਹੈ। 24 ਮਾਰਚ ਨੂੰ ਅਚਾਨਕ ਐਲਾਨੇ ਗਏ ਲਾਕਡਾਊਨ ਸਮੇਂ ਸਿਰ਼ਫ 4 ਘੰਟੇ ਦੀ ਮੋਹਲਤ ਦਿੱਤੀ ਗਈ। ਇਹ ਨਾ ਪ੍ਰਧਾਨ ਮੰਤਰੀ ਮੋਦੀ ਨੇ ਸੋਚਿਆ ਤੇ ਨਾ ਉਸ ਦੀ ਸਰਕਾਰ ਨੇ ਕਿ ਇਸ ਸਮੇਂ ਦੌਰਾਨ ਗੈਰ-ਜਥੇਬੰਦ ਖੇਤਰ ਦੇ 80 ਫ਼ੀਸਦੀ ਮਜ਼ਦੂਰਾਂ ਦਾ ਕੀ ਬਣੇਗਾ, ਜਿਨਾਂ ਦੀ ਉਨਾਂ ਦੇ ਪਰਿਵਾਰਕ ਮੈਂਬਰਾਂ ਸਮੇਤ ਗਿਣਤੀ 25 ਕਰੋੜ ਤੋਂ ਵੱਧ ਹੈ। ਸਰਕਾਰ ਨੂੰ ਇਹ ਚਿੰਤਾ ਹੀ ਨਹੀਂ ਸੀ ਕਿ ਜਿਹੜੇ ਰੋਜ਼ ਕਮਾ ਕੇ ਰੋਜ਼ ਖਾਂਦੇ ਹਨ, ਉਹ ਰੋਟੀ ਕਿੱਥੋਂ ਹਾਸਲ ਕਰਨਗੇ ਤੇ ਕਿਰਾਏ ਦੇ ਮਕਾਨਾਂ ਦਾ ਕਿਰਾਇਆ ਕਿੱਥੋਂ ਦੇਣਗੇ।

ਅੱਜ, ਸਰਕਾਰ ਦੇ ਨੁਮਾਇੰਦਿਆਂ ਦਾ ਕਹਿਣਾ ਹੈ ਕਿ ਜੇ ਪ੍ਰਧਾਨ ਮੰਤਰੀ ਇਕ ਜਾਂ ਦੋ ਦਿਨਾਂ ਦਾ ਨੋਟਿਸ ਦਿੰਦੇ, ਤਾਂ ਪ੍ਰਵਾਸੀ ਮਜ਼ਦੂਰ ਆਪਣੇ ਘਰਾਂ ਵੱਲ ਅਪੜ ਜਾਂਦੇ। ਪਰ ਸਰਕਾਰ ਨੇ ਪ੍ਰਵਾਸੀ ਮਜ਼ਦੂਰਾਂ ਦਾ ਕੁਝ ਨਹੀਂ ਸੋਚਿਆ ਕਿ ਉਨਾਂ ਗਰੀਬਾਂ ਦਾ ਕੀ ਬਣੇਗਾ? ਤਾਲਾਬੰਦੀ ਦੌਰਾਨ ਪ੍ਰਵਾਸੀ ਮਜ਼ਦੂਰਾਂ ਦੇ ਅਣਮਨੁੱਖੀ ਦੁੱਖ ਨੂੰ ਵੇਖਦਿਆਂ ਵੀ ਸਰਕਾਰ ਹੁਣ ਤੱਕ ਕੋਈ ਯੋਗ ਨੀਤੀ ਨਹੀਂ ਬਣਾ ਸਕੀ।

1 ਅਪ੍ਰੈਲ ਨੂੰ ਸੁਪਰੀਮ ਕੋਰਟ ਵਿਚ ਸਰਕਾਰ ਦੇ ਵਕੀਲ ਦਾ ਕਹਿਣਾ ਹੈ, " ਗ੍ਰਹਿ ਸਕੱਤਰ ਨੇ ਉਨਾਂ ਨੂੰ ਦੱਸਿਆ ਹੈ ਕਿ ਦੁਪਹਿਰ 11 ਵਜੇ ਤਕ, ਇਕ ਵੀ ਸੜਕ 'ਤੇ ਇਕ ਵੀ ਵਿਅਕਤੀ ਨਹੀਂ ਹੈ। ਸਭ ਨੂੰ ਨੇੜੇ ਦੇ ਸਰਕਾਰੀ ਕੈਂਪਾਂ ਵਿਚ ਲਿਜਾਇਆ ਗਿਆ ਅਤੇ ਖਾਣੇ ਦੇ ਪੈਕੇਟ ਦਿੱਤੇ ਗਏ। ਪਰ ਸਾਰੀ ਦੁਨੀਆ ਨੇ ਦੇਖਿਆ ਕਿ ਪੂਰੇ ਅਪ੍ਰੈਲ ਮਹੀਨੇ ਲਈ, ਮਜ਼ਦੂਰ ਸੈਂਕੜੇ ਕਿਲੋਮੀਟਰ ਪੈਦਲ ਜਾਂ ਸਾਈਕਲ 'ਤੇ ਸਵਾਰ ਪਰਿਵਾਰ ਸਮੇਤ ਸੜਕਾਂ' ਤੇ ਤੁਰ ਪਏ। ਜੇ ਮੋਦੀ ਮਹਾਨ ਸਖਸ਼ੀਅਤ ਹੁੰਦੇ, ਤਾਂ ਉਹ ਇਸ ਸਮੱਸਿਆ ਨੂੰ ਤੁਰੰਤ ਹੱਲ ਕਰ ਦਿੰਦੇ। ਸਰਕਾਰ ਕੋਲ ਇਸ ਗੱਲ ਦਾ ਕੋਈ ਜਵਾਬ ਨਹੀਂ ਹੈ ਕਿ ਮਜ਼ਦੂਰ ਪੈਦਲ ਕਿਉਂ ਚੱਲ ਰਹੇ ਹਨ ਅਤੇ ਉਨਾਂ ਦੇ ਸਾਰੇ ਸਰਕਾਰੀ ਦਾਅਵੇ ਕਿਉਂ ਖੋਖਲੇ ਤੇ ਫੇਲ ਸਾਬਤ ਹੋ ਰਹੇ ਹਨ।

28 ਅਪ੍ਰੈਲ ਤੱਕ ਮੋਦੀ ਸਰਕਾਰ ਦੀ ਕੋਈ ਯੋਜਨਾ ਨਹੀਂ ਸੀ ਕਿ ਪ੍ਰਵਾਸੀ ਮਜ਼ਦੂਰਾਂ ਲਈ ਕੀ ਕੀਤਾ ਜਾਵੇ। ਤਦ ਤਾਲਾਬੰਦੀ ਨੂੰ ਇੱਕ ਮਹੀਨੇ ਤੋਂ ਵੱਧ ਸਮਾਂ ਗੁਜ਼ਰ ਗਿਆ ਸੀ। ਇਸ ਤੋਂ ਬਾਅਦ ਬੱਸਾਂ ਅਤੇ ਰੇਲ ਗੱਡੀਆਂ ਨੂੰ ਸੀਮਤ ਸਮੇਂ ਲਈ ਤੇ ਕੁਝ ਕੁ ਖੇਤਰਾਂ ਵਿਚ ਚਲਾਉਣ ਦਾ ਫੈਸਲਾ ਕੀਤਾ ਗਿਆ। ਇਸ ਵਿੱਚ ਰਾਜ ਸਰਕਾਰਾਂ ਨੂੰ ਭਰੋਸੇ ਵਿੱਚ ਨਹੀਂ ਲਿਆ ਗਿਆ। ਮਜ਼ਦੂਰਾਂ ਕੋਲੋਂ ਕਿਰਾਏ ਦੇ ਪੈਸੇ ਲਏ ਗਏ। ਹੰਗਾਮੇ ਤੋਂ ਬਾਅਦ, ਇੱਕ ਬਹਿਸ ਹੋਈ ਜੋ ਕਿਸੇ ਕੱਢੇ ਨਾ ਲੱਗੀ। ਮਜ਼ਦੂਰਾਂ ਦੇ ਮੁੱਦੇ ਤੋਂ, ਇਹ ਸਪੱਸ਼ਟ ਹੋ ਗਿਆ ਕਿ ਸਰਕਾਰ ਮਜ਼ਦੂਰਾਂ ਲਈ ਸੰਵੇਦਨਸ਼ੀਲ ਨਹੀਂ ਹੈ।

ਬਾਕੀ ਸਫ਼ਾ 32 'ਤੇ

# ਕੋਵਿਡ-19 ਮਹਾਂਮਾਰੀ ਦੌਰਾਨ ਸਿਹਤ ਵਰਕਰਾਂ ਦਾ ਯੋਗਦਾਨ



**- ਰਾਜਿੰਦਰ ਸਿੰਘ**

97791 98462

ਅੱਜ ਪੂਰਾ ਵਿਸ਼ਵ ਕਰੋਨਾ ਮਹਾਂਮਾਰੀ (ਕੋਵਿੰਡ 19) ਨੂੰ ਝੱਲ ਰਿਹਾ ਹੈ। ਵਿਸ਼ਵ ਦਾ ਕੋਈ ਵਿਰਲਾ ਹੀ ਦੇਸ਼ ਹੋਵੇਗਾ ਜਿਹੜਾ ਇਸ ਕਰੋਨਾ ਮਹਾਂਮਾਰੀ ਤੋਂ ਬਚਿਆ ਹੋਵੇਗਾ। ਆਪਣੇ ਆਪ ਨੂੰ ਵਿਸ਼ਵ ਦੀ ਮਹਾਂਸ਼ਕਤੀ ਅਖਵਾਉਣ ਵਾਲੇ ਦੇਸ਼ ਵੀ ਇਸ ਕਰੋਨਾ ਵਾਇਰਸ ਅੱਗੇ ਬੇਵੱਸ ਜਿਹੇ ਨਜ਼ਰ ਆ ਰਹੇ ਹਨ। ਭਾਰਤ ਵੀ ਕਰੋਨਾ ਵਾਇਰਸ ਦੀ ਮਹਾਂਮਾਰੀ ਤੋਂ ਨਹੀਂ ਬਚ ਸਕਿਆ। ਇੱਥੇ ਲਗਾਤਾਰ ਕਰੋਨਾ ਦੇ ਮਰੀਜ਼ਾਂ ਦੀ ਸੰਖਿਆ ਵਧਦੀ ਜਾ ਰਹੀ ਹੈ। ਕੇਂਦਰ ਅਤੇ ਰਾਜ ਸਰਕਾਰਾਂ ਇਸ ਕਰੋਨਾ ਵਾਇਰਸ ਦੀ ਮਹਾਂਮਾਰੀ ਨਾਲ ਨਜਿੱਠਣ ਲਈ ਹਰ ਸੰਭਵ ਸਹਾਇਤਾ ਅਤੇ ਉਪਰਾਲੇ ਕਰ ਰਹੀਆਂ ਹਨ। ਦੇਸ਼ ਵਿੱਚ ਪਿਛਲੇ ਦੋ ਮਹੀਨਿਆਂ ਤੋਂ ਕਰਫਿਊ/ ਲਾਕਡਾਊਨ ਚੱਲ ਰਿਹਾ ਹੈ।ਇਸ ਮਹਾਂਮਾਰੀ ਦੇ ਦੌਰ ਵਿੱਚ ਸਿਹਤ ਵਰਕਰ ਮੇਲ ਅਤੇ ਸਿਹਤ ਵਰਕਰ ਫੀਮੇਲ ਫਰੰਟ ਲਾਈਨ ਤੇ ਕਰੋਨਾ ਵਿਰੁੱਧ ਮੁਹਿੰਮ ਵਿੱਚ ਲੱਗੇ ਹੋਏ ਹਨ।

ਇਸ ਮਹਾਂਮਾਰੀ ਦੌਰਾਨ ਹੈਲਥ ਵਰਕਰਾਂ ਦੇ ਕੰਮਾਂ ਦੀ ਲਿਸਟ ਬਹੁਤ ਲੰਬੀ ਹੈ। ਕਰੋਨਾ ਵਾਇਰਸ ਦੇ ਆਰੰਭਕ ਦੌਰ ਵਿੱਚ ਹੈਲਥ ਵਰਕਰਾਂ ਵੱਲੋਂ ਘਰ ਘਰ ਜਾ ਕੇ ਲੋਕਾਂ ਨੂੰ ਇਸ ਬੀਮਾਰੀ ਤੋਂ ਜਾਗਰੂਕ ਕੀਤਾ ਇਸ ਸਬੰਧੀ ਪੈਂਫਲਟ ਵੰਡੇ ਗਏ। ਜਦੋਂ ਵਿਦੇਸ਼ਾਂ ਤੋਂ ਪਰਵਾਸੀ ਪੰਜਾਬੀਆਂ ਦੀ ਆਮਦ ਸ਼ੁਰੂ ਹੋਈ ਤਾਂ ਉਹਨਾਂ ਨੂੰ ਟ੍ਰੇਸ ਕਰਕੇ ਏਕਾਂਤਵਾਸ ਕੀਤਾ ਗਿਆ। ਫਿਰ ਰੋਜ਼ਾਨਾ ਉਹਨਾਂ ਦੇ ਘਰਾਂ ਵਿੱਚ ਜਾ ਕੇ ਉਹਨਾਂ ਦਾ ਫਾਲੋਅੱਪ ਕੀਤਾ ਜਾਂਦਾ ਸੀ। ਜਦੋਂ ਹਰ ਪਾਸੇ ਕਰੋਨਾ ਵਾਇਰਸ ਦੇ ਕਾਰਨ ਡਰ ਦਾ ਮਾਹੌਲ ਸੀ ਲੋਕ ਘਰਾਂ ਵਿੱਚੋਂ ਬਾਹਰ ਨਿਕਲਣ ਤੋਂ ਡਰਦੇ ਸਨ , ਉਦੋਂ ਹੈਲਥ ਵਰਕਰ ਅਪਣੀ ਜਾਨ ਦੀ ਪ੍ਰਵਾਹ ਕੀਤੇ ਬਗੈਰ ਵਿਦੇਸ਼ਾਂ ਤੋਂ ਆਏ ਲੋਕਾਂ ਵਿੱਚ ਵਿਚਰ ਰਹੇ ਸਨ। ਉਹਨਾਂ ਨੂੰ ਲੱਛਣਾਂ ਦੇ ਆਧਾਰ ਤੇ ਰੈਫਰ ਕਰ ਰਹੇ ਸਨ। ਉਸਤੋਂ ਬਾਅਦ ਜਦੋਂ ਹੋਲੇ ਮੁਹੱਲੇ ਤੋਂ ਆਏ ਲੋਕਾਂ ਨੂੰ ਟ੍ਰੇਸ ਕਰਕੇ ਏਕਾਂਤਵਾਸ ਕੀਤਾ ਗਿਆ। ਫਿਰ ਸਰਕਾਰ ਦੀਆਂ ਦੀਆਂ ਗਾਈਡਲਾਈਨਜ਼ ਮੁਤਾਬਿਕ ਦੂਸਰੇ ਸੂਬਿਆਂ ਅਤੇ ਦੂਜੇ ਜ਼ਿਲਿਆਂ ਤੋਂ ਆਏ ਲੋਕਾਂ ਨੂੰ ਟ੍ਰੇਸ ਕਰਕੇ ਏਕਾਂਤਵਾਸ ਕੀਤਾ ਗਿਆ।ਹਰ ਰੋਜ਼ ਉਹਨਾਂ ਦਾ ਫਾਲੋਅੱਪ ਕੀਤਾ ਜਾਂਦਾ ਸੀ ਅਤੇ ਅੱਜ ਵੀ ਚੱਲ ਰਿਹਾ ਹੈ।ਏਕਾਂਤਵਾਸ ਕੀਤੇ ਗਏ ਲੋਕਾਂ ਦੀ ਲਗਾਤਾਰ ਨਿਗਰਾਨੀ ਕੀਤੀ ਜਾਦੀ ਸੀ ਕਿ ਉਹ ਏਕਾਂਤਵਾਸ ਭੰਗ ਨਾਂ ਕਰਨ। ਉਹਨਾਂ ਦੇ ਪਰਿਵਾਰਕ ਮੈਂਬਰਾਂ ਨੂੰ ਨੀ ਜਾਗਰੂਕ ਕੀਤਾ ਜਾਂਦਾ ਸੀ ਕਿ ਉਹ ਉਹਨਾਂ ਦੇ ਸੰਪਰਕ ਵਿੱਚ ਨਾਂ ਆਉਣ। ਸਿਰਫ ਇੱਕ ਤੰਦਰੁਸਤ ਵਿਅਕਤੀ ਹੀ ਉਸਦੀ ਸਾਵਧਾਨੀ ਵਰਤਦੇ ਹੋਏ ਖਾਣਾ ਪਾਣੀ ਦੇਵੇ।

ਹੈਲਥ ਵਰਕਰ ਲੋਕਾਂ ਨੂੰ ਘਰ ਤੋਂ ਬਾਹਰ ਨਾ ਨਿਕਲਣ ਲਈ ਪ੍ਰੇਰਿਤ ਕਰਦੇ ਰਹੇ। ਸੋਸ਼ਲ ਡਿਸਟੈਂਸ ਰੱਖਣ ਲਈ ਲੋਕਾਂ ਨੂੰ ਜਾਗਰੂਕ ਕੀਤਾ ਗਿਆ। ਲੋਕਾਂ ਨੂੰ ਵਾਰ ਵਾਰ ਹੱਥ ਧੋਣ ਲਈ ਪ੍ਰੇਰਿਤ ਕੀਤਾ ਗਿਆ। ਉਹਨਾਂ ਨੂੰ ਹੱਥ ਧੋਣ ਦੇ ਸਾਰੇ ਤਰੀਕਿਆਂ ਬਾਰੇ ਟ੍ਰੇਨਿੰਗ ਦਿੱਤੀ ਗਈ। ਪਿਛਲੇ ਦੋ ਮਹੀਨਿਆਂ ਤੋਂ ਕਿਸੇ ਹੈਲਥ ਵਰਕਰ ਨੇ ਕੋਈ ਛੁੱਟੀ ਨਹੀਂ ਕੀਤੀ। ਨਾਂ ਐਤਵਾਰ ਅਤੇ ਨਾਂ ਹੀ ਕੋਈ ਹੋਰ ਗਜ਼ਟਿਡ ਛੁੱਟੀ ਵੇਖੀ ਲਗਾਤਾਰ ਕਰੋਨਾ ਵਾਇਰਸ ਵਿਰੁੱਧ ਮੁਹਿੰਮ ਵਿੱਚ ਲੱਗੇ ਹੋਏ ਹਨ। ਦੂਸਰੇ ਸੂਬਿਆਂ ਨੂੰ ਜਾਂਦੇ ਅੰਤਰ ਰਾਜੀ ਬਾਰਡਰਾਂ ਤੇ ਦਿਨ ਰਾਤ ਡਿਊਟੀ ਕਰਕੇ ਲੋਕਾਂ ਦੀ ਸਕਰੀਨਿੰਗ ਕਰਦੇ ਹਨ। ਆਈਸੋਲੇਸ਼ਨ ਵਾਰਡਾਂ ਵਿੱਚ ਅਪਣੀ ਜਾਨ ਦੀ ਪ੍ਰਵਾਹ ਕੀਤੇ ਬਿਨਾਂ ਦਿਨ ਰਾਤ ਦੀ ਡਿਊਟੀ ਕੀਤੀ।

ਕਰੋਨਾ ਵਾਇਰਸ ਸਬੰਧੀ ਮੁਹਿੰਮ ਦੇ ਨਾਲ ਨਾਲ ਡੇਂਗੂ ਮਲੇਰੀਆ ,ਆਰ ਸੀ ਐਚ, ਟੀਕਾਕਰਨ , ਜ਼ਨਮ ਮੌਤ ਰਜਿਸਟਰੇਸ਼ਨ ਦਾ ਕੰਮ ਵੀ ਕਰਦੇ ਰਹੇ। ਹੁਣ ਜਦੋਂ ਸਰਕਾਰ ਨਵੀਆਂ ਗਾਈਡਲਾਈਨਜ਼ ਮੁਤਾਬਿਕ ਕਰੋਨਾ ਮਰੀਜ਼ਾਂ ਨੂੰ ਹਸਪਤਾਲਾਂ ਵਿੱਚੋਂ ਡਿਸਚਾਰਜ ਕਰ ਰਹੇ ਹਨ ਤਾਂ ਇਹਨਾਂ ਹੈਲਥ ਵਰਕਰਾਂ ਅੱਗੇ ਹੋਰ ਵੀ ਚੁਣੌਤੀਆਂ ਦਾ ਸਾਹਮਣਾ ਕਰਨਾ ਪਵੇਗਾ।

ਕਰਫ਼ਿਊ ਦੌਰਾਨ ਪਬਲਿਕ ਟਰਾਂਸਪੋਰਟ ਬੰਦ ਹੋਣ ਤੇ ਬਹੁਤ ਹੀ ਮੁਸ਼ਕਲ ਨਾਲ ਆਪਣੀਆਂ ਡਿਊਟੀਆਂ ਵਾਲੀਆਂ ਥਾਵਾਂ ਤੇ ਪਹੁੰਚਦੇ ਰਹੇ। ਫੀਮੇਲ ਵਰਕਰਾਂ ਨੂੰ ਤਾਂ ਡਿਊਟੀ ਤੇ ਹਾਜ਼ਰ ਹੋਣਾ ਬਹੁਤ ਮੁਸ਼ਕਲ ਹੁੰਦਾ ਸੀ ਫਿਰ ਆਪਣੀਆਂ ਡਿਊਟੀਆਂ ਤੇ ਡਟੇ ਰਹੇ। ਨਿਗੂਣੀਆਂ ਤਨਖ਼ਾਹਾਂ ਨਾਲ ਉਹਨਾਂ ਦਾ ਪੈਟਰੋਲ ਦਾ ਖ਼ਰਚਾ ਵੀ ਪੂਰਾ ਨਹੀਂ ਹੁੰਦਾ ਸੀ।

ਜਿਕਰਯੋਗ ਹੈ ਕਿ ਇਨਾਂ ਵਿੱਚੋਂ 1263 ਹੈਲਥ ਵਰਕਰ ਮੇਲ ਅਤੇ ਕੱਚੀਆਂ ਹੈਲਥ ਵਰਕਰ ਫੀਮੇਲ ਨਿਗੂਣੀ ਤਨਖਾਹ ਤੇ ਕੰਮ ਕਰ ਰਹੇ ਹਨ। 1263 ਹੈਲਥ ਵਰਕਰ ਮੇਲ ਜਿਨਾਂ ਦੀ ਭਰਤੀ ਵਿਭਾਗ ਦੀਆਂ ਹੀ ਗਲਤੀਆਂ ਕਾਰਨ ਕੋਰਟ ਵਿੱਚ ਚਲੀ ਗਈ। ਡੇਢ ਸਾਲ ਕੋਰਟ ਕੇਸਾਂ ਦੇ ਚੱਕਰ ਵਿੱਚ ਕਾਫੀ ਹੈਲਥ ਵਰਕਰ ਡਿਪਰੈਸ਼ਨ ਦਾ ਸ਼ਿਕਾਰ ਹੋ ਗ?। ਪਹਿਲਾਂ ਇਸ਼ਤਿਹਾਰ ਲੇਟ ਜਾਰੀ ਕੀਤਾ ਗਿਆ ਇਸ ਕਾਰਨ ਹੈਲਥ ਵਰਕਰਾਂ ਦਾ ਪਰੋਬੇਸ਼ਨ ਪੀਰੀਅਡ ਤਿੰਨ ਸਾਲ ਦਾ ਹੋ ਗਿਆ ਜੇਕਰ ਸਮੇਂ ਸਿਰ ਇਸ਼ਤਿਹਾਰ ਜਾਰੀ ਹੋ ਜਾਂਦਾ ਤਾਂ ਪਰੋਬੇਸ਼ਨ ਪੀਰੀਅਡ ਦੋ ਸਾਲਾਂ ਦਾ ਹੋਣਾ ਸੀ। ਅਤੇ ਹੁਣ ਤੱਕ ਪੂਰਾ ਹੋ ਕੇ ਪੂਰੀਆਂ ਤਨਖਾਹਾਂ ਹੋ ਜਾਣੀਆਂ ਸਨ।

ਇਸੇ ਤਰਾਂ ਹੀ ਹੈਲਥ ਵਰਕਰ ਫੀਮੇਲ ਪਿਛਲੇ 10-12 ਸਾਲਾਂ ਤੋਂ ਹੀ ਨਿਗੂਣੀਆਂ ਤਨਖ਼ਾਹਾਂ ਤੇ ਕੰਮ ਕਰ ਰਹੀਆਂ ਹਨ। ਜਿੰਨਾ ਵਿੱਚ ਉਹਨਾਂ ਦੇ ਘਰ ਦੇ ਖਰਚੇ ਵੀ ਪੂਰੇ ਨਹੀਂ ਹੁੰਦੇ। ਕੀ ਹਾਲੇ ਵੀ ਕੋਈ ਇਹਨਾਂ ਦੀ ਪਰਖ ਕਰਨੀ ਬਾਕੀ ਹੈ? ਸੁਪਰੀਮ ਕੋਰਟ ਅਤੇ ਹਾਈ ਕੋਰਟਾਂ ਨੇ ਵੀ ਆਪਣੇ ਬਹੁਤ ਸਾਰੇ ਫੈਸਲਿਆਂ ਵਿੱਚ ਬਰਾਬਰ ਕੰਮ ਬਰਾਬਰ ਤਨਖਾਹ ਦੇਣ ਦੇ ਹੁਕਮ ਜਾਰੀ ਕੀਤੇ ਹਨ ਲੇਕਿਨ ਸਰਕਾਰ ਕੋਰਟਾਂ ਦੇ ਫੈਸਲਿਆਂ ਨੂੰ ਟਿੱਚ ਸਮਝਦੇ ਹੋਏ ਲਗਾਤਾਰ ਹੈਲਥ ਵਰਕਰ ਮੇਲ ਅਤੇ ਫੀਮੇਲ ਦਾ ਸ਼ੋਸਣ ਕਰ ਰਹੀ ਹੈ। ਜਿਸ ਕਾਰਨ ਇਹਨਾਂ ਵਿੱਚ ਰੋਸ ਪਾਇਆ ਜਾ ਰਿਹਾ ਹੈ। ਹੈਲਥ ਵਰਕਰ ਮੇਲ ਅਤੇ ਫੀਮੇਲ ਨੂੰ ਸਿਹਤ ਵਿਭਾਗ ਦੀ ਰੀੜ ਦੀ ਹੱਡੀ ਮੰਨਿਆ ਜਾਂਦਾ ਹੈ। ਇਹਨਾਂ ਵੱਲੋਂ ਦਿੱਤੇ ਗਏ ਅੰਕੜਿਆਂ ਅਨੁਸਾਰ ਹੀ ਸਿਹਤ ਵਿਭਾਗ ਅਪਣੇ ਪ੍ਰੋਗਰਾਮ ਸਕੀਮਾਂ ਬਣਾਉਂਦੇ ਹਨ। ਲੇਕਿਨ ਸਿਹਤ ਵਿਭਾਗ ਲਗਾਤਾਰ ਅਪਣੀ ਇਸ ਰੀੜ ਦੀ ਹੱਡੀ ਨੂੰ ਅਣਗੌਲਿਆਂ ਕਰ ਰਿਹਾ ਹੈ। ਸਰਕਾਰ ਨੂੰ ਚਾਹੀਦਾ ਹੈ ਕਿ ਉਹ ਇਹਨਾਂ ਸਿਹਤ ਕਾਮਿਆਂ ਦਾ ਕਰੋਨਾ ਵਾਇਰਸ ਸਬੰਧੀ ਮੁਹਿੰਮ ਵਿੱਚ ਯੋਗਦਾਨ ਅਤੇ ਹੋਰ ਕੰਮਾਂ ਵਿਚ ਯੋਗਦਾਨ ਦੇਖ ਕੇ 1263 ਹੈਲਥ ਵਰਕਰ ਮੇਲ ਦਾ ਪਰੋਬੇਸ਼ਨ ਪੀਰੀਅਡ ਖਤਮ ਕਰਕੇ ਪੂਰੀਆਂ ਤਨਖਾਹਾਂ ਦੇਵੇ ਅਤੇ ਹੈਲਥ ਵਰਕਰ ਫੀਮੇਲ ਨੂੰ ਰੈਗੂਲਰ ਕਰਨਾ ਚਾਹੀਦਾ ਹੈ। ਰੈਗੂਲਰ ਹੈਲਥ ਵਰਕਰਾਂ ਨੂੰ ਸਪੈਸ਼ਲ ਇੰਨਕਰੀਮੈਂਟ ਅਤੇ ਤਰੱਕੀਆਂ ਦੇਣੀਆਂ ਚਾਹੀਦੀਆਂ ਹਨ।

ਤਾਂ ਕਿ ਇਹ ਸਾਰੇ ਵਰਕਰ ਮੇਲ ਅਤੇ ਫੀਮੇਲ ਅਪਣਾ ਸਿਹਤ ਵਿਭਾਗ ਪ੍ਰਤੀ ਫ਼ਰਜ਼ ਹੋਰ ਊਰਜਾ ਭਰਪੂਰ ਹੋ ਕੇ ਨਿਭਾ ਸਕਣ। ਆਸ ਹੈ ਕਿ ਸਰਕਾਰ ਇਹਨਾ ਦੇ ਕੰਮਾਂ ਨੂੰ ਵੇਖਦੇ ਹੋਏ ਇਹਨਾਂ ਦੀ ਹੌਸਲਾ ਅਫਜ਼ਾਈ ਕਰੇਗੀ ਅਤੇ ਇਨਾਂ ਦੀਆਂ ਹੱਕੀ ਮੰਗਾਂ ਛੇਤੀ ਪੂਰੀਆਂ ਕਰੇਗੀ।

# ਸਾਰੇ ਰਲ ਮਿਲ ਕੇ ਪੰਜਾਬ ਨੂੰ ਆਰਥਿਕ ਸੰਕਟ ਵਿੱਚੋਂ ਕੱਢੀਏ

**- ਜੰਗ ਸਿੰਘ**

ਕਿਸੇ ਸਮੇਂ ਪੰਜਾਬ ਦੇਸ਼ ਦਾ ਸਭ ਤੋਂ ਖੁਸ਼ਹਾਲ ਸੂਬਾ ਮੰਨਿਆ ਜਾਂਦਾ ਸੀ ਕਿਉਂਕਿ ਇੱਥੋਂ ਦੇ ਲੋਕ ਸਿਖਰਾਂ ਦੇ ਮਿਹਨਤੀ ਹੁੰਦੇ ਸਨ। ਇਸ ਸੂਬੇ ਨੇ ਦੇਸ਼ ਵਿੱਚ 'ਹਰੀ ਕ੍ਰਾਂਤੀ' ਲਿਆਉਣ ਦੇ ਨਾਲ ਨਾਲ 'ਚਿੱਟਾ ਇਨਕਲਾਬ' ਲਿਆ ਕੇ ਦੇਸ਼ ਨੂੰ ਅਨਾਜ ਅਤੇ ਦੁੱਧ ਪੱਖੋਂ ਖੁਸ਼ਹਾਲ ਤੇ ਆਤਮ ਨਿਰਭਰ ਕੀਤਾ ਸੀ। ਬੰਗਾਲ ਦੇ ਮਸ਼ਹੂਰ ਕਵੀ ਤੇ ਨੋਬਲ ਪੁਰਸਕਾਰ ਜੇਤੂ ਰਬਿੰਦਰ ਨਾਥ ਟੈਗੋਰ ਨੇ ਦੇਸ਼ ਦਾ ਜਦੋਂ ਕੌਮੀ ਤਰਾਨਾ ਲਿਖਿਆ ਸੀ ਤਾਂ ਉਸ ਵਿੱਚ ਵੀ ਪੰਜਾਬ ਪ੍ਰਾਂਤ ਨੂੰ ਸਿਰਮੌਰ ਸਥਾਨ ਦਿੱਤਾ ਸੀ। ਉਂਝ ਵੀ ਪੰਜਾਬ ਦੀ ਧਰਤੀ ਸਰਹੱਦੀ ਪ੍ਰਾਂਤ ਹੋਣ ਕਰਕੇ ਹਰੇਕ ਵਿਦੇਸ਼ੀ ਹਮਲਾਵਰ ਨੂੰ ਭਾਰਤ ਵਿੱਚ ਪ੍ਰਵੇਸ਼ ਕਰਨ ਤੋਂ ਪਹਿਲਾਂ ਪੰਜਾਬ ਦੇ ਲੋਕਾਂ ਨਾਲ ਲੋਹਾ ਲੈਣਾ ਪੈਂਦਾ ਸੀ। ਇਸੇ ਕਰਕੇ ਇਸ ਪ੍ਰਾਂਤ ਦੇ ਲੋਕ ਨਿਡਰ ਹੋਣ ਦੇ ਨਾਲ ਬਹਾਦਰ ਅਤੇ ਯੋਧੇ ਵੀ ਹਨ, ਜਿਨਾਂ ਦੀ ਧਾਂਕ ਹੁਣ ਤਕ ਸੰਸਾਰ ਭਰ ਵਿੱਚ ਮੰਨੀ ਜਾਂਦੀ ਹੈ। ਮਿਹਨਤੀ ਸੁਭਾਅ ਹੋਣ ਕਰਕੇ ਸਾਰੇ ਜਗਤ ਵਿੱਚ ਵਸੇ ਹੋਏ ਪੰਜਾਬੀ ਆਪਣਾ ਵਿਸ਼ੇਸ਼ ਮਹੱਤਵ ਰੱਖਦੇ ਹਨ।

ਪੰਜਾਬ ਇੰਨਾ ਖੁਸ਼ਹਾਲ ਸੂਬਾ ਹੋਣ ਦੇ ਬਾਵਜੂਦ ਅੱਜ ਇਹ ਸੂਬਾ ਕੇਂਦਰ ਦੀਆਂ ਸਾਜ਼ਿਸ਼ੀ ਚਾਲਾਂ ਤੇ ਮਤਰੇਈ ਮਾਂ ਵਾਲਾ ਸਲੂਕ ਕੀਤੇ ਜਾਣ ਕਾਰਨ ਜਾਣ ਬੁੱਝ ਕੇ ਘਸਿਆਰਾ ਬਣਾਇਆ ਜਾ ਰਿਹਾ ਹੈ। ਇਸ ਵਿੱਚੋਂ ਨਿਖੇੜ ਕੇ ਬਣਾਏ ਪ੍ਰਾਂਤ ਹਰਿਆਣਾ ਅਤੇ ਹਿਮਾਚਲ ਅੱਜ ਇਸ ਸੂਬੇ ਤੋਂ ਵਧੇਰੇ ਕੇਂਦਰੀ ਸਹਾਇਤਾ ਮਿਲਣ ਕਾਰਨ ਕਿੱਥੇ ਦੇ ਕਿੱਥੇ ਪੁੱਜਾ ਦਿੱਤੇ ਗਏ ਹਨ। ਇਹ ਹੈ ਦੇਸ ਨੂੰ ਸਭ ਤੋਂ ਵਧੇਰੇ ਕੁਰਬਾਨੀਆਂ ਦੇ ਕੇ ਅਜ਼ਾਦ ਕਰਵਾਉਣ ਵਾਲੇ ਪੰਜਾਬੀਆਂ ਨਾਲ ਸਰਕਾਰਾਂ ਦਾ ਸਲੂਕ। ਇਸ ਵੇਲੇ ਪੰਜਾਬ ਉੱਤੇ ਦੋ ਲੱਖ ਸੈਂਤੀ ਹਜ਼ਾਰ ਕਰੋੜ ਰੁਪਏ ਦਾ ਕਰਜ਼ਾ ਦੱਸਿਆ ਜਾਂਦਾ ਹੈ। ਜੇ ਇਹ ਸਮਝੀਏ ਕਿ ਕੇਂਦਰ ਦੀ ਫਿਰਕੂ ਸਰਕਾਰ, ਜਿਹੜੀ ਪੜਾਅ ਪੜਾਅ 'ਤੇ ਇਸ ਨਾਲ ਬੇਇਨਸਾਫੀ ਕਰਦੀ ਆ ਰਹੀ ਹੈ, ਇਸ ਨੂੰ ਕਰਜ਼ਾ ਮੁਕਤ ਕਰ ਦੇਵੇਗੀ ਤਾਂ ਫਿਰ ਪੰਜਾਬੀਆਂ ਲਈ ਮੂਰਖਾਂ ਦੀ ਦੁਨੀਆ ਵਿੱਚ ਵਸਣ ਵਾਲੀ ਗੱਲ ਹੋਵੇਗੀ।

ਪੰਜਾਬ ਨੂੰ ਕਰਜ਼ਈ ਬਣਾਉਣ ਵਿੱਚ ਪੰਜਾਬ ਵਿੱਚ ਸਮੇਂ ਸਮੇਂ ਰਾਜ ਕਰ ਰਹੀਆਂ ਸਰਕਾਰਾਂ ਵੀ ਬਰਾਬਰ ਦੀਆਂ ਜ਼ਿੰਮੇਵਾਰ ਹਨ ਕਿਉਂਕਿ ਇਸ ਪ੍ਰਾਂਤ ਦੇ ਰਾਜਨੀਤਕ ਆਗੂਆਂ ਵਲੋਂ ਵੀ ਪੰਜਾਬ ਨੂੰ ਆਰਥਿਕ ਪੱਖੋਂ ਮਜ਼ਬੂਤ ਕਰਨ ਦੀ ਥਾਂ 'ਤੇ ਸਰਕਾਰ ਦੀ ਅਫਸਰਸ਼ਾਹੀ ਨਾਲ ਮਿਲੀ ਭੁਗਤ ਕਰਕੇ ਆਪਣੇ ਹੀ ਘਰ ਭਰੇ ਜਾ ਰਹੇ ਹਨ ਜਿਸ ਕਾਰਨ ਸੂਬੇ ਦੀ ਹਾਲਤ ਦਿਨ ਪ੍ਰਤੀ ਦਿਨ ਨਿੱਘਰਦੀ ਹੀ ਜਾ ਰਹੀ ਹੈ। ਅੱਜ ਕਲ ਪੰਜਾਬ ਵਿੱਚ ਇੱਕ ਖਬਰ ਬੜੀ ਚਰਚਾ ਦਾ ਵਿਸ਼ਾ ਬਣੀ ਹੋਈ ਹੈ ਕਿ ਇਸ ਪ੍ਰਾਂਤ ਦੇ ਮੁੱਖ ਸਕੱਤਰ ਨੇ ਆਬਕਾਰੀ ਦੀ ਗਲਤ ਨੀਤੀ ਕਾਰਨ ਪੰਜਾਬ ਨੂੰ ਕਈ ਸੈਂਕੜੇ ਕਰੋੜ ਰੁਪਏ ਦਾ ਚੂਨਾ ਲਗਾਇਆ ਗਿਆ ਹੈ, ਕਿਉਂਕਿ ਉਸ ਦਾ ਲੜਕਾ ਸ਼ਰਾਬ ਦੀ ਕਿਸੇ ਫੈਕਟਰੀ ਵਿੱਚ ਸਿੱਧੇ-ਅਸਿੱਧੇ ਢੰਗ ਨਾਲ ਭਾਈਵਾਲ ਦੱਸਿਆ ਜਾ ਰਿਹਾ ਹੈ। ਉਸ ਨੇ ਜਿਹੜੀ ਹੁਣ ਵੀ ਆਬਕਾਰੀ ਨੀਤੀ ਬਣਾਈ ਸੀ, ਦੱਸਿਆ ਜਾ ਰਿਹਾ ਕਿ ਪੰਜਾਬ ਦੇ ਮੁੱਖ ਮੰਤਰੀ, ਜਿਨਾਂ ਕੋਲ ਆਬਕਾਰੀ ਵਿਭਾਗ ਹੈ ਉਨਾਂ ਦੀ ਨਜ਼ਰਸਾਨੀ ਵਿੱਚ ਮੁੱਖ ਸਕੱਤਰ ਨੇ ਉਸ ਵਿੱਚ ਪੰਜਾਬ ਕੈਬਨਿਟ ਨੂੰ ਸ਼ਾਮਲ ਕੀਤੇ ਬਿਨਾ ਆਪਣੇ ਆਪ ਨੀਤੀ ਬਣਾ ਲਈ। ਜਦੋਂ ਇਸ ਸਬੰਧੀ ਪੰਜਾਬ ਦੇ ਖਜ਼ਾਨਾ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੇ ਉਸ ਮੁੱਖ ਸਕੱਤਰ ਕੋਲੋਂ ਪੁੱਛਿਆ ਤਾਂ ਉਨਾਂ ਵਲੋਂ ਦੱਸਿਆ ਗਿਆ ਕਿ ਆਬਕਾਰੀ ਦੀ ਨੀਤੀ ਪਹਿਲਾਂ ਵੀ ਅਫਸਰ ਹੀ ਬਣਾਉਂਦੇ ਸਨ। ਇਸ ਮਸਲੇ ਤੇ ਤਿੱਖੀ ਨੋਕਾ ਝੋਕੀ ਹੋਣ ਕਾਰਨ ਸ੍. ਮਨਪ੍ਰੀਤ ਸਿੰਘ ਬਾਦਲ ਦਾ ਕਹਿਣਾ ਸੀ ਜੇਕਰ ਸਰਕਾਰ ਦੀਆਂ ਨੀਤੀਆਂ ਅਫਸਰਸ਼ਾਹੀ ਨੇ ਹੀ ਬਣਾਉਣੀਆਂ ਹਨ ਤਾਂ ਫਿਰ ਕੈਬਨਿਟ ਦਾ ਕੀ ਮੰਤਵ ਹੈ?

ਇਸ ਨਿਰਾਸ਼ਾਜਨਕ ਵਤੀਰੇ ਕਾਰਨ ਪੰਜਾਬ ਦੇ ਮੰਤਰੀ ਮੰਡਲ ਵਲੋਂ ਇੱਕ ਮਤਾ ਪਾਸ ਕਰ ਦਿੱਤਾ ਗਿਆ ਕਿ ਜਿੰਨਾ ਚਿਰ ਮੁੱਖ ਸਕੱਤਰ ਨੂੰ ਅਹੁਦੇ ਤੋਂ ਬਰਤਰਫ ਨਹੀਂ ਕੀਤਾ ਜਾਂਦਾ, ਉਹ ਇਸ ਮੁੱਖ ਸਕੱਤਰ ਨਾਲ ਮੀਟਿੰਗਾਂ ਵਿੱਚ ਨਹੀਂ ਬੈਠਣਗੇ। ਵਿਵਾਦਤ ਮੁੱਦਾ ਇੰਨਾ ਗਹਿਰਾ ਬਣਿਆ ਹੋਇਆ ਹੈ, ਜੋ ਇਹ ਸਪਸ਼ਟ ਕਰ ਰਿਹਾ ਹੈ ਕਿ ਗਲਤ ਨੀਤੀਆਂ ਹੋਣ ਕਾਰਨ ਵੀ ਪੰਜਾਬ ਦਾ ਆਰਥਿਕ ਸੰਕਟ ਗੰਭੀਰ ਹੋ ਰਿਹਾ ਹੈ।

ਤਾਜ਼ਾ ਖਬਰਾਂ ਇਹ ਦੱਸ ਰਹੀਆਂ ਹਨ ਕਿ ਇੱਕ ਪਾਸੇ ਮੰਤਰੀ ਮੰਡਲ ਮੁੱਖ ਸਕੱਤਰ ਨਾਲ ਮੀਟਿੰਗਾਂ ਨਾ ਕਰਨ ਸੱਦਾ ਦਿੰਦਾ ਹੈ, ਦੂਸਰੀ ਤਰਫ ਪੰਜਾਬ ਦੇ ਹੀ ਤਿੰਨ ਕੈਬਨਿਟ ਮੰਤਰੀ, ਜਿਨਾਂ ਵਿੱਚ ਸ੍ਰੀ ਓਮ ਪ੍ਰਕਾਸ਼ ਸੋਨੀ, ਭਾਰਤ ਭੂਸ਼ਨ ਆਸ਼ੂ ਤੇ ਸ੍. ਬਲਬੀਰ ਸਿੰਘ ਸਿੱਧੂ ਉਸੇ ਹੀ ਮੁੱਖ ਸਕੱਤਰ ਨਾਲ ਮੀਟਿੰਗਾਂ ਕਰ ਰਹੇ ਹਨ। ਇਹ ਵੀ ਚਰਚਾ ਹੈ ਕਿ ਮੀਟਿੰਗ ਵਿੱਚ ਸ਼ਾਮਲ ਹੋਣ ਵਾਲਿਆਂ ਵਿੱਚ ਕੁਝ ਮੰਤਰੀ ਇਸੇ ਸ਼ਰਾਬ ਦੇ ਵੱਡੇ ਕਾਰੋਬਾਰ ਵਿੱਚ ਵਿੰਗੇ ਟੇਢੇ ਢੰਗ ਨਾਲ ਸ਼ਾਮਲ ਦੱਸੇ ਜਾ ਰਹੇ ਹਨ। ਇਸ ਗੱਲ ਤੋਂ ਵੀ ਇਨਕਾਰ ਨਹੀਂ ਕਿਤਾ ਜਾ ਸਕਦਾ ਕਿ ਮੰਤਰੀ ਮੰਡਲ ਦੇ ਕੁਝ ਮੰਤਰੀਆਂ ਦੀ ਮਿਲੀ ਭੁਗਤ ਨਾਲ ਹੀ ਪੰਜਾਬ ਦੇ ਚੀਫ ਸਕੱਤਰ ਨੇ ਆਬਕਾਰੀ ਨੀਤੀ ਘੜੀ ਹੋਵੇ। ਅਸਲ ਵਿੱਚ ਸਰਕਾਰ ਨੂੰ ਜਿਹੜੀ ਆਮਦਨ ਸ਼ਰਾਬ, ਮਾਈਨਿੰਗ, ਟਰਾਂਸਪੋਰਟ .ਕੇਬਲ ਆਦਿ ਵਿਭਾਗਾਂ ਤੋਂ ਹੁੰਦੀ ਹੈ ਉਸ ਉੱਤੇ ਸਾਡੇ ਰਾਜਨੀਤਕ ਆਗੂ ਕਾਬਜ਼ ਹਨ. ਜੋ ਸਰਕਾਰੀ ਖਜ਼ਾਨੇ ਵਿੱਚ ਆਮਦਨ ਹੋਣ ਦੇਣ ਦੀ ਥਾਂ 'ਤੇ ਇਹ ਲਾਲਚੀ ਕਿਸਮ ਦੇ ਲੀਡਰ ਆਪਣੇ ਨਿੱਜੀ ਘਰ ਭਰ ਰਹੇ ਹਨ। ਇਸ ਵਿੱਚ ਪੰਜਾਬ ਦੀ ਬਿਓਰੋਕੇਸੀ ਵੀ ਰਾਜਨੀਤਕਾਂ ਨਾਲ ਰਲ ਕੇ ਪੰਜਾਬ ਦੇ ਖਜ਼ਾਨੇ ਨੂੰ ਦੋਹੀਂ ਦੋਹੀਂ ਹੱਥੀਂ ਲੁੱਟ ਰਹੀ ਹੈ, ਜਿਸ ਨਾਲ ਹਜ਼ਾਰਾਂ ਕਰੋੜ ਰੁਪਏ ਦਾ ਸਰਕਾਰ ਨੂੰ ਘਾਟਾ ਪੈ ਰਿਹਾ ਹੈ। ਜਿੰਨਾ ਚਿਰ ਪੰਜਾਬ ਨੂੰ ਰਾਜਨੀਤਕ, ਉੱਚ ਅਫਸਰਸ਼ਾਹੀ, ਪੁਲੀਸ ਸਮੇਤ ਸਾਰੇ ਪੰਜਾਬ ਨੂੰ ਭ੍ਰਿਸ਼ਟਾਚਾਰ ਮੁਕਤ ਨਹੀਂ ਕੀਤਾ ਜਾਂਦਾ, ਪੰਜਾਬ ਦੀ ਹਾਲਤ ਸੁਧਰ ਨਹੀਂ ਸਕਦੀ।

ਕਰੋਨਾ ਬਿਮਾਰੀ ਕਾਰਨ ਜਦੋਂ ਸਾਰੇ ਪ੍ਰਾਂਤ ਵਿੱਚ ਲਾਕਡਾਊਨ ਤੇ ਕਰਫਿਊ ਲਗਾ ਹੋਇਆ ਸੀ ਤੇ ਜਦੋਂ ਸਭ ਕੁਝ ਬੰਦ ਸੀ, ਉਸ ਸਮੇਂ ਦਾ ਨਾਜਾਇਜ਼ ਫਾਇਦਾ ਉਠਾ ਕੇ ਰਾਜਸੀ ਲੀਡਰਾਂ ਨੇ ਰਲ ਕੇ ਦੋ ਢਾਈ ਮਹੀਨਿਆਂ ਵਿੱਚ ਸ਼ਰਾਬ ਦੀ ਵਿਕਰੀ ਕਰਕੇ ਹਜ਼ਾਰਾਂ ਕਰੋੜ ਰੁਪਇਆ, ਜਿਹੜਾ ਪੰਜਾਬ ਦੇ ਖਜ਼ਾਨੇ ਵਿੱਚ ਜਾਣਾ ਚਾਹੀਦਾ ਸੀ, ਇਹ ਰਾਜਨੀਤਕ ਤੇ ਬਿਓਰੋਕਰੇਸੀ ਵਾਲੇ ਆਪਣੇ ਘਰਾਂ ਵਿੱਚ ਲੈ ਗਏ। ਜਦੋਂ ਵਾੜ ਹੀ ਖੇਤ ਨੂੰ ਖਾਣ ਲੱਗ ਜਾਵੇ ਫਿਰ ਤਾਂ ਪੰਜਾਬ ਦਾ ਰੱਬ ਹੀ ਰਾਖਾ ਕਿਹਾ ਜਾ ਸਕਦਾ ਹੈ।

ਇਹ ਗੱਲ ਲੁਕੀ ਹੋਈ ਨਹੀਂ ਕਿ ਪੰਜਾਬ ਦਾ ਆਬਕਾਰੀ ਮਹਿਕਮਾ ਤੇ ਗ੍ਰਹਿ ਵਿਭਾਗ ਕਿਸ ਕੋਲ ਹਨ, ਸਭ ਨੂੰ ਪਤਾ ਹੈ! ਜੋ ਇਹ ਸਪਸ਼ਟ ਕਰ ਰਿਹਾ ਇਹ ਗਿਣੀ ਮਿਥੀ ਯੋਜਨਾ ਨਾਲ ਘਾਲਾ ਮਾਲਾ ਕੀਤਾ ਗਿਆ ਹੈ। ਇਸ ਤੋਂ ਪਹਿਲਾਂ ਵੀ ਪੰਜਾਬ ਵਿੱਚ ਦਸ ਸਾਲ ਰਾਜ ਕਰ ਚੁੱਕੀ ਅਕਾਲੀ ਭਾਜਪਾ ਸਰਕਾਰ ਦੇ ਰਾਜਨੀਤਗ ਵੀ ਆਬਕਾਰੀ, ਮਾਈਨਿੰਗ, ਟਰਾਂਸਪੋਰਟ, ਕੇਬਲ ਆਦਿ ਤੇ ਕਾਬਜ਼ ਸਨ। ਆਪਣੇ ਨਾਂਵਾਂ ਦੀ ਸੰਸਾਰ ਦੇ ਧਨਾਢਾਂ ਵਿੱਚ ਸ਼ਮੂਲੀਅਤ ਕਰਨ ਲਈ ਪੰਜਾਬ ਦੇ ਖਜ਼ਾਨੇ ਦੀ ਰੱਜ ਕੇ ਲੁੱਟ ਕਰਦੇ ਰਹੇ। ਜੇਕਰ ਸਾਡੇ ਰਾਜਨੀਤਕ ਸੂਬੇ ਦੀ ਆਮਦਨ ਦੀ ਇਸ ਤਰਾਂ ਲੁਟ ਕਰਦੇ ਰਹੇ, ਤਾਂ ਕੀ ਪੰਜਾਬ ਦੇ ਨੌਜਵਾਨਾਂ ਨੂੰ ਨੌਕਰੀਆਂ ਮਿਲ ਸਕਣਗੀਆਂ? ਹਸਪਤਾਲਾਂ ਵਿੱਚ ਮਰੀਜ਼ਾਂ ਨੂੰ ਮੁਫਤ ਦੁਆਈਆਂ ਆਦਿ ਦੀਆਂ ਸਹੂਲਤਾਂ ਮਿਲ ਸਕਣਗੀਆਂ? ਚੰਗੀਆਂ ਸਹੂਲਤਾਂ ਵਾਲੇ ਸਰਕਾਰੀ ਸਕੂਲ ਹੋਣਗੇ? ਚੰਗੀ ਬੱਸ ਸਰਵਿਸ ਤੇ ਚੰਗੀਆ ਸੜਕਾਂ ਬਣ ਸਕਣਗੀਆਂ? ਇਸਦਾ ਜਵਾਬ ਨਾਂਹ ਵਿੱਚ ਹੀ ਆਵੇਗਾ।

ਸਰਕਾਰਾਂ ਪ੍ਰਾਂਤ ਦਾ ਮਾੜਾ ਮੋਟਾ ਕੰਮ ਚਲਾਉਣ ਲਈ ਜਿੱਥੇ ਵਾਸੀਆਂ ਉੱਤੇ ਟੈਕਸ 'ਤੇ ਟੈਕਸ ਲਗਾ ਕੇ ਉਨਾਂ ਦਾ ਖੂਨ ਨਿਚੋੜ ਰਹੀਆਂ ਹਨ, ਉੱਥੇ ਚੰਗੀਆਂ ਸੜਕਾਂ ਬਣਾਉਣ ਦੀ ਥਾਂ 'ਤੇ ਲੋਕਾਂ ਕੋਲੋਂ ਰੋਡ ਟੈਕਸ ਲੈਣ ਦੇ ਨਾਲ ਨਾਲ ਪ੍ਰਾਈਵੇਟ ਠੇਕੇਦਾਰਾਂ ਕੋਲੋਂ ਸੜਕਾਂ ਦਾ ਨਿਰਮਾਣ ਕਰਾ ਕੇ ਤੇ ਫਿਰ ਟੋਲ ਪਲਾਜ਼ਿਆ ਨੂੰ ਧੜਾ ਧੜ ਬਣਾ ਕੇ ਆਮ ਲੋਕਾਂ ਦੀ ਹੋਰ ਲੁੱਟ ਕਰਦੀਆਂ ਰਹਿਣਗੀਆਂ। ਇੱਥੇ ਇਹ ਗੱਲ ਸਮਝਣ ਵਾਲੀ ਹੈ ਕਿ ਕਿ ਅੱਜ ਹਰ ਪੰਜਾਬੀ ਖਾਣ ਪੀਣ ਦੀਆਂ ਚੀਜ਼ਾਂ, ਦੁਆਈਆਂ, ਕਪੜਾ ਆਦਿ ਸਾਰੀਆਂ ਚੀਜ਼ਾਂ 'ਤੇ ਟੈਕਸ ਦੇਣ ਦੇ ਨਾਲ ਆਪਣੀ ਆਮਦਨ ਵਿੱਚੋਂ ਵੀ ਵੱਖਰਾ ਟੈਕਸ ਸਰਕਾਰ ਨੂੰ ਦੇ ਰਿਹਾ ਹੈ। ਚੰਗਾ ਸ਼ਗਨ ਇਹ ਹੈ ਕਿ ਪੰਜਾਬ ਵਿੱਚ ਰਾਜ ਕਰ ਰਹੀ ਪਾਰਟੀ ਦੇ ਕਈ ਸੁਹਿਰਦ ਤੇ ਚੰਗੀ ਸੋਚ ਰੱਖਣ ਵਾਲੇ ਆਗੂਆਂ ਤੇ ਕੁਝ ਹੋਰ ਰਾਜਨੀਤਕ ਪਾਰਟੀਆਂ ਦੇ ਆਗੂਆਂ, ਜਿਨਾਂ ਨੂੰ ਪੰਜਾਬ ਨਾਲ ਹਿਤ ਹੈ, ਉਨਾਂ ਨੇ ਇਸ ਲੁੱਟ ਖਸੁੱਟ ਦੇ ਵਰਤਾਰੇ ਵਿਰੁੱਧ ਜ਼ੋਰਦਾਰ ਆਵਾਜ਼ ਬੁਲੰਦ ਕੀਤੀ ਹੈ। ਅੱਜ ਇਸ ਗੱਲ ਦੀ ਵੱਡੀ ਲੋੜ ਹੈ ਕਿ ਪੰਜਾਬ ਦੇ ਲੋਕ ਵੀ ਆਗੂਆਂ ਵਲੋਂ ਉਠਾਈ ਇਸ ਆਵਾਜ਼ ਦਾ ਪੂਰੇ ਜ਼ੋਰ ਸ਼ੋਰ ਨਾਲ ਸਮਰਥਨ ਕਰਨ। ਇਸ ਲਈ ਪੰਜਾਬ ਦੇ ਹਰ ਵਾਸੀ ਦੀ ਨਿੱਜੀ ਜ਼ਿੰਮੇਵਾਰੀ ਬਣ ਜਾਂਦੀ ਹੈ ਕਿ ਉਹ ਅੱਖਾਂ ਅਤੇ ਕੰਨ ਬੰਦ ਕਰਕੇ ਰੱਖਣ ਦੀ ਥਾਂ ਤੇ ਖੋਲ ਕੇ ਰੱਖੇ ਤੇ ਜਾਣੇ ਕਿ ਸਾਡੇ ਪੰਜਾਬ ਦੇ ਚੁਣੇ ਹੋਏ ਰਾਜਨੀਤਕ ਕੀ ਕਰ ਰਹੇ ਹਨ? ਤੁਹਾਡੇ ਅਵੇਸਲੇਪਣ ਕਾਰਨ ਪੰਜਾਬ ਸੂਬੇ ਦੇ ਨਾਲ ਨਾਲ ਤੁਹਾਡੀ ਲੁੱਟ ਹੋਣ ਕਾਰਨ ਆਰਥਿਕ ਪੱਖੋਂ ਕਮਜ਼ੋਰ ਹੋਣ ਦੇ ਨਾਲ ਤੁਸੀਂ ਵੀ ਨਿੱਘਰਦੇ ਜਾਵੋਂਗੇ।

ਇਨਾਂ ਸਵਾਰਥੀ ਕਿਸਮ ਦੇ ਲੀਡਰਾਂ ਵਲੋਂ ਤੁਹਾਡਾ ਹਰ ਪਲ ਖੂਨ ਨਿਚੋੜਿਆ ਜਾ ਰਿਹਾ ਹੈ। ਇਹ ਓਨਾ ਚਿਰ ਨਿਚੋੜਿਆ ਜਾਂਦਾ ਰਹੇਗਾ, ਜਿੰਨਾ ਚਿਰ ਤੁਸੀਂ ਸਮਝਦਾਰ ਤੇ ਸਿਆਣੇ ਬਣ ਕੇ ਇਨਾਂ ਸ਼ਾਤਰ ਤੇ ਲੁੱਟਣ ਵਾਲੇ ਰਾਜਨੀਤਕਾਂ ਵਲੋਂ ਚੋਣਾਂ ਵਿੱਚ ਕੁਝ ਦਿਨਾਂ ਲਈ ਮੁਫਤ ਸ਼ਰਾਬ ਪਿਆਏ ਜਾਣ ਤੇ ਵੋਟਾਂ ਸਮੇਂ ਇਨਾਂ ਭ੍ਰਿਸ਼ਟ ਰਾਜਨੀਤਕਾਂ ਕੋਲੋਂ ਪੈਸੇ ਲੈਣਾ ਬੰਦ ਨਹੀਂ ਕਰਦੇ। ਸਿਰਫ ਪੰਦਰਾਂ ਵੀਹ ਦਿਨਾਂ ਲਈ ਤੁਹਾਨੂੰ ਇਹ ਸਹੂਲਤਾਂ ਦੇ ਕੇ ਪੰਜ ਸਾਲ ਰੱਜ ਕੇ ਲੁਟਦੇ ਰਹਿੰਦੇ ਹਨ, ਜਿਸ ਬਾਰੇ ਤੁਹਾਨੂੰ ਪਤਾ ਹੀ ਨਹੀਂ ਲਗਦਾ। ਜਿੰਨਾਂ ਚਿਰ ਅਸੀਂ, ਵਿਸ਼ੇਸ਼ ਕਰਕੇ ਪਛੜੀਆਂ ਤੇ ਅਨਸੂਚਿਤ ਜਾਤੀਆਂ ਦੇ ਲੋਕ ਇਨਾਂ ਦੇ ਮੁਫਤ ਆਟੇ ਦਾਲ ਦੇ ਚੱਕਰ ਵਿੱਚੋਂ ਨਹੀਂ ਨਿਕਲਦੇ, ਸਾਡਾ ਕੁਝ ਵੀ ਸੁਧਰਨ ਵਾਲਾ ਨਹੀਂ। ਜੇ ਕਰ ਇਸ ਨਿਗੂਣੀ ਖਰੈਤ ਜੋ ਇੱਕ ਤਰਾਂ ਭੀਖ ਹੀ ਹੈ, ਨੂੰ ਲੈਣੀ ਬੰਦ ਕਰਕੇ ਆਪਣੇ ਤੇ ਆਪਣੇ ਬਚਿਆਂ ਲਈ ਯੋਗ ਰੁਜ਼ਗਾਰ ਦੀ ਮੰਗ ਨਹੀਂ ਕਰਦੇ, ਓਨਾ ਚਿਰ ਸੰਭਵ ਨਹੀਂ ਹੋ ਸਕਦਾ।

ਅੱਜ ਹਰ ਪੰਜਾਬੀ ਭਾਵੇਂ ਉਸ ਦਾ ਧਰਮ, ਜਾਤ ਕੋਈ ਵੀ ਹੋਵੇ, ਇਨਾਂ ਲੁਟੇਰੇ ਕਿਸਮ ਦੇ ਸਿਆਸਤਦਾਨਾਂ ਨੂੰ ਰਾਜਨੀਤੀ ਵਿੱਚੋਂ ਚਲਦਾ ਕਰਕੇ, ਚੰਗੀਆਂ ਕਦਰਾਂ ਕੀਮਤਾਂ ਦੇ ਆਗੂਆਂ ਨੂੰ ਨਹੀਂ ਚੁਣਦੇ, ਓਨਾ ਚਿਰ ਪੰਜਾਬ ਦਾ ਤੇ ਤੁਹਾਡਾ ਆਪਣਾ ਭਲਾ ਨਹੀਂ ਹੋ ਸਕਦਾ। ਪੰਜਾਬੀਓ! ਆਪਾਂ ਸਾਰੇ ਜਾਗੀਏ ਤੇ ਰਲ ਮਿਲ ਕੇ ਪੰਜਾਬ ਨੂੰ ਆਰਥਿਕ ਸੰਕਟ ਵਿੱਚੋਂ ਕੱਢੀਏ। ਇਹ ਹੀ ਮੌਜੂਦਾ ਸਮੇਂ ਦੀ ਮੰਗ ਹੈ।

# ਅਸੀਂ ਸੱਚੀਂ ਆਈਸੋਲੇਸ਼ਨ ਵਿਚ ਹਾਂ ?



- ਡਾ. ਕੁਲਦੀਪ ਸਿੰਘ ਦੀਪ
9876820600

"ਜਦ ਨਦੀ ਵਗਦੀ ਹੈ ਤਾਂ ਬਹੁਤ ਕੁੱਝ ਹੇਠਲੀ ਤਹਿ ਤੇ ਰੁੜਦਾ ਰਹਿੰਦਾ ਹੈ, ਜਿਸ ਦਾ ਸਾਨੂੰ ਅਹਿਸਾਸ ਤਕ ਨਹੀਂ ਹੁੰਦਾ। ਆਇਸੋਲੇਸ਼ਨ ਆਧੁਨਿਕਤਾ ਦੀ ਨਦੀ ਦੀ ਹੇਠਲੀ ਤਹਿ ਤੇ ਰੁੜਦਾ ਆ ਰਿਹਾ ਸੱਚ ਹੈ ਜਿਸ ਨੂੰ ਕਰੋਨਾ ਦੀ ਛੱਲ ਪੱਤਣ ਤੇ ਲੈ ਆਈ ਹੈ।"

ਦੋਸਤੋ ! ਕੁਦਰਤ ਬਹੁਤ ਰੰਗ-ਬਿਰੰਗੀ ਵੀ ਹੈ ਅਤੇ ਬਹੁਤ ਨਿਰਲੇਪ ਵੀ ਹੈ। ਇਹ ਇੱਕੋ ਵੇਲੇ ਕਾਂਟੈਕਟ ਵਿਚ ਵੀ ਹੈ ਤੇ ਆਈਸੋਲੇਸ਼ਨ ਵਿਚ ਵੀ ਹੈ। ਜਦ ਬੰਦੇ ਦਾ ਮਨ ਮੋਰ ਬਣ ਜਾਂਦਾ ਹੈ ਤਾਂ ਕੁਦਰਤ ਪੈਲਾਂ ਪਾਉਣ ਲੱਗ ਜਾਂਦੀ ਹੈ, ਪਰ ਜਦ ਮਨ ਦੇ ਵਿਹੜੇ ਥੋਹਰ ਉੱਗ ਪੈਂਦੇ ਹਨ ਤਾਂ ਫੁੱਲ ਦੀ ਪੀੜ ਵੀ ਹਾਦਸਾ ਬਣ ਜਾਂਦੀ ਹੈ ਤੇ ਬੰਦਾ ਕਹਿ ਉਠਦਾ ਹੈ :

ਮਿਤਰਾਂ ਨੇ ਫੁੱਲ ਮਾਰਿਆ, ਸਾਡੀ ਰੂਹ ਅੰਬਰਾਂ ਤਕ ਰੋਈ
ਲੋਕਾਂ ਦਿਆਂ ਵੱਟਿਆਂ ਦੀ, ਸਾਨੂੰ ਪੀੜ ਰਤਾ ਨਾ ਹੋਈ।

ਕੁਦਰਤ ਉਹੀ ਹੁੰਦੀ ਹੈ, ਪਰ ਮਨੁੱਖ ਦਾ ਮਨ ਬਦਲ ਜਾਂਦਾ ਹੈ। ਜਦ ਉਸ ਦੇ ਮਨ ਦਾ ਰੰਗ ਬਦਲਦਾ ਹੈ ਤਾਂ ਧੁੱਪਾਂ-ਛਾਵਾਂ, ਹਵਾਵਾਂ, ਫਿਜ਼ਾਵਾਂ ਅਤੇ ਖਿਜ਼ਾਵਾਂ ਦੇ ਮਾਇਨੇ ਬਦਲ ਜਾਂਦੇ ਹਨ। ਜਦ ਕਿਤੇ ਉਹ ਆਈਸੋਲੇਟ ਹੋ ਕੇ ਇਕੱਲਾ ਰਹਿ ਜਾਂਦਾ ਹੈ ਤਾਂ ਕਹਿੰਦਾ ਹੈ:

ਕੌਣ ਸਾਥ ਦੇਤਾ ਹੈ ਸੰਕਟ ਮੇਂ ਕਿਸੀ ਕਾ
ਖਿਜ਼ਾਓ ਕੇ ਦੌਰ ਮੇਂ ਤੋਂ ਆਪਣੇ ਪੱਤੇ ਭੀ ਸਾਥ ਛੋੜ ਜਾਤੇ ਹੈਂ

ਪਰ ਜਦ ਫਿਰ ਹਾਲਾਤ ਬਦਲ ਜਾਂਦੇ ਹਨ ਤੇ ਉਸ ਦੀ ਜ਼ਿੰਦਗੀ ਮੁੜ ਸਤਰੰਗੀ ਪੀਂਘ ਵਰਗੀ ਹੋ ਜਾਂਦੀ ਹੈ ਤਾਂ ਉਹੀ ਬੰਦਾ ਕਹਿੰਦਾ ਹੈ:

ਪੱਤੋਂ ਕੇ ਮਰਨੇ ਸੇ ਮੌਸਮ ਨਹੀਂ ਮਰਾ ਕਰਤੇ
ਪੀਲੇ ਚੰਦ ਜਾਤੇ ਤੋਂ ਹਰੇ ਹਜ਼ਾਰੋਂ ਆ ਜਾਤੇ ਹੈਂ

ਆਮ ਹਾਲਤਾਂ ਵਿਚ ਜਿਹੜੇ ਬੱਦਲਾਂ ਵੱਲ ਕਦੇ ਸਾਡਾ ਧਿਆਨ ਤਕ ਨਹੀਂ ਜਾਂਦਾ, ਪਰ ਜਦ ਤੁਸੀਂ ਕਿਸੇ ਆਪਣੇ ਤੋਂ ਦੂਰ ਹੁੰਦੇ ਹੋ, ਆਈਸੋਲੇਟ ਹੁੰਦੇ ਹੋ, ਤਾਂ ਇਹੀ ਬੱਦਲ ਮੁਹੱਬਤ ਦਾ ਸਿਰਨਾਵਾਂ ਬਣ ਜਾਂਦੇ ਹਨ ਤੇ ਕੋਈ 'ਮੇਘਦੂਤ' ਵਰਗਾ ਸ਼ਾਹਕਾਰ ਸਿਰਜਿਆ ਜਾਂਦਾ ਹੈ। ਇਸ ਲਈ ਮੋਹ ਅਤੇ ਵਿਯੋਗ ਤੋਂ ਪਰੇ ਕੁਦਰਤ ਦਾ ਆਪਣਾ ਇਕ ਖ਼ੂਬਸੂਰਤ ਸੰਸਾਰ ਹੈ। ਕਿੰਨੇ ਹੀ ਪ੍ਰਕਾਰ ਦੇ ਫੁੱਲ ਹਨ, ਪੱਤੇ ਹਨ, ਰੁੱਖ ਹਨ, ਜੀਵ-ਜੰਤੂ ਅਤੇ ਪਸ਼ੂ-ਪੰਛੀ ਹਨ। ਸਭ ਇੱਕੋ ਸਮੇਂ ਆਈਸੋਲੇਟਿਡ ਵੀ ਹਨ ਅਤੇ ਕਾਂਟੈਕਟ ਵਿਚ ਵੀ ਹਨ। ਹਰ ਫੁੱਲ, ਪੱਤੀ, ਰੁੱਖ ਅਤੇ ਜੀਵ ਦਾ ਆਪਣਾ ਇਕ ਰੰਗ ਹੈ ਅਤੇ ਆਪਣਾ ਇਕ ਢੰਗ ਹੈ ਅਤੇ ਆਪਣੀ ਹੀ ਖ਼ੂਬਸੂਰਤੀ ਹੈ। ਸਾਰੇ ਫੁੱਲ, ਪੱਤੇ, ਟਾਹਣੀਆਂ ਅਤੇ ਰੁੱਖ ਮਿਲਕੇ ਜੰਨਤ ਵਰਗਾ ਨਜ਼ਾਰਾ ਪੇਸ਼ ਕਰਦੇ ਹਨ ਪਰ ਅਲੱਗ ਹੋਣ ਤੇ ਝੂਰਦੇ ਨਹੀਂ ਹਨ। ਸੂਰਜ, ਚੰਦ ਤਾਰੇ ਸਭ ਵੱਖਰੇ-ਵੱਖਰੇ ਰੂਪ ਵਿਚ ਆਪੋ ਆਪਣੇ ਟਰੈਕ ਤੇ ਹਨ। ਇਕ ਦੂਜੇ ਨਾਲ ਇਕ ਚੁੰਬਕੀ ਸ਼ਕਤੀ ਨਾਲ ਜੁੜੇ ਵੀ ਹੋਏ ਹਨ ਅਤੇ ਆਪਣਾ ਵੱਖਰਾ ਅਸਤਿਤਵ ਵੀ ਰਖਦੇ ਹਨ। ਦਿਨ ਚਲਾ ਜਾਂਦਾ ਹੈ, ਰਾਤ ਆ ਜਾਂਦੀ ਹੈ। ਸੂਰਜ ਚਲਾ ਜਾਂਦਾ ਹੈ ਤੇ ਚੰਦ ਆ ਜਾਂਦਾ ਹੈ। ਕਦੇ ਚੰਦ ਇਕੱਲਾ ਹੋਣ ਤੇ ਵੀ ਬੰਦੇ ਨੂੰ ਇਕੱਲਾ ਨਹੀਂ ਲਗਦਾ ਅਤੇ ਕਦੇ ਤਾਰੇ ਸਾਰੇ ਹੋਣ ਤੇ ਵੀ ਬੰਦੇ ਨੂੰ ਤਨਹਾ ਦਿਖਾਈ ਦਿੰਦੇ ਹਨ।

ਅਸਲ ਵਿਚ ਮਨੁੱਖ ਇਸ ਸਾਰੇ ਬ੍ਰਹਿਮੰਡ ਵਿਚ ਵੱਖਰੇ ਤੌਰ ਤੇ ਵਿਕਸਿਤ ਹੋਇਆ ਹੈ। ਪਸ਼ੂ, ਪੰਛੀ ਵੀ ਨਸਲ ਵਧਾਉਂਦੇ ਹਨ, ਆਪਣੀ ਨਸਲ ਨੂੰ ਪਾਲਦੇ ਹਨ, ਉਹਨਾਂ ਨੂੰ ਉੱਡਣ/ਭਜੱਣ ਜੋਗਾ ਕਰਦੇ ਹਨ ਪਰ ਏਨਾ ਕਰਨ ਤੋਂ ਬਾਅਦ ਉਹਨਾਂ ਨੂੰ ਮੁਕਤ ਕਰ ਦਿੰਦੇ ਹਨ। ਮੁਕਤ ਕਰਨ ਦੇ ਕੁਦਰਤੀ ਵਰਦਾਨ ਕਰਕੇ ਹੀ ਇਹ ਕਦੇ ਆਈਸੋਲੇਟਿਡ ਨਹੀਂ ਹੁੰਦੇ। ਮੁਢਲੇ ਰੂਪ ਵਿਚ ਸੀਮਤ ਪੱਧਰ ਤੇ ਮੋਹ ਦਾ ਰਿਸ਼ਤਾ ਇਹਨਾਂ ਵਿਚ ਵੀ ਹੁੰਦਾ ਹੈ। ਜਦ ਕਿਤੇ ਕੋਈ ਮਾਦਾ ਪਸ਼ੂ ਆਪਣੀ ਕੁੱਖ ਵਿੱਚੋਂ ਨਵੇਂ ਜੀਵ ਨੂੰ ਜਨਮ ਦਿੰਦੇ ਹਨ ਤਾਂ ਬਹੁਤ ਮੋਹ ਕਰਦੇ ਹਨ, ਕਿਸੇ ਨੂੰ ਉਹਨਾਂ ਦੇ ਕੋਲ ਖੰਘਣ ਤੱਕ ਨਹੀਂ ਦਿੰਦੇ। ਕੁੱਤੀ/ਬਾਂਦਰੀ ਆਪਣੇ ਬੱਚਿਆਂ ਦੀ ਰਾਖੀ ਦੇ ਮਾਮਲੇ ਵਿਚ ਸਭ ਤੋਂ ਕੌੜ ਹੁੰਦੀਆਂ ਹਨ। ਪਰ ਹੌਲੀ ਹੌਲੀ ਸਹਿਜ ਹੋ ਜਾਂਦੀਆਂ ਹਨ ਅਤੇ ਆਪਣੀ ਜਿਣਸ ਨੂੰ ਭੁੱਲ ਜਾਂਦੀਆਂ ਹਨ। ਪਰ ਮਨੁੱਖ ਦਾ ਬਾਬਾ ਆਦਮ ਨਿਰਾਲਾ ਹੈ। ਜਦ ਜੁੜਦਾ ਹੈ ਤਾਂ ਟੁੱਟਣਾ ਔਖਾ ਹੋ ਜਾਂਦਾ ਹੈ, ਜਦ ਟੁੱਟਦਾ ਹੈ ਤਾਂ ਜੁੜਨਾ ਔਖਾ ਹੋ ਜਾਂਦਾ ਹੈ। ਜੁੜਦਾ ਏਨਾ ਹੈ ਕਿ ਇਥੋਂ ਤੱਕ ਕਹਿੰਦਾ ਹੈ :

'ਕੱਠਿਆਂ ਨੂੰ ਚੱਕ ਲਈ ਰੱਬਾ. ਜੋੜੀ ਵਿਚ ਭੰਗਣਾ ਨਾ ਪਾਈ..

ਤੇ ਟੁਟਦਾ ਏਨਾ ਹੈ ਕਿ ਲਕੀਰ ਖਿੱਚ ਲੈਂਦਾ ਹੈ:

ਅਸਾਂ ਵੈਲੀਆਂ ਨੇ ਵੈਲ ਪੁਗਾਉਣੇ, ਜੇ ਔਖੀ ਐਂ ਤਾਂ ਕੰਧ ਕੱਢ ਲੈ...

ਜਦ ਪਰਾਇਆ ਹੁੰਦਾ ਹੈ ਤਾਂ ਕਹਿੰਦਾ ਹੈ :

ਹੱਥ ਸੋਚ ਕੇ ਗੰਦਲ ਨੂੰ ਪਾਈ, ਨੀ ਕਿਹੜੀ ਐ ਤੂੰ ਸਾਗ ਤੋੜਦੀ

ਪਰ ਜਦ ਉਹੀ ਪਰਾਇਆ ਆਪਣਾ ਬਣ ਜਾਂਦਾ ਹੈ ਤਾਂ ਤੌਰ ਬਦਲ ਜਾਂਦੇ ਹਨ ਤੇ ਕਹਿੰਦਾ ਹੈ :

ਸਾਰਾ ਬਾਗ ਹਵਾਲੇ ਤੇਰੇ, ਤੂੰ ਹਸਦੀ ਨੇ ਫੁੱਲ ਮੰਗਿਆ...

ਜਦ ਤੋਂ ਮਨੁੱਖ ਅੰਦਰ ਦੂਜੇ ਜੀਵਾਂ ਦੇ ਮੁਕਾਬਲੇ ਸੋਝੀ ਵਿਕਸਿਤ ਹੋਈ ਤਦ ਤੋਂ ਉਸ ਲਈ ਇਕਾਂਤ ਅਤੇ ਮੇਲ ਦੇ ਅਰਥ ਬਦਲ ਗਏ। ਜੈਵਿਕ ਤੌਰ ਤੇ ਤਾਂ ਸਾਰੀਆਂ ਨਸਲਾਂ ਹੀ ਜੀਵ ਪੈਦਾ ਕਰਦੀਆਂ ਹਨ, ਪਾਲਦੀਆਂ ਵੀ ਹਨ ਪਰ ਮਨੁੱਖ ਜੈਵਿਕ ਰਿਸ਼ਤੇ ਤੋਂ ਬਾਅਦ ਜਦ ਆਰਥਿਕ ਅਤੇ ਸਮਾਜਿਕ ਰਿਸ਼ਤੇ ਵਿਚ ਬੱਝ ਗਿਆ ਤਾਂ ਰਿਸ਼ਤਿਆਂ ਦੀ ਦੁਨੀਆਂ ਹੀ ਬਦਲ ਗਈ। ਹੁਣ ਉਹ ਪਸ਼ੂਆਂ ਵਾਂਗ ਆਪਣੀ ਨਸਲ ਨੂੰ ਆਪਣੇ ਤੋਂ ਮੁਕਤ ਨਹੀਂ ਕਰਦਾ ਬਲਕਿ ਨਸਲ ਨੂੰ ਪਾਲਦਾ ਹੈ। ਨਰ ਅਤੇ ਮਾਦਾ ਦਾ ਇਹ ਰਿਸ਼ਤਾ, ਮਾਂ-ਬਾਪ ਤੋਂ ਚਲਕੇ ਉਹਨਾਂ ਰਾਹੀਂ ਹੁੰਦਾ ਹੋਇਆ, ਪੁੱਤਾਂ ਧੀਆਂ ਤੱਕ ਜਾਂਦਾ ਹੈ, ਫਿਰ ਧੇਤਿਆਂ-ਪੜੇਤਿਆਂ ਤੱਕ ਪਹੁੰਚਦਾ ਹੈ, ਫਿਰ ਗੋਤਾਂ, ਕਬੀਲਿਆਂ ਰਾਹੀਂ ਪਿੰਡ, ਦੇਸ਼ ਅਤੇ ਵਿਸ਼ਵ ਤੱਕ ਫੈਲ ਜਾਂਦਾ ਹੈ। ਇਹ ਮੋਹ ਦੀਆਂ ਤੰਦਾਂ ਉਸ ਨੂੰ ਘੱਟ ਜਾਂ ਵੱਧ ਇਕ ਦੂਜੇ ਨਾਲ ਜੋੜੀਂ ਰਖਦੀਆਂ ਹਨ। ਮਾਂ ਰਾਹੀਂ ਉਹ ਉਗਦਾ ਹੈ, ਭਾਸ਼ਾ ਰਾਹੀਂ ਉਹ ਫੈਲਦਾ ਹੈ ਅਤੇ ਧਰਤੀ ਰਾਹੀਂ ਉਹ ਮੌਲਦਾ ਹੈ। ਇਹ ਸਾਰੀਆਂ ਰਿਸ਼ਤੇ ਉਸ ਦੇ ਆਈਸੋਲੇਸ਼ਨ ਨੂੰ ਤੋੜ ਕੇ ਮੇਲ ਰਾਹੀਂ ਜ਼ਿੰਦਗੀ ਨੂੰ ਮੇਲਾ ਬਣਾ ਦਿੰਦੀਆਂ ਹਨ ਅਤੇ ਬੰਦਾ ਇਕੱਲਤਾ ਦੇ ਤਣਾਅ ਤੋਂ ਮੁਕਤ ਹੋ ਕੇ ਮੇਲੇ ਦੇ ਰੰਗ ਵਿਚ ਰੰਗਿਆ ਰਹਿੰਦਾ ਹੈ।

ਪਿੰਡ ਸਦੀਆਂ ਤਕ ਜ਼ਮੀਨ ਰਾਹੀਂ ਸਥਾਈ ਰਿਸ਼ਤਿਆਂ ਦੇ ਕਿੱਲੇ ਨਾਲ ਬੱਝੇ ਰਹੇ, ਪਰ ਜਦ ਤੋਂ ਸ਼ਹਿਰ ਵਿਕਸਿਤ ਹੋਏ ਤਾਂ ਬੰਦੇ ਨੇ ਆਇਸੋਲੇਟ ਹੋਣਾ ਸ਼ੁਰੂ ਕਰ ਦਿੱਤਾ। ਕਿਉਂਕਿ ਸ਼ਹਿਰ ਦਾ ਧਰਤੀ ਨਾਲ ਕੋਈ ਸਬੰਧ ਨਹੀਂ ਹੁੰਦਾ। ਸ਼ਹਿਰ ਪਰਜੀਵੀ ਮਾਨਸਿਕਤਾ ਨਾਲ ਉੱਸਰਿਆ ਹੁੰਦਾ ਹੈ। ਪਿੰਡ ਧਰਤੀ ਨੂੰ ਸਾਂਭਦਾ ਵੀ ਸੀ ਅਤੇ ਵਰਤਦਾ ਵੀ ਸੀ ਪਰ ਸ਼ਹਿਰ ਸਿਰਫ ਧਰਤੀ ਨੂੰ ਵਰਤਦਾ ਹੈ, ਉਸ ਨਾਲ ਰਿਸ਼ਤੇ ਨਹੀਂ ਜੋੜਦਾ। ਸ਼ਹਿਰ ਨੇ ਜ਼ਮੀਨ ਦੇ 'ਵਿੱਚੋਂ' ਨਹੀਂ ਖਾਣਾ ਹੁੰਦਾ, ਜ਼ਮੀਨ ਦੇ 'ਉੱਤੋਂ' ਖਾਣਾ ਹੁੰਦਾ ਹੈ। ਭਾਵ ਉਸ ਨੂੰ ਜ਼ਮੀਨ ਦੀ ਲੋੜ ਉਸ ਵਿਚੋਂ ਕੁਝ ਪੈਦਾ ਕਰਨ ਲਈ ਨਹੀਂ ਹੁੰਦੀ, ਬਲਕਿ ਉਸ ਨੂੰ ਜ਼ਮੀਨ ਦੀ ਲੋੜ ਉਸ ਦੀ ਉਪਰਲੀ ਸਤਾ ਤੇ ਘਰ, ਦੁਕਾਨ ਅਤੇ ਕਾਰਖਾਨੇ ਲਾਉਣ ਦੇ ਰੂਪ ਵਿਚ ਹੁੰਦੀ ਹੈ। ਉਹ ਇਕ ਥਾਂ ਨਹੀਂ ਲਾਏਗਾ ਕਿਤੇ ਹੋਰ ਥਾਂ ਤੇ ਲਾ ਲਏਗਾ। ਇਸ ਲਈ ਉਸ ਨੇ ਧਰਤੀ ਨੂੰ ਉੱਪਰੋਂ ਤਾਂ ਸਾਫ ਕਰ ਲਿਆ ਪਰ ਆਪਣੀ ਸਾਰੀ ਗੰਦਗੀ ਜਲ ਅਤੇ ਥਲ ਦੇ ਅੰਦਰ ਰੋੜ ਦਿੱਤੀ। ਉਸ ਦਾ ਧਰਤੀ ਨਾਲ ਮੋਹ ਦਾ ਰਿਸ਼ਤਾ ਨਹੀਂ ਸੀ ਬਲਕਿ ਹਰ ਵਿੰਗੇ-ਟੇਢੇ ਢੰਗ ਨਾਲ ਆਰਥਿਕ ਤਰਕੀ ਦਾ ਰਿਸ਼ਤਾ ਸੀ। ਇਸ ਲਈ ਨਾ ਧਰਤੀ ਮਾਂ ਰਹੀ, ਨਾ ਪਾਣੀ ਪਿਤਾ ਰਿਹਾ ਤੇ ਨਾ ਪੌਣ ਗੁਰੂ...ਸਭ ਕੁਝ ਵਰਤੋਂ ਦਾ ਸੰਦ ਬਣ ਗਿਆ। ਮਨੁੱਖ ਦੀ ਗੰਦਗੀ ਪਤਾਲ ਵਿਚ ਪਏ ਪਾਣੀਆਂ ਤੱਕ ਵੀ ਪਹੁੰਚ ਗਈ ਅਤੇ ਅਸਮਾਨ ਵਿਚ ਬਣੀ 'ਛਤਰੀ' ਤੱਕ ਵੀ ਪਹੁੰਚ ਗਈ। ਜੇ ਬੰਦੇ ਕੋਲ ਸਿਰ ਦੀ ਛੱਤ ਵੀ ਸਾਬਤ ਨਾ ਰਹੇ ਤੇ ਪੈਰਾਂ ਹੇਠਲੀ ਜ਼ਮੀਨ ਵੀ ਖਿਸਕ ਜਾਏ ਤਾਂ ਆਈਸੋਲੇਸ਼ਨ ਬੰਦੇ ਦੀ ਹੋਣੀ ਬਣ ਜਾਂਦੀ ਹੈ। ਪਿੰਡ ਲਈ ਜ਼ਮੀਨ ਮਾਂ ਹੁੰਦੀ ਸੀ। ਉਸ ਲਈ ਦੁੱਧ ਵੇਚਣਾ ਪੁੱਤ ਵੇਚਣ ਵਰਗਾ ਤੇ ਜ਼ਮੀਨ ਵੇਚਣੀ ਮਾਂ ਵੇਚਣ ਵਰਗੀ ਹੁੰਦੀ ਸੀ। ਇਸ ਲਈ ਉਸ ਦੌਰ ਵਿਚਣ ਸਾਧਾਰਨ ਜ਼ਿੰਦਗੀ ਵਿਚ ਕਿਤੇ ਵੀ ਆਈਸੋਲੇਸ਼ਨ ਨਹੀਂ ਹੁੰਦੀ ਸੀ। ਉਸ ਵਕਤ ਆਇਸੋਲੇਸ਼ਨ ਦਾ ਮਤਲਬ ਉਜਾੜਾ ਹੁੰਦਾ ਸੀ। ਕਿਸੇ ਵੱਡੀ ਆਫਤ ਕਰਕੇ ਹੀ ਕੋਈ ਬੰਦਾ ਪਿੰਡ ਛੱਡ ਕੇ ਕਿਤੇ ਜਾਂਦਾ ਸੀ। ਸੰਤਾਲੀ ਇਸੇ ਕਰਕੇ ਪੰਜਾਬੀਆਂ ਦੇ ਸੀਨੇ ਦਾ ਨਾਸੂਰ ਹੈ ਕਿਉਂਕਿ ਉਸ ਨੇ ਇੱਕੋ ਵੇਲੇ ਲੱਖਾਂ ਲੋਕਾਂ ਨੂੰ ਮਾਂ ਧਰਤੀ ਤੋਂ ਆਈਸੋਲੇਟ ਕਰ ਦਿੱਤਾ ਸੀ । ਇਸ ਲਈ ਇਸ ਆਈਸੋਲੇਸ਼ਨ ਦਾ ਦਰਦ ਉਸ ਦੇ ਪੋਟੇ ਪੋਟੇ ਵਿਚ ਹੈ। ਰਾਜਸੀ ਅਤੇ ਫਿਰਕੂ ਹਨੇਰੀਆਂ ਕਾਰਨ ਉਸ ਦਾ ਮਾਂ ਨਾਲੋਂ ਰਿਸ਼ਤਾ ਟੁੱਟ ਗਿਆ। ਪਰ ਦੋਸਤੋ ਮੋਹ ਦੇ ਰਿਸ਼ਤਿਆਂ ਦੇ ਟੁੱਟਣ ਨਾਲ ਬੰਦੇ ਦੇ ਅੰਦਰ ਬਹੁਤ ਕੁਝ ਟੁੱਟ ਜਾਂਦਾ ਹੈ ਤੇ ਬੰਦਾ ਸਾਰੀ ਉਸ ਟੁੱਟ-ਭੱਜ ਦੀਆਂ ਕੀਚਰਾਂ ਇੱਕਠੀਆਂ ਕਰਦਾ ਰਹਿੰਦਾ ਹੈ। ਮੇਰੇ ਨਾਟਕ ਜਦੋਂ ਧਰਤੀ ਡੋਲਦੀ ਹੈ ਦਾ ਇਕ ਗੀਤ ਇਸੇ ਉਜਾੜੇ ਦੀ ਪੀੜ ਨੂੰ ਜ਼ੁਬਾਨ ਦਿੰਦਾ ਹੈ :

ਕੇਹੀ ਕਲਹਿਣੀ ਰੁੱਤ ਸੀ ਓਹ..ਕਿਹੀ ਕਲਹਿਣੀ ਧੁੱਪ ਸੀ
ਅੰਦਰ ਸਭ ਦੇ ਚੀਖ ਸੀ ਤੇ ਬਾਹਰ ਸਭ ਦੇ ਚੁੱਪ ਸੀ
ਮੈਂ ਨੇ ਮੈਂ ਨੂੰ ਘੇਰਿਆ ਤੇ ਮੈਂ ਨੇ ਮੈਂ ਨੂੰ ਕੁੱਟਿਆ
ਮੈਂ ਨੇ ਮੈਂ ਨੂੰ ਚੂੰਢਿਆ, ਤੇ ਮੈਂ ਨੇ ਮੈਂ ਨੂੰ ਲੁੱਟਿਆ
ਜਿਸ ਮੈਂ ਦੀ ਪੱਤ ਨੂੰ ਲੁੱਟਿਆ, ਉਹ ਕਿਹੜੀ ਮੈਂ ਦਾ ਪੁੱਤ ਸੀ
ਕੇਹੀ ਕਲਹਿਣੀ ਰੁੱਤ ਸੀ ਓ..ਕਿਹੀ ਕਲਹਿਣੀ ਧੁੱਪ ਸੀ
ਅੰਦਰ ਸਭ ਦੇ ਚੀਖ ਸੀ ਤੇ ਬਾਹਰ ਸਭ ਦੇ ਚੁੱਪ ਸੀ

ਇਸ ਰੂਪ ਵਿਚ 'ਉਜਾੜੇ' ਮਨੁੱਖ ਲਈ ਕਿਸੇ ਹੋਰ ਧਿਰ ਵੱਲੋਂ ਦਿੱਤਾ ਪਹਿਲਾ ਆਈਸੋਲੇਸ਼ਨ ਬਣਦੇ ਹਨ। ਰਿਜ਼ਕ ਦੀ ਲੋੜ ਵਿੱਚੋਂ ਲੋਕ ਉਜੱੜਦੇ ਹਨ, ਪਰ ਪਨੀਰੀ ਵਾਂਗੂ ਇਕ ਥਾਂ ਤੋਂ ਪੁੱਟ ਕੇ ਦੂਜੀ ਥਾਂ ਤੇ ਜੜਾਂ ਲਾਉਣਾ ਕਿੰਨਾ ਔਖਾ ਹੈ, ਇਹ ਉਹਨਾਂ ਉਜੜਨ ਵਾਲਿਆਂ ਨੂੰ ਹੀ ਪਤਾ ਹੁੰਦਾ ਹੈ। ਪਨੀਰੀ ਦਾ ਉਹ ਹਿੱਸਾ ਹੀ ਸਾਡੇ ਯਾਦ ਰਹਿੰਦਾ ਹੈ, ਜਿਹੜਾ ਉੱਗ ਪੈਂਦਾ ਹੈ, ਉਹ ਹਿੱਸਾ ਕਿਸੇ ਦੇ ਯਾਦ ਨਹੀਂ ਰਹਿੰਦਾ, ਜਿਹੜਾ ਜੜ ਨਾ ਲੱਗਣ ਕਰਕੇ ਧਰਤੀ ਵਿਚ ਹੀ ਗੱਲ ਕੇ ਅਉਧ ਵਿਹਾ ਬੈਠਦਾ ਹੈ। ਤੁਸੀਂ ਇਸ ਨੂੰ 'ਸਰਵਾਈਵਲ ਆਫ ਦਾ ਫਿਟੱਸਟ' ( ) ਕਹਿ ਸਕਦੇ ਹੋ , ਪਰ ਮੇਰੀਆਂ ਨਜ਼ਰਾਂ ਵਿਚ ਇਹ ਸ਼ੈਤਾਨੀ ਤਾਕਤਾਂ ਵੱਲੋਂ ਸੱਤਾ ਦੀ ਹਵਸ ਲਈ ਕੀਤਾ ਗਿਆ ਸਮੂਹਕ ਕਤਲੇਆਮ ਹੀ ਹੁੰਦਾ ਹੈ। ਰਿਫਿਊਜ਼ੀ ਸ਼ਬਦ ਅਜੇ ਵੀ ਬਹੁਤ ਸਾਰੇ ਲੋਕਾਂ ਦੇ ਸਿਰਾਂ ਵਿਚ ਵਦਾਣ ਵਾਂਗੂ ਵੱਜਦਾ ਹੈ। ਇਹ ਰਿਫਿਊਜ਼ੀ ਸਿਰਫ ਸ਼ਰਨ () ਲੈਣ ਵਾਲੇ ਹੀ ਨਹੀਂ ਹੁੰਦੇ.. ਰਿਫਿਊਜ਼ () ਕੀਤੇ ਲੋਕ ਵੀ ਹੁੰਦੇ ਹਨ, ਜਿੰਨਾਂ ਨੂੰ ਪਹਿਲਾਂ ਤੋਂ ਸਥਾਪਤ ਧਿਰਾਂ ਲੰਮੇ ਸਮੇਂ ਤੱਕ ਸਵੀਕਾਰਦੀਆਂ ਨਹੀਂ ਦੁਰਕਾਰਦੀਆਂ ਹਨ ਅਤੇ ਉਹ ਦਹਾਕਿਆਂ ਤੱਕ ਆਈਸੋਲੇਸ਼ਨ ਦੀ ਜ਼ਿੰਦਗੀ ਹੰਢਾਉਂਦੇ ਹਨ। ਆਈਸੋਲੇਟ ਹੋਣ ਤੋਂ ਬਾਅਦ ਜੁੜਨਾ ਕੋਈ ਸਹਿਜ ਅਮਲ ਨਹੀਂ ਹੁੰਦਾ।

ਸ਼ਹਿਰੀਅਤ ਬਾਰੇ ਇਹ ਕਿਹਾ ਜਾਂਦਾ ਹੈ ਕਿ ਉੱਥੇ 'ਵਣ-ਵਣ ਦੀ ਲਕੜੀ' ਇਕੱਠੀ ਹੁੰਦੀ ਹੈ। ਇਸ ਲਈ ਉਸ 'ਵਣ-ਵਣ ਦੀ ਲਕੜੀ' ਦਾ ਆਪਸ ਵਿਚ ਨਾ ਜੈਵਿਕ, ਨਾ ਸਮਾਜਿਕ ਅਤੇ ਨਾ ਭਾਵਨਾਤਮਕ ਰਿਸ਼ਤਾ ਹੁੰਦਾ ਹੈ ਅਤੇ ਇਸੇ ਲਈ ਇਹ ਬਜ਼ਾਰ ਦੀ ਉਸ ਬੇਇੰਤਹਾ ਭੀੜ ਵਿਚ ਵੀ ਆਇਸ਼ੋਲੇਟਿਡ ਰੂਪ ਵਿਚ ਰਹਿੰਦੀ ਹੈ, ਜਿੱਥੇ ਤਿਲ ਸੁੱਟਿਆਂ ਭੁੰਜੇ ਨਹੀਂ ਡਿਗਦਾ ਹੁੰਦਾ। ਤਨਵੀਰ ਬੁਖਾਰੀ ਦਾ ਸ਼ਿਅਰ ਹੈ :

ਮਰ ਗਿਆ ਤਨਵੀਰ ਕੋਈ, ਨਾ ਕਿਸੇ ਨੂੰ ਖਬਰ
ਨਾਲ ਦੇ ਕਮਰੇ 'ਚ ਰੇਡੀਓ ਵਜੱਦਾ ਰਿਹਾ

ਸ਼ਹਿਰੀ ਸਭਿਅਤਾ ਨੇ ਸਾਨੂੰ ਵਿਕਾਸ ਦਾ ਜੋ ਮਾਡਲ ਦਿੱਤਾ, ਉਸ ਵਿਚ ਭੌਤਿਕ ਸੁਖ-ਸੁਵਿਧਾਵਾਂ ਤਾਂ ਅਥਾਹ ਹਨ, ਪਰ ਮੋਹ ਦੇ ਰਿਸ਼ਤੇ ਨਹੀਂ ਹਨ। ਇਹ ਠੀਕ ਹੈ ਕਿ ਪੂੰਜੀ ਆਧਾਰਿਤ ਜੀਵਨ ਜਾਚ ਵਿਚ ਰਿਸਤਿਆਂ ਦਾ ਰਵਾਇਤੀ ਨੈਟਵਰਕ ਟੁੱਟਣਾ ਹੀ ਸੀ, ਪਰ ਨਵਾਂ ਕੀ ਸਿਰਜਿਆ ? ਅਸੀਂ ਜਿਸ ਜੀਵਨ ਜਾਚ ਦਾ ਹਿੱਸਾ ਬਣੇ, ਉਸ ਜੀਵਨ ਜਾਚ ਵਿਚ ਰਿਸ਼ਤਿਆਂ ਦੀ 'ਸਪੇਸ' ਤਾਂ ਲਗਤਾਰ ਘਟਦੀ ਹੈ ਤੇ ਰਿਸ਼ਤਿਆਂ ਦਾ 'ਹੇਰਵਾ' ਲਗਾਤਾਰ ਵਧਦਾ ਹੈ। ਇਸ ਹੇਰਵੇ ਅਤੇ ਆਈਸੋਲੇਸ਼ਨ ਵਿੱਚੋਂ ਹੀ ਅਸੀਂ ਸੂਚਨਾ ਅਤੇ ਤਕਨੀਕ ਦੀ ਮਦਦ ਨਾਲ 'ਆਨਲਾਈਨ ਟੱਬਰ' ਬਣਾ ਲਏ। ਉਥੇ ਅਸੀਂ ਕੱਚੇ ਘਰਾਂ ਦੀ ਫੋਟੋਆਂ ਪਾ ਕੇ ਤੇ ਇਹ ਕਹਿ ਕੇ ਅਨੰਦ ਤਾਂ ਲੈ ਲੈਂਦੇ ਹਾਂ ਕਿ 'ਪਹਿਲਾਂ ਘਰ ਕੱਚੇ ਸੀ ਪਰ ਰਿਸ਼ਤੇ ਪੱਕੇ ਸੀ' ਪਰ ਉਹ ਕੱਚੇ ਘਰ ਸਾਡੀ ਜੀਵਨ ਜਾਚ ਦਾ ਹਿੱਸਾ ਨਹੀਂ ਬਣ ਸਕਦੇ। ਬਸ ਉਹਨਾਂ ਪ੍ਰਤੀ ਸਾਡਾ ਹੇਰਵਾ ਸਟੇਟਸ ਅਪਡੇਟ ਕਰਨ ਤਕ ਸੀਮਤ ਹੋ ਜਾਂਦਾ ਹੈ।

ਇਹ ਕੱਚੇ ਰਿਸ਼ਤੇ ਅੱਜ ਦੀ ਜ਼ਿੰਦਗੀ ਦਾ ਸੱਚ ਹਨ। ਅਸੀਂ ਜਿੰਨੇ ਮਰਜੀ ਇਕ ਦੂਜੇ ਦੇ ਨਾਲ ਜੁੜੇ ਹੋਣ ਦਾ ਭਰਮ ਪਾਲਦੇ ਹਾਂ ਪਰ ਅਸਲ ਵਿਚ ਅੱਜ ਦਾ ਮਨੁੱਖ ਆਈਸੋਲੇਸ਼ਨ ਦੇ ਫੇਜ਼ ਵਿਚ ਹੈ। ਉਸ ਦਾ ਆਪਣੇ ਆਲੇ-ਦੁਆਲੇ ਅਤੇ ਕੁਦਰਤ ਨਾਲ ਰਿਸ਼ਤਾ ਬਹੁਤ ਕੈਜ਼ੂਅਲ ਹੈ। ਨਾ ਸਾਨੂੰ ਕਿਸੇ ਦਰਖਤ ਵੱਢਣ ਤੇ ਪੀੜ ਹੁੰਦੀ ਹੈ ਤੇ ਨਾ ਰਿਸ਼ਤੇ ਦੇ ਟੁੱਟਣ ਤੇ ਪੀੜ ਹੁੰਦੀ ਹੈ। ਇਸੇ ਕਰਕੇ ਅਸੀਂ ਹਰ ਥਾਂ ਤੇ 'ਯੂਜ ਐਂਡ ਥਰੋ' ਦੀ ਨੀਤੀ ਆਪਣਾਉਂਦੇ ਹਾਂ। ਕੁਦਰਤ ਦੇ ਮਾਮਲੇ ਵਿਚ ਵੀ, ਜੈਵਿਕ ਰਿਸ਼ਤਿਆਂ ਦੇ ਮਾਮਲੇ ਵਿਚ ਵੀ ਅਤੇ ਸਮਜਿਕ ਸਬੰਧਾਂ ਦੇ ਮਾਮਲੇ ਵਿਚ ਵੀ । ਨਿਊਕਲੀਅਰ ਪਰਿਵਾਰਾਂ ਦੇ ਖੋਲ ਵਿਚ 'ਢਾਈ ਟੋਟਰੂਆਂ' ਨਾਲ ਰਹਿਣ ਵਾਲਾ ਹਰ ਸ਼ਖਸ ਅੱਜ ਆਈਸੋਲੇਸ਼ਨ ਵਿਚ ਹੈ। ਬੰਦੇ ਕੋਲ ਇਕ ਦੂਜੇ ਨੂੰ ਮਿਲਣ ਦਾ ਵਕਤ ਤਾਂ ਕੀ ਹੋਣਾ ਸੀ, ਆਪਣੇ ਆਪ ਨੂੰ ਮਿਲਣ ਦਾ ਵਕਤ ਵੀ ਨਹੀਂ ਹੈ। ਇਸ ਆਈਸੋਲੇਸ਼ਨ ਨੂੰ ਤੋੜਨ ਲਈ ਹੀ ਉਹ ਸਿੱਧੇ ਰੂਪ ਵਿਚ ਫੇਸਬੁੱਕ ਆਦਿ ਸੋਸ਼ਲ ਮਾਧਿਅਮਾਂ, ਅਤੇ ਅਸਿੱਧੇ ਰੂਪ ਵਿਚ ਇਨਬਾਕਸਾਂ ਰਾਹੀਂ ਉਹ ਇਕ ਦੂਜੇ ਨਾਲ ਜੁੜਦਾ ਹੈ। ਪਰ ਉਥੇ ਤੁਹਾਡਾ ਉਹ ਜੁੜਾਵ ਕਦੇ ਨਹੀਂ ਬਣਦਾ। ਕਿੰਨੇ ਲੋਕ ਹਨ ਜੋ ਆਪਣੇ ਫੇਸਬੁੱਕ ਦੋਸਤਾਂ ਦੇ ਕੁਝ ਦਿਨ ਗ਼ੈਰ ਹਾਜ਼ਿਰ ਹੋਣ ਤੇ ਇਕ ਦੂਜੇ ਦੀ ਕਮੀ ਮਹਿਸੂਸ ਕਰਦੇ ਹਨ ਅਤੇ ਉਹਨਾਂ ਨਾਲ ਨਿਜੀ ਸੰਪਰਕ ਕਰਦੇ ਹਨ ? ਅਕਸਰ ਲੋਕ ਕਹਿੰਦੇ ਹਨ ਕਿ ਅੱਜ ਮੈਂ ਆਪਣੀ ਫੇਸਬੁੱਕ ਵਿੱਚੋਂ ਵੀਹ, ਪੰਜਾਹ, ਸੌ ਜਾਂ ਇਸ ਤੋਂ ਵੀ ਵੱਧ 'ਸਲੀਪਿੰਗ ਸੈਲਾਂ' ਦੀ ਸਫ਼ਾਈ ਕਰ ਦਿੱਤੀ। ਸਵਾਲ ਇਹ ਉਠਦਾ ਹੈ ਕਿ ਉਹ ਤੁਹਾਡੇ ਨਾਲ ਜੁੜੇ ਕਿਉਂ ਸੀ ? ਸਾਡੇ ਰਵਾਇਤੀ ਪ੍ਰਬੰਧ ਵਿਚ ਇਸ ਤਰਾਂ ਨਹੀਂ ਹੁੰਦਾ ਸੀ। ਉੱਥੇ ਤੁਹਾਡੇ ਰਿਸ਼ਤੇ ਪਰਮਾਨੈਂਟ ਸੀ, ਸਟੇਟਸ ਨਹੀਂ ਸੀ। ਹੋ ਸਕਦਾ ਹੈ, ਤੁਸੀਂ ਕਿਸੇ ਨੂੰ ਮਿਲ ਨਾ ਵੀ ਪਾਉਂਦੇ ਹੋਵੋਂ, ਪਰ ਉਹ ਤੁਹਾਡੀ ਮੈਮਰੀ ਵਿੱਚੋਂ ਡੀਲੀਟ ਨਹੀਂ ਹੁੰਦੇ ਸੀ। ਹੁਣ ਸੈਂਕੜੇ ਰਿਸ਼ਤੇ ਤੁਹਾਡੇ ਮਨ ਦੀ ਛਤਰੀ ਤੋਂ ਫੁਰਰਰਰ ਕਰ ਕੇ ਉੱਡ ਜਾਂਦੇ ਨੇ, ਪਰ ਤੁਹਾਨੂੰ ਅਹਿਸਾਸ ਤਕ ਨਹੀਂ ਹੁੰਦਾ। ਜੋ ਬਾਕੀ ਰਹਿ ਜਾਂਦੇ ਹਨ, ਉਹਨਾਂ ਵਿੱਚੋਂ ਕੁਝ ਦੀ ਸਫ਼ਾਈ ਤੁਸੀਂ ਆਪ ਕਰਦੇ ਰਹਿੰਦੇ ਹੋ। ਇਹ ਹੈ ਅੱਜ ਦੇ ਦੌਰ ਦਾ 'ਸਵੱਛਤਾ ਅਭਿਆਨ'।

ਜੇ ਤੁਸੀਂ ਅੱਜ ਦੇ ਦੌਰ ਵਿਚ ਵੀ ਆਈਸ਼ੋਲੇਸ਼ਨ ਦੀ ਥਾਂ ਤੇ ਮੇਲ ਵਿਚ ਹੋ ਤਾਂ ਬਹੁਤ ਕੁਝ ਤੁਹਾਡੇ ਅਵਚੇਤਨ ਵਿਚ ਸਾਂਭਿਆ ਰਹਿੰਦਾ ਹੈ। ਮੈਂ ਅਜਿਹੇ ਕਈ ਲੋਕਾਂ ਨੂੰ ਜਾਣਦਾ ਹਾਂ, ਜੋ ਆਪਣੇ ਫੋਨਾਂ ਜਾਂ ਫੇਸਬੁੱਕਾਂ ਵਿਚੋਂ ਉਹਨਾਂ ਲੋਕਾਂ ਦੇ ਨੰਬਰ ਜਾਂ ਅਕਾਉਂਟ ਵੀ ਡੀਲੀਟ ਨਹੀਂ ਕਰਦੇ, ਜਿਹੜੇ ਇਸ ਦੁਨੀਆਂ ਵਿਚੋਂ ਜਾ ਚੁੱਕੇ ਹੁੰਦੇ ਹਨ ਤੇ ਬਹੁਤ ਸਾਰੇ ਅਜਿਹੇ ਹਨ ਜਿਹੜੇ ਮਾਂ-ਬਾਪ ਦੀਆਂ ਅੰਤਮ ਰਸਮਾਂ ਤੋਂ ਪਹਿਲਾਂ ਦੀ ਦੌਲਤ ਵੰਡਣ ਲਈ 'ਛਿੱਤਰੋ-ਛਿਤਰੀ' ਹੋ ਜਾਂਦੇ ਹਨ। ਆਈਸੋਲੇਸ਼ਨ ਤੁਹਾਡੇ ਮਨ ਦੀ ਅਵਸਥਾ ਹੈ। ਕਦੇ ਤੁਸੀਂ ਘਰ ਬੈਠੇ ਵੀ ਕਿਸੇ ਨਾਲ ਜੁੜੇ ਹੋਏ ਮਹਿਸੂਸ ਕਰਦੇ ਹੋ ਤੇ ਕਦੇ ਭੀੜ ਵਿਚ ਰਹਿ ਕੇ ਵੀ ਆਈਸੋਲੇਟ ਹੋ ਜਾਂਦੇ ਹੋ। ਅੱਜ ਦੇ ਮਨੁੱਖ ਦੀ ਸਥਿਤੀ ਮੇਲਾ ਦੇਖਦੇ ਉਸ ਬਾਲ ਵਰਗੀ ਹੈ, ਜਿਸ ਕੋਲੋਂ ਕਿਸੇ ਆਪਣੇ ਦੀ ਉਂਗਲ ਛੁੱਟ ਜਾਂਦੀ ਹੈ ਤੇ ਉਹ ਹਜ਼ਾਰਾਂ ਦੀ ਭੀੜ ਵਿਚ ਵੀ ਇਕੱਲਾ ਹੋ ਜਾਂਦਾ ਹੈ ਅਤੇ ਫਿਰ ਇਧਰ-ਉਧਰ ਦੌੜਦਾ 'ਬੇਗਾਨਿਆਂ' ਵਿੱਚੋਂ 'ਆਪਣੇ' ਪਛਾਨਣ ਦੀ ਕੋਸ਼ਿਸ਼ ਕਰਦਾ ਹੈ।

ਦਰਅਸਲ ਬੰਦਾ, ਭਾਵੇਂ ਇੱਕਲਾ ਹੋਵੇ ਜਾਂ ਭੀੜ ਵਿਚ ਹੋਵੇ, ਸਭ ਉਸ ਦੇ ਮਨ ਦੀ ਹੀ ਖੇਡ ਹੈ। ਜੇਕਰ ਉਹ ਮਨੁੱਖੀ ਸਬੰਧਾਂ ਵਿਚ ਬੱਝ ਕੇ ਬਾਮਕਸਦ ਕੰਮ ਕਰਦਾ ਹੈ, ਗ਼ਮ ਦੇ ਦੌਰ ਵਿਚ ਕਿਸੇ ਲਈ ਢਾਰਸ ਬਣਦਾ ਹੈ ਅਤੇ ਖੁਸ਼ੀਆਂ ਦੇ ਦੌਰ ਵਿਚ ਹੁਲਾਰਾ ਬਣਦਾ ਹੈ ਤਾਂ ਉਹ ਜਿੰਨਾ ਮਰਜੀ ਸਰੀਰਕ ਰੂਪ ਵਿਚ ਆਈਸੋਲੇਟ ਹੋ ਜਾਏ, ਰੂਹ ਪੱਖੋਂ ਆਈਸੋਲੇਟ ਨਹੀਂ ਹੁੰਦਾ। ਇਸ ਦੇ ਉਲਟ ਭਾਵੇਂ ਤੁਸੀਂ 5000 ਫੇਸਬੁੱਕ ਫਰੈਂਡ ਬਣਾਏ ਹੋਏ ਹੋਣ, ਪੈਸਿਆਂ ਜਾਂ ਰੁਤਬਿਆਂ ਦੇ ਜੋਰ ਤੇ ਆਪਣੇ ਆਲੇ ਦੁਆਲੇ ਭੀੜ ਇਕੱਠੀ ਕੀਤੀ ਹੋਵੇ, ਤਾਂ ਵੀ ਤੁਸੀਂ ਉਸ ਹਜ਼ੂਮ ਵਿਚ ਆਈਸੋਲੇਟਿਡ ਹੀ ਹੁੰਦੇ ਹੋ। ਚਾਪਲੂਸਾਂ ਦੇ ਘੇਰੇ ਵਿਚ ਘਿਰੇ ਅਜਿਹੇ ਲੋਕ ਸਮਰਥਕਾਂ ਦਾ ਭੁਲੇਖਾ ਤਾਂ ਪਾਲ ਲੈਂਦੇ ਹਨ, ਪਰ ਜਦ ਰੁਤਬਿਆਂ ਦੀਆਂ ਪੂਛਾਂ ਉਤਰ ਜਾਂਦੀਆਂ ਹਨ ਤਾਂ ਬੰਦਾ 'ਲੰਡਾ ਚਿੜਾ' ਹੀ ਰਹਿ ਜਾਂਦਾ ਹੈ ਜੋ ਨਾ ਘਰ ਦਾ ਹੁੰਦਾ ਹੈ, ਨਾ ਘਾਟ ਦਾ।

ਸੋ ਦੋਸਤੋ ! ਆਓ ਮਨ ਦੇ ਆਈਸੋਲੇਸ਼ਨ ਕੇਂਦਰਾਂ ਵਿਚ ਨਿਕਲੀਏ ਤੇ ਰੂਹ ਦੀ ਅਮੀਰੀ ਰਾਹੀਂ ਸੰਵੇਦਨਸ਼ੀਲ ਬਣਦੇ ਹੋਏ ਸੱਚੀਮੁੱਚੀ ਦੇ ਰਿਸਤਿਆਂ ਦਾ ਨੈਟਵਰਕ ਉਸਾਰੀਏ ਤਾਂ ਜ਼ਿੰਦਗੀ ਕਰੋਨਾ ਦੇ ਦੌਰ ਦੇ ਆਈਸੋਲੇਸ਼ਨਾਂ ਵਿਚ ਵੀ ਹਰੀ ਭਰੀ ਤੇ ਖ਼ੂਬਸੂਰਤ ਰਹੇਗੀ। ਸਾਨੂੰ ਜਿਉਣ ਲਈ ਹੇੜਾਂ ਨਹੀਂ ਚਾਹੀਦੀਆਂ ਹੁੰਦੀਆਂ। ਰਿਸ਼ਤੇ ਸੀਮਤ ਹੋਣ ਪਰ ਰੂਹ ਦੇ ਰਿਸ਼ਤੇ ਹੋਣ। ਇਹ ਰੂਹਾਂ ਦੇ ਰਿਸ਼ਤੇ ਤੁਹਾਡੀਆਂ ਐਫ ਡੀਆਂ ਹੁੰਦੇ ਹਨ, ਜਿਹੜੇ ਉਸ ਵਕਤ ਵੀ ਕੰਮ ਆਉਂਦੇ ਹਨ, ਜਦ ਬਾਕੀ ਐਫ ਡੀਆਂ ਮੁੱਕ ਜਾਂਦੀਆਂ ਹਨ। ਜਿਹੜੇ ਲੋਕ ਮਾਰੂਥਲਾਂ, ਉਜਾੜਾਂ, ਮਹਾਂਮਾਰੀਆਂ ਤੇ ਦੁਸ਼ਵਾਰੀਆਂ ਵਿਚ ਵੀ ਤੁਹਾਡੇ ਰੂਹ ਦੇ ਹਾਣ ਦੇ ਬਣੇ ਰਹਿੰਦੇ ਹਨ, ਤੁਸੀਂ ਉਹਨਾਂ ਨੂੰ ਸਰੀਰਕ ਜੱਫੀਆਂ ਭਾਵੇਂ ਨਾ ਵੀ ਪਾ ਸਕੋ, ਪਰ ਮਾਨਸਿਕ ਅਤੇ ਰੁਹਾਨੀ ਤੌਰ ਤੇ ਉਹ ਤੁਹਾਡੀ ਹੋਂਦ ਦਾ ਹਿੱਸਾ ਹੁੰਦੇ ਹਨ। ਫਿਰ ਕੋਹਾਂ ਦੂਰ ਬੈਠਾ ਬੰਦਾ ਵੀ ਇਹੋ ਕਹਿੰਦਾ ਹੈ :

ਤੇਰੀ ਆਈ ਮੈਂ ਮਰਜਾਂ, ਤੇਰਾ ਵਾਲ ਵੀ ਵਿੰਗਾ ਨਾ ਹੋਵੇ..

ਤੇ ਬੰਦਾ ਮਰਦਾ-ਮਰਦਾ ਵੀ ਜਿਉਂਦਾ ਹੋ ਜਾਂਦਾ ਹੈ।

# ਭਾਰਤ ’ਚ ਸਿੱਖਾਂ ਤੇ ਮੁਸਲਮਾਨਾਂ ਦੀ ਸਾਂਝ ਨ਼ਫਰਤੀ ਤਾਕਤਾਂ ਦਾ ਬਦਲ

**ਨ਼ਫਰਤ ਕਰਨ ਵਾਲੇ ਵਪਾਰੀ ਮੁਸਲਮਾਨਾਂ ਤੇ ਸਿੱਖਾਂ ਦੀ ਸਾਂਝ ਤੋਂ ਕਿਉਂ ਨਹੀਂ ਸਿਖਦੇ ?, ‘ਯੂਨਾਈਟਿਡ ਸਿੱਖਸ’ ਨੇ ਜਾਮਾ ਮਸਜਿਦ ਨੂੰ ਸੈਨੇਟਾਈਜ਼ ਕੀਤਾ, ਮੁਸਲਮਾਨ ਹਿੰਦੂ ਭਾਈਚਾਰੇ ਦੀ ਸਹਾਇਤਾ ਲਈ ਵੀ ਅੱਗੇ ਆਏ**

**- ਸੁਰਿੰਦਰਪਾਲ ਸਿੰਘ ਗੋਲਡੀ**

ਹੁਣੇ ਜਿਹੇ ਈਦ-ਉਲ-ਫਿਤਰ ਦੀ ਨਮਾਜ਼ ਤੋਂ ਪਹਿਲਾਂ ਸਿੱਖ ਜਥੇਬੰਦੀ ‘ਯੂਨਾਈਟਿਡ ਸਿੱਖਸ’ ਨੇ ਇਥੋਂ ਦੀ ਜਾਮਾ ਮਸਜਿਦ ਨੂੰ ਸੈਨੇਟਾਈਜ਼ ਕੀਤਾ। ਉਂਜ ਕਸ਼ਮੀਰ ਤੋਂ ਲੈ ਕੇ ਦੂਨੀਆ ਭਰ ਵਿਚ ਈਦ ਦੇ ਪਵਿੱਤਰ ਤਿਉਹਾਰ ’ਤੇ ਕਰੋਨਾਵਾਇਰਸ ਦਾ ਅਸਰ ਨਜ਼ਰ ਆ ਰਿਹਾ ਹੈ। ਪਵਿੱਤਰ ਸ਼ਹਿਰਾਂ ਮੱਕਾ ਅਤੇ ਮਦੀਨਾ ਵਾਲੇ ਮੁਲਕ ਸਾਊਦੀ ਅਰਬ ਵਿਚ ਲੋਕਾਂ ਨੂੰ ਸਿਰਫ਼ ਸਾਮਾਨ ਖ਼ਰੀਦਣ ਦੀ ਖੁੱਲ ਦਿੱਤੀ ਗਈ ਹੈ। ਯੂਨਾਈਟਿਡ ਸਿੱਖਸ ਦੇ ਮੈਂਬਰ ਪਰਮਿੰਦਰ ਸਿੰਘ ਨੇ ਦਸਿਆ ਕਿ ਉਹ ਸਿਰਫ਼ ਮਸਜਿਦ ਹੀ ਨਹੀਂ, ਸਗੋਂ ਗਿਰਜਾਘਰਾਂ ਅਤੇ ਮੰਦਰਾਂ ਦੀ ਸਫ਼ਾਈ ਵੀ ਕਰ ਰਹੇ ਹਨ। ‘ਅਸੀਂ ਧਰਮ ਦੇ ਆਧਾਰ ’ਤੇ ਕਿਸੇ ਨਾਲ ਵੀ ਵਿਤਕਰਾ ਨਹੀਂ ਕਰਦੇ। ਗੁਰੂ ਗ੍ਰੰਥ ਸਾਹਿਬ ਸਰਬ-ਸਾਂਝੀਵਾਲਤਾ ਦਾ ਸੰਦੇਸ਼ ਦਿੰਦਾ ਹੈ। ਅਸੀਂ ਨ਼ਫਰਤਾਂ ਦੇ ਵਿਰੁਧ ਸਾਂਝੀਵਾਲਤਾ ਨੂੰ ਲੈ ਕੇ ਸਾਰੇ ਮੰਦਰਾਂ ਅਤੇ ਗਿਰਜਿਆਂ ਵਿਚ ਪਿਛਲੇ 50 ਤੋਂ 60 ਦਿਨਾਂ ਦੌਰਾਨ ਕੰਮ ਕਰ ਰਹੇ ਹਾਂ।’ ਜਾਮਾ ਮਸਜਿਦ ਦੇ ਸ਼ਾਹੀ ਇਮਾਮ ਅਹਿਮਦ ਸ਼ਾਹ ਬੁਖਾਰੀ ਨੇ ਸਿੱਖਾਂ ਦੀ ਤਾਰੀਫ਼ ਕਰਦਿਆਂ ਕਿਹਾ ਕਿ ਇਹ ਸਮੇਂ ਦੀ ਲੋੜ ਹੈ ਕਿ ਲੋਕ ਇਕ-ਦੂਜੇ ਦਾ ਖਿਆਲ ਰੱਖਣ। ਸਾਨੂੰ ਸਿੱਖਾਂ ਦੀ ਸੇਵਾ ’ਤੇ ਮਾਣ ਹੈ।

ਇਤਿਹਾਸ ਹਮੇਸ਼ਾਂ ਇਸ ਗੱਲ ਦਾ ਗਵਾਹ ਰਿਹਾ ਹੈ ਕਿ ਜਿਸ ਨੇ ਵੀ ਆਪਣੇ ਰਾਜਕਾਲ ਦੌਰਾਨ ਨ਼ਫਰਤ, ਜ਼ੁਲਮ, ਜ਼ੁਲਮ ਜਾਂ ਸਮਾਜਕ ਨ਼ਫਰਤ ਦਾ ਜ਼ਹਿਰ ਫੈਲਾਇਆ, ਸੱਤਾ ਦੀ ਦੁਰਵਰਤੋਂ ਕੀਤੀ, ਉਹ ਰਾਜ ਕਦੇ ਵੀ ਸਥਿਰ ਨਹੀਂ ਰਹਿ ਸਕਿਆ।

ਔਰੰਗਜ਼ੇਬ, ਹਿਟਲਰ, ਸਟਾਲਿਨ, ਵਰਗੇ ਸ਼ਕਤੀਸ਼ਾਲੀ ਰਾਜ ਖਤਮ ਹੋ ਗਏ। ਪਰ ਇਸ ਦੇ ਬਾਵਜੂਦ ਤਾਨਾਸ਼ਾਹੀ ਰੁਝਾਨ ਦੇ ਨੇਤਾ ਪੈਦਾ ਹੁੰਦੇ ਰਹੇ। ਇਤਿਹਾਸ ਦੀਆਂ ਉਨਾਂ ਘਟਨਾਵਾਂ ਤੋਂ ਸਿਆਸਤਦਾਨਾਂ ਨੂੰ ਸਿੱਖਣਾ ਚਾਹੀਦਾ ਹੈ, ਜੋ ਲੋਕ ਹਿੱਤਾਂ ਲਈ ਹੋਣ। ਸਮਾਜ ਵਿਚ ਨ਼ਫਰਤ ਦਾ ਜ਼ਹਿਰ ਘੋਲਣ ਵਾਲੇ ਤੇ ਨਸਲਵਾਦੀ ਸਿਆਸਤ ਤਹਿਤ ਆਪਣਾ ਰਾਜ ਫੈਲਾਉਣ ਵਾਲੇ ਬਹੁਤਾ ਚਿਰ ਕਾਮਯਾਬ ਨਹੀਂ ਹੁੰਦੇ। ਮਹਾਂਮਾਰੀ ਦੇ ਦੌਰਾਨ ਵੀ ਭਗਵੇਂਵਾਦੀਆਂ ਨੇ ਭਾਰਤ ਵਿਚ ਨ਼ਫਰਤ ਦਾ ਕਾਰੋਬਾਰ ਕਰਨ ’ਤੇ ਜ਼ੋਰ ਦਿੱਤਾ ਹੈ। ਗੋਦੀ ਮੀਡੀਆ ਇਸ ਨ਼ਫਰਤੀ ਪ੍ਰਦੂਸ਼ਣ ਨੂੰ ਫੈਲਾਉਣ ਵਿਚ ਕਾਮਯਾਬ ਰਿਹਾ। ਪ੍ਰਮੁੱਖ ਉੱਘੇ ਲੇਖਕਾਂ ਅਤੇ ਪੱਤਰਕਾਰਾਂ ਨੇ ਵੀ ਇਸ ਸੰਦਰਭ ਵਿਚ ਫਿਰਕਾਪ੍ਰਸਤੀ ਦਾ ਰੰਗ ਭਰਨ ਦੀ ਕੋਸ਼ਿਸ਼ ਕੀਤੀ। ਇਸ ਦਾ ਨਾਮ ਕੋਰੋਨਾ ਜੇਹਾਦ ਵੀ ਰੱਖਿਆ ਗਿਆ। ਵਾਰ-ਵਾਰ ਟੈਲੀਮੀਡੀਆ ’ਤੇ ਇਹੀ ਪ੍ਰਚਾਰ ਕੀਤਾ ਗਿਆ।

ਸੱਤਾਧਾਰੀ ਧਿਰ ਵਲੋਂ ਇਸ ਨੂੰ ਰੋਕਿਆ ਨਾ ਗਿਆ। ਗੱਲ ਇਸ ਹੱਦ ਤੱਕ ਵਧ ਗਈ ਕਿ ਮੁਸਲਮਾਨਾਂ ਨੂੰ ਕੋਰੋਨਾ ਬੰਬ ਕਹਿ ਕੇ ਤੇ ਕੋਰੋਨਾ ਫੈਲਾਉਣ ਵਾਲੇ ਲੋਕ ਦੱਸ ਕੇ ਉਨਾਂ ਦਾ ਸਾਮਾਜਿਕ ਬਾਈਕਾਟ ਕੀਤਾ ਗਿਆ। ਗਲੀਆਂ, ਮੁਹੱਲਿਆਂ ਵਿਚ ਉਨਾਂ ਦੀਆਂ ਰੇਹੜੀਆਂ ਨਾ ਲੱਗਣ ਦਿੱਤੀਆਂ। ਦਿੱਲੀ, ਯੂਪੀ ਵਿਚ ਇਹ ਦ੍ਰਿਸ਼ ਬਹੁਤੇ ਦੇਖੇ ਗਏ। ਭਾਜਪਾ ਦੇ ਸੀਨੀਅਰ ਵਿਧਾਇਕ ਅਤੇ ਸੀਨੀਅਰ ਲੀਡਰ ਮੁਸਲਮਾਨਾਂ ਦੇ ਵਿਰੁੱਧ ਨ਼ਫਰਤੀ ਪ੍ਰਚਾਰ ਕਰਦੇ ਦੇਖੇ ਗਏ।

ਪਰ ਸਿੱਖ ਇਸ ਸੰਦਰਭ ਵਿਚ ਸੇਵਾ ਪੱਖੋਂ ਅੱਗੇ ਆਏ। ਇਸ ਦੇ ਨਾਲ ਮੁਸਲਮਾਨ ਵੀ ਸਿੱਖਾਂ ਵਾਂਗ ਗਰੀਬਾਂ ਦੀ ਸੇਵਾ ਵਿਚ ਜੁਟ ਗਏ। ਉਨਾਂ ਨੇ ਮਜ਼ਦੂਰਾਂ ਨੂੰ ਬਿਨਾਂ ਜਾਤੀ, ਧਰਮ ਪੁਛਿਆਂ ਭੋਜਨ, ਪਾਣੀ, ਜੁੱਤੀਆਂ, ਚੱਪਲਾਂ, ਦਵਾਈਆਂ, ਆਰਾਮ ਸਥਾਨ ਅਤੇ ਨਕਦ




ਵਰਗੀਆਂ ਸਹੂਲਤਾਂ ਦਿੱਤੀਆਂ।

ਪੱਛਮੀ ਬੰਗਾਲ ਦੇ ਮਾਲਦਾ ਜ਼ਿਲੇ ਦੇ ਲੋਹਿਆਟਲਾ ਪਿੰਡ ਵਿੱਚ ਵਿਨੈ ਸਾਹਾ ਨਾਮ ਦੇ ਇੱਕ ਬਜ਼ੁਰਗ ਵਿਅਕਤੀ ਦੀ ਮੌਤ ਹੋ ਗਈ। ਸਾਹਾ ਪਰਿਵਾਰ ਇਸ ਪਿੰਡ ਦਾ ਇਕਲੌਤਾ ਹਿੰਦੂ ਪਰਿਵਾਰ ਹੈ ਅਤੇ ਇਥੇ ਸੌ ਤੋਂ ਵੱਧ ਮੁਸਲਿਮ ਪਰਿਵਾਰ ਹਨ। ਸਾਹਾ ਪਰਿਵਾਰ ਦੇ ਸਾਰੇ ਮੁਸਲਮਾਨ ਗੁਆਂਢੀ ਦੀ ਦੁੱਖ ਤਕਲੀ਼ਫ ਦੌਰਾਨ ਸਹਾਰਾ ਬਣੇ। ਉਨਾਂ ਨੇ ਇਸ ਹਿੰਦੂ ਪਰਿਵਾਰ ਦੀਆਂ ਸਾਰੀਆਂ ਧਾਰਮਿਕ ਜਿੰਮੇਵਾਰੀਆਂ ਨਿਭਾਉਣ ਵਿਚ ਸਹਿਯੋਗ ਕੀਤਾ। ਤਾਲਾਬੰਦੀ ਹੋਣ ਕਾਰਨ ਹਿੰਦੂ ਪਰਿਵਾਰ ਦੇ ਰਿਸ਼ਤੇਦਾਰ ਪਹੁੰਚ ਨਾ ਸਕੇ, ਪਰ ਮੁਸਲਮਾਨ ਉਨਾਂ ਦਾ ਭਾਈਚਾਰਾ ਹੋ ਗਏ। ਮ੍ਰਿਤਕ ਦੇਹ ਨੂੰ 15 ਕਿਲੋਮੀਟਰ ਦੂਰ ਸ਼ਮਸ਼ਾਨਘਾਟ ਲਿਜਾਣਾ ਸੰਭਵ ਨਹੀਂ ਸੀ। ਪਰ ਪਿੰਡ ਦੇ ਸਾਰੇ ਮੁਸਲਮਾਨਾਂ ਨੇ ਆਪਣੇ ਵਹੀਕਲ ਸ਼ਮਸ਼ਾਨਘਾਟ ਲਈ ਪਰਿਵਾਰ ਨੂੰ ਦਿੱਤੇ।

ਬਹੁਤ ਸਾਰੀਆਂ ਥਾਵਾਂ ‘ਤੇ, ਮੁਸਲਮਾਨ ਰੋਜ਼ੇ ਦੌਰਾਨ ਆਪਣੇ ਵਰਤ ਨੂੰ ਤੋੜਦੇ ਹੋਏ ਅਤੇ ਆਪਣੇ ਹਿੰਦੂ ਭਰਾ ਜਾਂ ਭੈਣ ਦੀ ਜਾਨ ਬਚਾਉਣ ਲਈ ਖ਼ੂਨ ਦਾਨ ਕਰਦੇ ਵੇਖੇ ਗਏ। ਬਹੁਤ ਸਾਰੇ ਮੁਸਲਮਾਨਾਂ ਨੇ ਈਦ ਵਰਗੇ ਪਵਿੱਤਰ ਤਿਉਹਾਰ ’ਤੇ ਨਵੇਂ ਕੱਪੜੇ ਖਰੀਦਣ ਦੀ ਬਜਾਏ ਭੁੱਖੇ, ਪਿਆਸੇ ਅਤੇ ਪੈਦਲ ਮਜਦੂਰਾਂ ਦੀ ਸੇਵਾ ਵਿਚ ਪੈਸਾ ਖਰਚ ਕੀਤਾ। ਜੰਮੂ-ਕਸ਼ਮੀਰ ਵਿਚ ਕਸ਼ਮੀਰੀ ਮੁਸਲਮਾਨਾਂ ਨੇ ਇਕ ਸਿੱਖ ਦਾ ਸਸਕਾਰ ਖ਼ੁਦ ਕੀਤਾ। ਇਹ ਹਨ ਭਾਈਚਾਰੇ ਦੀਆਂ ਮਿਸਾਲਾਂ, ਜਿਸ ਨੇ ਮਨੁੱਖਤਾ ਨੂੰ ਜ਼ਿੰਦਾ ਰੱਖਿਆ ਹੋਇਆ ਹੈ, ਨਹੀਂ ਤਾਂ ਨ਼ਫਰਤਾਂ ਫੈਲਾਉਣ ਵਾਲੇ ਭਾਰਤ ਨੂੰ ਭਿਅੰਕਰ ਜੰਗਲ ਵਾਂਗ ਸਥਾਪਤ ਕਰ ਦਿੰਦੇ। ਲੋਕ ਕਦੇ ਵੀ ਨ਼ਫਰਤਾਂ ਵਿਚ ਜਿਉਂਦੇ ਨਹੀਂ ਰਹਿ ਸਕਦੇ। ਅਤਿ ਤੇ ਰੱਬ ਦਾ ਹਮੇਸ਼ਾ ਵੈਰ ਹੁੰਦਾ ਹੈ। ਇਹ ਅਹਿਸਾਸ ਭਾਰਤ ਦੇ ਸਿਆਸਤਦਾਨਾਂ ਨੂੰ ਵੀ ਕਰ ਲੈਣਾ ਚਾਹੀਦਾ ਹੈ।

# ਭਾਰਤ ਵਿਚ ਉਜੜੇ ਮਜਦੂਰਾਂ ਦੀ ਦਾਸਤਾਨ ਤੇ ਭਾਰਤੀ ਪ੍ਰਬੰਧ

**- ਰਜਿੰਦਰ ਸਿੰਘ**

ਭਾਰਤ ਵਿਚ ਉਜੜੇ ਮਜਦੂਰਾਂ ਦੀ ਦਾਸਤਾਨ ਬਹੁਤ ਦੁਖਾਂਤ ਹੈ। ਇਹ ਲੋਕ ਚਾਰੇ ਪਾਸਿਓਂ ਚਾਰ ਦਿਸ਼ਾਵਾਂ ਤੋਂ ਆ ਰਹੇ ਹਨ ਅਤੇ ਪਰ ਇਹ ਪਤਾ ਨਹੀਂ ਕਿੱਥੇ ਜਾ ਰਹੇ ਹਨ ? ਕੀ ਉਹ ਭਾਰਤ ਛੱਡ ਕੇ ਜਾ ਰਹੇ ਹਨ ? ਕੀ ਉਹ ਕਿਸੇ ਭਾਰਤ ਨਾਮ ਦੇ ਦੇਸ਼ ਦੇ ਨਿਵਾਸੀ ਹਨ ? ਇਹ ਸੁਆਲ ਮੈਂ ਆਪਣੇ ਆਪ ਨੂੰ ਪੁੱਛਦਾ ਹਾਂ ਕਿ ਆਖਿਰ ਇਹ ਆਪਣੇ ਦੇਸ ਵਿਚੋਂ ਕਿਉਂ ਉਜੜ ਰਹੇ ਹਨ। ਇਸ ਕੋਰੋਨਾ ਵਾਇਰਸ ਨੇ ਇਹ ਸਾਬਤ ਕਰ ਦਿੱਤਾ ਕਿ ਭਾਰਤ ਇਕਮੁੱਠ ਨਹੀਂ ਹੈ। ਗਰੀਬਾਂ ਦਾ ਭਾਰਤ ਹੋਰ ਹੈ ਤੇ ਪੂੰਜੀਪਤੀਆਂ ਦਾ ਹੋਰ। ਇਹ ਦ੍ਰਿਸ਼ ਦੇਖ ਕੇ ਹਰੇਕ ਮਨੁੱਖ ਨੂੰ ਸਮਝ ਲੱਗ ਰਹੀ ਹੈ। ਭਾਰਤ ਨੂੰ ਜੇਐਨਯੂ ਦੇ ਵਿਦਿਆਰਥੀਆਂ ਤੇ ਬੁੱਧੀਜੀਵੀਆਂ ਨੇ ਨਹੀਂ ਤੋੜਿਆ, ਨਾ ਹੀਂ ਸ਼ਹਿਰੀ ਮਾਓਵਾਦੀਆਂ ਨੇ ਅਤੇ ਨਾ ਹੀ ਗੁਰੂ ਨਾਨਕ ਪੰਥ ਨੇ ਨਾ ਹੀ ਐਸੀ/ਐਸਟੀ ਕਲਾਸ ਨੇ ਅਤੇ ਨਾ ਹੀ ਘਟਗਿਣਤੀਆਂ ਨੇ। ਕੀ ਕੋਰੋਨਾ ਵਾਇਰਸ ਸੰਕਟ ਤੇ ਚਿੰਤਾ ਨੇ ਭਾਰਤ ਨੂੰ ਟੁਕੜਿਆਂ ਵਿਚ ਵੰਡ ਦਿਤਾ ਹੈ ਜਾਂ ਭਾਰਤ ਨੂੰ ਟੁਕੜਿਆਂ ਵਿਚ ਵੰਡਣ ਵਾਲੇ ਉਹ ਲੋਕ ਹਨ ਜੋ ਮਨੂਵਾਦ ਦੇ ਫਿਰਕੂ ਫਲਸਫੇ ਦਾ ਜਾਪ ਕਰ ਰਹੇ ਹਨ ਤੇ ਹਿੰਦੂ ਧਰਮ ਨੂੰ ਬਦਨਾਮ ਕਰ ਰਹੇ ਹਨ। ਇਹੀ ਤਾਂ ਹਨ ਜੋ ਭਾਰਤ ਨੂੰ ਟੁਕੜਿਆਂ ਟੁਕੜਿਆਂ ਵਿਚ ਸਭ ਤੋਂ ਵੱਧ ਵੰਡ ਰਹੇ ਹਨ। ਜਿਨਾਂ ਭਾਰਤੀ ਮਜ਼ਦੂਰਾਂ ਦੀ ਮੈਂ ਗੱਲ ਕਰ ਰਿਹਾ ਹਾਂ, ਉਹ ਦਸ ਪ੍ਰਤੀਸ਼ਤ ਪੂੰਜੀਪਤੀ ਤੇ ਸਿਆਸਤਦਾਨਾਂ ਲੋਕਾਂ ਦੇ ਸ਼ੋਸ਼ਣ ਦਾ ਸ਼ਿਕਾਰ ਹਨ। ਭਾਰਤੀ ਮਜ਼ਦੂਰ ਭਾਰਤੀ ਮੀਡੀਏ ਦੀ ਖ਼ਬਰ ਵੀ ਨਹੀਂ ਬਣਦੇ, ਜਦ ਕਿ ਫਿਰਕੂ ਨੇਤਾ ਦੇ ਨ਼ਫਰਤੀ ਬਿਆਨ, ਰਾਖੀ ਸਾਵੰਤ ਦਾ ਠੁਮਕੇ ਤੇ ਸਿੱਧੂ ਮੂਸੇਵਾਲੇ ਦੀ ਗੀਤ ਗੋਦੀ ਮੀਡੀਆ ਦੀ ਵੱਡੀ ਖਬਰ ਬਣ ਜਾਂਦੇ ਹਨ। ਹਾਲਾਂਕਿ ਇਹ ਮਜ਼ਦੂਰ ਰਸਤੇ ਵਿਚ ਮਰ ਰਹੇ ਹਨ। ਪੈਰ ਇਨਾਂ ਦੇ ਤੁਰ ਤੁਰ ਕੇ ਜ਼ਖ਼ਮੀ ਹੋ ਚੁੱਕੇ ਹਨ।

ਕੀ ਤੁਸੀਂ ਸੁਣਿਆ ਹੈ ਕਿ ਬ੍ਰਿਟਿਸ਼ ਪ੍ਰਧਾਨ ਮੰਤਰੀ ਦੀ ਤਰਾਂ ਭਾਰਤ ਦਾ ਇੱਕ ਨੇਤਾ, ਮੰਤਰੀ, ਸੰਸਦ ਜਾਂ ਕੋਈ ਵਿਧਾਇਕ ਹੈ ਜੋ ਕੋਰੋਨਾ ਦਾ ਸ਼ਿਕਾਰ ਹੋਇਆ ਹੈ ? ਅਜਿਹਾ ਇਸ ਕਰਕੇ ਨਹੀਂ ਹੋਇਆ, ਕਿਉਂਕਿ ਭਾਰਤੀ ਨੇਤਾਵਾਂ ਨੇ ਲੋਕਾਂ ਦੀਆਂ ਸਮੱਸਿਆਵਾਂ ਤੇ ਦਰਦ ਸੁਣਨ ਦੀ ਥਾਂ ਆਪਣੇ ਆਪ ਨੂੰ ਘਰਾਂ ਵਿਚ ਤਾਲੇ ਬੰਦ ਕਰ ਲਿਆ। ਇਨਾਂ ਵਿੱਚੋਂ 70-80 ਕਰੋੜ ਅਜਿਹੇ ਭਾਰਤੀ ਹਨ ਜੋ ਹਰ ਰੋਜ਼ ਮਜ਼ਦੂਰੀ ਕਰਕੇ ਆਪਣਾ ਗੁਜ਼ਾਰਾ ਕਰਦੇ ਹਨ। ਉਨਾਂ ਕੋਲ ਮਹੀਨੇ ਦੀ ਦਾਲ ਤੇ ਰੋਟੀ ਦਾ ਪ੍ਰਬੰਧ ਵੀ ਨਹੀਂ ਹੈ। ਅਸੀਂ ਦੇਖ ਰਹੇ ਹਾਂ ਕਿ ਇਹ ਲੋਕ ਪਸ਼ੂਆਂ ਵਾਂਗ ਟਰੱਕਾਂ ਵਿੱਚ ਭਰੇ ਹੋਏ ਹਨ, ਭਿਆਨਕ ਗਰਮੀ ਵਿੱਚ ਨੰਗੇ



ਪੈਰ ਵਿੱਚ ਸੈਂਕੜੇ ਮੀਲ ਦੀ ਯਾਤਰਾ ਕਰਦੇ ਹਨ, ਰੇਲ ਮਾਰਗਾਂ ’ਤੇ ਥੱਕ ਕੇ ਸੌ ਜਾਂਦੇ ਹਨ ਤੇ ਰੇਲ ਗੱਡੀ ਹੇਠਾਂ ਆ ਕੇ ਮਰ ਜਾਂਦੇ ਹਨ। ਹਾਦਸਿਆਂ ਵਿਚ ਵੀ ਮਰ ਜਾਂਦੇ ਹਨ। ਆਖਿਰ ਇਨਾਂ ਦੀ ਜੂਨ ਪਸ਼ੂਆਂ ਵਰਗੀ ਹੈ। ਹੁਣੇ ਜਿਹੇ ਔਰਈਆ ਨੇੜੇ ਰਾਜ ਮਾਰਗ ’ਤੇ ਇਕ ਟਰਾਲੇ ਤੇ ਟਰੱਕ ਦੀ ਟੱਕਰ ਵਿਚ 25 ਪ੍ਰਵਾਸੀ ਮਜ਼ਦੂਰਾਂ ਦੀ ਮੌਤ ਹੋ ਗਈ ਜਦ ਕਿ 40 ਹੋਰ ਜ਼ਖ਼ਮੀ ਹੋ ਗਏ ਹਨ। ਇਸ ਹਾਦਸੇ ਵਿਚ ਮਰਨ ਵਾਲਿਆਂ ਵਿਚ ਜ਼ਿਆਦਾਤਰ ਝਾਰਖੰਡ ਤੇ ਪੱਛਮੀ ਬੰਗਾਲ ਨਾਲ ਸਬੰਧਿਤ ਹਨ ਜਦਕਿ ਕੁਝ ਪੂਰਬੀ ਉੱਤਰ ਪ੍ਰਦੇਸ਼ ਦੇ ਕੁਸ਼ੀਨਗਰ ਨਾਲ ਸਬੰਧਿਤ ਹਨ।

ਅੱਜ ਵੀ ਭਾਰਤ ਦੇ ਹਰ ਗਰੀਬ ਤੇ ਅੜੇ ਥੁੜੇ ਵਸਨੀਕ ਲਈ ਭਾਰਤ ਸਰਕਾਰ ਨੂੰ ਆਪਣਾ ਅਨਾਜ ਭੰਡਾਰ ਖੋਲਣਾ ਚਾਹੀਦਾ ਹੈ ਅਤੇ ਕਰਜ਼ਾ ਦੇਣ ਦੀ ਬਜਾਏ, ਸਾਡੇ ‘ਭਾਰਤ’ ਦੀ ਸੇਵਾ ਲਈ ਦੋ-ਤਿੰਨ ਮਹੀਨਿਆਂ ਲਈ ਰੋਜ਼ਾਨਾ ਦੋ ਸੌ ਜਾਂ ਪੰਜਾਹ ਰੁਪਏ ਭੱਤਾ ਦੇਣਾ ਚਾਹੀਦਾ ਹੈ ਤਾਂ ਹੀ ਭਾਰਤ ਦਾ ਵਿਕਾਸ ਸੰਭਵ ਹੈ। ਹਾਲਾਂ ਕਿ ਸੁਪਰੀਮ ਕੋਰਟ ਨੇ ਮਹਾਰਾਸ਼ਟਰ ਦੇ ਔਰੰਗਾਬਾਦ ਵਿਚ ਮਾਲ ਗੱਡੀ ਥੱਲੇ ਆ ਕੇ 16 ਪ੍ਰਵਾਸੀ ਮਜ਼ਦੂਰਾਂ ਦੀ ਦਰਦਨਾਕ ਮੌਤ ਤੋਂ ਬਾਅਦ ਪੈਦਲ ਚੱਲ ਰਹੇ ਪ੍ਰਵਾਸੀ ਮਜ਼ਦੂਰਾਂ ਲਈ ਦਾਖਲ ਪਟੀਸ਼ਨ ਇਹ ਕਹਿੰਦਿਆਂ ਰੱਦ ਕਰ ਦਿੱਤੀ ਸੀ ਕਿ ਕੋਰਟ ਲਈ ਸੰਭਵ ਨਹੀਂ ਕਿ ਉਹ ਇਸ ਸਥਿਤੀ ਦੀ ਨਿਗਰਾਨੀ ਕਰ ਸਕੇ। ਇਹ ਕਿੱਡੀ ਹੈਰਾਨੀ ਵਾਲੀ ਗੱਲ ਹੈ ਕਿ ਕੋਰਟ ਲਈ ਵੀ ਇਹ ਲੋਕ ਅਰਥ ਨਹੀਂ ਰੱਖਦੇ। ਆਖਿਰ ਕੋਰਟ ਦੇ ਜੱਜ ਵੀ ਇਲੀਟ ਕਲਾਸ ਵਿਚੋਂ ਹਨ। ਉਨਾਂ ਨੂੰ ਇਨਾਂ ਗਰੀਬਾਂ ਦਾ ਦਰਦ ਸਮਝ ਨਹੀਂ ਆ ਸਕਦਾ।

ਆਂਧਰਾ ਪ੍ਰਦੇਸ਼ ਹਾਈਕੋਰਟ ਤੇ ਮਦਰਾਸ ਹਾਈ ਕੋਰਟ ਨੇ ਇਸ ਮਾਮਲੇ ਨੂੰ ਕਾਫੀ ਗੰਭੀਰਤਾ ਨਾਲ ਲਿਆ ਹੈ। ਆਂਧਰਾ ਪ੍ਰਦੇਸ਼ ਹਾਈ ਕੋਰਟ ਨੇ 6 ਨਿਰਦੇਸ਼ ਜਾਰੀ ਕੀਤੇ ਹਨ ਤੇ ਦੱਸਿਆ ਹੈ ਕਿ ਸੂਬਾ ਸਰਕਾਰ ਨੂੰ ਮਜ਼ਦੂਰਾਂ ਲਈ ਕੀ ਕਰਨਾ ਚਾਹੀਦਾ ਹੈ। ਉਸ ਨੇ ਕਿਹਾ ਹੈ ਕਿ ਪ੍ਰਵਾਸੀ ਮਜ਼ਦੂਰਾਂ ਦੇ ਭੋਜਨ ਦਾ ਢੁਕਵਾ ਪ੍ਰਬੰਧ ਕੀਤਾ ਜਾਵੇ। ਹਾਈਵੇਅ ’ਤੇ ਪੀਣ ਦੇ ਪਾਣੀ, ਓਰਲ ਡੀਹਾਈਡਰੇਸ਼ਨ ਸਾਲਟ ਤੇ ਗਲੂਕੋਜ਼ ਦਾ ਪ੍ਰਬੰਧ ਕੀਤਾ ਜਾਵੇ। ਪ੍ਰਵਾਸੀ ਮਜ਼ਦੂਰਾਂ ਦੀ ਆਵਾਜਾਈ ਦਾ ਪ੍ਰਬੰਧ ਕੀਤਾ ਜਾਵੇ। ਮਜ਼ਦੂਰਾਂ ਨਾਲ ਵੱਡੀ ਗਿਣਤੀ ਵਿਚ ਔਰਤਾਂ ਵੀ ਚੱਲ ਰਹੀਆਂ ਹਨ, ਉਨਾਂ ਲਈ ਆਰਜ਼ੀ ਟਾਇਲਟਾਂ ਦਾ ਪ੍ਰਬੰਧ ਕੀਤੀ ਜਾਵੇ ਅਤੇ ਸੈਨੇਟਰੀ ਪੈਡ ਡਿਸਪੈਂਸਿੰਗ ਮਸ਼ੀਨਾਂ ਦਾ ਪ੍ਰਬੰਧ ਵੀ ਕੀਤਾ ਜਾਵੇ। ਜਿਨਾਂ ਲੋਕਾਂ ਨੂੰ ਤੁਰਨ ਵਿਚ ਮੁਸ਼ਕਲ ਆ ਰਹੀ ਹੈ, ਉਨਾਂ ਲਈ ਨੈਸ਼ਨਲ ਹਾਈਵੇ ਅਥਾਰਿਟੀ ਤੇ ਪੁਲਸ ਦੀਆਂ ਪੈਟਰੋਲਿੰਗ ਗੱਡੀਆਂ ਦੀ ਵਰਤੋਂ ਕੀਤੀ ਜਾਵੇ। ਮਜ਼ਦੂਰਾਂ ਨੂੰ ਨਾ ਤੁਰਨ ਲਈ ਪ੍ਰੇਰਿਆ ਜਾਵੇ ਤੇ ਸੂਬਾ ਸਰਕਾਰ ਉਨਾਂ ਨੂੰ ਮੰਜ਼ਲ ਤੱਕ ਪਹੁੰਚਾਉਣ ਲਈ ਗੱਡੀਆਂ ਦਾ ਪ੍ਰਬੰਧ ਕਰੇ। ਰਾਹ ਵਿਚ ਪੈਂਦੇ ਫੂਡ ਕਾਊਂਟਰਾਂ ਬਾਰੇ ਮਜ਼ਦੂਰਾਂ ਨੂੰ ਜਾਣਕਾਰੀ ਦਿੱਤੀ ਜਾਵੇ। ਆਰਾਮਗਾਹਾਂ ਦੀ ਜਾਣਕਾਰੀ ਦੇਣ ਲਈ ਪੈਂਫਲੈਟ ਹਿੰਦੀ ਵਿਚ ਵੀ ਛਾਪੇ ਜਾਣ ਅਤੇ ਮਜ਼ਦੂਰਾਂ ਨੂੰ ਐਮਰਜੈਂਸੀ ਸੇਵਾਵਾਂ ਦੇ ਫੋਨ ਨੰਬਰ ਵੀ ਦਿੱਤੇ ਜਾਣ। ਕੋਰਟ ਨੇ ਗਰਮੀ ਕਾਰਨ ਟਰੇਂਡ ਪੈਰਾ-ਮੈਡੀਕਲ ਵਲੰਟੀਅਰਾਂ ਤੇ ਡਾਕਟਰਾਂ ਨੂੰ ਤਾਇਨਾਤ ਕਰਨ ਦੀ ਹਦਾਇਤ ਕੀਤੀ ਹੈ। ਰਾਹ ਵਿਚ ਐਂਬੂਲੈਂਸਾਂ ਦਾ ਪ੍ਰਬੰਧ ਕਰਨ ਲਈ ਵੀ ਕਿਹਾ ਹੈ। ਕੋਰਟ ਦਾ ਇਹ ਵੀ ਮੰਨਣਾ ਹੈ ਕਿ ਸੰਵਿਧਾਨ ਦੀ ਧਾਰਾ 21 ਹਰ ਕਿਸੇ ਨੂੰ ਜਿਊਣ ਦਾ ਅਧਿਕਾਰ ਦਿੰਦੀ ਹੈ। ਇਸ ਤੋਂ ਪਹਿਲਾਂ ਮਦਰਾਸ ਹਾਈ ਕੋਰਟ ਨੇ ਵੀ ਇਕ ਮਾਮਲੇ ਦੀ ਸੁਣਵਾਈ ਕਰਦਿਆਂ ਲਾਕਡਾਊਨ ਵਿਚ ਹਿਜਰਤ ਕਰਦੇ ਪ੍ਰਵਾਸੀ ਮਜ਼ਦੂਰਾਂ ਦੀ ਸਥਿਤੀ ਨੂੰ ਮਨੁੱਖੀ ਦੁਖਾਂਤਕ ਦੱਸਿਆ ਸੀ ਅਤੇ ਸਾਰੇ ਸੂਬਿਆਂ ਨੂੰ ਇਨਾਂ ਦੀ ਸਹਾਇਤਾ ਕਰਨ ਦੀ ਅਪੀਲ ਕੀਤੀ ਸੀ। ਜੇ ਸਰਕਾਰਾਂ ਆਪਣਾ ਫਰਜ਼ ਨਿਭਾਉਂਦੀਆਂ ਤਾਂ ਕੋਰਟਾਂ ਨੂੰ ਨਿਰਦੇਸ਼ ਦੇਣ ਦੀ ਲੋੜ ਹੀ ਨਹੀਂ ਸੀ।

ਯੂ ਪੀ ਦੀ ਯੋਗੀ ਸਰਕਾਰ ਤਾਂ ਦੂਜੇ ਰਾਜਾਂ ਤੋਂ ਮਜ਼ਦੂਰ ਲੈ ਕੇ ਆਉਣ ਵਾਲੀਆਂ ਬੱਸਾਂ ਨੂੰ ਬਾਰਡਰ ਕਰਾਸ ਨਹੀਂ ਕਰਨ ਦੇ ਰਹੀ। ਕੇਂਦਰ ਸਰਕਾਰ ਨੇ ਸਥਿਤੀ ਨੂੰ ਆਮ ਵਰਗੀ ਬਣਾਉਣ ਲਈ 20 ਲੱਖ ਕਰੋੜ ਰੁਪਏ ਦੇ ਪੈਕੇਜ ਦਾ ਐਲਾਨ ਕੀਤਾ ਹੈ, ਪਰ ਉਸ ਵਿਚ ਮਜ਼ਦੂਰਾਂ ਲਈ ਕੋਈ ਖਾਸ ਪ੍ਰਬੰਧ ਨਹੀਂ ਕੀਤਾ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਦਾਅਵਾ ਕੀਤਾ ਹੈ ਕਿ ਬਿਹਾਰ ਸਰਕਾਰ ਹੁਣ ਆਪਣੇ ਹੀ ਮਜ਼ਦੂਰਾਂ ਨੂੰ ਰੱਖਣ ਦੀ ਇੱਛਾ ਨਹੀਂ ਦਿਖਾ ਰਿਹਾ। ਇਸ ਤੋਂ ਸਪੱਸ਼ਟ ਹੈ ਕਿ ਭਾਰਤ ਵਿਚ ਮਜ਼ਦੂਰਾਂ ਨੂੰ ਮਨੁੱਖ ਹੀ ਨਹੀਂ ਸਮਝਿਆ ਜਾ ਰਿਹਾ। ਇਸ ਸੰਬੰਧ ਵਿਚ ਮੋਦੀ ਸਰਕਾਰ ਨੂੰ ਧਿਆਨ ਦੇਣ ਦੀ ਲੋੜ ਹੈ, ਕਿਉਂਕਿ ਇਹ ਮਨੁੱਖੀ ਅਧਿਕਾਰਾਂ ਤੇ ਮੂਲ ਅਧਿਕਾਰਾਂ ਦਾ ਮੱਸਲਾ ਹੈ।

# ਪੰਥਕ ਪੱਤਰਕਾਰ ਮੇਜਰ ਸਿੰਘ ਦੀ ਕੁੱਟਮਾਰ ਕਰਨ ਵਾਲੇ ਦੋਸ਼ੀ ਪੁਲਸੀਏ ਸਸਪੈਂਡ

## ਕਰੋਨਾ ਵਾਇਰਸ ਕਾਰਨ ਪੰਜਾਬ ਬਣਿਆ ਪੁਲੀਸ ਸਟੇਟ, ਲੋਕਤੰਤਰ ਦੇ ਚੌਥੇ ਥੰਮ ਮੀਡੀਆ ਨੂੰ ਡਰਾਇਆ ਜਾਣ ਲੱਗਾ, ਦੋ ਥਾਣੇਦਾਰ ਮੁਅੱਤਲ, ਨਿਆਂਇਕ ਜਾਂਚ ਦੇ ਹੁਕਮ, ਪੱਤਰਕਾਰੀ ਦੀ ਅਜ਼ਾਦੀ ਦਾ ਮਾਮਲਾ ਸੁਪਰੀਮ ਕੋਰਟ ਪਹੁੰਚਿਆ

**- ਬਘੇਲ ਸਿੰਘ ਧਾਲੀਵਾਲ**
99142-58142

ਪੱਤਰਕਾਰਾਂ ਨਾਲ ਪੁਲਿਸ ਦੀ ਧੱਕੇਸ਼ਾਹੀ ਦੀਆਂ ਘਟਨਾਵਾਂ ਵਿਚ ਦਿਨੋ ਦਿਨ ਵਾਧਾ ਹੋ ਰਿਹਾ ਹੈ। ਕਰੋਨਾ ਦੀ ਮਹਾਂਮਾਰੀ ਨੇ ਜਿੱਥੇ ਵਿਸਵ ਪੱਧਰ 'ਤੇ ਲੋਕਾਈ ਨੂੰ ਬਿਪਤਾ ਵਿੱਚ ਪਾ ਦਿੱਤਾ ਹੈ,ਉਥੇ ਭਾਰਤ ਦੇ ਪੰਜਾਬ ਸੂਬੇ ਅੰਦਰ ਇਸ ਕਰੋਨਾ ਵਾਇਰਸ ਨੇ ਭਾਵੇਂ ਆਪ ਤਾਂ ਕੋਈ ਜ਼ਿਆਦਾ ਨੁਕਸਾਨ ਨਹੀ ਕੀਤਾ, ਪਰ ਇਸ ਮਾੜੇ ਸਮੇ ਦੌਰਾਨ ਪੰਜਾਬ ਪੁਲਿਸ ਦੇ ਹੌਸਲੇ ਵਿੱਚ ਢੇਰ ਸਾਰਾ ਵਾਧਾ ਜਰੂਰ ਦਰਜ ਕੀਤਾ ਜਾ ਰਿਹਾ ਹੈ। ਪੰਜਾਬ ਪੁਲਸੀਆ ਸਟੇਟ ਬਣਦਾ ਜਾ ਰਿਹਾ ਹੈ, ਜਿੱਥੇ ਕਾਨੂੰਨ ਜ਼ੀਰੋ ਹੁੰਦੇ ਜਾ ਰਹੇ ਹਨ। ਬੇਸ਼ੱਕ ਪੰਜਾਬ ਦੀ ਪੁਲਿਸ ਲੋਕਾਂ ਤੇ ਕਨੂੰਨੀ ਕਾਰਵਾਈ ਦੀ ਬਜਾਏ ਡਾਂਗ ਫੇਰਨਾ ਪਹਿਲਾਂ ਤੋਂ ਹੀ ਅਪਣਾ ਹੱਕ ਸਮਝਦੀ ਹੈ, ਪਰ ਹੁਣ ਤਾਂ ਲੋਕਤੰਤਰ ਦੇ ਚੌਥੇ ਥੰਮ ਨੂੰ ਵੀ ਪੁਲਿਸ ਨੇ ਕੁੱਟਣ ਤੇ ਦਬਾਉਣ ਦਾ ਮਨ ਬਣਾ ਲਿਆ ਜਾਪਦਾ ਹੈ। ਕਰੋਨਾ ਵਾਇਰਸ ਦੀ ਆੜ ਵਿੱਚ ਮੀਡੀਏ ਨੂੰ ਕਮਜੋਰ ਕਰਨ ਦੇ ਮਨਸੂਬੇ ਸਫਲਤਾ ਨਾਲ ਬਣਾਏ ਜਾ ਰਹੇ ਹਨ। ਇੱਕ ਪਾਸੇ ਪੁਲਿਸ ਟਿਕਟੌਕ ਤੇ ਸਟਾਰ ਬਣੀ ਨੂਰ ਨਾਂ ਦੀ ਛੋਟੀ ਬੱਚੀ ਅਤੇ ਉਸ ਦੇ ਪਰਿਵਾਰ ਨੂੰ ਪੁਲਿਸ ਦੀ ਵਰਦੀ ਪਵਾ ਕੇ ਲੋਕਾਂ ਦੀ ਹਮਦਰਦੀ ਜਿੱਤਣ ਦੀ ਕੋਸ਼ਿਸ਼ ਕਰ ਰਹੀ ਹੈ, ਜਦੋਂ ਕਿ ਦੂਜੇ ਪਾਸੇ ਆਪਣੇ ਸੁਭਾਅ ਵਿੱਚ ਬਦਲਾਅ ਲੈਕੇ ਆਉਣ ਦੀ ਬਜਾਏ ਦਿਨੋ ਦਿਨ ਹੋਰ ਵਹਿਸ਼ੀ ਹੁੰਦੀ ਦਿਖਾਈ ਦਿੰਦੀ ਹੈ। ਬੀਤੇ ਦਿਨੀਂ ਚੰਡੀਗੜ ਅਤੇ ਮੋਹਾਲੀ ਤੋ ਪਹਿਰੇਦਾਰ ਦੇ ਜਿਲਾ ਇੰਚਾਰਜ ਮੇਜਰ ਸਿੰਘ ਪੰਜਾਬੀ ਨੂੰ ਮੁਹਾਲੀ ਪੁਲਿਸ ਦੇ ਏ ਐਸ ਆਈ ਓਮ ਪ੍ਰਕਾਸ਼ ਅਤੇ ਅਮਰ ਨਾਥ ਨੇ ਧੱਕੇ ਨਾਲ ਪਹਿਲੇ ਫੇਸ ਦੇ ਥਾਣੇ ਲਿਜਾ ਕੇ ਬੇਰਹਿਮੀ ਨਾਲ ਕੁੱਟ ਮਾਰ ਕੀਤੀ। ਪੱਤਰਕਾਰ ਮੇਜਰ ਸਿੰਘ ਦੀ ਗਲਤੀ ਸਿਰਫ ਐਨੀ ਕੁ ਹੈ ਕਿ ਉਹਨੇ ਗੁਰਦੁਆਰਾ ਸਾਹਿਬ ਦੇ ਕਿਸੇ ਵਿਵਾਦ ਵਿਚ ਪੁਲਿਸ ਵਲੋ ਗਿਰਫਤਾਰ ਕੀਤੇ ਕਿਸੇ ਨਾ-ਮਲੂਮ ਵਿਅਕਤੀ ਦੀ ਵੀਡੀਓ ਬਣਾ ਕੇ ਉਹਦਾ ਪੱਖ ਜਾਨਣ ਦੀ ਕੋਸ਼ਿਸ਼ ਕੀਤੀ ਸੀ,ਜਿਸ ਦੀ ਸਜ਼ਾ ਪੱਤਰਕਾਰ ਨੂੰ ਪਸ਼ੂਆਂ ਦੀ ਤਰਾਂ ਮਾਰ ਖਾ ਕੇ ਭੁਗਤਣੀ ਪਈ ਹੈ।

ਅਜੇ ਕੁਝ ਦਿਨ ਪਹਿਲਾਂ ਦੀ ਹੀ ਗੱਲ ਹੈ ਜਦੋਂ ਚੰਡੀਗੜ ਪੁਲਿਸ ਦੇ ਇੱਕ ਭੂਤਰੇ ਥਾਣੇਦਾਰ ਨੇ ਚੰਡੀਗੜ ਤੋ ਪੰਜਾਬੀ ਟ੍ਰਿਬਿਊਨ ਦੇ ਇੱਕ ਸੀਨੀਅਰ ਪੱਤਰਕਾਰ ਨਾਲ ਬਦਸਲੂਕੀ ਹੀ ਨਹੀ ਸੀ ਕੀਤੀ ਬਲਕਿ ਉਹਨੂੰ ਥਾਣੇ ਲਿਜਾ ਕੇ ਬੇਹੱਦ ਜਲੀਲ ਕੀਤਾ ਗਿਆ ਸੀ। ਉਹਨਾਂ ਦਿਨਾਂ ਵਿੱਚ ਹੀ ਦੁਆਬੇ ਦੇ ਇੱਕ ਵਿਦੇਸ਼ੀ ਚੈਨਲ ਦੇ ਪੱਤਰਕਾਰ ਅਤੇ ਇੱਕ ਮਾਝੇ ਦੇ ਗੁਰੂ ਕੀ ਨਗਰੀ ਸ੍ਰੀ ਅੰਮ੍ਰਿਤਸਰ ਦੇ ਪੱਤਰਕਾਰ ਤੇ ਪੁਲਿਸ ਨੇ ਪਟਿਆਲਾ ਵਿੱਚ ਹੋਏ ਪੁਲਿਸ ਅਤੇ ਨਿਹੰਗਾਂ ਦਰਮਿਆਨ ਟਕਰਾਅ ਤੇ ਕੋਈ ਟਿੱਪਣੀ ਕਰਨ ਬਦਲੇ ਪੁਲਿਸ ਵੱਲੋਂ ਕੇਸ ਦਰਜ ਕਰਕੇ ਪੱਤਰਕਾਰਾਂ ਨੂੰ ਜੇਲਾਂ ਵਿੱਚ ਬੰਦ ਕਰ ਦਿੱਤਾ ਗਿਆ ਸੀ। ਇਨਾਂ ਵਿਚ ਭੁਪਿੰਦਰ ਸਿੰਘ ਸੱਜਣ ਵੀ ਸ਼ਾਮਲ ਹਨ, ਜੋ ਇੱਕ ਚੈਨਲ ਦੇ ਬਿਊਰੋ ਚੀਫ ਹਨ। ਸੋ ਕਰੋਨਾ ਮਹਾਂਮਾਰੀ ਦੇ ਕਾਰਨ ਪੁਲਿਸ ਵਧੀਕੀ ਦੀਆਂ ਚਰਚਾਵਾਂ ਸ਼ੋਸ਼ਲ ਮੀਡੀਏ ਅਤੇ ਰੋਜ਼ਾਨਾ ਅਖਬਾਰਾਂ ਦੀਆਂ ਸੁਰਖੀਆਂ ਬਣਦੀਆਂ ਰਹੀਆਂ ਹਨ।

ਮੁਹਾਲੀ ਪੁਲਿਸ ਵਧੀਕੀ ਸਬੰਧੀ ਹੱਡਬੀਤੀ ਦੱਸਦਿਆਂ ਪੱਤਰਕਾਰ ਮੇਜਰ ਸਿੰਘ ਨੇ ਦੱਸਿਆ ਕਿ ਮੋਹਾਲੀ ਦੇ ਚਾਰ ਫੇਸ ਦੇ ਗੁਰਦੁਆਰਾ ਕਲਗੀਧਰ ਸਾਹਿਬ ਵਿਖੇ ਸਿੱਖਾਂ ਦੇ ਦੋ ਧੜਿਆਂ ਵਿੱਚ ਕੋਈ ਵਿਵਾਦ ਚੱਲ ਰਿਹਾ ਸੀ, ਜਿਸ ਦੀ ਕਵਰੇਜ ਲਈ ਮੈ ਵੀ ਓਥੇ ਹਾਜ਼ਰ ਸੀ, ਪ੍ਰੰਤੂ ਇਸ ਦਰਮਿਆਨ ਹੀ ਇੱਕ ਸਿੱਖ ਨੌਜਵਾਨਾਂ ਵਿੱਚ ਵਧੇ ਤਕਰਾਰ ਤੋ ਉਪਰੰਤ ਪੁਲਿਸ ਦੇ ਦੋ ਸਹਾਇਕ ਥਾਣੇਦਾਰਾਂ ਨੇ ਇੱਕ ਨੌਜਵਾਨ ਨੂੰ ਫੜਕੇ ਗੱਡੀ ਵਿੱਚ ਬੈਠਾ ਰਹੇ ਸਨ, ਪਰ ਉਕਤ ਨੌਜਵਾਨ ਗੱਡੀ ਵਿੱਚ ਬੈਠਣ ਤੋ ਪਹਿਲਾਂ ਕੁਝ ਕਹਿਣਾ ਚਾਹੁੰਦਾ ਸੀ, ਜਿਸ ਕਰਕੇ ਮੈ ਉਹਦੇ ਨਜ਼ਦੀਕ ਜਾ ਕੇ ਜਦੋਂ ਉਹਦਾ ਪੱਖ ਜਾਨਣਾ ਚਾਹਿਆ ਤਾਂ ਪੁਲਿਸ ਨੇ ਮੇਰਾ ਫੋਨ ਖੋਹ ਕੇ ਮੈਨੂੰ ਵੀ ਗੱਡੀ ਵਿੱਚ ਸੁੱਟ ਲਿਆ ਅਤੇ ਪਹਿਲੇ ਫੇਸ ਦੇ ਥਾਣੇ ਲਿਜਾ ਕੇ ਮੈਨੂੰ ਬਹੁਤ ਬੁਰੀ ਤਰਾਂ ਡਾਂਗਾਂ ਨਾਲ ਕੁੱਟਿਆ। ਉਹਨਾਂ ਦੱਸਿਆ ਕਿ ਮੈ ਮੋਹਾਲੀ ਦੇ ਛੇ ਫੇਸ ਦੇ ਸਿਵਲ ਹਸਪਤਾਲ ਵਿੱਚ ਜੇਰੇ ਇਲਾਜ ਹਾਂ।

ਸ਼ੋਸ਼ਲ ਮੀਡੀਆ 'ਤੇ ਤਿੱਖਾ ਵਿਰੋਧ ਹੋਣ ਕਰਕੇ ਹੁਣੇ ਜਿਹੇ ਇਸ ਮਾਮਲੇ ਵਿੱਚ ਐੱਸਐੱਸਪੀ ਕੁਲਦੀਪ ਸਿੰਘ ਚਾਹਲ ਦੋ ਏਐੱਸਆਈਜ਼ ਓਮ ਪ੍ਰਕਾਸ਼ ਅਤੇ ਅਮਰ ਨਾਥ ਨੂੰ ਤੁਰੰਤ ਮੁਅੱਤਲ ਕਰ ਦਿੱਤਾ ਤੇ ਦੋਵਾਂ ਖ਼ਿਲਾਫ਼ ਵਿਭਾਗੀ ਜਾਂਚ ਦੇ ਆਦੇਸ਼ ਦਿੱਤੇ। ਮਾਮਲੇ ਦੀ ਜਾਂਚ ਐੱਸਪੀ ਸਿਟੀ ਹਰਵਿੰਦਰ ਸਿੰਘ ਵਿਰਕ ਕਰ ਰਹੇ ਹਨ। ਇਸ ਸਬੰਧੀ ਡੀਜੀਪੀ ਦਿਨਕਰ ਗੁਪਤਾ ਨੇ ਵੀ ਐੱਸਐੱਸਪੀ ਤੋਂ ਰਿਪੋਰਟ ਤਲਬ ਕੀਤੀ ਹੈ। ਮੁਹਾਲੀ ਦੇ ਡਿਪਟੀ ਕਮਿਸ਼ਨਰ ਗਿਰੀਸ਼ ਦਿਆਲਨ ਨੇ ਸਮੁੱਚੇ ਮਾਮਲੇ ਦੇ ਨਿਆਂਇਕ ਜਾਂਚ ਦੇ ਆਦੇਸ਼ ਦਿੱਤੇ ਹਨ।

ਹੁਣੇ ਜਿਹੇ ਸੁਪਰੀਮ ਕੋਰਟ ਵਿਚ ਦਾਇਰ ਕੀਤੀ ਪਟੀਸ਼ਨ ਵਿਚ ਮੰਗ ਕੀਤੀ ਗਈ ਕਿ ਭਾਰਤੀ ਪ੍ਰੈੱਸ ਕੌਂਸਲ ਜਾਂ ਕਿਸੇ ਨਿਆਂਇਕ ਅਥਾਰਿਟੀ ਦੀ ਮਨਜ਼ੂਰੀ ਤੋਂ ਬਿਨਾਂ ਕਿਸੇ ਵੀ ਪੱਤਰਕਾਰ ਖ਼ਿਲਾਫ਼ ਕੇਸ ਦਰਜ ਨਾ ਕੀਤੇ ਜਾਣ ਸਬੰਧੀ ਨਿਰਦੇਸ਼ ਜਾਰੀ ਕੀਤੇ ਜਾਣ।



ਐਡਵੋਕੇਟ ਘਣਸ਼ਿਆਮ ਉਪਾਧਿਆਏ ਵੱਲੋਂ ਜਾਰੀ ਪਟੀਸ਼ਨ ਵਿਚ ਦਾਅਵਾ ਕੀਤਾ ਗਿਆ ਹੈ ਕਿ ਕੁਝ ਲੋਕਾਂ ਦੀਆਂ ਗ਼ੈਰ-ਸਮਾਜੀ ਤੇ ਦੇਸ਼ ਵਿਰੋਧੀ ਗਤੀਵਿਧੀਆਂ ਦਾ ਖੁਲਾਸਾ ਕਰਨ ਵਾਲੇ ਨਿਊਜ਼ ਚੈਨਲਾਂ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ ਤੇ ਦੇਸ਼ ਦੇ ਵੱਖ ਵੱਖ ਹਿੱਸਿਆਂ ਵਿਚ ਪੱਤਰਕਾਰਾਂ ਖ਼ਿਲਾਫ਼ ਕੇਸ ਦਰਜ ਕੀਤੇ ਜਾ ਰਹੇ ਹਨ ਤਾਂ ਜੋ ਉਨਾਂ ਦੀ ਆਵਾਜ਼ ਦਬਾਅ ਕੇ ਲੋਕਾਂ ਨੂੰ ਜਾਗਰੂਕ ਕਰਨ ਤੋਂ ਰੋਕਿਆ ਜਾ ਸਕੇ। ਮੁੰਬਈ ਆਧਾਰਿਤ ਵਕੀਲ ਨੇ ਆਪਣੀ ਪਟੀਸ਼ਨ ਵਿਚ ਰਿਪਬਲਿਕ ਟੀਵੀ ਦੇ ਮੁੱਖ ਸੰਪਾਦਕ ਅਰਨਬ ਗੋਸਵਾਮੀ ਤੇ ਜ਼ੀ ਨਿਊਜ਼ ਦੇ ਸੰਪਾਦਕ ਸੁਧੀਰ ਚੌਧਰੀ ਖ਼ਿਲਾਫ਼ ਦਰਜ ਕੇਸਾਂ ਦਾ ਹਵਾਲਾ ਦਿੱਤਾ ਹੈ।

ਸੋ ਸੋਚਣਾ ਬਣਦਾ ਹੈ ਕਿ ਜਿੱਥੇ ਮੀਡੀਆ ਕਰਮੀ ਹੀ ਸਰਕਾਰੀ ਦਹਿਸਤਗਰਦੀ ਦਾ ਸ਼ਿਕਾਰ ਹੋ ਰਹੇ ਹਨ,ਓਥੇ ਆਮ ਨਾਗਰਿਕਾਂ ਨਾਲ ਕਿਹੋ ਜਿਹਾ ਵਿਹਾਰ ਹੁੰਦਾ ਹੋਵੇਗਾ। ਇੱਕ ਪਾਸੇ ਪੁਲਿਸ ਅਪਣਾ ਅਕਸ ਸੁਧਾਰਨ ਦੀਆਂ ਗੱਲਾਂ ਕਰਦੀ ਹੈ,ਤੇ ਦੂਜੇ ਪਾਸੇ ਆਪਣੇ ਹੰਕਾਰੀ ਸੁਭਾਅ ਵਿੱਚ ਕੋਈ ਤਬਦੀਲੀ ਵੀ ਨਹੀ ਕਰਨਾ ਚਾਹੁੰਦੀ। ਅਸਲ ਵਿਚ ਪੰਜਾਬ ਸਰਕਾਰ ਪੁਲੀਸ ਨੂੰ ਖੁੱਲੇ ਹੱਥ ਦੇ ਕੇ ਪੁਲਸੀਆ ਸਟੇਟ ਬਣਾਉਣਾ ਚਾਹੁੰਦੀ ਤਾਂ ਜੋ ਕੋਰੋਨਾ ਕਾਰਨ ਜੋ ਆਰਥਿਕ ਹਾਲਾਤ ਵਿਗੜਦੇ ਜਾ ਰਹੇ ਹਨ, ਲੋਕਾਂ ਦਾ ਗੁੱਸਾ ਸਰਕਾਰ ਪ੍ਰਤੀ ਵਧਦਾ ਜਾ ਰਿਹਾ ਹੈ, ਉਸ ਨੂੰ ਕੰਟਰੋਲ ਕਰਨ ਲਈ ਤੇ ਪੱਤਰਕਾਰਾਂ ਦੀ ਕਲਮ ਨੂੰ ਦਬਾਉਣ ਦੇ ਲਈ ਪੁਲਸੀਆ ਨੂੰ ਖੁੱਲੀ ਛੁੱਟੀ ਦਿੱਤੀ ਜਾ ਰਹੀ ਹੈ। ਮਹਿਜ ਗਾਇਕਾਂ ਤੇ ਟਿਕਟਾਕ ਸਟਾਰਾਂ ਨਾਲ ਹਮਦਰਦੀ ਦਿਖਾ ਕੇ ਸ਼ੋਸ਼ਲ ਮੀਡੀਏ ਦੀ ਫੋਕੀ ਵਾਹ ਵਾਹ ਪ੍ਰਾਪਤੀ ਦਾ ਓਨੀ ਦੇਰ ਕੋਈ ਸਾਰਥਕ ਨਤੀਜਾ ਨਹੀ ਨਿਕਲ ਸਕਦਾ,ਜਿੰਨੀ ਦੇਰ ਪੁਲਿਸ ਖੁਦ ਨੂੰ ਕਨੂੰਨ ਦੀ ਰਾਖੀ ਕਰਨ ਦੀ ਵਚਨਬੱਧ ਨਹੀ ਬਣਾਉਂਦੀ।

ਕੋਰੋਨਾ ਮਹਾਂਮਾਰੀ ਦੌਰਾਨ ਮੋਦੀ ਹਕੂਮਤ ਵੱਲੋਂ ਕੁਝ ਅਜਿਹੇ ਫੈਸਲੇ ਲਏ ਗਏ ਹਨ, ਜਿਹੜੇ ਇਹ ਸਿੱਧ ਕਰਨ ਲਈ ਕਾਫ਼ੀ ਹਨ ਕਿ ਅਜੋਕੇ ਹਾਕਮਾਂ ਲਈ ਮਹਾਂਮਾਰੀ ਇੱਕ ਮੌਕਾ ਹੀ ਹੈ। ਕੋਰੋਨਾ ਦੇ ਓਹਲੇ ਜਿਸ ਤਰਾਂ ਵਿਰੋਧੀ ਅਵਾਜ਼ਾਂ ਨੂੰ ਕੁਚਲਣ ਲਈ ਪੱਤਰਕਾਰਾਂ, ਸਮਾਜਿਕ ਕਾਰਕੁਨਾਂ ਤੇ ਬੁੱਧੀਜੀਵੀਆਂ ਨੂੰ ਜੇਲਾਂ ਵਿੱਚ ਸੁੱਟਿਆ ਜਾ ਰਿਹਾ ਹੈ, ਇਹ ਮੌਕੇ ਦੀ ਵਰਤੋਂ ਹੀ ਤਾਂ ਹੈ। ਆਪਦਾ ਪ੍ਰਬੰਧਨ ਐਕਟ 2005 ਅਧੀਨ ਸਾਰੀਆਂ ਸ਼ਕਤੀਆਂ ਕੇਂਦਰ ਦੇ ਹੱਥਾਂ ਵਿੱਚ ਲੈ ਕੇ ਜਿਸ ਤਰਾਂ ਰਾਜ ਸਰਕਾਰਾਂ ਨੂੰ ਠੁੱਸ ਕਰਕੇ ਉਨਾਂ ਦੀ ਪੁਜ਼ੀਸ਼ਨ ਪੰਚਾਇਤਾਂ ਵਰਗੀ ਬਣਾ ਦਿੱਤੀ ਗਈ ਹੈ, ਉਹ ਜਮਹੂਰੀਅਤ ਦਾ ਕਤਲ ਹੈ।

ਉਧਰ ਉਪਰੋਕਤ ਮੰਦਭਾਗੀਆਂ ਘਟਨਾਵਾਂ ਦੇ ਸੰਦਰਭ ਵਿੱਚ ਪੱਤਰਕਾਰ ਭਾਈਚਾਰੇ ਨੂੰ ਆਪਸੀ ਮੱਤਭੇਦ ਛੱਡ ਕੇ ਗੰਭੀਰਤਾ ਨਾਲ ਸੋਚ,ਵਿਚਾਰਨਾ ਚਾਹੀਦਾ ਹੈ, ਤਾਂ ਕਿ ਭਵਿੱਖ ਚ ਅਜਿਹੀਆਂ ਘਟਨਾਵਾਂ ਨੂੰ ਠੱਲ ਪਾਉਣ ਲਈ ਕੋਈ ਠੋਸ ਰਣਨੀਤੀ ਉਲੀਕੀ ਜਾ ਸਕੇ, ਨਹੀ ਤਾਂ ਉਹ ਦਿਨ ਦੂਰ ਨਹੀ ਜਦੋਂ ਭਾਰਤੀ ਲੋਕਤੰਤਰ ਸਿਰਫ ਤਿੰਨ ਥੰਮਾਂ ਤੇ ਡਗਮਗਾਉਂਦਾ ਰਹੇਗਾ,ਕਿਉਕਿ ਚੌਥੇ ਥੰਮ ਨੂੰ ਢਹਿ ਢੇਰੀ ਕਰਨ ਲਈ ਸਿਸਟਮ ਨੇ ਪੁਲਿਸ ਨੂੰ ਲੁਕਵੇਂ ਰੂਪ ਵਿਚ ਖੁੱਲ ਦੇ ਦਿੱਤੀ ਜਾਪਦੀ ਹੈ।

## ਮੇਜਰ ਸਿੰਘ ਸਮੇਤ ਨਿਰਪੱਖ ਸੋਚ ਵਾਲੇ ਪੱਤਰਕਾਰਾਂ ਤੇ ਸਰਕਾਰੀ ਜਬਰ ਦੀ ਯੂਨਾਈਟਿਡ ਖਾਲਸਾ ਦਲ ਵਲੋਂ ਨਿਖੇਧੀ

**ਲੰਡਨ/ਏ.ਟੀ.ਨਿਊਜ਼:** ਵੀਹਵੀਂ ਸਦੀ ਦੇ ਮਹਾਨ ਸ਼ਹੀਦ ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਦੇ ਬਚਨ ਹਨ ਕਿ ਸਿੱਖ ਕੌਮ ਗੇਂਦ ਦੀ ਨਿਆਂਈਂ ਹੈ ਜਿੰਨਾ ਇਸਨੂੰ ਕੋਈ ਦਬਾਉਣ ਦਾ ਯਤਨ ਕਰੇਗਾ ਉੱਨਾ ਹੀ ਇਹ ਜਿਆਦਾ ਉੱਭਰੇਗੀ । ਸਿੱਖ ਵਿਰੋਧੀ ਲਾਬੀ ਨੂੰ ਸੰਤਾਂ ਦੇ ਇਹਨਾਂ ਬਚਨਾਂ ਨੂੰ ਚੰਗੀ ਤਰਾਂ ਸਮਝ ਕੇ ਕੰਧ ਤੇ ਲਿਖ ਲੈਣਾ ਚਾਹੀਦਾ ਹੈ ਤਾਂ ਕਿ ਉਹਨਾਂ ਨੂੰ ਕੋਈ ਭੁਲੇਖਾ ਨਾ ਰਹੇ । ਯੂਨਾਈਟਿਡ ਖਾਲਸਾ ਦਲ ਯੂ.ਕੇ ਵਲੋਂ ਪੱਤਰਕਾਰ ਮੇਜਰ ਸਿੰਘ ਤੇ ਪੁਲਿਸ ਵਲੋਂ ਢਾਹੇ ਗਏ ਕਹਿਰ ਦੀ ਸਖਤ ਨਿਖੇਧੀ ਕੀਤੀ ਗਈ ਹੈ । ਯੂਨਾਈਟਿਡ ਖਾਲਸਾ ਦਲ ਯੂ.ਕੇ ਦੇ ਪ੍ਰਧਾਨ ਭਾਈ ਨਿਰਮਲ ਸਿੰਘ ਸੰਧੂ ਅਤੇ ਜਨਰਲ ਸਕੱਤਰ ਭਾਈ ਲਵਸ਼ਿੰਦਰ ਸਿੰਘ ਡੱਲੇਵਾਲ ਵਲੋਂ ਜਾਰੀ ਪ੍ਰੈੱਸ ਰਿਲੀਜ਼ ਵਿੱਚ ਕਿਹਾ ਗਿਆ ਕਿ ਪੰਜਾਬ ਪੁਲਿਸ ,ਪ੍ਰਸਾਸ਼ਨ ਅਤੇ ਸਰਕਾਰ ਨੂੰ ਸਮਝ ਲੈਣਾ ਚਾਹੀਦਾ ਹੈ ਕਿ ਪੀਲੀ ਪੱਤਰਕਾਰੀ ਦੇ ਪਾਜ਼ ਉਘੇੜਨ ਵਾਲੇ ਪੱਤਰਕਾਰਾਂ ਤੇ ਜ਼ੁਲਮ ਢਾਹੁਣ ਨਾਲ ਸੱਚ ਦੀ ਅਵਾਜ ਦਬਾਇਆ ਨਹੀਂ ਜਾ ਸਕੇਗਾ ਬਲਕਿ ਹੋਰ ਵੀ ਬੁਲੰਦ ਹੋਵੇਗੀ । ਸੌ ਫੀਸਦੀ ਝੂਠ ਬੋਲਣ ਵਾਲੇ ਮੀਡੀਏ ਨੂੰ ਸਰਕਾਰਾਂ ਅਤੇ ਸਿੱਖ ਵਿਰੋਧੀ ਤੱਤਾਂ ਵਲੋਂ ਹਮੇਸ਼ਾਂ ਹੀ ਸ਼ਹਿ ਦਿੱਤੀ ਜਾਂਦੀ ਰਹੀ ਹੈ । ਜਿਸ ਫਿਰਕੂ ਅਤੇ ਪੱਖਪਾਤੀ ਮੀਡੀਏ ਦਾ ਕੰਮ ਕੇਵਲ ਸਿੱਖਾਂ ਸਮੇਤ ਭਾਰਤ ਦੀਆਂ ਵਸਨੀਕ ਘੱਟ ਗਿਣਤੀ ਕੌਮਾਂ ਦੇ ਅਕਸ ਨੂੰ ਗਲਤ ਢੰਗ ਨਾਲ ਪੇਸ਼ ਕਰਕੇ ਆਪਣੇ ਆਕਾਵਾਂ ਨੂੰ ਖੁਸ਼ ਕਰਨਾ ਹੈ । ਯੂਨਾਈਟਿਡ ਖਾਲਸਾ ਦਲ ਯੂ,ਕੇ ਵਲੋਂ ਇਸ ਫਿਰਕੂ ਅਤੇ ਪੱਖਪਾਤੀ ਮੀਡੀਏ ਨੂੰ ਪੀਲੀ ਪੱਤਰਕਾਰੀ ਦਾ ਪ੍ਰਤੱਖ ਨਮੂਨਾ ਆਖਿਆ ਗਿਆ ਹੈ । ਪਹਿਲਾਂ ਵੀ ਪੁਲਿਸ ਭਾਈ ਭੁਪਿੰਦਰ ਸਿੰਘ ਸੱਜਣ ਸਮੇਤ ਸਿੱਖ ਕੌਮ ਪ੍ਰਤੀ ਸਾਰਥਕ ਸੋਚ ਰੱਖਣ ਵਾਲੇ ਪੱਤਰਕਾਰਾਂ ਨੂੰ ਆਪਣੇ ਜ਼ੁਲਮ ਦਾ ਨਿਸ਼ਾਨਾ ਬਣਾ ਚੁੱਕੀ ਹੈ । ਸਿੱਖ ਸਰੂਪ ਅਤੇ ਸਿੱਖ ਪਰਿਵਾਰਾਂ ਨਾਲ ਸਬੰਧ ਰੱਖਣ ਵਾਲੇ ਸਮੁੱਚੇ ਪਤੱਰਕਾਰਾਂ,ਅਖਬਾਰ ਨਵੀਸਾਂ ,ਮੀਡੀਆ ਕਰਮੀਆਂ ਵਾਸਤੇ ਹੁਣ ਪਰਖ ਦੀ ਘੜੀ ਹੈ ਕਿ ਉਹ ਇੱਕ ਪਾਸਾ ਕਰ ਲੈਣ ਅਤੇ ਆਪਣੀ ਕੌਮ ਨਾਲ ਡੱਟ ਕੇ ਖੜ ਜਾਣ । ਫਿਰਕਾਪ੍ਰਸਤ ਹਿੰਦੂਤਵੀ ਮੀਡੀਆ ਵਾਰ ਵਾਰ ਸਿੱਖਾਂ ਖਿਲਾਫ ਭੁਗਤ ਰਿਹਾ ਹੈ ਪੈਰ ਪੈਰ ਤੇ ਸਿੱਖ ਕੌਮ ਨੂੰ ਆਨੇ ਬਹਾਨੇ ਬਦਨਾਮ ਅਤੇ ਜਲੀਲ ਕਰਨ ਤੇ ਤੁਲਿਆ ਹੋਇਆ ਹੈ ਇਸ ਨਾਜ਼ੁਕ ਮੌਕੇ ਪ੍ਰੈੱਸ ਨਾਲ ਸਬੰਧਤ ਸਮੁੱਚੇ ਸਿੱਖ ਭਾਈਚਾਰੇ ਨੂੰ ਸਿੱਖ ਦਾ ਡੱਟ ਕੇ ਸਾਥ ਦੇਣ ਦੀ ਜਰੂਰਤ ਹੈ । ਪੰਜਾਬ ਦੀ ਬੁੱਚੜ ਪੁਲਿਸ ਪਾਸੋਂ ਕਦੇ ਵੀ ਚੰਗਿਆਈ ਦੀ ਆਸ ਨਹੀਂ ਰੱਖੀ ਜਾ ਸਕਦੀ ਕਿਉਂ ਕਿ ਇਸ ਨੇ ਹਜਾਰਾਂ ਸਿੱਖ ਨੌਜਵਾਨਾਂ ਨੂੰ ਝੂਠੇ ਪੁਲਿਸ ਮੁਕਾਬਲਿਆਂ ਅੰਦਰ ਸ਼ਹੀਦ ਕਰਕੇ ਤਰੱਕੀਆਂ ਅਤੇ ਇਨਾਮ ਹਾਸਲ ਕੀਤੇ ,ਸਿੱਖ ਨੌਜਵਾਨਾਂ ਨੂੰ ਅਗਵਾ ਕਰਕੇ ਉਹਨਾਂ ਦੇ ਵਾਰਸਾਂ ਤੋਂ ਮੋਟੀਆਂ ਰਕਮਾਂ ਦੀਆਂ ਫਿਰੌਤੀਆਂ ਲਈਆ ਹਨ । ਇਸ ਦੇ ਮੂੰਹ ਨੂੰ ਖੂਨ ਲੱਗ ਚੁੱਕਾ ਹੈ ਅਤੇ ਕਦੇ ਵੀ ਭਲਾਈ ਆਸ ਨਹੀਂ ਰੱਖੀ ਜਾ ਸਕਦੀ । ਯੂਨਾਈਟਿਡ ਖਾਲਸਾ ਦਲ ਯੂ,ਕੇ ਵਲੋਂ ਭਾਈ ਮੇਜਰ ਸਿੰਘ ਅਤੇ ਭਾਈ ਭੁਪਿੰਦਰ ਸਿੰਘ ਸੱਜਣ ਵਰਗੇ ਪੱਤਰਕਾਰਾਂ ਦੀ ਨਿਰਪੱਖ ਸੋਚ ਦਾ ਡੱਟ ਕੇ ਸਮਰਥਨ ਕੀਤਾ ਗਿਆ ।

## ਪੱਤਰਕਾਰ ਸਨਪ੍ਰੀਤ ਮਾਂਗਟ ਕਤਲ ਮਾਮਲੇ ਵਿੱਚ ਛੇ ਦੋਸ਼ੀ ਗ੍ਰਿਫ਼ਤਾਰ

**ਨਵਾਂਸ਼ਹਿਰ/ਏ.ਟੀ.ਨਿਊਜ਼:** ਜ਼ਿਲਾ ਪੁਲੀਸ ਨੇ ਪੱਤਰਕਾਰ ਸਨਪ੍ਰੀਤ ਸਿੰਘ ਮਾਂਗਟ ਦੇ ਕਤਲ ਮਾਮਲੇ ਵਿੱਚ 6 ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਪੁਲੀਸ ਨੇ ਮੁਲਜ਼ਮਾਂ ਤੋਂ ਜਿੱਥੇ ਤੇਜ਼ਧਾਰ ਹਥਿਆਰ ਤੇ 2 ਮੋਟਰਸਾਈਕਲ ਬਰਾਮਦ ਬਰਾਮਦ ਕੀਤੇ ਹਨ ਉੱਥੇ ਹੀ ਹੋਰ ਵਾਰਦਾਤਾਂ ਦੀ ਪੜਤਾਲ ਤੇ ਪੈਸਿਆਂ ਦੀ ਬਰਾਮਦਗੀ ਲਈ ਰਿਮਾਂਡ ਹਾਸਲ ਕੀਤਾ ਜਾ ਰਿਹਾ ਹੈ।



ਜ਼ਿਲਾ ਪੁਲੀਸ ਮੁਖੀ ਮੈਡਮ ਅਲਕਾ ਮੀਨਾ ਨੇ ਦੱਸਿਆ ਕਿ ਸਨਪ੍ਰੀਤ ਪਿਛਲੇ ਤਿੰਨ ਸਾਲ ਤੋਂ ਕਿਸੇ ਵੀ ਅਖ਼ਬਾਰ ਜਾਂ ਚੈਨਲ ਨਾਲ ਕੰਮ ਨਹੀਂ ਸੀ ਕਰ ਰਿਹਾ ਪਰ ਉਸ ਦੇ ਕਤਲ ਮਾਮਲੇ ਦੀ ਪੁਲੀਸ ਡੂੰਘਾਈ ਨਾਲ ਜਾਂਚ ਕਰ ਰਹੀ ਹੈ। ਡੀਐੱਸਪੀ (ਡੀ) ਹਰਜੀਤ ਸਿੰਘ, ਸੀਆਈਏ ਇੰਚਾਰਜ ਦਲਵੀਰ ਸਿੰਘ, ਬਖਸ਼ੀਸ਼ ਸਿੰਘ ਐੱਸਐੱਚਓ ਰਾਹੋਂ ਨੇ ਜਗਦੀਪ ਸਿੰਘ ਉਰਫ ਬੱਬੂ ਬਾਜਵਾ, ਬਖ਼ਸ਼ੀਸ਼ ਸਿੰਘ ਉਰਫ ਬੱਬੀ, ਹਰਸ਼, ਜਨਿਤ ਕੁਮਾਰ ਵਾਸੀ ਰਾਹੋਂ ਅਤੇ ਹਰਜਿੰਦਰ ਸਿੰਘ ਉਰਫ ਭੁੱਟਾ, ਕਮਲਜੀਤ ਸਿੰਘ ਵਾਸੀ ਗੜਪਧਾਣਾਂ ਨੂੰ ਸ਼ੱਕ ਦੇ ਆਧਾਰ 'ਤੇ ਹਿਰਾਸਤ ਵਿਚ ਲੈ ਕੇ ਪੁੱਛ-ਪੜਤਾਲ ਕੀਤੀ ਤਾਂ ਉਨਾਂ ਜੁਰਮ ਕਬੂਲ ਕਰਦਿਆਂ ਕਿਹਾ ਕਿ 10 ਮਈ ਦੀ ਰਾਤ ਨੂੰ ਉਨਾਂ ਗੜੀ ਮੋੜ 'ਤੇ ਸਨਪ੍ਰੀਤ ਨੂੰ ਲੁੱਟਣ ਲਈ ਰੋਕਿਆ ਤਾਂ ਤਕਰਾਰ ਹੋ ਗਈ। ਇਸ ਦੌਰਾਨ ਉਨਾਂ ਸਨਪ੍ਰੀਤ ਦੇ ਅਨੇਕਾਂ ਵਾਰ ਕੀਤੇ ਜਿਸ ਨਾਲ ਉਸ ਦੀ ਮੌਕੇ 'ਤੇ ਮੌਤ ਹੋ ਗਈ। ਇਸ ਮਗਰੋਂ ਉਹ 15 ਹਜ਼ਾਰ ਰੁਪਏ, ਚਾਂਦੀ ਦੀ ਚੇਨ ਤੇ ਪਰਸ ਲੁੱਟ ਕੇ ਫ਼ਰਾਰ ਹੋ ਗਏ ਸਨ। ਮੈਡਮ ਅਲਕਾ ਮੀਨਾ ਨੇ ਦੱਸਿਆ ਕਿ ਪੁਲੀਸ ਨੇ ਕੇਸ ਦਰਜ ਕਰਕੇ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

# ਕਰੋਨਾ ਦੌਰ ਵਿਚ ਬੇਬੱਸ ਤੇ ਨਿਰਾਸ਼ ਕਿਰਤੀ ਕਾਮੇ



**- ਐੱਸ ਆਰ ਲੱਧੜ**

ਭਾਰਤ ਦੇਸ਼ ਨੂੰ ਕਿਸੇ ਵੇਲੇ 'ਸੋਨੇ ਦੀ ਚਿੜੀਆ' ਕਿਹਾ ਜਾਂਦਾ ਸੀ। ਹਜ਼ਾਰਾਂ ਸਾਲਾਂ ਤੋਂ ਯੂਰਪ ਅਤੇ ਬਾਹਰਲੇ ਮੁਲਕ ਇਸ ਦੇਸ਼ ਨਾਲ ਵਿਉਪਾਰ ਕਰਦੇ, ਇੱਥੋਂ ਦੀਆਂ ਵਸਤੂਆਂ ਖਰੀਦਦੇ ਅਤੇ ਬਦਲੇ ਵਿੱਚ ਸੋਨੇ ਦੇ ਰੂਪ ਵਿੱਚ ਕੀਮਤ ਅਦਾ ਕਰਦੇ। ਭਾਰਤ ਤੋਂ ਬਾਹਰਲੇ ਮੁਲਕਾਂ ਨੂੰ ਸੂਤੀ ਮਲ-ਮਲ ਦਾ ਕੱਪੜਾ, ਮਸਾਲੇ ਖਾਸ ਕਰਕੇ ਕਾਲੀ ਮਿਰਚ, ਹਾਥੀ ਦੰਦ ਦੇ ਗਹਿਣੇ, ਬਰਤਨ ਅਤੇ ਖੁਸ਼ਬੂ ਆਦਿ ਮਿਸਰ, ਇਰਾਨ, ਅਤੇ ਗਰੀਸ ਆਦਿ ਮੁਲਕਾਂ ਨੂੰ ਭੇਜਿਆ ਜਾਂਦਾ ਸੀ। ਮਹਾਨ ਪੀਟਰ ਨੇ ਕਿਹਾ ਸੀ, ਭਾਰਤ ਦਾ ਵਿਓਪਾਰ ਸੰਸਾਰ ਦਾ ਵਿਓਪਾਰ ਹੈ, ਜੋ ਇਸ ਵਿਓਪਾਰ ਨੂੰ ਕੰਟਰੋਲ ਕਰੇਗਾ, ਯੂਰਪ 'ਤੇ ਰਾਜ ਕਰੇਗਾ।

ਵਿਓਪਾਰ ਨੂੰ ਵਧਾਉਣ ਖਾਤਰ ਭਾਰਤ ਨੇ ਥਾਈਲੈਂਡ, ਜਾਵਾ, ਸੁਮਾਟਰਾ ਅਤੇ ਮਲੇਸ਼ੀਆ ਨਾਲ ਵੀ ਚੰਗੇ ਸਬੰਧ ਸਥਾਪਤ ਕਰ ਲਏ ਸਨ। ਭਾਰਤ ਵਿੱਚ ਅੰਗਰੇਜਾਂ ਦੇ ਆਉਣ ਨਾਲ ਸਾਰਾ ਦ੍ਰਿਸ਼ ਬਦਲ ਗਿਆ। ਭਾਰਤ ਦੀਆਂ ਛੋਟੀਆਂ ਅਤੇ ਦਰਮਿਆਨੀਆਂ ਇਕਾਈਆਂ ਬੰਦ ਕਰ ਦਿੱਤੀਆਂ ਗਈਆਂ ਅਤੇ ਭਾਰਤ ਇੱਕ ਖੇਤੀਬਾੜੀ ਦੇਸ਼ ਬਣ ਕੇ ਰਹਿ ਗਿਆ। ਕਿਰਤੀਆਂ ਨੂੰ ਪਹਿਲੀ ਮਾਰ ਅੰਗਰੇਜ਼ੀ ਸਾਮਰਾਜ ਵੇਲੇ ਪਈ। ਅਕਬਰ ਦੇ ਰਾਜ ਵੇਲੇ ਇਨਾਂ ਕਿਰਤੀਆਂ ਦੇ ਸਿਰ 'ਤੇ ਭਾਰਤ ਦਾ ਜੀ.ਡੀ.ਪੀ. ਪੂਰੇ ਵਿਸ਼ਵ ਦਾ ਇੱਕ ਚੌਥਾਈ ਹਿੱਸਾ ਸੀ। 1000 ਈ. ਵਿੱਚ 28.9%, 1700 ਈ. ਵਿੱਚ ਇਹ 24.4% ਅਤੇ ਅੰਗਰੇਜਾਂ ਦੇ ਭਾਰਤ ਛੱਡਣ ਵੇਲੇ ਸਿਰਫ 4.2 ਪ੍ਰਤੀਸ਼ਤ ਰਹਿ ਗਿਆ।

ਉਨੀਵੀਂ ਸਦੀ ਦੇ ਸ਼ੁਰੂ ਵਿੱਚ ਵੀ ਭਾਰਤ ਦੇ ਲੋਕ ਖੁਸ਼ਹਾਲ ਸਨ। 1820 ਈ. ਵਿੱਚ ਸੰਸਾਰ ਦੀ ਅਰਥ ਵਿਵਸਥਾ ਦਾ 16.1% ਭਾਗ ਭਾਰਤ ਦਾ ਹਿੱਸਾ ਸੀ। ਦੇਸ਼ ਅਜ਼ਾਦ ਹੋਣ ਤੋਂ ਬਾਦ ਦੇਸ਼ ਵਿੱਚ ਸਨਅਤੀਕਰਨ ਦਾ ਦੌਰ ਸ਼ੁਰੂ ਹੋਇਆ। ਛੋਟੀਆਂ ਅਤੇ ਦਰਮਿਆਨੀਆਂ ਇਕਾਈਆਂ ਦੇ ਨਾਲ ਨਾਲ ਵੱਡੀਆਂ ਇੰਡਸਟਰੀਆਂ ਵੀ ਹੋਂਦ ਵਿੱਚ ਆਈਆਂ। ਯੂਰਪ ਅਤੇ ਹੋਰ ਅਮਰੀਕਾ ਵਰਗੇ ਦੇਸ਼ਾਂ ਦੇ ਪ੍ਰਭਾਵ ਹੇਠ ਸਨਅਤ ਅਧੀਨ ਕਿਰਤੀ ਅਤੇ ਕਾਮੇ ਦੇ ਕੰਮ ਦੀ ਪ੍ਰੀਭਾਸ਼ਾ ਹੀ ਬਦਲ ਗਈ। ਕਾਟੇਜ ਇੰਡਸਟਰੀ (ਘਰਾਂ/ਪਿੰਡਾਂ ਵਿੱਚ ਕੱਪੜਾ, ਦਰੀਆਂ, ਖੇਸੀਆਂ, ਜੁੱਤਿਆਂ ਅਤੇ ਮਿੱਟੀ ਦੇ ਭਾਂਡੇ ਬਣਾਉਣਾ), ਜੋ ਭਾਰਤ ਵਿੱਚ ਵਿਓਪਾਰ ਦੀ ਰੀੜ ਦੀ ਹੱਡੀ ਸੀ, ਅੰਗਰੇਜ਼ੀ ਸ਼ਾਸਨ ਦੌਰਾਨ ਕਾਰਖਾਨਿਆਂ ਦੀ ਆਮਦ ਨੇ ਉਸ ਨੂੰ ਤਬਾਹ ਕਰਕੇ ਮਸ਼ੀਨਾਂ ਰਾਹੀਂ ਸਸਤੀ ਅਤੇ ਵੱਡੀ ਗਿਣਤੀ ਵਿੱਚ ਉਤਪਾਦਨ ਕਰਕੇ ਉਪਭੋਗਤਾ ਮਾਰਕੀਟ ਦਾ ਰਾਹ ਖੋਲ ਦਿੱਤਾ। ਇਸ ਤਰਾਂ ਸਰਮਾਏਦਾਰੀ, ਕਾਰਖਾਨੇਦਾਰ, ਕੈਪੀਟਲਿਸਟ, ਆਦਿ ਨਵੇਂ ਤਰਾਂ ਦੇ ਸ਼ਬਦ ਹੋਂਦ ਵਿੱਚ ਆਏ। ਬੈਂਕਾਂ ਦੇ ਆਉਣ ਨਾਲ ਵਿਓਪਾਰ ਕਰਨ, ਲੈਣ-ਦੇਣ, ਕਰਜ਼ਾ ਅਤੇ ਧੰਨ-ਰਾਸ਼ੀ ਜਮਾਂ ਕਰਵਾਉਣ ਦੇ ਨਿਜ਼ਾਮ ਹੋਂਦ ਵਿੱਚ ਆ ਗਏ। ਪੂਰੇ ਵਿਸ਼ਵ ਵਿੱਚ ਲੋਕ ਰਾਜ ਵਰਗੇ ਨਵੇਂ ਨਿਜ਼ਾਮ ਸਥਾਪਤ ਹੋ ਗਏ। ਚੋਣ ਸਿਸਟਮ ਅਤੇ ਵੋਟਾਂ ਦਾ ਰਾਜ ਸ਼ੁਰੂ ਹੋ ਗਿਆ। ਰਾਜ ਕਰਨ ਲਈ ਮਹਿੰਗੀਆਂ ਚੋਣਾਂ, ਚੋਣ ਪ੍ਰਚਾਰ, ਸਿਆਸਤਦਾਨਾਂ ਦਾ ਸਨਅਤਕਾਰਾਂ ਨਾਲ ਨਾਪਾਕ ਗੱਠਜੋੜ, ਚੋਣ ਫੰਡ ਅਤੇ ਸਰਕਾਰਾਂ ਵੱਲੋਂ ਕੈਪੀਟਲਿਸਟਾਂ/ਸਨਅਤਕਾਰਾਂ ਨੂੰ ਫਾਇਦੇ ਕੁਝ ਅਜਿਹੀਆਂ ਤਬਦੀਲੀਆਂ ਆਈਆਂ ਜਿਨਾਂ ਨਾਲ ਹਰ ਦੇਸ ਦਾ ਕਿਰਤੀ, ਕਾਮਾ ਅਤੇ ਕਿਸਾਨ ਪ੍ਰਭਾਵਤ ਹੋਏ ਬਿਨਾਂ ਨਾ ਰਹਿ ਸਕਿਆ। ਅੱਜ ਹਰ ਦੇਸ਼ ਵਿੱਚ ਕੈਪੀਟਲਿਸਟ ਅਤੇ ਸਨਤਕਾਰਾਂ ਦਾ ਬੋਲਬਾਲਾ ਹੈ। ਕਿਰਤੀ, ਕਾਮਾ ਅਤੇ ਕਿਸਾਨ, ਜੋ ਅੱਜ ਵੀ ਹਰ ਦੇਸ਼ ਦੀ ਅਰਥ ਵਿਵਸਥਾ ਨੂੰ ਆਪਣੇ ਮੋਢਿਆਂ ਤੇ ਲਈ ਖੜਾ ਹੈ, ਬੇ-ਬੱਸ ਅਤੇ ਨਿਰਾਸ਼ ਹੈ।

ਅੱਜ ਪੂਰੇ ਵਿਸ਼ਵ ਵਿੱਚ ਹਰ ਦੇਸ਼ ਨੂੰ ਕਰੋਨਾ ਮਹਾਂਮਾਰੀ ਨੇ ਆਪਣੇ ਜਬਾੜਿਆਂ ਵਿੱਚ ਜਕੜਿਆ ਹੋਇਆ ਹੈ। ਅਮੀਰ ਅਤੇ ਅਗਾਂਹਵਧੂ ਦੇਸ਼ ਕਰੋਨਾ ਦੀ ਵਧੇਰੇ ਮਾਰ ਝੱਲ ਰਹੇ ਹਨ। ਤਿੰਨ ਲੱਖ ਤੋਂ ਉੱਪਰ ਕਰੋਨਾ ਕਾਰਨ ਮੌਤਾਂ ਹੋ ਚੁੱਕੀਆਂ ਹਨ। ਅਮਰੀਕਾ, ਰੂਸ, ਇੰਗਲੈਂਡ, ਬਰਾਜ਼ੀਲ ਅਤੇ ਸਪੇਨ ਵਰਗੇ ਦੇਸ਼ਾਂ ਵਿੱਚ ਸਭ ਤੋਂ ਵੱਧ ਨੁਕਸਾਨ ਹੋਇਆ ਹੈ। ਚੀਨ ਦੇ ਵੂਹਾਨ ਸ਼ਹਿਰ ਤੋਂ ਇਹ ਵਾਇਰਸ ਪੂਰੇ ਵਿਸ਼ਵ ਵਿੱਚ ਫੈਲਿਆ ਹੈ। ਵੱਖ ਵੱਖ ਦੇਸ਼ਾਂ ਵਿੱਚ ਇਸ ਵਾਇਰਸ ਦੇ ਜਾਣ ਦਾ ਕਾਰਨ ਵਧੇਰੇ ਕਰਕੇ ਲੋਕਾਂ ਦਾ ਇੱਕ ਦੂਜੇ ਨਾਲ ਸੰਪਰਕ ਵਿੱਚ ਆਉਣਾ ਹੈ ਜਾਂ ਉਨਾਂ ਵਸਤਾਂ ਦਾ ਸੰਪਰਕ ਵਿੱਚ ਆਉਣਾ ਹੈ ਜਿਹੜੀਆਂ ਕਰੋਨਾ ਵਾਇਰਸ ਨਾਲ ਅਸਰ ਅਧੀਨ ਵਿਅਕਤੀ ਨੇ ਉਨਾਂ ਨੂੰ ਕਿਸੇ ਨਾ ਕਿਸੇ ਢੰਗ ਨਾਲ ਛੋਹਿਆ ਹੋਵੇਗਾ। ਭਾਰਤ ਵਿੱਚ ਇੱਕ ਲੱਖ ਲੋਕ ਕਰੋਨਾ ਨਾਲ ਪ੍ਰਭਾਵਤ ਹੋ ਚੁੱਕੇ ਹਨ ਅਤੇ ਤਿੰਨ ਹਜ਼ਾਰ ਕਰੋਨਾ ਕਾਰਨ ਮੌਤਾਂ ਵੀ ਹੋ ਚੁੱਕੀਆਂ ਹਨ।

ਦਸੰਬਰ 2019 ਵਿੱਚ ਕਰੋਨਾ ਦਾ ਪਤਾ ਚੀਨ ਨੂੰ ਲੱਗ ਚੁੱਕਿਆ ਸੀ। ਕਈ ਮੁਲਕਾਂ ਨੇ ਜਿਵੇਂ ਤਾਈਵਾਨ ਆਦਿ ਨੇ ਤੁਰੰਤ ਇਹਤਿਆਤੀ ਕਦਮ ਚੁੱਕੇ ਅਤੇ ਕਰੋਨਾ ਤੋਂ ਬਚਾਅ ਦੇ ਲੋੜੀਂਦੇ ਪ੍ਰਬੰਧ ਕਰ ਲਏ। ਫਰਵਰੀ 2020 ਵਿੱਚ ਭਾਰਤ ਨਮਸਤੇ ਟਰੰਪ ਵਰਗੇ ਪ੍ਰੋਗਰਾਮ ਆਯੋਜਿਤ ਕਰਕੇ ਪੂਰੇ ਦੇਸ਼ ਨੂੰ ਮੌਤ ਦੇ ਮੂੰਹ ਵਿੱਚ ਸੁੱਟਣ ਦਾ ਪ੍ਰੋਗਰਾਮ ਖੁਦ ਉਲੀਕ ਰਿਹਾ ਸੀ। ਮਾਰਚ ਵਿੱਚ ਝਟਪਟ ਵਿੱਚ ਅਜਿਹੀਆਂ ਪਾਬੰਦੀਆਂ ਲਗਾਈਆਂ ਗਈਆਂ ਕਿ ਲੋਕਾਂ ਨੂੰ ਆਪਣੇ ਘਰ ਜਾਣ ਦਾ ਟਾਈਮ ਵੀ ਨਾ ਦਿੱਤਾ ਗਿਆ। ਲੋਕ ਆਪਣੀ ਆਪਣੀ ਜਗਾ ਫਸ ਕੇ ਰਹਿ ਗਏ। ਜੋ ਲੋਕ ਕਿਸੇ ਦੂਸਰੇ ਸੂਬੇ ਵਿੱਚ ਨੌਕਰੀ ਦੀ ਭਾਲ ਵਿੱਚ ਗਏ ਸਨ, ਉਨਾਂ ਵਾਸਤੇ ਲਾਕਡਾਊਨ ਦਾ ਫੈਸਲਾ ਰੱਬ ਦੇ ਕਹਿਰ ਤੋਂ ਘੱਟ ਨਹੀਂ ਸੀ। ਮਈ ਮਹੀਨੇ ਵਿੱਚ ਜਦੋਂ ਹੌਲੀ ਹੌਲੀ ਕਰਫਿਊ ਅਤੇ ਲਾਕਡਾਊਨ ਵਿੱਚ ਢਿੱਲ ਦਿੱਤੀ ਗਈ ਤਾਂ ਲੋਕ ਆਪਣੇ ਘਰਾਂ ਨੰ ਪਰਤਣ ਲੱਗੇ।

ਮੰਡਲ ਕਮਿਸ਼ਨ ਦੀ ਰਿਪੋਰਟ ਮੁਤਾਬਿਕ ਭਾਰਤ ਵਿੱਚ 52% ਵਸੋਂ ਪਛੜੀਆਂ ਸ਼੍ਰੇਣੀਆਂ (ਕਿਰਤੀਆਂ) ਦੀ ਹੈ। 25% ਵਸੋਂ ਅਨੁਸੂਚਿਤ ਜਾਤੀ ਅਤੇ ਜਨਜਾਤੀ (ਕਾਮੇ) ਲੋਕਾਂ ਦੀ ਹੈ। ਇਨਾਂ ਵਿੱਚੋਂ ਕੁਝ ਕਿਸਾਨੀ ਦਾ ਕੰਮ ਵੀ ਕਰਦੇ ਹਨ ਅਤੇ ਕੁਝ ਲੋਕ ਭਾਵੇਂ ਇਨਾਂ ਤਿੰਨਾਂ ਸ਼੍ਰੇਣੀਆਂ ਵਿੱਚ ਤਾਂ ਨਹੀਂ ਆਉਂਦੇ ਪਰ ਵਰਣ-ਵਿਵਸਥਾ ਦੇ ਚੌਥੇ ਡੰਡੇ 'ਤੇ ਬੈਠੇ ਕਿਸਾਨੀ ਦਾ ਧੰਦਾ ਕਰਦੇ ਹਨ। ਇੰਝ ਭਾਰਤ ਦੀ ਲਗਭਗ 90% ਵਸੋਂ ਕਿਰਤੀ, ਕਿਸਾਨ ਅਤੇ ਕਾਮਿਆਂ ਦੀ ਹੈ ਜੋ ਕਰੋਨਾ ਤੋਂ ਬੁਰੀ ਤਰਾਂ ਪ੍ਰਭਾਵਤ ਹੋਈ ਹੈ। 20 12 ਦੀ ਸਰਵੇ-ਰਿਪੋਰਟ ਮੁਤਾਬਿਕ ਭਾਰਤ ਵਿੱਚ 48.7 ਕਰੋੜ ਮਜ਼ਦੂਰੀ ਕਰਦੇ ਹਨ ਜਿਨਾਂ ਵਿੱਚੋਂ 23.0 ਕਰੋੜ ਲੋਕ ਪ੍ਰਵਾਸੀ ਭਾਰਤੀ ਹਨ। ਮਈ 2020 ਦੇ ਸਰਵੇ-ਰਿਪੋਰਟ ਮੁਤਾਬਿਕ ਸਨਅਤਕਾਰਾਂ ਨੇ 10 ਕਾਮਿਆਂ ਵਿੱਚੋਂ 8 ਕਾਮਿਆਂ ਨੂੰ ਉਨਾਂ ਦੇ ਬਣਦੇ ਕੰਮ ਦੀ ਉਜਰਤ ਨਹੀਂ ਦਿੱਤੀ। ਗੁਜਰਾਤ ਸੂਬਾ ਸਰਕਾਰ ਦੇ ਹੁਕਮਾਂ ਦੇ ਬਾਵਜੂਦ ਹੀਰੇ ਦੀਆਂ ਫੈਕਟਰੀਆਂ ਦੇ ਮਾਲਕਾਂ ਨੇ ਕਾਮਿਆਂ ਦੀ ਹੋਏ ਕੰਮ ਦੀ ਵੀ ਤਨਖਾਹ ਜਾਰੀ ਨਹੀਂ ਕੀਤੀ। ਇੰਝ ਕਿਹਾ ਜਾ ਸਕਦਾ ਹੈ ਕਿ ਫੈਕਟਰੀ ਮਾਲਕਾਂ ਨੇ ਆਪਣੇ ਹਿਤਾਂ ਖਾਤਰ ਕਾਮਿਆਂ ਨਾਲ ਬੰਧੂਆ ਮਜ਼ਦੂਰਾਂ ਵਰਗਾ ਸਲੂਕ ਕਰਨਾ ਸ਼ੁਰੂ ਕੀਤਾ ਹੋਇਆ ਹੈ।

ਛੋਟੇ ਸਨਅਤਕਾਰ, ਕਿਰਤੀ ਲੋਕ ਜੋ ਆਪਣੇ ਹੱਥੀਂ ਅਤੇ ਲੇਬਰ ਦੀ ਮਦਦ ਨਾਲ ਕੰਮ ਕਰਦੇ ਹਨ ਅਤੇ ਦੇਸ਼ ਦੇ ਵਿਕਾਸ ਵਿੱਚ ਹਿੱਸਾ ਪਾਉਂਦੇ ਹਨ, ਉਹ ਵੀ ਇਸ ਕਰੋਨਾ ਵਾਇਰਸ ਤੋਂ ਬੇਹੱਦ ਪ੍ਰਭਾਵਤ ਨਜ਼ਰ ਆਉਂਦੇ ਹਨ। ਛੋਟੀਆਂ ਵੱਡੀਆਂ ਫੈਕਟਰੀਆਂ ਦਾ ਕੰਮ ਬੰਦ ਹੋ ਗਿਆ ਹੈ। ਕੰਮ ਕਰਨ ਵਾਲਾ ਹੀ ਉਪਲਬਧ ਨਾ ਹੋਇਆ ਤਾਂ ਸਰਕਾਰ ਵੱਲੋਂ ਲਾਕਡਾਊਨ ਜਾਂ ਕਰਫਿਊ ਦੀ ਢਿੱਲ ਵੀ ਉਨਾਂ ਦੇ ਕਿਸ ਕੰਮ? ਕਿਰਾਏ 'ਤੇ ਲਈਆਂ ਫੈਕਟਰੀਆਂ/ ਸ਼ੈੱਡਾਂ, ਬਿਜਲੀ ਦੇ ਬਿੱਲ, ਕੰਮ ਚਲਾਉਣ ਲਈ ਲਏ ਕਰਜ਼ੇ ਦੇ ਭੁਗਤਾਨ ਇਹ ਕਿਰਤੀ ਅਤੇ ਛੋਟੇ ਸਨਅਤਕਾਰ ਕਿਵੇਂ ਕਰਨਗੇ? ਸਰਕਾਰ ਦਾ ਪੈਕੇਜ ਇੱਕ ਅਜਿਹੀ ਹਿਸਾਬ ਦੀ ਗੁੰਝਲਦਾਰ ਪਹੇਲੀ ਹੈ ਜੋ ਵੱਧ ਤੋਂ ਵੱਧ ਪੜੇ ਲਿਖੇ ਵਿਅਕਤੀ ਦੇ ਪੱਲੇ ਵੀ ਨਹੀਂ ਪੈ ਰਹੀ। ਆਰਥਿਕ ਮਾਹਰ ਸਰਕਾਰ ਦੇ ਵੀਹ ਲੱਖ ਕਰੋੜ ਰੁਪਏ ਦੇ ਪੈਕੇਜ ਨੂੰ ਰਾਹਤ ਪੈਕੇਜ਼ ਦੀ ਬਜਾਏ ਕਰਜ਼ਾ ਪੈਕੇਜ ਕਹਿ ਰਹੇ ਹਨ। ਕਿਸਾਨ ਬਹੁਤ ਬੁਰੇ ਸੰਕਟ ਦਾ ਸ਼ਿਕਾਰ ਹੋ ਗਿਆ ਹੈ। ਕਰੋਨਾ ਕਾਰਨ ਸਬਜ਼ੀਆਂ ਦੇ ਭਾਅ ਅੱਧੋਂ ਵੱਧ ਘਟ ਗਏ ਹਨ। ਕਿਸਾਨਾਂ ਨੂੰ ਸਬਜ਼ੀਆਂ 'ਤੇ ਲੱਗੀ ਲਾਗਤ ਵੀ ਵਸੂਲ ਨਹੀਂ ਹੋ ਰਹੀ। ਅੱਜ ਹੋਟਲ, ਰੈਸਟੋਰੈਂਟ, ਢਾਬੇ, ਮੈਰਿਜ ਪੈਲੇਸ ਬੰਦ ਹੋਣ ਨਾਲ ਕਿਸਾਨਾਂ ਦੀ ਪੈਦਾਵਾਰ ਦੀ ਖਪਤ 'ਤੇ ਸਿੱਧਾ ਅਸਰ ਪਿਆ ਹੈ। ਡਿਮਾਂਡ ਘਟ ਜਾਣ ਦੀ ਵਜਾਹ ਕਾਰਨ ਕਿਸਾਨ ਨੂੰ ਆਪਣੀ ਲਾਗਤ ਕੀਮਤ ਵੀ ਵਸੂਲ ਹੁੰਦੀ ਨਜ਼ਰ ਨਹੀਂ ਆ ਰਹੀ।

ਪ੍ਰਵਾਸੀ ਮਜ਼ਦੂਰ ਜੰਗੀ ਪੱਧਰ 'ਤੇ ਆਪਣੇ ਘਰਾਂ ਨੂੰ ਪਰਤ ਰਹੇ ਹਨ। ਜੇਕਰ ਸਰਕਾਰ ਭਾਰਤ ਅੰਦਰ ਪ੍ਰਵਾਸੀ ਭਾਰਤੀਆਂ ਨੂੰ, ਜੋ ਪੈਸੇ-ਪੈਸੇ ਲਈ ਮੁਹਤਾਜ ਹਨ, ਜੋ ਭੁੱਖੇ ਹਨ, ਜੋ ਬੇ-ਸਹਾਰਾ ਹਨ, ਨੂੰ ਰੇਲ ਗੱਡੀਆਂ ਜਾਂ ਬੱਸਾਂ ਰਾਹੀਂ ਆਪੋ-ਆਪਣੇ ਘਰਾਂ ਤਕ ਵੀ ਨਹੀਂ ਪਹੁੰਚਾ ਸਕਦੀ ਤਾਂ ਅਜਿਹੀ ਸਰਕਾਰ ਕਿਸ ਕੰਮ ਦੀ? ਸਰਕਾਰ ਦੀ ਅਰਥ ਵਿਵਸਥਾ ਅਤੇ ਸਰਕਾਰ ਦੀ ਸੰਵੇਦਨਸ਼ੀਲਤਾ 'ਤੇ ਕੋਈ ਵੀ ਬੁੱਧੀਜੀਵੀ ਪ੍ਰਸ਼ਨ ਚਿੰਨ ਲਾਵੇਗਾ ਤਾਂ ਸਰਕਾਰ ਕੋਲ ਕੋਈ ਵੀ ਜਵਾਬ ਨਹੀਂ ਹੈ। ਸਵੈ-ਸੇਵੀ ਸੰਸਥਾਵਾਂ ਅਤੇ ਗੁਰਦੁਆਰੇ ਮੁਫਤ ਲੰਗਰ ਨਾ ਲਾਉਂਦੇ ਤਾਂ ਕਰੋਨਾ ਦੀਆਂ ਮੌਤਾਂ ਤੋਂ ਵੱਧ ਮੌਤਾਂ ਤਾਂ ਹੁਣ ਤਕ ਭੁੱਖਮਰੀ ਨਾਲ ਹੋ ਜਾਣੀਆਂ ਸਨ। ਕਾਮੇ ਅਤੇ ਕਿਰਤੀ ਦੀ ਬਾਂਹ ਤਾਂ ਹਾਲੇ ਤਕ ਸਰਕਾਰ ਨੇ ਕਿਸੇ ਵੀ ਸੂਬੇ ਵਿੱਚ ਫੜੀ ਨਜ਼ਰ ਨਹੀਂ ਆ ਰਹੀ। ਉੱਪਰੋਂ ਸਿਤਮ ਇਹ ਕਿ ਯੂ.ਪੀ. ਅਤੇ ਮੱਧ ਪ੍ਰਦੇਸ਼ ਵਰਗੀਆਂ ਭਾਜਪਾ ਸਰਕਾਰਾਂ ਨੇ ਲੇਬਰ-ਲਾਜ਼ (ਮਜਦੂਰਾਂ ਸਬੰਧੀ ਕਾਨੂੰਨ) ਵੀ ਮੁਅੱਤਲ ਕਰ ਦਿੱਤੇ ਹਨ। ਕਾਮਿਆਂ ਨੂੰ ਘੱਟੋ-ਘੱਟ ਉਜਰਤ, ਅੱਠ ਘੰਟੇ ਕੰਮ, ਧੱਕੇ ਖਿਲਾਫ ਵਿਰੋਧ ਕਰਨ ਦਾ ਇਖਤਿਆਰ, ਓਵਰ-ਟਾਈਮ, ਬਿਨਾਂ ਨੋਟਿਸ ਨੌਕਰੀ ਤੋਂ ਛੁੱਟੀ ਅਜਿਹੇ ਹੱਕਾਂ ਤੋਂ ਵਾਂਝਿਆਂ ਕਰ ਦਿੱਤਾ ਗਿਆ ਹੈ। ਉਨਾਂ ਲੋਕਾਂ, ਜਿਹੜਾ ਪਹਿਲਾਂ ਹੀ ਸਮਾਜ ਦਾ ਸਭ ਤੋਂ ਵੱਧ ਸ਼ੋਸ਼ਤ ਵਰਗ ਹੈ, ਨੂੰ ਹੋਰ ਸ਼ੋਸ਼ਤ ਕਰਨ ਦੀ ਖੁੱਲ ਕਾਨੂੰਨਨ ਦੇ ਦਿੱਤੀ ਗਈ ਹੈ। ਕੀ ਅਸੀਂ ਕਿਸੇ ਸੱਭਿਆ ਸਮਾਜ ਦਾ ਹਿੱਸਾ ਕਹਾਉਣ ਦੇ ਹੱਕਦਾਰ ਹਾਂ? ਅੱਜ ਕਿਸਾਨ ਰੁਲ ਰਿਹਾ ਹੈ। ਉਹ ਆਪਣੀ ਜਿਣਸ, ਸਬਜ਼ੀਆਂ ਅਤੇ ਫਲ ਦੂਰ ਦੁਰਾਡੇ ਸੂਬਿਆਂ ਵਿੱਚ ਉਚਿਤ ਭਾਅ 'ਤੇ ਵੇਚ ਨਹੀਂ ਸਕਦਾ। ਉਹ ਮਜਬੂਰ ਹੈ ਆਪਣੇ ਪਿੰਡ ਜਾਂ ਜ਼ਿਲੇ ਵਿੱਚ, ਜੋ ਵੀ ਮਿਲ ਜਾਵੇ, ਉਸੇ ਭਾਅ ਜਿਣਸ ਵੇਚਣ ਲਈ।

ਹੁਣ ਝੋਨੇ ਦੀ ਲੁਆਈ ਦਾ ਸੀਜ਼ਨ ਸ਼ੁਰੂ ਹੋ ਜਾਵੇਗਾ। ਕਿਸਾਨ ਝੋਨਾ ਲਾਉਣ ਲਈ ਪ੍ਰਵਾਸੀ ਮਜ਼ਦੂਰਾਂ ਦੀ ਕਮੀ ਕਿਵੇਂ ਵੀ ਪੂਰੀ ਨਹੀਂ ਕਰ ਸਕੇਗਾ। ਹੋਵੇਗਾ ਕੀ, ਕਿਸਾਨ ਲੋਕਲ ਮਜ਼ਦੂਰਾਂ ਨੂੰ ਵੱਧ ਤੋਂ ਵੱਧ ਰੇਟ ਦੇ ਕੇ ਝੋਨੇ ਦੀ ਲੁਆਈ ਕਰਵਾਏਗਾ। ਕਿਸਾਨ ਦੀ ਲਾਗਤ ਪ੍ਰਤੀ ਏਕੜ 5-10% ਵਧ ਜਾਵੇਗੀ। ਜਿਹੜਾ ਮਜ਼ਦੂਰ ਵਾਪਸ ਚਲਾ ਗਿਆ ਹੈ, ਉਹ ਇੱਕ ਤਰਾਂ ਬੇਰੁਜ਼ਗਾਰੀ ਦਾ ਸਾਹਮਣਾ ਕਰੇਗਾ। ਇੰਝ ਕਾਮਾ, ਕਿਰਤੀ ਅਤੇ ਕਿਸਾਨ ਤਿੰਨੋ ਕਰੋਨਾ ਤੋਂ ਬੁਰੀ ਤਰਾਂ ਪ੍ਰਭਾਵਤ ਹੋ ਕੇ ਰਹਿ ਗਏ ਹਨ। ਸਰਕਾਰ ਦਾ ਫਰਜ਼ ਬਣਦਾ ਸੀ ਕਿ ਪਲਾਨਿੰਗ ਨਾਲ, ਸੁਹਿਰਦਤਾ ਨਾਲ ਆਪਣੇ ਪ੍ਰਸ਼ਾਸਨਿਕ ਤਜਰਬੇ ਅਤੇ ਲੋਕ ਪੱਖੀ ਸਰਕਾਰ ਹੋਣ ਦਾ ਮੁਜਾਹਰਾ ਕਰਦੀ। ਪੰਜਾਬ ਲਈ ਸੂਬਾ ਸਰਕਾਰ ਨੇ ਤਾਂ ਭਾਵੇਂ ਕੁਝ ਚੰਗੇ ਕਦਮ ਚੁੱਕੇ ਹਨ ਪਰ ਭਾਰਤ ਸਰਕਾਰ ਖਾਸ ਕਰਕੇ ਹਰ ਫਰੰਟ 'ਤੇ ਫੇਲ ਹੁੰਦੀ ਨਜ਼ਰ ਆਈ ਹੈ। ਕਿਉਂਕਿ ਫੈਸਲੇ ਵਧੇਰੇ ਕੇਂਦਰ ਸਰਕਾਰ ਨੇ ਲਏ ਹਨ, ਟੈਕਸ ਕੇਂਦਰ ਸਰਕਾਰ ਉਗਰਾਹੁੰਦੀ ਹੈ, ਤਾਂ ਕਾਮਯਾਬੀ ਜਾਂ ਨਾ-ਕਾਮਯਾਬੀ ਦਾ ਸਿਹਰਾ ਵੀ ਭਾਰਤ ਸਰਕਾਰ ਨੂੰ ਜਾਂਦਾ ਹੈ।

ਭਾਰਤ ਸਰਕਾਰ ਨੇ ਕਰਫਿਊ ਅਤੇ ਲਾਕਡਾਊਨ ਦਾ ਫੈਸਲਾ ਲਾਗੂ ਕਰਨ ਵੇਲੇ ਲੋਕਾਂ ਨੂੰ ਘਰੋ-ਘਰੀ ਪਰਤ ਜਾਣ ਦਾ ਉਚਿਤ ਸਮਾਂ ਨਹੀਂ ਦਿੱਤਾ। ਮਈ ਮਹੀਨੇ ਵਿੱਚ ਜਦੋਂ ਪ੍ਰਵਾਸੀ ਮਜ਼ਦੂਰ ਆਪਣੇ ਘਰਾਂ ਨੂੰ ਪਰਤਣ ਲੱਗੇ ਉਨਾਂ ਦੇ ਕਿਰਾਏ ਅਤੇ ਖਾਣੇ ਤਕ ਦਾ ਬੰਦੋਬਸਤ ਨਹੀਂ ਕੀਤਾ। ਬੈਲਾਂ ਦੀ ਥਾਂ ਇਨਸਾਨ ਬੈਲ-ਗੱਡੀਆਂ ਖਿੱਚਦਾ, ਟਰੇਨ ਟਰੈਕ 'ਤੇ ਮਜ਼ਦੂਰਾਂ ਦੀ ਹੱਤਿਆ, ਪੈਦਲ, ਸਾਈਕਲਾਂ ਤੇ ਹਜ਼ਾਰਾਂ ਮਜ਼ਦੂਰ (ਇਸਤਰੀਆਂ ਅਤੇ ਬੱਚਿਆਂ ਸਮੇਤ) ਆਪਣੇ ਘਰਾਂ ਨੂੰ ਪਰਤਦੇ ਕੀ ਭਾਰਤ ਸਰਕਾਰ ਨੂੰ ਨਜ਼ਰ ਨਹੀਂ ਆ ਰਹੇ? ਉੱਪਰੋਂ ਤਰਾਸਦੀ ਇਹ ਕਿ ਯੂ.ਪੀ. ਅਤੇ ਬਿਹਾਰ ਸੂਬਾ ਸਰਕਾਰਾਂ ਆਪਣੇ ਰਾਜ ਦੇ ਬਸ਼ਿੰਦਿਆਂ ਨੂੰ ਹੀ ਬਾਰਡਰ 'ਤੇ ਅੰਦਰ ਘੁਸਣ ਤੋਂ ਰੋਕਦੇ ਹਨ। ਇਹ ਕਿਹੋ ਜਿਹਾ ਨਿਜ਼ਾਮ ਹੈ? ਇਹ ਕਿਹੋ ਜਿਹਾ ਦੇਸ਼ ਹੈ ਕਿ ਤੁਸੀਂ ਆਪਣੇ ਹੀ ਘਰ ਨਹੀਂ ਜਾ ਸਕਦੇ। ਸ਼ਾਹੀ ਮਾਰਗ ਉੱਤੇ ਅਤੇ ਅੰਤਰ ਰਾਜ਼ੀ ਸੜਕਾਂ ਦੇ ਬੈਰੀਅਰ ਲਾ ਕੇ ਸੂਬਾ ਸਰਕਾਰਾਂ ਇਨਾਂ ਦੁਖੀ ਕਾਮਿਆਂ ਨੂੰ ਆਪਣੇ ਹੀ ਮੁਲਕ ਵਿੱਚ ਗੈਰ-ਮੁਲਕੀ ਹੋਣ ਦਾ ਅਹਿਸਾਸ ਕਰਵਾ ਰਹੀਆਂ ਹਨ।

ਮਹਾਰਾਸ਼ਟਰ ਵਿੱਚ ਇੱਕ ਸੀਨੀਅਰ ਪੁਲਿਸ ਅਧਿਕਾਰੀ ਨੇ ਇੱਕ ਅਤਿ ਮੁਜਰਮ ਪਰਿਵਾਰ ਦੇ 25 ਜੀਆਂ ਨੂੰ 'ਨਿੱਜੀ ਦੋਸਤ' ਹੋਣ ਦੀ ਚਿੱਠੀ ਦੇ ਕੇ ਮਹਾਂਬਲੇਸ਼ਰਮ ਨਾਂ ਦੇ ਸੈਲਾਨੀ ਸੈਰਗਾਹ 'ਤੇ ਜਾਣ ਦੀ ਇਜਾਜ਼ਤ ਦੇ ਦਿੱਤੀ। ਸੂਬਾ ਸਰਕਾਰ ਨੇ ਵੀ ਮੀਡੀਆ ਵਿੱਚ ਗੱਲ ਆਉਣ ਤੇ ਪੜਤਾਲ ਕੀਤੀ ਤੇ ਸਬੰਧਤ ਅਫਸਰ ਨੂੰ ਕਲੀਨ ਚਿੱਟ ਵੀ ਜਾਰੀ ਕਰ ਦਿੱਤੀ। ਇਹ ਕਾਮੇ, ਕਿਰਤੀ ਅਤੇ ਕਿਸਾਨ ਜੋ ਅਰਥ ਵਿਵਸਥਾ ਦੀ ਰੀੜ ਦੀ ਹੱਡੀ ਤਾਂ ਹਨ ਹੀ, ਲੋਕ ਰਾਜ ਦੇ ਸਿਰਜਣਹਾਰੇ ਵੀ ਹਨ, ਇਨਾਂ ਦੀ ਇੰਨੀ ਦੁਰਦਸ਼ਾ ਕਿਉਂ? ਕਿਰਤੀ, ਕਾਮੇ ਅਤੇ ਕਿਸਾਨ ਭਾਰਤ ਵਿੱਚ ਵਸੋਂ ਦਾ ਘੱਟੋ-ਘੱਟ 80 ਪ੍ਰਤੀਸ਼ਤ ਲੋਕ ਹਨ।

ਇਨਾਂ ਤੋਂ ਬਗੈਰ ਕੋਈ ਸਰਕਾਰ ਨਹੀਂ ਬਣ ਸਕਦੀ। ਇਨਾਂ ਤੋਂ ਬਗੈਰ ਦੇਸ਼ ਦੀ ਬਾਕੀ 20 ਪ੍ਰਤੀਸ਼ਤ ਅਮੀਰ, ਕੈਪੀਟਲਿਸਟ, ਸਨਅਤਕਾਰ, ਵਿਓਪਾਰੀ, ਬੁੱਧੀਜੀਵੀ ਵਰਗ, ਸਰਵਿਸ ਦੇ ਅਧਿਕਾਰੀ, ਕ੍ਰਮਚਾਰੀ ਵੀ ਜਿੰਦਾ ਨਹੀਂ ਰਹਿ ਸਕਦੇ। ਫਿਰ ਇਨਾਂ ਨਾਲ ਮਤਰੇਈ ਮਾਂ ਵਾਲਾ ਸਲੂਕ ਕਿਉਂ? ਕਿਰਤੀ, ਕਾਮੇ ਅਤੇ ਕਿਸਾਨਾਂ ਦੀ ਆਵਾਜ਼ ਬੁਲੰਦ ਕਿਉਂ ਨਹੀਂ? ਕਿਰਤੀ, ਕਾਮਿਆਂ ਅਤੇ ਕਿਸਾਨਾਂ ਦੇ ਪੜੇ-ਲਿਖੇ ਪੁੱਤਰ-ਧੀਆਂ ਚੁੱਪ ਕਿਉਂ ਹਨ? ਉਹ ਪੜ ਲਿਖ ਕੇ 20% ਜਮਾਤ ਵਿੱਚ ਸ਼ਾਮਲ ਕਿਉਂ ਹੋ ਜਾਂਦੇ ਹਨ? ਕਿਉਂ ਸ਼ੋਸ਼ਤ ਵਰਗ (ਥਘਬ;ਰਜਵਕਦ) ਵਿੱਚੋਂ ਨਿਕਲ ਕੇ ਸ਼ੋਸ਼ਕ (ਥਘਬ;ਰਜਵਕਗ) ਵਰਗ ਦਾ ਹਿੱਸਾ ਬਣ ਜਾਂਦੇ ਹਨ? ਭਾਰਤ ਸਰਕਾਰ ਕੋਲ ਪੀ.ਐੱਮ. ਰੀਲੀਫ ਫੰਡ ਅਜਿਹੀਆਂ ਆਫਤਾਂ ਨਾਲ ਨਜਿੱਠਣ ਲਈ 1948 ਤੋਂ ਬਣਿਆ ਆਇਆ ਹੈ। ਸਾਲ ਦਰ ਸਾਲ ਉਸ ਫੰਡ ਵਿੱਚ ਆਫਤਾਂ ਸਮੇਂ ਲੋਕ ਪੈਸੇ ਜਮਾਂ ਕਰਵਾਉਂਦੇ ਹਨ। ਦੇਸ਼ ਦੇ ਪ੍ਰਧਾਨ ਮੰਤਰੀ ਲੋੜ ਮੁਤਾਬਿਕ ਦੇਸ਼ਵਾਸੀਆਂ ਦੀ ਸਹਾਇਤਾ ਕਰਦੇ ਆਏ ਹਨ। ਹੁਣ ਇੱਕ ਨਵਾਂ ਪੀ.ਐੱਮ. ਕੇਅਰ ਫੰਡ ਕਾਇਮ ਕੀਤਾ ਗਿਆ ਹੈ। ਇਹ ਵੀ ਪਤਾ ਲੱਗਾ ਹੈ ਕਿ ਇਸਦਾ ਆਡਿਟ ਕੰਸੋਲੀਡੇਟਿਡ ਫੰਡ ਵਿੱਚ ਜਮਾਂ ਪੈਸਿਆਂ ਵਾਂਗ ਨਹੀਂ ਹੋਵੇਗਾ। ਅਜਿਹਾ ਕਿਉਂ ਹੈ? ਕੀ ਭਾਰਤ ਸਰਕਾਰ ਕੋਲ 20 ਲੱਖ ਕਰੋੜ ਰੁਪਏ ਦੇ ਪੈਕੇਜ ਵਿੱਚ ਪ੍ਰਵਾਸੀ ਭਾਰਤੀਆਂ ਨੂੰ ਆਪਣੇ ਘਰ ਭੇਜਣ ਜੋਗੇ ਪੈਸੇ ਵੀ ਨਹੀਂ ਹਨ? ਕੀ ਭਾਰਤੀ ਲੋਕ ਖਾਲੀ ਤਾਲੀ ਤੇ ਥਾਲੀ ਵਜਾਈ ਜਾਣ?

ਕੀ ਕਰੋਨਾ ਮਹਾਂਮਾਰੀ ਦਾ ਸਵਾਗਤ ਦੀਵੇ ਅਤੇ ਮੋਮਬੱਤੀਆਂ ਜਲਾ ਕਰ ਕੇ ਕਰਨ ਦੀ ਲੋੜ ਹੈ? ਕੀ ਸੂਬਾ ਸਰਕਾਰਾਂ ਨੂੰ ਉਨਾਂ ਦੇ ਬਣਦੇ ਹਿੱਸੇ ਦੇ ਫੰਡ ਤੁਰੰਤ ਮੁਹਈਆ ਨਹੀਂ ਕਰ ਦੇਣੇ ਚਾਹੀਦੇ? ਕੀ ਸੂਬਾ ਸਰਕਾਰਾਂ ਨੂੰ 50-100 ਕਰੋੜ ਰੁਪਏ ਦੇ ਕੇ ਇਹ ਨਹੀਂ ਕਹਿ ਦੇਣਾ ਚਾਹੀਦਾ ਕਿ ਗਰੀਬ ਪ੍ਰਵਾਸੀ ਮਜ਼ਦੂਰਾਂ ਨੂੰ ਰੋਟੀ-ਪਾਣੀ ਦੇ ਕੇ ਘਰੋ-ਘਰੀ ਭੇਜ ਦਿੱਤਾ ਜਾਵੇ। ਕੀ ਸੂਬਾ ਸਰਕਾਰਾਂ ਦੇ ਮੁੱਖ ਮੰਤਰੀ ਇਸ ਭਰੋਸੇ ਦੇ ਕਾਬਲ ਨਹੀਂ ਕਿ ਉਨਾਂ 'ਤੇ ਵਿਸ਼ਵਾਸ ਕੀਤਾ ਜਾਵੇ ਅਤੇ ਉਨਾਂ ਨੂੰ ਰਾਹਤ ਵਾਸਤੇ ਸਹਾਇਤਾ ਦੇ ਦਿੱਤੀ ਜਾਵੇ? ਕੀ ਭਾਰਤੀ ਰਿਜ਼ਰਵ ਬੈਂਕ ਵਿੱਚੋਂ ਰਿਜ਼ਰਵ ਫੰਡ ਲੈ ਕੇ ਖਰਚਣ ਦਾ ਹੁਣ ਸਮਾਂ ਨਹੀਂ ਹੈ? ਜਾਂ ਇਹ ਫੰਡ ਅਮੀਰਾਂ ਦੇ ਬੈਂਕ ਕਰਜ਼ੇ ਵੱਟੇ-ਖਾਤੇ ਪਾਉਣ ਲਈ ਸਰਕਾਰ ਨੇ ਰਾਖਵੇਂ ਰੱਖੇ ਹੋਏ ਹਨ? ਇਸ ਦੇਸ਼ ਦਾ ਭਲਾ ਸਰਮਾਏਦਾਰਾਂ ਅਤੇ ਉਨਾਂ ਵੱਲੋਂ ਸਪਾਂਸਰਡ ਨੇਤਾਵਾਂ ਦੇ ਹੱਥੋਂ ਕਦੇ ਵੀ ਹੋਣ ਵਾਲਾ ਨਹੀਂ ਹੈ।

ਕੇਂਦਰ ਸਰਕਾਰ ਵੱਲੋਂ ਪ੍ਰਵਾਸੀ ਕਾਮਿਆਂ ਲਈ 1000 ਕਰੋੜ ਰੁਪਏ ਦੀ ਧੰਨ ਰਾਸ਼ੀ ਰਾਖਵੀਂ ਰੱਖੀ ਗਈ ਹੈ। ਦੇਣੀ ਪਤਾ ਨਹੀਂ ਕਦੋਂ ਹੈ? ਜੇਕਰ 23 ਕਰੋੜ ਵਿੱਚੋਂ ਅੱਧੇ ਮਜ਼ਦੂਰ ਵੀ ਆਪਣੇ ਘਰੀਂ ਪਰਤਣ ਤਾਂ ਹਰ ਕਾਮੇ ਦੇ ਪੱਲੇ 86 ਰੁਪਏ 95 ਪੈਸੇ ਆਏ। ਕੀ ਅੰਮ੍ਰਿਤਸਰ ਤੋਂ ਬਿਹਾਰ ਤਕ ਇੱਕ ਮਜ਼ਦੂਰ ਇੰਨੇ ਕੁ ਪੈਸਿਆਂ ਨਾਲ ਖਾਂਦਾ ਪੀਂਦਾ, ਕਿਰਾਇਆ ਭਾੜਾ ਲਾਉਂਦਾ ਆਪਣੇ ਘਰ ਪਹੁੰਚ ਸਕਦਾ ਹੈ? ਇਹ ਕਿਹੋ ਜਿਹੀ ਯੋਜਨਾ ਹੈ? ਇਹ ਕਿਹੋ ਜਿਹੀ ਪਲਾਨਿੰਗ ਹੈ? ਕੀ ਸੂਬਾ ਸਰਕਾਰ ਆਪਣੀ ਮਰਜ਼ੀ ਨਾਲ ਰੇਲ ਜਾਂ ਬੱਸ ਦਾ ਕਿਰਾਇਆ ਆਪ ਖਰਚ ਕੇ ਕਾਮਿਆਂ ਨੂੰ ਘਰ ਨਹੀਂ ਭੇਜ ਸਕਦੀ? ਕੀ ਭਾਰਤ ਵਿਸ਼ਵ ਪਾਵਰ ਆਪਣੇ ਦੇਸ਼ ਦੇ ਸਭ ਤੋਂ ਗਰੀਬ ਤਬਕੇ ਲਈ ਇੱਕ ਹਫਤਾ ਜਾਂ ਦਸ ਦਿਨ ਬਿਨਾਂ ਕਿਰਾਇਆ ਰੇਲ ਗੱਡੀ ਨਹੀਂ ਚਲਾ ਸਕਦਾ? ਕੀ ਕਿਰਤੀ, ਕਾਮੇ ਅਤੇ ਕਿਸਾਨ ਦੀ ਜ਼ਿੰਦਗੀ ਦੀ ਕੋਈ ਅਹਿਮੀਅਤ ਨਹੀਂ? ਇੱਥੇ ਇਹ ਦੱਸਣਾ ਵਾਜਬ ਹੈ ਕਿ ਭਾਰਤ ਵਿੱਚ 1991 ਤੋਂ ਬਾਅਦ ਅਰਬ ਪਤੀਆਂ ਦੀ ਗਿਣਤੀ 1 ਤੋਂ ਵਧ ਕੇ 101 ਹੋ ਗਈ ਹੈ, ਜਿਹੜੇ ਦੇਸ਼ ਦੀ 50% ਤੋਂ ਉੱਪਰ ਧੰਨ-ਦੌਲਤ 'ਤੇ ਕਬਜ਼ਾ ਕਰੀ ਬੈਠੇ ਹਨ। ਜੇਕਰ ਭਾਰਤ ਦੇ ਉਦਯੋਗਪਤੀ ਜਾਂ ਅਰਬਪਤੀ ਨਹੀਂ ਵੀ ਰਹਿੰਦੇ ਤਾਂ ਦੇਸ਼ ਚਲਦਾ ਰਹੇਗਾ, ਜੇਕਰ ਦੇਸ਼ ਦੇ ਨੇਤਾ ਜਿਨਾਂ ਨੂੰ ਅਰਬਪਤੀਆਂ ਤੇ ਪੂੰਜੀਪਤੀਆਂ ਨੇ ਆਪਣੇ ਪੈਸੇ ਦੇ ਜ਼ੋਰ ਨਾਲ ਬਣਾਇਆ ਹੈ, ਨਹੀਂ ਰਹਿੰਦੇ ਤਾਂ ਦੇਸ਼ ਚੱਲਦਾ ਰਹੇਗਾ। ਲੇਕਿਨ ਜੇਕਰ ਕਿਰਤੀ, ਕਾਮੇ ਅਤੇ ਕਿਸਾਨ ਵਿੱਚੋਂ ਇੱਕ ਵੀ ਵਰਗ ਨਾ ਰਿਹਾ ਤਾਂ ਇਹ ਦੇਸ਼ ਨਹੀਂ ਚੱਲੇਗਾ। ਭੁੱਖਾ ਮਰ ਜਾਵੇਗਾ ਅਤੇ ਗੁਲਾਮ ਹੋ ਜਾਵੇਗਾ। ਇਸ ਲਈ ਕਿਰਤੀ, ਕਾਮੇ ਅਤੇ ਕਿਸਾਨ ਦੀ ਸਾਰ ਲੈਣੀ ਦੇਸ਼ ਬਚਾਉਣ ਲਈ ਜ਼ਰੂਰੀ ਹੈ। ਜੇਕਰ ਕਿਰਤੀ, ਕਾਮਾ ਜਾਂ ਕਿਸਾਨ ਨਾ ਬਚਿਆ ਤਾਂ ਇਹ ਦੇਸ਼ ਵੀ ਨਹੀਂ ਬਚੇਗਾ।

ਮੋਦੀ ਸਰਕਾਰ ਦੇ ਰਾਜ ਵਿੱਚ ਮੀਡੀਆ ਦੀ ਜਿੰਨੀ ਪਤਲੀ ਹਾਲਤ ਹੈ, ਇੰਨੀ ਐਮਰਜੈਂਸੀ ਦੌਰਾਨ ਵੀ ਨਹੀਂ ਸੀ ਹੋਈ। ਵੀਹ ਲੱਖ ਕਰੋੜ ਰੁਪਏ ਦੇ ਪੈਕੇਜ ਨੂੰ ਸੋਸ਼ਲ ਮੀਡੀਆ ਤੇ ਜੁਮਲਾ ਪੈਕੇਜ ਦਾ ਨਾਂ ਦਿੱਤਾ ਗਿਆ ਹੈ।

**ਬਾਕੀ ਸਫ਼ਾ 31 'ਤੇ**

# ਕੋਰੋਨਾ ਅਤੇ ਬੱਚੇ



**- ਡਾ. ਹਰਸ਼ਿੰਦਰ ਕੌਰ, ਐਮ. ਡੀ.**

ਲਗਭਗ ਸਾਰੇ ਹੀ ਮਾਪੇ ਆਪਣੇ ਨਿੱਕੇ ਬੱਚਿਆਂ ਲਈ ਬਹੁਤ ਚਿੰਤਿਤ ਹਨ ਅਤੇ ਉਨਾਂ ਨੂੰ ਬਿਮਾਰੀ ਤੋਂ ਬਚਾਉਣ ਲਈ ਹਰ ਸੰਭਵ ਜਤਨ ਕਰ ਰਹੇ ਹਨ। ਵਾਰ-ਵਾਰ ਨਿੱਕੇ ਬੱਚਿਆਂ ਦੇ ਹੱਥਾਂ ਨੂੰ ਸੈਨੇਟਾਈਜ਼ਰ ਨਾਲ ਸਾਫ਼ ਕਰਨ ਤੋਂ ਲੈ ਕੇ ਮਾਸਕ ਪਾਉਣ ਅਤੇ ਘਰਾਂ ਅੰਦਰ ਡੱਕਣ ਦੀ ਅਣਥੱਕ ਕੋਸ਼ਿਸ਼ ਕਰ ਰਹੇ ਹਨ। ਕਈ ਮਾਪਿਆਂ ਨੂੰ ਤਾਂ ਬੱਚਿਆਂ ਦੇ ਬੀਮਾਰ ਹੋ ਜਾਣ ਦੇ ਡਰ ਸਦਕਾ ਨੀਂਦਰ ਆਉਣੀ ਘੱਟ ਚੁੱਕੀ ਹੈ।

**ਕੁੱਝ ਨੁਕਤੇ ਜੋ ਬੱਚਿਆਂ ਵਿਚ ਕੋਰੋਨਾ ਬਾਰੇ ਮਾਪਿਆਂ ਨੂੰ ਪਤਾ ਹੋਣੇ ਚਾਹੀਦੇ ਹਨ, ਉਹ ਹਨ :**

1.ਚੀਨ ਤੇ ਸਿੰਗਾਪੁਰ ਵਿਚ ਇੱਕ ਵੀ 9 ਸਾਲ ਤੋਂ ਛੋਟੇ ਬੱਚੇ ਦੀ ਕੋਵਿਡ ਨਾਲ ਮੌਤ ਨਹੀਂ ਹੋਈ।

2.ਸਿਵਾਏ ਇੱਕ 13 ਮਹੀਨੇ ਦੇ ਬੱਚੇ ਦੇ, ਜਿਸ ਨੂੰ ਨਿਮੂਨੀਆ ਹੋਇਆ, ਹੋਰ ਕਿਸੇ ਬੱਚੇ ਨੂੰ ਕੋਵਿਡ ਨਾਲ ਬਹੁਤੀ ਸੀਰੀਅਸ ਬੀਮਾਰੀ ਨਹੀਂ ਹੋਈ।

3.ਛੋਟੇ ਬੱਚੇ ਕੋਰੋਨਾ ਵਾਇਰਸ ਨਾਲ ਬੀਮਾਰ ਘੱਟ ਹੁੰਦੇ ਹਨ ਪਰ ਇਨਾਂ ਤੋਂ ਅੱਗੇ ਹੋਰਨਾਂ ਨੂੰ ਬੀਮਾਰੀ ਹੋਣ ਦਾ ਖ਼ਤਰਾ ਹੁੰਦਾ ਹੈ, ਯਾਨੀ ਇਨਾਂ ਦਾ ਬੀਮਾਰੀ ਫੈਲਾਉਣ ਵਿਚ ਰੋਲ ਹੈ।

4.ਡਾ. ਵਿਲਿਅਮ, ਜੋ ਹਾਵਰਡ ਸਕੂਲ ਆਫ਼ ਪਬਲਿਕ ਹੈਲਥ ਦੇ ਵਿਚ ਐਪੀਡੀਮੀਓਲੋਜਿਸਟ ਹਨ, ਨੇ ਕਿਹਾ ਹੈ ਕਿ ਸਕੂਲ ਵਿਚ ਛੋਟੇ ਬੱਚਿਆਂ ਤੋਂ ਵੱਡੇ ਬੱਚਿਆਂ, ਸਫ਼ਾਈ ਸੇਵਕਾਂ ਤੇ ਅਧਿਆਪਿਕਾਂ ਨੂੰ ਬੀਮਾਰੀ ਦੇ ਕੀਟਾਣੂ ਚੰਬੜ ਸਕਦੇ ਹਨ। ਨਿੱਕੇ ਬੱਚਿਆਂ ਦੇ ਸਰੀਰਾਂ ਵਿੱਚੋਂ ਵਾਇਰਸ ਕੀਟਾਣੂ ਵੱਡੇ ਬੱਚਿਆਂ ਨਾਲੋਂ ਘੱਟ ਮਾਤਰਾ ਵਿਚ ਬਾਹਰ ਨਿਕਲਦੇ ਹਨ।

5.ਸਾਇੰਸ ਰਸਾਲੇ ਵਿਚ ਛਪੀ ਚੀਨ ਦੀ ਇਕ ਖੋਜ ਨੇ ਸਪਸ਼ਟ ਕੀਤਾ ਹੈ ਕਿ 15 ਸਾਲਾਂ ਤੋਂ ਛੋਟੇ ਬੱਚਿਆਂ ਵਿਚ ਬੀਮਾਰੀ ਦਾ ਪ੍ਰਕੋਪ ਘੱਟ ਹੁੰਦਾ ਹੈ। ਪੰਦਰਾਂ ਤੋਂ 64 ਸਾਲ ਦੀ ਉਮਰ ਵਿਚ ਬੀਮਾਰੀ ਓਨੀ ਸੀਰੀਅਸ ਨਹੀਂ ਹੁੰਦੀ ਜਿੰਨੀ 64 ਸਾਲਾਂ ਤੋਂ ਵੱਧ ਉਮਰ ਦੇ ਬੰਦਿਆਂ ਵਿਚ ਹੁੰਦੀ ਹੈ।

6.ਲਾਸ ਏਂਜਲਸ ਦੇ ਸਿਨਾਈ ਮੈਡੀਕਲ ਸੈਂਟਰ ਦੀ ਡਾਕਟਰ ਪ੍ਰਿਆ ਸੋਨੀ ਨੇ ਵੀ ਮੰਨਿਆ ਹੈ ਕਿ ਕੋਵਿਡ-19 ਬਾਰੇ ਹਾਲੇ ਤੱਕ ਪੂਰੀ ਸਮਝ ਨਹੀਂ ਪੈ ਸਕੀ ਤੇ ਖੋਜਾਂ ਜਾਰੀ ਹਨ। ਉਸ ਨੇ ਸਿੰਗਾਪੁਰ ਦੇ ਇਕ ਕੇਸ ਦਾ ਜ਼ਿਕਰ ਕੀਤਾ ਹੈ ਜਿੱਥੇ ਦੋਨੋਂ ਮਾਪੇ ਕੋਵਿਡ ਨਾਲ ਕਾਫ਼ੀ ਢਿੱਲੇ ਹੋ ਗਏ ਸਨ ਪਰ ਉਨਾਂ ਦੇ 6 ਮਹੀਨੇ ਦੇ ਬੇਟੇ ਵਿਚ ਕੋਵਿਡ ਬੀਮਾਰੀ ਦੇ ਕੀਟਾਣੂ ਹੁੰਦਿਆਂ ਵੀ ਸਿਰਫ਼ ਇੱਕ ਘੰਟੇ ਦੇ ਹਲਕੇ ਬੁਖ਼ਾਰ ਦੇ ਹੀ ਲੱਛਣ ਦਿੱਸੇ। ਤਿੰਨ ਹਫ਼ਤੇ ਤੱਕ ਉਸ ਦਾ ਚੈੱਕਅੱਪ ਕਰਦੇ ਰਹਿਣ ਬਾਅਦ ਦਿਸਿਆ ਕਿ ਉਸ ਦੇ ਸਰੀਰ ਅੰਦਰੋਂ ਭਾਰੀ ਮਾਤਰਾ ਵਿਚ ਵਾਇਰਸ ਬਾਹਰ ਨਿਕਲਦੀ ਰਹੀ ਪਰ ਉਸ ਵਿਚ ਕੋਈ ਵੀ ਲੱਛਣ ਨਹੀਂ ਦਿਸਿਆ। ਬੀਮਾਰੀ ਦੇ 17ਵੇਂ ਦਿਨ ਉਸ ਦਾ ਟੈਸਟ ਨੈਗੇਟਿਵ ਆਇਆ ਪਰ ਉਦੋਂ ਤੱਕ ਖ਼ਰਬਾਂ ਵਾਇਰਸ ਉਸ ਦਾ ਸਰੀਰ ਬਾਹਰ ਸੁੱਟ ਚੁੱਕਿਆ ਸੀ। ਇਸ ਦਾ ਮਤਲਬ ਕੱਢਿਆ ਗਿਆ ਕਿ ਸਕੂਲ ਬਸ ਰਾਹੀਂ ਜੇ ਬੱਚੇ ਸਕੂਲਾਂ ਵਿਚ ਜਾਂਦੇ ਹਨ ਤਾਂ ਆਪ ਭਾਵੇਂ ਬੀਮਾਰ ਨਾ ਹੋਣ ਪਰ ਦੂਜਿਆਂ ਨੂੰ ਬੀਮਾਰੀ ਦੇ ਸਕਦੇ ਹਨ। ਇੰਜ ਹੀ ਸਕੂਲ ਵਿਚਲਾ ਕਾਫ਼ੀ ਹਾਊਸ, ਕੈਂਟੀਨ, ਹੋਸਟਲ ਜਾਂ ਲਾਇਬਰੇਰੀ ਵੀ ਬੱਚਿਆਂ ਸਦਕਾ ਕੀਟਾਣੂਆਂ ਨਾਲ ਭਰ ਸਕਦੇ ਹਨ ਜਿੱਥੋਂ ਬਾਕੀਆਂ ਨੂੰ ਬੀਮਾਰੀ ਹੋ ਸਕਦੀ ਹੈ। ਇਸੇ ਲਈ ਬੱਚਿਆਂ ਨੂੰ ਸਕੂਲ ਨਾ ਭੇਜਣ ਵਿਚ ਹੀ ਸਿਆਣਪ ਹੈ।



7.ਜੌਨ ਹਾਪਕਿੰਨਸ ਹਸਪਤਾਲ ਬਾਲਟੀਮੋਰ ਦੇ ਡਾ. ਐਨਾ ਸੈਮੂਅਲ ਨੇ ਸਲਾਹ ਦਿੱਤੀ ਹੈ ਕਿ ਜੇ ਬੱਚਿਆਂ ਤੋਂ ਵੱਡਿਆਂ ਵੱਲ ਬੀਮਾਰੀ ਫੈਲਣ ਤੋਂ ਰੋਕਣੀ ਹੈ ਤਾਂ ਬੱਚਿਆਂ ਨੂੰ ਨਿੱਛ ਮਾਰਨ ਲੱਗਿਆਂ ਜਾਂ ਖੰਘਣ ਲੱਗਿਆਂ ਮੂੰਹ ਢਕਣ ਜਾਂ ਮੋਢਾ ਅਗਾਂਹ ਕਰ ਲੈਣਾ ਸਿਖਾਉਣਾ ਚਾਹੀਦਾ ਹੈ। ਬੱਚਿਆਂ ਨੂੰ ਦਿਨ ਵਿਚ ਛੇ ਸੱਤ ਵਾਰ ਹੱਥ ਜ਼ਰੂਰ ਚੰਗੀ ਤਰਾਂ ਸਾਬਣ ਨਾਲ ਧੋ ਕੇ ਸਾਫ਼ ਕਰਨ ਲਈ ਸਮਝਾਉਣਾ ਚਾਹੀਦਾ ਹੈ।

8.ਸੈਂਟਰ ਫਾਰ ਡੀਜ਼ੀਜ਼ ਕੰਟਰੋਲ ਅਮਰੀਕਾ ਨੇ ਸਪਸ਼ਟ ਕੀਤਾ ਹੈ ਕਿ ਦੋ ਸਾਲ ਤੋਂ ਛੋਟੇ ਬੱਚਿਆਂ ਨੂੰ ਮਾਸਕ ਨਹੀਂ ਪਾਉਣੇ ਚਾਹੀਦੇ ਕਿਉਂਕਿ ਉਨਾਂ ਨੂੰ ਮਾਸਕ ਪਾਉਣ ਦੀ ਸਮਝ ਨਹੀਂ ਹੁੰਦੀ ਤੇ ਉਹ ਵਾਰ-ਵਾਰ ਮਾਸਕ ਨੂੰ ਹੱਥ ਲਾਉਂਦੇ, ਖ਼ੁਰਕਦੇ ਸਗੋਂ ਬੀਮਾਰੀ ਫੈਲਾ ਦਿੰਦੇ ਹਨ ਜਾਂ ਸਹੇੜ ਲੈਂਦੇ ਹਨ।

9.ਨਿੱਕੇ ਬੱਚਿਆਂ ਦੇ ਹੱਥ ਸੈਨੇਟਾਈਜ਼ਰ ਨਾਲ ਸਾਫ਼ ਕਰਨ ਦੀ ਥਾਂ ਸਾਬਣ ਨਾਲ ਧੋਣੇ ਹੀ ਬਿਹਤਰ ਰਹਿੰਦੇ ਹਨ।

10.ਗਰਭਵਤੀ ਔਰਤਾਂ ਨੂੰ ਬਾਕੀਆਂ ਵਾਂਗ ਹੀ ਆਪਣੀ ਸਾਫ਼ ਸਫ਼ਾਈ ਦਾ ਧਿਆਨ ਰੱਖਣ ਦੀ ਲੋੜ ਹੈ।

11.ਬੱਚਾ ਜੰਮਣ ਤੋਂ ਬਾਅਦ ਕੋਰੋਨਾ ਬੀਮਾਰੀ ਦੌਰਾਨ ਵੀ ਮਾਂ ਆਪਣੇ ਨਵਜੰਮੇਂ ਬੱਚੇ ਨੂੰ ਦੁੱਧ ਪਿਆ ਸਕਦੀ ਹੈ।

12.ਆਪਣੇ ਸਰੀਰ ਨਾਲ ਬੱਚੇ ਦਾ ਸਰੀਰ ਜੋੜਨ ਨਾਲ ਬੱਚੇ ਦੇ ਮਾਨਸਿਕ ਵਿਕਾਸ ਵਿਚ ਵਾਧਾ ਹੁੰਦਾ ਹੈ। ਇਸ ਤਰਾਂ ਦੇ ਪਿਆਰੇ ਨਿੱਘੇ ਇਹਸਾਸ ਨਾਲ ਇਮਿਊਨ ਸਿਸਟਮ ਵੀ ਰਵਾਂ ਹੋ ਜਾਂਦਾ ਹੈ।

13.ਨਵਜੰਮੇਂ ਬੱਚੇ ਨੂੰ ਆਂਢ-ਗੁਆਂਢ ਜਾਂ ਘਰ ਦੇ ਜੀਆਂ ਵੱਲੋਂ ਨਹੀਂ ਚੁੱਕਣਾ ਚਾਹੀਦਾ।

14.ਮਾਂ ਨੂੰ ਚਾਹੀਦਾ ਹੈ ਕਿ ਬੱਚੇ ਨੂੰ ਦੁੱਧ ਪਿਆਉਣ ਤੋਂ ਪਹਿਲਾਂ ਅਤੇ ਬਾਅਦ ਵਿਚ ਆਪਣੇ ਹੱਥ ਚੰਗੀ ਤਰਾਂ ਜ਼ਰੂਰ ਧੋਵੇ।

15.ਬੱਚੇ ਦੇ ਮਲ ਮੂਤਰ ਨੂੰ ਦਸਤਾਨੇ ਪਾ ਕੇ ਸਾਫ਼ ਕਰਨਾ ਚਾਹੀਦਾ ਹੈ। ਉਸ ਤੋਂ ਬਾਅਦ ਕੋਸੇ ਖੁੱਲੇ ਪਾਣੀ ਨਾਲ ਬੱਚੇ ਨੂੰ ਸਾਫ਼ ਕਰਕੇ, ਪੂੰਝ ਕੇ, ਕਪੜੇ ਪਾਉਣੇ ਚਾਹੀਦੇ ਹਨ।

16.ਬੱਚੇ ਦੇ ਕਪੜੇ ਬਾਕੀਆਂ ਨਾਲੋਂ ਵੱਖਰੇ ਧੋਣ ਦੀ ਲੋੜ ਹੁੰਦੀ ਹੈ।

17.ਕਿਸੇ ਵੀ ਬੇਬੀ ਸਾਬਣ ਜਾਂ ਗਲਿਸਰੀਨ ਵਾਲੇ ਸਾਬਣ ਨਾਲ ਬੱਚੇ ਨੂੰ ਨੁਹਾਇਆ ਜਾ ਸਕਦਾ ਹੈ। ਐਂਟੀ ਬੈਕਟੀਰੀਅਲ ਸਾਬਣ ਵਰਤਣ ਦੀ ਲੋੜ ਨਹੀਂ ਹੁੰਦੀ।

18.ਓਪਰਾ ਦੁੱਧ ਜਾਂ ਪਾਣੀ 6 ਮਹੀਨੇ ਦੀ ਉਮਰ ਪੂਰੀ ਹੋਣ ਤੱਕ ਬਿਲਕੁਲ ਨਹੀਂ ਪਿਆਉਣਾ ਚਾਹੀਦਾ। ਮਾਂ ਦੇ ਦੁੱਧ ਵਿਚਲੇ ਕੁਦਰਤੀ ਜਿਊਂਦੇ ਸੈੱਲ ਬੱਚੇ ਦੇ ਸਰੀਰ ਅੰਦਰ ਬੀਮਾਰੀ ਨਾਲ ਲੜਨ ਦੀ ਕੁਦਰਤੀ ਤਾਕਤ ਵਧਾ ਦਿੰਦੇ ਹਨ। ਇਹੀ ਸੈੱਲ ਇਮਿਊਨ ਸਿਸਟਮ ਏਨਾ ਤਗੜਾ ਕਰ ਦਿੰਦੇ ਹਨ ਕਿ ਬੱਚਿਆਂ ਨੂੰ ਕੋਵਿਡ ਬੀਮਾਰੀ ਹੁੰਦੀ ਹੀ ਨਹੀਂ।

**ਇਸ ਸਾਰੀ ਖੋਜ ਵਿੱਚੋਂ ਕੁੱਝ ਗੱਲਾਂ ਸਪਸ਼ਟ ਹੋ ਜਾਂਦੀਆਂ ਹਨ :**

1.ਕੁਦਰਤੀ ਤੌਰ ਉੱਤੇ ਬੱਚਿਆਂ ਵਿਚ ਮਾਂ ਵੱਲੋਂ ਬੀਮਾਰੀ ਨਾਲ ਲੜਨ ਦੀ ਤਾਕਤ ਪਹੁੰਚ ਜਾਂਦੀ ਹੈ।

2.ਕੁਦਰਤ ਦਾ ਸੁਨੇਹਾ ਹੈ ਕਿ ਜੇ ਮੇਰੇ ਨਾਲ ਬਹੁਤੀ ਛੇੜਛਾੜ ਨਹੀਂ ਕਰੋਗੇ ਤਾਂ ਮੈਂ ਵੀ ਤੁਹਾਨੂੰ ਆਪਣੇ ਬੱਚਿਆਂ ਵਾਂਗ ਪਾਲਾਂਗੀ ਪੋਸਾਂਗੀ।

3.ਨਵਜੰਮੇ ਬੱਚਿਆਂ ਨੂੰ ਕੀ ਬੀਮਾਰੀਆਂ ਤੋਂ ਬਚਣ ਵਾਲੇ ਟੀਕੇ ਜੰਮਦੇ ਸਾਰ ਲਾਉਣ ਦੀ ਲੋੜ ਹੈ ਜਾਂ ਕੁੱਝ ਠਹਿਰ ਕੇ ਲਾਉਣੇ ਚਾਹੀਦੇ ਹਨ?

4.ਸੰਤੁਲਿਤ ਖ਼ੁਰਾਕ ਸਰੀਰ ਨੂੰ ਤੰਦਰੁਸਤ ਰੱਖਦੀ ਹੈ। ਬੱਚਿਆਂ ਨੂੰ ਤਲੀਆਂ ਚੀਜ਼ਾਂ ਤੇ ਬਜ਼ਾਰੀ ਚੀਜ਼ਾਂ ਖਾਣ ਤੋਂ ਰੋਕਣਾ ਚਾਹੀਦਾ ਹੈ।


Homeopathicvibes

We treat Acute and chronic diseases like Asthma, Allergies, Mood swings, Migraine, Anxiety,Depression, Insomnia, Bed wetting, Acne, Diabetes, Arthritis, PMS, Acidity, Indigestion, Hot flashes, Blood Pressure, Kidney stones, Neuralgic pains, Skin disorders, especially non specific headaches and many more....



Now we have two locations :

940, E. El Camino Real, Sunnyvale, CA 94087

Office : (408) 737-7100 Fax: (408) 737-7102

39039 Paseo Padre Pkwy Suite #209 (upstairs) Fremont CA 94538

www.homeopathicvibes.com

We sell and ship homeopathic remedies through out North America.

ਸਮੂਹ ਸਰਪ੍ਰਸਤਾਂ ਅਤੇ ਸਹਿਯੋਗੀਆਂ ਦਾ ਬਹੁਤ ਬਹੁਤ ਧੰਨਵਾਦ

Harminder Singh Gill D.H.M.S;B.C.I.H

(Ex Homeopathic Medical officer Punjab Govt.)

# 2020 ਦੀ ਮਰਦਮਸ਼ੁਮਾਰੀ ਸ਼ੁਰੂ



## ਇਹ 10 ਮਿੰਟਾਂ ਦਾ ਅਸਰ ਅਗਲੇ 10 ਸਾਲਾਂ ਉੱਪਰ ਪਵੇਗਾ

KERN COUNTS CENSUS 2020

Message sponsored by the Kern Complete Count Committee.

ਹਰ 10 ਸਾਲ ਬਾਅਦ ਅਮਰੀਕਾ ਦਾ ਮਰਦਮਸ਼ੁਮਾਰੀ ਵਿਭਾਗ ਉਹ ਹਰ ਇੱਕ ਵਿਅਕਤੀ ਦੀ ਗਿਣਤੀ ਕਰਦਾ ਹੈ ਜੋ ਅਮਰੀਕਾ ਦਾ ਵਸਨੀਕ ਹੈ। ਇਹ ਗਿਣਤੀ ਦਾ ਅਸਰ ਸਕੂਲ, ਸੜਕਾਂ, ਹਸਪਤਾਲ, ਬੱਚਿਆਂ ਦੀ ਦੇਖ ਭਾਲ ਅਤੇ ਹੋਰ ਕਈ ਸਰਕਾਰੀ ਯੋਜਨਾਵਾਂ ਉੱਪਰ ਪੈਂਦਾ ਹੈ। ਮਰਦਮਸ਼ੁਮਾਰੀ ਦੀ ਗਿਣਤੀ ਰਾਹੀਂ ਅਮਰੀਕਾ ਦੀ ਸਰਕਾਰ ਆਪਣਾ ਨੁਮਾਇੰਦਾ ਵੀ ਚੁਣਦੀ ਹੈ। ਇਸ ਲਈ ਬਹੁਤ ਜ਼ਰੂਰੀ ਹੈ ਕਿ ਇਹ ਗਿਣਤੀ ਸਹੀ ਤਰੀਕੇ ਨਾਲ ਕੀਤੀ ਜਾਵੇ।

ਤੁਹਾਡੇ ਦਿੱਤੇ ਹੋਏ ਜਵਾਬ ਗੁਪਤ ਰੱਖੇ ਜਾਣਗੇ। ਮਰਦਮਸ਼ੁਮਾਰੀ ਵਿੱਚ ਤੁਹਾਡੇ ਦਿੱਤੇ ਹੋਏ ਜਵਾਬ ਤੁਹਾਡੇ ਖਿਲਾਫ਼ ਨਹੀਂ ਵਰਤੇ ਜਾਣਗੇ।

ਆਪਣਾ ਫ਼ਰਜ਼ ਬਣਦਾ ਹੈ ਕਿ ਮਰਦਮਸ਼ੁਮਾਰੀ ਵਿੱਚ ਹਿੱਸਾ ਲਈਏ ਤਾਂ ਜੋ ਆਪਣੇ ਭਾਈਚਾਰੇ ਨੂੰ ਲੋੜੀਂਦੀਆਂ ਸਹੂਲਤਾਂ ਮਿਲ ਸਕਣ।

ਤੁਸੀਂ ਇਸ ਮਰਦਮਸ਼ੁਮਾਰੀ ਦੇ ਫ਼ਾਰਮ ਨੂੰ ਔਨਲਾਈਨ, ਫ਼ੋਨ ਜਾਂ ਫਿਰ ਡਾਕ ਦੇ ਰਾਹੀਂ ਭਰ ਸਕਦੇ ਹੋ।

ਹੋਰ ਜਾਣਕਾਰੀ ਲਈ: KernCounts.org

#KernCounts

# ਗੁਰਦੁਆਰਾ ਗੁਰੂ ਨਾਨਕ ਝੀਰਾ

- ਡਾ. ਰਤਨ ਸਿੰਘ

ਭਾਈ ਗੁਰਦਾਸ ਜੀ ਨੇ ਆਪਣੀ ਪਹਿਲੀ ਵਾਰ ਵਿਚ ਆਦਿ ਗੁਰੂ ਬਾਬਾ ਨਾਨਕ ਨੂੰ ਅਕੀਦਤ ਭੇਟ ਕਰਦਿਆਂ 'ਜਿਥੇ ਬਾਬਾ ਪੈਰ ਧਰਿ ਪੂਜਾ ਆਸਣੁ ਥਾਪਣਿ ਸੋਆ' ਲਿਖ ਕੇ ਇਹ ਹਕੀਕਤ ਬਿਆਨ ਕੀਤੀ ਹੈ ਕਿ ਬਾਬਾ ਨਾਨਕ ਜਿਥੇ ਵੀ ਆਪਣੇ ਪਵਿੱਤਰ ਕਦਮ ਧਰਦੇ ਸਨ ਉਹ ਧਰਤੀ ਧੰਨ ਹੋ ਜਾਂਦੀ ਸੀ ਅਤੇ ਉਥੇ ਹੀ ਪੂਜਾ/ਧਾਰਮਿਕ ਸਥਾਨ ਕਾਇਮ ਹੋ ਜਾਂਦਾ ਸੀ। ਗੁਰੂ ਨਾਨਕ ਨੇ ਜਗਤ ਜਲੰਦੇ ਨੂੰ ਤਾਰਨ ਲਈ ਚਾਰ ਉਪਕਾਰ-ਯਾਤਰਾਵਾਂ ਕੀਤੀਆਂ ਜਿਨਾਂ ਨੂੰ ਆਮ ਤੌਰ 'ਤੇ ਉਦਾਸੀਆਂ ਦਾ ਨਾਮ ਦਿੱਤਾ ਜਾਂਦਾ ਹੈ।

ਆਪਣੀ ਦੂਜੀ ਉਪਕਾਰ ਯਾਤਰਾ ਦੌਰਾਨ ਉਹ ਸੁਲਤਾਨਪੁਰ ਤੋਂ ਚੱਲ ਕੇ ਧਰਮ ਕੋਟ, ਭਟਨੇਰ, ਬਠਿੰਡਾ, ਸਿਰਸਾ, ਬੀਕਾਨੇਰ, ਮਾਰਵਾੜ ਵਿਚ ਲੋਕਾਈ ਨੂੰ ਤਾਰਦੇ ਹੋਏ ਚਿਸ਼ਤੀ ਦੇ ਸਥਾਨ ਅਜਮੇਰ ਪਹੁੰਚੇ ਜਿਥੋਂ ਉਹ ਸਰੋਹੀ ਅਤੇ ਜੈਨੀਆਂ ਦੇ ਧਰਮ ਮੰਦਰਾਂ ਵਿੱਚ ਵੀ ਗਏ। ਉਨਾਂ ਨੇ ਜੈਨੀਆਂ ਨਾਲ ਗੋਸ਼ਟੀ ਕੀਤੀ। ਫਿਰ ਉਹ ਇੰਦੌਰ ਪਹੁੰਚੇ ਅਤੇ ਨਰਬਦਾ ਨਦੀ ਨੂੰ ਪਾਰ ਕਰਕੇ ਸੀ.ਪੀ. (ਵਰਤਮਾਨ ਮੱਧ ਪ੍ਰਦੇਸ਼) ਵਿਚ ਦਾਖਲ ਹੋ ਕੇ ਹੋਸ਼ੰਗਾਬਾਦ, ਨਰਸਿੰਘਪੁਰ, ਪੰਚਮੜੀ, ਖੰਡਵਾ ਤੇ ਅਖੀਰ ਓਅੰਕਾਰੇਸ਼ਵਰ ਪਹੁੰਚ ਗਏ ਜਿਥੇ ਉਨਾਂ ਨੇ ਆਪਣੀ ਦਾਰਸ਼ਨਿਕ ਬਾਣੀ 'ਦੱਖਣੀ ਓਅੰਕਾਰ' ਦਾ ਉਚਾਰਣ ਕੀਤਾ। ਇਸ ਤੋਂ ਬਾਅਦ ਉਹ ਨਾਂਦੇੜ ਵਿਖੇ ਮਾਲਟੇਕੜੀ ਦੇ ਸਥਾਨ 'ਤੇ ਡੇਰੇ ਲਾ ਕੇ ਬੈਠ ਗਏ ਜਿਥੇ ਅੱਜ ਗੁਰਦੁਆਰਾ ਮਾਲ ਟੇਕੜੀ ਸੁਸ਼ੋਭਤ ਹੈ।

ਇਥੋਂ ਉਹ ਬਿਦਰ ਪਹੁੰਚੇ। ਉਨਾਂ ਦੇ ਬਿਦਰ ਪਹੁੰਚਣ ਦਾ ਸਮਾਂ ਮਾਰਚ/ਅਪਰੈਲ 1512 ਦਾ ਦੱਸਿਆ ਜਾਂਦਾ ਹੈ। ਅਕਸਰ ਆਦਿ ਬਾਬਾ ਜਦੋਂ ਵਜਦ ਵਿਚ ਆਉਂਦੇ ਸਨ ਤਾਂ ਆਪਣੇ ਸਾਥੀ ਮਰਦਾਨੇ ਨੂੰ ਰਬਾਬ ਛੇੜਨ ਲਈ ਕਹਿੰਦੇ ਸਨ। ਇਥੇ ਬਿਦਰ ਵਿੱਚ ਵੀ ਉਨਾਂ ਨੇ ਆਸਣ ਲਾ ਕੇ ਮਰਦਾਨੇ ਨੂੰ ਰਬਾਬ ਛੇੜਨ ਲਈ ਕਿਹਾ। ਉਸ ਸਮੇਂ ਬਿਦਰ ਇਕ ਛੋਟਾ ਜਿਹਾ ਪਿੰਡ ਸੀ ਅਤੇ ਬਾਬੇ ਨੇ ਪਿੰਡੋਂ ਬਾਹਰ ਇਕ ਪਹਾੜੀ ਥੱਲੇ ਡੇਰੇ ਲਾਏ ਸਨ। ਖੁਸ਼ਕ ਪਹਾੜੀ ਇਲਾਕਾ ਹੋਣ ਕਰਕੇ ਇਥੇ ਪਾਣੀ ਦੀ ਘਾਟ ਸੀ ਅਤੇ ਹਰਿਆਵਲ ਵੀ ਨਜ਼ਰ ਨਹੀਂ ਸੀ ਆਉਂਦੀ। ਕੀਰਤਨ ਦੀ ਇਲਾਹੀ ਧੁਨ ਸੁਣ ਕੇ ਬਿਦਰ ਦਾ ਪੀਰ ਜਲਾਲੋਦੀਨ ਪ੍ਰਭਾਵਿਤ ਹੋਇਆ ਅਤੇ ਆਪਣੇ ਸਾਥੀ ਫ਼ਕੀਰਾਂ ਨੂੰ ਨਾਲ ਲੈ ਕੇ ਗੁਰੂ ਜੀ ਦੇ ਦਰਸ਼ਨਾਂ ਲਈ ਪਹੁੰਚਿਆ। ਉਸ ਨੇ ਗੁਰੂ ਜੀ ਦੇ ਚਰਨਾਂ ਵਿਚ ਸਿਰ ਝੁਕਾਉਂਦਿਆਂ ਮਿਹਰ ਦੀ ਮੰਗ ਕੀਤੀ ਅਤੇ ਗੁਰੂ ਜੀ ਦੀ ਸਿੱਖਿਆ ਲੈਣ ਤੋਂ ਬਾਅਦ ਬਾਕੀ ਫ਼ਕੀਰਾਂ ਸਮੇਤ ਉਨਾਂ ਦਾ ਸ਼ਿਸ ਬਣ ਗਿਆ।

ਜਦੋਂ ਆਲੇ-ਦਆਲੇ ਵਿੱਚ ਬਾਬੇ ਨਾਨਕ ਦੀ ਰਹਿਮਤ ਦੀ ਖੁਸ਼ਬੂ ਫੈਲੀ ਤਾਂ ਦੂਰ-ਦੂਰ ਤੋਂ ਲੋਕ ਆਪ ਜੀ ਦੇ ਦਰਸ਼ਨਾਂ ਲਈ ਆਉਣ ਲੱਗੇ। ਇਕ ਦਿਨ ਲੋਕਾਂ ਨੇ ਬਾਬੇ ਅੱਗੇ ਹੱਥ ਜੋੜ ਕੇ ਫ਼ਰਿਆਦ ਕੀਤੀ ਕਿ ਉਹ ਪਾਣੀ ਲਈ ਤਰਸ ਰਹੇ ਹਨ। ਲੋਕ ਕਈ ਖੂਹ ਪੁਟਵਾ ਚੁੱਕੇ ਹਨ ਪ੍ਰੰਤੂ ਪਾਣੀ ਨਹੀਂ ਨਿਕਲਿਆ, ਜੇ ਨਿਕਲਿਆ ਵੀ ਹੈ ਤਾਂ ਉਹ ਖਾਰਾ ਹੋਣ ਕਰਕੇ ਪੀਣ ਯੋਗ ਨਹੀਂ। ਪਸ਼ੂ-ਪੰਛੀ ਵੀ ਪਾਣੀ ਖੁਣੋਂ ਪਿਆਸੇ ਮਰ ਰਹੇ ਹਨ। ਪਾਣੀ ਦੀ ਸਮੱਸਿਆ ਕਰਕੇ ਬਿਦਰ ਦੇ ਲੜਕਿਆਂ ਨੂੰ ਕੋਈ ਆਪਣੀ ਲੜਕੀ ਦਾ ਰਿਸ਼ਤਾ ਦੇਣ ਲਈ ਤਿਆਰ ਨਹੀਂ ਹੈ।

ਬਾਬਾ ਨਾਨਕ ਜਿਵੇਂ ਮਿਹਰ ਦੇ ਘਰ ਆਉਂਦੇ ਸਨ, ਜਨਤਾ ਦਾ ਦੁੱਖ ਸੁਣ ਕੇ ਅੰਤਰ ਧਿਆਨ ਹੋਏ ਅਤੇ ਖੜਾਂਅ ਸਮੇਤ ਆਪਣੇ ਚਰਨ ਪਹਾੜੀ ਨੂੰ ਛੁਹਾਉਂਦਿਆਂ ਬਚਨ ਕੀਤਾ, 'ਪੱਥਰ ਹਟਾਓ'। ਏਨਾ ਕਹਿਣ ਦੀ ਦੇਰ ਸੀ ਕਿ ਲੋਕਾਂ ਨੇ ਬਾਬੇ ਦੀ ਦੱਸੀ ਥਾਂ ਤੋਂ ਪੱਥਰ ਹਟਾਇਆ ਜਿਥੋਂ ਮਿੱਠੇ, ਸ਼ੁਧ ਜਲ ਦੀ ਧਾਰਾ ਵਹਿ ਤੁਰੀ। ਸੰਗਤ ਖੁਸ਼ੀ ਭਰੀ ਹੈਰਾਨੀ ਨਾਲ ਗੁਰੂ ਜੀ ਦੇ ਚਰਨਾਂ 'ਤੇ ਢਹਿ ਪਈ। ਇਹ ਵਾਕਿਆ ਮਾਰਚ/ਅਪਰੈਲ 1512 ਈਸਵੀ ਦਾ ਹੈ ਅਤੇ ਉਦੋਂ ਤੋਂ ਲੈ ਕੇ ਹੁਣ ਤੱਕ ਇਹ ਚਸ਼ਮਾ/ਝਰਨਾ (ਝੀਰਾ) ਅੱਜ ਤੱਕ ਨਿਰੰਤਰ ਵਹਿ ਰਿਹਾ ਹੈ ਜਿਸ ਦਾ ਪੰਜ ਸੌ ਸਾਲਾ ਝੀਰਾ ਪ੍ਰਗਟ ਦਿਵਸ ਸੰਗਤਾਂ ਨੇ 26 ਤੋਂ 29 ਅਪਰੈਲ 2012 ਨੂੰ ਬੜੀ ਸ਼ਰਧਾ ਅਤੇ ਸਤਿਕਾਰ ਨਾਲ ਮਨਾਇਆ ਹੈ।

ਝੀਰਾ ਸਥਾਨਕ ਭਾਸ਼ਾ ਵਿਚ ਝਰਨੇ ਨੂੰ ਕਿਹਾ ਜਾਂਦਾ ਹੈ ਅਤੇ ਇਸੇ ਕਰਕੇ ਇਸ ਸਥਾਨ ਦਾ ਨਾਮ ਗੁਰੂ ਨਾਨਕ ਝੀਰਾ ਹੈ ਜਿਥੇ ਇਕ ਆਲੀਸ਼ਾਨ ਗੁਰਦੁਆਰਾ ਕਾਇਮ ਹੈ। ਇਸ ਸਮੇਂ ਮੌਜੂਦ ਗੁਰਦੁਆਰਾ ਸਾਹਿਬ ਦੀ ਨਵੀਂ ਆਲੀਸ਼ਾਨ ਇਮਾਰਤ, ਅੰਮ੍ਰਿਤ ਕੁੰਡ ਅਤੇ ਸਰੋਵਰ ਦੇ ਨਿਰਮਾਣ ਦਾ ਕੰਮ 1965 ਈਸਵੀ ਵਿੱਚ ਪੰਥ ਭੂਸ਼ਣ ਸੰਤ ਬਿਸ਼ਨ ਸਿੰਘ ਅਤੇ ਸੰਤ ਬਾਬਾ ਕਰਤਾਰ ਸਿੰਘ ਦੇ ਯਤਨਾਂ ਨਾਲ ਸੰਪੂਰਨ ਹੋਇਆ ਸੀ ਜਿਸ ਦਾ ਨੀਂਹ ਪੱਥਰ ਉਸ ਸਮੇਂ ਦੇ ਮੈਸੂਰ ਸਟੇਟ ਦੇ ਮੁੱਖ ਮੰਤਰੀ ਬੀ.ਡੀ. ਜਤੀ ਨੇ ਰੱਖਿਆ ਸੀ। 22 ਮਾਰਚ 1965 ਨੂੰ ਹੋਲਾ ਮਹੱਲਾ ਦੇ ਮੌਕੇ 'ਤੇ ਇਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕੀਤਾ ਗਿਆ ਅਤੇ ਇਸੇ ਸਾਲ ਪੰਥ ਭੂਸ਼ਣ ਸੰਤ ਬਿਸ਼ਨ ਸਿੰਘ ਨੇ ਗੁਰਦੁਆਰਾ ਨਾਨਕ ਝੀਰਾ ਬਿਦਰ ਸੰਸਥਾ ਰਜਿਸਟਰ ਕਰਵਾਈ। ਇਸ ਕਮੇਟੀ ਵਿਚ ਆਂਧਰਾ ਪ੍ਰਦੇਸ਼, ਮਹਾਰਾਸ਼ਟਰ ਅਤੇ ਕਰਨਾਟਕ ਦੇ ਸਿੱਖਾਂ ਨੂੰ ਬਤੌਰ ਮੈਂਬਰ ਸ਼ਾਮਲ ਕੀਤਾ ਗਿਆ ਸੀ ਅਤੇ ਸੰਤ ਬਿਸ਼ਨ



ਸਿੰਘ ਇਸ ਦੇ ਪਹਿਲੇ ਪ੍ਰਧਾਨ ਬਣੇ ਸਨ।

ਗੁਰਦੁਆਰਾ ਗੁਰੂ ਨਾਨਕ ਝੀਰਾ ਨੂੰ ਸਿੱਖ ਇਤਿਹਾਸ ਦੇ ਨਕਸ਼ੇ 'ਤੇ ਲਿਆਉਣ ਲਈ ਉਨਾਂ ਫੌਜੀਆਂ ਦਾ ਬੜਾ ਯੋਗਦਾਨ ਹੈ ਜੋ 1832-33 ਦੇ ਦਰਮਿਆਨ ਨਿਜ਼ਾਮ ਹੈਦਰਾਬਾਦ ਦੀ ਬੇਨਤੀ 'ਤੇ ਮਹਾਰਾਜਾ ਰਣਜੀਤ ਸਿੰਘ ਵੱਲੋਂ ਭੇਜੇ ਗਏ ਸਨ। ਪੰਜਾਬ ਤੋਂ ਪਹੁੰਚੀ ਇਸ ਵਿਸ਼ੇਸ਼ ਫੌਜ ਨੂੰ 'ਬਾਰਾਂ ਬਿਰਾਦਰੀ ਬਟਾਲੀਅਨ' ਕਿਹਾ ਜਾਂਦਾ ਸੀ ਕਿਉਂ ਕਿ ਇਹ ਬਾਰਾਂ ਬਰਾਦਰੀਆਂ ਦੀ ਫੌਜ ਸੀ। ਹਰੇਕ ਵਿਚ ਇਕ ਰਸਾਲਦਾਰ ਅਤੇ 1200 ਸਿਪਾਹੀ ਸ਼ਾਮਲ ਸਨ। ਬਾਰਾਂ ਵਿਚੋਂ ਇਕ ਬਟਾਲੀਅਨ ਘੋੜ ਸਵਾਰਾਂ ਦੀ ਸੀ ਜਦੋਂ ਕਿ ਬਾਕੀ ਸਭ ਪੈਦਲ ਸਨ। ਇਸ ਫੌਜ ਦਾ ਮੁੱਖ ਟਿਕਾਣਾ ਅਤਾਪੁਰ (ਹੈਦਰਾਬਾਦ) ਸੀ। ਨਿਜ਼ਾਮ ਸਟੇਟ ਦੇ ਤਹਿਤ 16 ਜ਼ਿਲਿਆਂ ਦੇ ਖੂੰਖਾਰ ਮੁਜਰਮਾਂ ਨੂੰ ਸਿੱਖ ਫੌਜ ਦੇ ਪਹਿਰੇ ਹੇਠ ਬਿਦਰ ਜੇਲ ਵਿਚ ਭੇਜਿਆ ਜਾਂਦਾ ਸੀ ਅਤੇ ਇਸ ਦੌਰਾਨ ਜੋ ਸਿੱਖ ਸਿਪਾਹੀ ਇਨਾਂ ਮੁਜਰਮਾਂ ਨੂੰ ਲੈ ਕੇ ਬਿਦਰ ਆਉਂਦੇ ਸਨ ਉਹ ਬਾਬੇ ਨਾਨਕ ਦੀ ਛੋਹ ਪ੍ਰਾਪਤ ਇਸ ਝੀਰੇ ਦੇ ਦਰਸ਼ਨ ਕਰਦੇ ਸਨ। 1905 ਵਿਚ ਨਜ਼ਾਮ ਸਟੇਟ ਵੱਲੋਂ ਇਨਾਂ ਸਿੱਖ ਫੌਜੀਆਂ ਨੂੰ ਪੁਲੀਸ ਮਹਿਕਮੇ ਦੇ ਤਹਿਤ ਕਰ ਦਿੱਤਾ ਗਿਆ। ਸੰਨ 1929 ਵਿਚ ਝੀਰਾ ਸਾਹਿਬ ਦੀ ਬੇਅਦਬੀ ਹੋਣ ਕਰਕੇ ਸਿੱਖਾਂ ਅਤੇ ਵਿਰੋਧੀਆਂ ਵਿੱਚ ਝਗੜਾ ਹੋ ਗਿਆ। ਨਿਜ਼ਾਮ ਸਰਕਾਰ ਨੇ ਗੁਰਦੁਆਰੇ ਦਾ ਪ੍ਰਬੰਧ ਉਸ ਸਮੇਂ ਦੇ ਕੁਲੈਕਟਰ ਨੂੰ ਸੌਂਪ ਦਿੱਤਾ ਜਿਸ ਦੇ ਮਤਾਹਿਤ ਹੌਲੀ-ਹੌਲੀ ਆਪਣੇ ਆਪ ਨੂੰ ਗੁਰਦੁਆਰੇ ਦੇ ਮਾਲਕ ਸਮਝਣ ਲੱਗ ਪਏ। ਇਹ ਗੁਰਦੁਆਰਾ ਕਰੀਬ 20 ਸਾਲ ਸਰਕਾਰੀ ਪ੍ਰਬੰਧ ਹੇਠ ਰਿਹਾ। ਮਾਮਲਾ ਅਦਾਲਤ ਵਿਚ ਪਹੁੰਚਿਆ। ਮੁਕੱਦਮੇ ਦੀ ਪੈਰਵੀ ਬਿਸ਼ਨ ਸਿੰਘ ਠੇਕੇਦਾਰ ਅਤੇ ਹੈਦਰਾਬਾਦ ਦੇ ਗੁਰਦੁਆਰਾ ਗੌਲੀਗੁੜਾ ਦੇ ਕਰਮ ਸਿੰਘ ਸੂਬੇਦਾਰ ਨੇ ਕੀਤੀ ਜਿਸ ਦਾ ਫੈਸਲਾ 1950 ਵਿਚ ਖਾਲਸੇ ਦੇ ਹੱਕ ਵਿਚ ਹੋ ਗਿਆ।

ਹੈਦਰਾਬਾਦ ਵਿਚ ਰਹਿਣ ਵਾਲੇ ਦਰਜਾ ਅੱਵਲ ਠੇਕੇਦਾਰ ਸੰਤ ਬਿਸ਼ਨ ਸਿੰਘ ਦੇ ਠੇਕੇ ਬਿਦਰ ਦੇ ਆਸ ਪਾਸ ਸਨ। ਇਸ ਧਰਮੀ ਨੇ 1948 ਵਿਚ ਗੁਰਦੁਆਰਾ ਸਾਹਿਬ ਦੀ ਆਰਜ਼ੀ ਇਮਾਰਤ ਦਾ ਨਿਰਮਾਣ ਕੀਤਾ। ਇਸ ਸਮੇ ਕੇਵਲ ਦੋ ਸਿੱਖ ਸੂਬੇਦਾਰ (ਰਸਾਲਦਾਰ) ਕਰਮ ਸਿੰਘ ਅਤੇ ਗਰਜਾ ਸਿੰਘ ਬਿਦਰ ਵਿਚ ਰਹਿੰਦੇ ਸਨ। ਸੰਤ ਬਿਸ਼ਨ ਸਿੰਘ ਨੇ ਇਧਰੋਂ ਉਧਰੋਂ ਸੇਵਾਦਾਰ ਲਿਆਂਦੇ ਜਿਨਾਂ ਦਾ ਜਥੇਦਾਰ ਬਚਨ ਸਿੰਘ ਨੂੰ ਬਣਾਇਆ ਗਿਆ ਅਤੇ ਭਾਈ ਸਾਹਿਬ ਸਿੰਘ ਨੂੰ ਇਸ ਗੁਰਦੁਆਰੇ ਵਿਚ ਪਹਿਲਾ ਗ੍ਰੰਥੀ ਥਾਪਿਆ ਗਿਆ।

ਇਸ ਪ੍ਰਕਾਰ ਸੰਨ 1950 ਵਿਚ ਪਹਿਲੀ ਵੇਰ ਇਸ ਸਥਾਨ 'ਤੇ ਸੰਤ ਬਾਬਾ ਜੋਗਿੰਦਰ ਸਿੰਘ ਮੋਨੀ ਦੀ ਅਗਵਾਈ ਹੇਠ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਪੁਰਬ ਮਨਾਇਆ ਗਿਆ। ਬਿਦਰ ਜੋ ਕਿਸੇ ਸਮੇਂ ਜੰਗਲ-ਬੀਆਬਾਣ ਸੀ, ਅੱਜ ਇਥੇ ਬਾਬੇ ਨਾਨਕ ਦੀ ਕਿਰਪਾ ਨਾਲ ਲਹਿਰ-ਬਹਿਰ ਹੈ।

ਗੁਰਦੁਆਰਾ ਕਮੇਟੀ ਵੱਲੋਂ ਸੁਚੱਜਾ ਪ੍ਰਬੰਧ ਹੈ। ਯਾਤਰੂਆਂ ਦੀ ਰਿਹਾਇਸ਼ ਲਈ ਵਧੀਆ ਪ੍ਰਬੰਧ ਹਨ, ਮਹਾਰਾਸ਼ਟਰੀ ਸਿੱਖ ਪੂਰੀ ਲਗਨ ਅਤੇ ਸ਼ਰਧਾ ਨਾਲ ਲੰਗਰ ਦੀ ਸੇਵਾ ਕਰਦੇ ਹਨ। ਗੁਰਦੁਆਰਾ ਗੁਰੂ ਨਾਨਕ ਝੀਰਾ ਤੋਂ ਬਿਨਾਂ ਬਿਦਰ ਵਿਚ ਗੁਰਦੁਆਰਾ ਭਾਈ ਸਾਹਿਬ ਸਿੰਘ ਜੀ ਵੀ ਸੁਸ਼ੋਭਤ ਹੈ। ਭਾਈ ਸਾਹਿਬ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਸਾਜੇ ਗਏ ਖਾਲਸਾ ਪੰਥ ਵਿਚ ਆਪਣੇ ਸੀਸ ਭੇਟ ਕਰਨ ਵਾਲੇ ਪੰਜਾਂ ਪਿਆਰਿਆਂ ਵਿਚੋਂ ਇਕ ਸਨ ਜਿਨਾਂ ਕਰਕੇ ਬਿਦਰ ਦਾ ਨਾਮ ਸਿੱਖ ਇਤਿਹਾਸ ਵਿਚ ਸੁਨਹਿਰੀ ਅੱਖਰਾਂ ਵਿਚ ਲਿਖਿਆ ਗਿਆ ਹੈ। ਗੁਰਦੁਆਰਾ ਮਾਈ ਭਾਗੋ ਵੀ ਬਿਦਰ ਤੋਂ 10 ਕਿਲੋ ਮੀਟਰ ਦੀ ਦੂਰੀ 'ਤੇ ਜਨਵਾੜਾ ਵਿਖੇ ਸਥਿਤ ਹੈ ਜਿਥੇ ਉਨਾਂ ਨੇ ਆਪਣੇ ਸਵਾਸ ਪੂਰੇ ਕੀਤੇ ਸਨ।







# ਜਿਉਂਦੀ ਲਾਸ਼

**- ਗੋਵਰਧਨ ਗੱਬੀ**

ਮਾਸਟਰ ਦੀ ਕੋਠੀ ਉਜਾੜ ਪਈ ਹੈ। ਬਿਲਕੁਲ ਸੁੰਨਸਾਨ। ਕੋਠੀ ਵਿੱਚ ਰਾਤ ਨੂੰ ਹੀ ਨਹੀਂ ਸਗੋਂ ਦਿਨ ਵੇਲੇ ਵੀ ਉੱਲੂ ਬੋਲਦੇ ਹਨ। ਅਜੇ ਪਿਛਲੇ ਸਾਲ ਦੀ ਹੀ ਤਾਂ ਗੱਲ ਹੈ ਜਦੋਂ ਇਸ ਕੋਠੀ ਵਿੱਚ ਇਕ ਰੱਜਿਆ-ਪੁੱਜਿਆ ਪਰਿਵਾਰ ਰਹਿੰਦਾ ਸੀ। ਸੁਖ ਰਾਮ ਆਪਣੇ ਪਿੰਡ ਦੇ ਸਰਕਾਰੀ ਸਕੂਲ ਵਿੱਚ ਅਧਿਆਪਕ ਲੱਗਾ ਸੀ। ਪਿੰਡ ਦੇ ਸਾਰੇ ਲੋਕ ਉਸ ਨੂੰ 'ਮਾਸਟਰ ਸੁਖ ਰਾਮ' ਕਹਿੰਦੇ ਸਨ। ਅਸਲ ਵਿੱਚ ਉਹ ਨਾਂ ਦਾ ਹੀ ਮਾਸਟਰ ਸੀ, ਮਾਸਟਰੀ ਦੇ ਨਾਲ-ਨਾਲ ਉਹ ਜ਼ਮੀਨ ਦੀ ਵੇਚ-ਵੱਟ ਵਿੱਚ ਦਲਾਲੀ ਦਾ ਕੰਮ ਵੀ ਕਰਦਾ ਸੀ। ਸ਼ਾਮ ਨੂੰ ਕੋਠੀ ਵਿੱਚ ਟਿਊਸ਼ਨ ਪੜ੍ਹਨ ਵਾਲੇ ਬੱਚਿਆਂ ਦੀ ਭੀੜ ਵੀ ਜਮਾਂ ਹੋ ਜਾਂਦੀ। ਜ਼ਮੀਨ ਦੀ ਦਲਾਲੀ ਤੇ ਟਿਊਸ਼ਨ ਨਾਲ ਉਸ ਨੂੰ ਉਪਰਲੀ ਕਮਾਈ ਵੀ ਚੋਖੀ ਹੋ ਜਾਂਦੀ। ਆਪਣੇ ਆਪ ਨੂੰ ਸ਼ਰੀਕੇ ਵਿੱਚੋਂ ਰੱਜਿਆ ਪੁੱਜਿਆ ਦਰਸਾਉਣ ਲਈ ਉਸ ਨੇ ਪਿੰਡ ਦੇ ਬਾਹਰ ਖੇਤਾਂ ਵਿੱਚ ਵੱਡੀ ਸਾਰੀ ਕੋਠੀ ਪਾਈ ਹੋਈ ਸੀ।

ਪਿੰਡ ਵਿੱਚ ਜਿਸ ਤਰਾਂ ਆਮ ਤੌਰ ਉੱਤੇ ਇਕ ਮਾਸਟਰ ਦੀ ਇੱਜ਼ਤ ਹੁੰਦੀ ਹੈ ਉਸ ਤਰਾਂ ਸੁਖ ਰਾਮ ਮਾਸਟਰ ਦੀ ਨਹੀਂ ਸੀ। ਲੋਕ ਸਾਹਮਣੇ ਤਾਂ ਤਾਰੀਫ ਕਰਦੇ ਪਰ ਪਿੱਛੋਂ ਹਮੇਸ਼ਾ ਉਸ ਦੀ ਬਦਖੋਈ ਕਰਨ ਵਿੱਚ ਕੋਈ ਕਸਰ ਨਾ ਛੱਡਦੇ। ਉਸ ਨੂੰ ਗਾਲਾਂ ਕੱਢਦੇ। ਮਾੜਾ ਕਹਿੰਦੇ। ਉਹ ਕੰਮ ਵੀ ਤਾਂ ਇੱਜ਼ਤ ਵਾਲੇ ਨਹੀਂ ਸੀ ਕਰਦਾ। ਚਰਿੱਤਰੋਂ ਵੀ ਮਾੜਾ। ਕਈ ਵਾਰ ਸਕੂਲ ਵਿੱਚ ਹੀ ਸ਼ਰਾਬ ਪੀ ਲੈਂਦਾ। ਉੱਠਣਾ ਬੈਠਣਾ ਵੀ ਮਾੜੇ ਲੋਕਾਂ ਨਾਲ। ਦੋਸਤੀ ਵੀ ਪਿੰਡ ਦੇ ਅਮਲੀਆਂ ਤੇ ਜ਼ਮੀਨ ਦੇ ਦਲਾਲਾਂ ਨਾਲ। ਨੇੜਲੇ ਸ਼ਹਿਰ ਦੇ ਸਰਕਾਰੀ ਬਾਬੂਆਂ ਤੇ ਅਫ਼ਸਰਾਂ ਨਾਲ ਵੀ ਯਾਰੀਆਂ ਗੰਢੀਆਂ ਹੋਈਆਂ। ਇਲਾਕੇ ਦੇ ਵਿਧਾਇਕ ਦਾ ਵੀ ਉਸ ਦੇ ਘਰ ਆਉਣਾ ਜਾਣਾ ਲੱਗਿਆ ਰਹਿੰਦਾ। ਠਾਣੇਦਾਰ ਵੀ ਲੰਘਦਾ ਵੜਦਾ ਉਸ ਨੂੰ ਮਿਲਦਾ ਰਹਿੰਦਾ। ਪੈਸੇ ਲੈ ਕੇ ਲੋਕਾਂ ਦਾ ਕੰਮ ਕਰਵਾਉਣ ਲਈ ਵੀ ਉਸ ਦੀ ਮਸ਼ਹੂਰੀ ਦੂਰ ਤੱਕ ਫੈਲੀ ਹੋਈ ਸੀ। ਜਦੋਂ ਵੀ ਸ਼ਹਿਰ ਜਾਂਦਾ ਤਾਂ ਸਰਕਾਰੀ ਮਹਿਕਮਿਆਂ ਵਿੱਚ ਕੰਮ ਕਰਦੇ ਬਾਬੂ ਲੋਕ ਉਸ ਨੂੰ ਸਲਾਮਾਂ ਠੋਕਦੇ। ਉਹ ਸੀਨਾ ਫੁਲਾ-ਫੁਲਾ ਕੇ ਲੰਘਦਾ। ਬਹੁਤ ਹੀ ਗੁੰਝਲਦਾਰ ਸ਼ਖ਼ਸੀਅਤ ਦਾ ਮਾਲਕ ਸੁਖ ਰਾਮ ਖੁਸ਼ ਰਹਿਣ ਦਾ ਮੁਖੌਟਾ ਪਹਿਨੀ ਅੰਦਰੋ ਅੰਦਰ ਦੁਖੀ ਰਹਿੰਦਾ ਸੀ। ਛੋਟੀ-ਛੋਟੀ ਗੱਲ 'ਤੇ ਖਿੱਝਦਾ। ਉਸ ਦੇ ਦੁਖੀ ਰਹਿਣ ਦਾ ਕਾਰਨ ਕਿਸੇ ਨੂੰ ਪਤਾ ਨਹੀਂ ਸੀ।

ਸ਼ਾਮ ਨੂੰ ਮਾਸਟਰ ਦੇ ਘਰ ਲਗਪਗ ਰੋਜ਼ ਹੀ ਦਾਰੂ ਦੀ ਮਹਿਫ਼ਲ ਲਗਦੀ। ਬਹੁਤੀ ਵਾਰ ਇਸ ਦਾ ਪ੍ਰਬੰਧ ਮਾਸਟਰ ਆਪ ਕਰਦਾ। ਕਈ ਵਾਰ ਦੋਸਤ ਮਿੱਤਰ ਵੀ ਦਾਰੂ ਦੀਆਂ ਬੋਤਲਾਂ ਤੇ ਮੁਰਗੇ ਫੜੀ ਆਉਂਦੇ। ਦਾਰੂ ਦੇ ਦੌਰ ਚਲਦੇ। ਤੜਕੇ ਲੱਗਦੇ। ਪੈਸੇ ਧੇਲੇ, ਰਾਜਨੀਤੀ ਤੇ ਜਨਾਨੀਆਂ ਬਾਰੇ ਗੱਲਾਂ ਚਲਦੀਆਂ।

ਇਕ ਦਿਨ ਉਸ ਨੇ ਆਪਣੇ ਇਕ ਖਾਸ ਦੋਸਤ ਕੁਲਵੰਤ ਸਿੰਘ ਦੇ ਫੌਜ 'ਚੋਂ ਛੁੱਟੀ ਆਉਣ 'ਤੇ ਆਪਣੇ ਘਰ ਵਿੱਚ ਦਾਰੂ ਦੀ ਮਹਿਫ਼ਲ ਜਮਾਈ। ਉਸ ਦੇ ਕਈ ਯਾਰ ਮਿੱਤਰ ਉਸ ਵਿੱਚ ਸ਼ਰੀਕ ਹੋਏ।

"ਲੈ ਪਈ ਜੈਲਿਆ ਦੱਸ! ਹੈ ਕੋਈ ਮਾਈ ਦਾ ਲਾਲ ਜਿਹੜਾ ਮਾਸਟਰ ਸੁਖ ਰਾਮ ਦੀ ਰੀਸ ਕਰੇ ਦਸਾਂ ਸਾਲਾਂ ਦੀ ਨੌਕਰੀ ਵਿੱਚ ਆਹ ਮਹਿਲਾਂ ਵਰਗੀ ਕੋਠੀ ਬਣਾਏ ਦਸ ਏਕੜ ਜ਼ਮੀਨ ਖਰੀਦੇ ਤੇ ਜਿਹੜੇ ਘਰ ਹਰ ਸਾਲ ਚਮਚਮਾਂਦੀ ਨਵੀਂ ਗੱਡੀ ਖੜੀ ਹੁੰਦੀ ਹੋਵੇਹੈਂ ਜੈਲਿਆ ਦੱਸ! ਹੈ ਕੋਈ ਮਾਈ ਦਾ ਲਾਲ ?" ਮਾਸਟਰ ਨੇ ਆਪਣੇ ਮੂੰਹੋਂ ਮੀਆਂ ਮਿੱਠੂ ਬਣਦੇ ਹੋਏ, ਜੈਲੇ ਅਮਲੀ ਦੇ ਮੋਢੇ ਨੂੰ ਥਪਥਪਾ ਕੇ ਕਿਹਾ।

"ਮਾਸਟਰਰਾ! ਸੱਚੀਂ ਮੁੱਚੀਂ ਕਿਸੇ ਮਾਈ ਨੇ ਤੇਰੇ ਵਰਗਾ ਲਾਲ ਨੀ ਜੰਮਿਆ ਭਾਈਜਿਹੜਾ ਤੇਰੇ ਵਾਂਗ ਰੋਜ਼ ਘਰ ਵਿੱਚ ਦਾਰੂ ਦੀ ਛਬੀਲ ਲਗਾਏ ਮੰਤਰੀਆਂ ਤੋਂ ਲੈ ਕੇ ਠਾਣੇਦਾਰਾਂ ਦੇ ਸੰਤਰੀਆਂ ਤਕ ਜਿਸ ਦੇ ਹੁੱਕੇ ਦਾ ਪਾਣੀ ਭਰਦੇ ਹੋਣ ਜਿਸ ਦੀ ਸਾਰੇ 'ਲਾਕੇ 'ਚ ਬੈਜਾ-ਬੈਜਾ ਹੋਵੇ ਤੂਤੀ ਬੋਲਦੀ ਹੋਵੇ ਰੱਬ ਤੇਰੀ ਉਮਰ ਲੰਬੀ ਕਰੇ ਭਾਈ ਤੇਰੀ ਛਤਰ ਛਾਇਆ ਵਿੱਚ ਅਸੀਂ ਵੀ ਦੋ ਸਾਲ ਹੋਰ ਜੀਅ ਲਵਾਂਗੇ ਮਾਸਟਰਾ ਤੂੰ ਗਰੇਟ ਐਂ।" ਮਾਸਟਰ ਨੂੰ ਹਮੇਸ਼ਾ ਦੀ ਤਰਾਂ ਮੱਖਣ ਲਾਉਂਦਾ ਹੋਇਆ ਜੈਲਾ ਅਮਲੀ ਇਕ ਪਾਸੇ ਨੂੰ ਢਹਿ ਗਿਆ।

"ਮਾਸਟਰ! ਤੇਰੇ ਕੋਲ ਰੱਬ ਦਾ ਦਿੱਤਾ ਸਾਰਾ ਕੁਝ ਐਘਰ ਜ਼ਮੀਨ ਜਾਇਦਾਦ ਕਾਰ ਨੇਕ ਤੀਵੀਂ ਐ ਕਿੰਨੀਆਂ ਸੁਸ਼ੀਲ ਤੇ ਸੁਨੱਖੀਆਂ ਧੀਆਂ ਦਿੱਤੀਆਂ ਈ ਰੱਬ ਨੇ ਤੈਨੂੰ ਫੇਰ ਇਕ ਗੱਲ ਦੀ ਸਮਝ ਨਹੀਂ ਪੈਂਦੀ ਕਿ ਤੂੰ ਦੁਖੀ ਕਿਉਂ ਰਹਿਨੈ ?" ਕਰਨੈਲ ਸਿੰਘ ਪ੍ਰਾਪਰਟੀ ਡੀਲਰ ਨੇ ਮੁਰਗੇ ਦੀ ਟੰਗ ਮਰੋੜਦਿਆਂ ਪੁੱਛਿਆ। ਉਸ ਦੇ ਬੋਲ ਸੁਣਦੇ ਸਾਰ ਹੀ ਮਾਸਟਰ ਦੇ ਚਿਹਰੇ ਦਾ ਰੰਗ ਫੱਕ ਹੋ ਗਿਆ। ਉਸ ਨੇ ਦਾਰੂ ਹਲਕ 'ਚ ਉਤਾਰ ਕੇ ਖਾਲੀ ਗਿਲਾਸ ਟੇਬਲ 'ਤੇ ਰੱਖ ਦਿੱਤਾ।

"ਕਰਨੈਲਿਆ! ਭਾਈ ਤੂੰ ਠੀਕ ਕਹਿਨਾ ਮੇਰੇ ਕੋਲ ਸਭ ਕੁਝ ਹੈ ਪਰ ਸਾਲੇ ਰੱਬ ਨੇ ਏਸ ਨੂੰ ਸਾਂਭਣ ਲਈ ਕੋਈ ਪੁੱਤ ਨਹੀਂ ਦਿੱਤਾ ਵਾਰਸ ਨਹੀਂ ਦਿੱਤਾ ਕਰਨੈਲਿਆ! ਤੂੰ ਆਪ ਦੱਸ ਕਾਹਦੇ ਵਾਸਤੇ ਕਰਦਾਂ ਮੈਂ ਕਮਾਈ ਕਾਹਦੇ ਵਾਸਤੇ ਬਣਾਈ ਜਾਨਾਂ ਜ਼ਮੀਨਾਂ ਜਾਇਦਾਦਾਂ ਅੱਗ ਲਾਉਣੀ ਐਂ ਏਸ ਸਭ ਕਾਸੇ ਨੂੰ ਤੂੰ ਕਹਿਨਾ ਰੱਬ ਨੇ ਸੁਸ਼ੀਲ ਧੀਆਂ ਦਿੱਤੀਆਂ ਆ ਕੁੜੀਆਂ ਨਾਲ ਮੈਨੂੰ ਕੀ ਭਾਗ ਇਹ ਤਾਂ ਪਰਾਇਆ ਧੰਨ ਐ ਕੱਲ ਨੂੰ ਇਨਾਂ ਆਪਣੇ ਘਰੀਂ ਤੁਰ ਜਾਣਾ ਮੇਰੀਆਂ ਇਹ ਕੁੜੀਆਂ, ਕੁੜੀਆਂ ਨਹੀਂ ਹੈਗੀਆਂ ਸਗੋਂ ਗਿਰਝਾਂ ਨੇ ਪਿਉ ਦਾ ਮਾਸ ਖਾਣ ਵਾਲੀਆਂ ਗਿਰਝਾਂ" ਬੋਲਦਾ ਹੋਇਆ ਮਾਸਟਰ ਪਸ਼ੇਮਾਨ ਜਿਹਾ ਹੋ ਗਿਆ।

"ਯਾਰ ਸੁੱਖੇ! ਤੂੰ ਤਾਂ ਪੜਿਆ-ਲਿਖਿਐਂ ਤੂੰ ਵੀ ਕੁੜੀ-ਮੁੰਡੇ ਦੇ ਚੱਕਰਾਂ 'ਚ ਪਿਐਂ ਆ ਆਪਣੇ ਕੁਮਾਰਾਂ ਦੇ ਧਿਆਨੂੰ ਦੀਆਂ ਪੰਜ ਕੁੜੀਆਂ ਨੇ ਉਹ ਹੈ ਵੀ ਅਨਪੜ ਪਰ ਫੇਰ ਵੀ ਆਪਦੀਆਂ ਕੁੜੀਆਂ ਨੂੰ ਪੁੱਤਾਂ ਵਾਂਗੂ ਰੱਖਦਾ ਈ ਪੜਾ-ਲਿਖਾ ਰਿਹੈ ਤੇਰੇ ਵਾਂਗ ਦੁਖੀ ਨਹੀਂ ਸਗੋਂ ਖੁਸ਼ ਰਹਿੰਦਾ ਈ ਮਾਸਟਰਾ! ਆ ਜਿਹੜੇ ਤੁਸੀਂ ਬੜੇ ਪੜੇ-ਲਿਖੇ ਬਣੀ ਫਿਰਦੇ ਹੋ ਨਾ ਅਸਲ ਵਿਚ ਤੁਸੀਂ ਦੋਹਰੀ ਮਾਨਸਿਕਤਾ ਦੇ ਸ਼ਿਕਾਰ ਹੋ ਝੂਠੇ ਹੋ ਮੱਕਾਰ ਹੋ ਜੋ ਵਿਖਾਈ ਦਿੰਦੇ ਹੋ ਉਹ ਹੁੰਦੇ ਨਹੀਂ ਤੇ ਜੋ ਹੁੰਦੇ ਹੋ ਉਹ ਵਿਖਾਈ ਨਹੀਂ ਦਿੰਦੇ।" ਆਪਣੀ ਨਰਾਜ਼ਗੀ ਜ਼ਾਹਰ ਕਰਦਾ ਹੋਇਆ ਕੁਲਵੰਤ ਸਿੰਘ ਮਹਿਫਲ ਵਿੱਚੋਂ ਚਲਾ ਗਿਆ।

ਮਾਸਟਰ ਨੇ ਉਸ ਨੂੰ ਰੋਕਣ ਦੀ ਕੋਸ਼ਿਸ਼ ਕੀਤੀ ਪਰ ਕੁਲਵੰਤ ਸਿੰਘ ਰੁਕਿਆ ਨਹੀਂ। ਸੁਖ ਰਾਮ ਬੁੜਬੁੜਾਉਂਦਾ ਰਿਹਾ। ਹੌਲੀ-ਹੌਲੀ ਬਾਕੀ ਦੇ ਯਾਰ ਮਿੱਤਰ ਵੀ ਮਹਿਫਲ ਵਿੱਚੋਂ ਰੁਖਸਤ ਹੋਣ ਲੱਗ ਪਏ। ਦੇਰ ਰਾਤ ਗਏ ਮਹਿਫਲ ਖਤਮ ਹੋਈ। ਨਸ਼ੇ ਵਿਚ ਟੁਲ ਹੋਇਆ ਮਾਸਟਰ ਆਪਣੀ ਪਤਨੀ ਤੇ ਧੀਆਂ ਨੂੰ ਗਾਲਾਂ ਕੱਢਣ ਲੱਗ ਪਿਆ। ਕੁਝ ਦੇਰ ਬਾਅਦ ਹੀ ਕੁਰਸੀ 'ਤੇ ਬੈਠਿਆਂ ਹੀ ਘੁਰਾੜੇ ਮਾਰਨ ਲੱਗ ਪਿਆ।

ਸੱਚਮੁੱਚ ਹੀ ਮਾਸਟਰ ਨੂੰ ਆਪਣੀਆਂ ਤਿੰਨੇ ਧੀਆਂ ਕੰਡਿਆਲੀ ਥੋਰ ਵਰਗੀਆਂ ਲੱਗਦੀਆਂ। ਉਹ ਗੱਲ ਗੱਲ 'ਤੇ ਉਨਾਂ ਨੂੰ ਤਾਅਨੇ-ਮਿਹਣੇ ਮਾਰਦਾ। ਉਨਾਂ ਨੂੰ ਮੁੰਡੇ ਨਾ ਬਣ ਕੇ ਜੰਮਣ ਲਈ ਕੋਸਦਾ। ਉਹ ਵਿਚਾਰੀਆਂ ਚਿੜੀਆਂ ਵਾਂਗ ਸਹਿਮੀਆਂ ਰਹਿੰਦੀਆਂ। ਆਪਣੀ ਕਿਸਮਤ 'ਤੇ ਝੂਰਦੀਆਂ। ਹੋਣੀ 'ਤੇ ਰੋਂਦੀਆਂ ਰਹਿੰਦੀਆਂ।

ਸੁਖ ਰਾਮ ਦਾ ਪਿਤਾ ਤਾਂ ਬਹੁਤ ਪਹਿਲਾਂ ਸਵਰਗ ਸਿਧਾਰ ਗਿਆ ਸੀ ਪਰ ਬੁੱਢੀ ਮਾਂ ਉਸ ਦੇ ਨਾਲ ਹੀ ਰਹਿੰਦੀ ਸੀ। ਉਸ ਨੇ ਸੁਖ ਰਾਮ ਨੂੰ ਵਾਰ-ਵਾਰ ਸਮਝਾਉਣਾ, "ਸੁਖ ਪੁੱਤ! ਹੁਣ ਜ਼ਮਾਨਾ ਬਦਲ ਗਿਐ ਕੁੜੀਆਂ ਤੇ ਮੁੰਡਿਆਂ ਵਿੱਚ ਕੋਈ ਫਰਕ ਨਹੀਂ ਰਿਹਾ ਆਪਣੇ ਮਾਪਿਆਂ ਦਾ ਖਿਆਲ ਮੁੰਡਿਆਂ ਨਾਲੋਂ ਕੁੜੀਆਂ ਜ਼ਿਆਦਾ ਰੱਖਦੀਆਂ ਨੇ.. ਕਈ ਕੰਮਾਂ ਵਿਚ ਤਾਂ ਕੁੜੀਆਂ ਮੁੰਡਿਆਂ ਨਾਲੋਂ ਵੀ ਅੱਗੇ ਨੇ ਪੁੱਤ !ਅੱਤ ਖੁਦਾ ਦਾ ਵੈਰ ਹੁੰਦਾ ਏ.. ਆ ਧੀਆਂ ਨੂੰ ਬਹੁਤਾ ਨਾ ਕਲਪਾਇਆ ਕਰ ਤੈਨੂੰ ਇਨਾਂ ਦੀ ਹਾਅ ਲੱਗ ਜਾਣੀ ਉ ਤੂੰ ਐਵੇਂ ਕੁੜੀਆਂ-ਕੁੜੀਆਂ ਦੀ ਰੱਟ ਨਾ ਲਗਾਇਆ ਕਰ.. ਕੁੜੀਆਂ ਹੋਣਾ ਕੋਈ ਸਰਾਪ ਥੋੜਾ ਹੁੰਦੈ ਝਾਂਸੀ ਦੀ ਰਾਣੀ ਤੇ ਕਲਪਨਾ ਚਾਵਲਾ ਵੀ ਤਾਂ ਕੁੜੀਆਂ ਸਨ ਉਹ ਕਿਹਦੇ ਕੋਲੋਂ ਘੱਟ ਸਨ।"

"ਬੇਬੇ! ਕਹਿਣ ਨੂੰ ਭਾਵੇਂ ਜੋ ਮਰਜ਼ੀ ਕਹੀ ਜਾਉ ਪਰ ਮੁੰਡੇ ਆਖਰ ਮੁੰਡੇ ਹੁੰਦੇ ਆ ਤੇ ਕੁੜੀਆਂ, ਕੁੜੀਆਂ.. ਵੰਸ਼ ਤਾਂ ਮੁੰਡਿਆਂ ਨਾਲ ਹੀ ਚੱਲਦੈ ਨਾ ਕਿ ਕੁੜੀਆਂ ਨਾਲ।" ਸੁਖ ਰਾਮ 'ਤੇ ਆਪਣੀ ਮਾਂ ਦੇ ਉਪਦੇਸ਼ਾਂ ਦਾ ਕੋਈ ਅਸਰ ਨਾ ਹੁੰਦਾ। ਹਾਰ ਕੇ ਮਾਂ ਵੀ ਚੁੱਪ ਕਰ ਜਾਂਦੀ।

ਮਾਸਟਰ ਸਕੂਲ ਵਿੱਚ ਤਾਂ ਕੁੜੀਆਂ ਤੇ ਮੁੰਡਿਆਂ ਦੇ ਬਰਾਬਰ ਹੋਣ ਦਾ ਪਾਠ ਪੜਾਉਂਦਾ। ਨਸ਼ੇ ਨਹੀਂ ਕਰਨ ਦੇ ਉਪਦੇਸ਼ ਦਿੰਦਾ ਪਰ ਘਰ ਆਉਂਦੇ ਹੀ ਉਹ ਸਾਰੀਆਂ ਨਸੀਹਤਾਂ ਨੂੰ ਛਿੱਕੇ 'ਤੇ ਟੰਗ ਦਿੰਦਾ।

ਅਠਾਰਵੇਂ ਸਾਲ ਵਿੱਚ ਪੈਰ ਰੱਖ ਚੁੱਕੀ ਉਸ ਦੀ ਵੱਡੀ ਧੀ ਪਿੰਕੀ ਬਾਰਵੀਂ ਜਮਾਤ ਵਿੱਚ ਪੜਦੀ ਸੀ। ਉਸ ਤੋਂ ਛੋਟੀ ਬਬਲੀ ਦਸਵੀਂ ਤੇ ਸਭ ਤੋਂ ਨਿੱਕੀ ਮਿੰਨੀ ਸੱਤਵੀਂ ਵਿੱਚ। ਤਿੰਨੇ ਭੈਣਾਂ ਦਾ ਆਪਸ ਵਿੱਚ ਬਹੁਤ ਪਿਆਰ ਸੀ। ਆਪਣੀ ਮਾਂ ਤੇ ਦਾਦੀ ਦਾ ਵੀ ਬਹੁਤ ਸਤਿਕਾਰ ਕਰਦੀਆਂ। ਪਿਤਾ ਦਾ ਪਿਆਰ ਵੀ ਲੋਚਦੀਆਂ ਪਰ ਪਿਤਾ ਦਾ ਨਾਂ ਸੁਣਦੇ ਸਾਰ ਹੀ ਉਨਾਂ ਦੇ ਸਾਹ ਸੂਤੇ ਜਾਂਦੇ। ਉਹ ਵੀ ਚਾਹੁੰਦੀਆਂ ਕਿ ਹੋਰਨਾਂ ਵਾਂਗ ਉਨਾਂ ਦਾ ਪਿਤਾ ਵੀ ਉਨਾਂ ਨੂੰ ਪਿਆਰ ਕਰੇ ਪਰ ਉਹ ਜਦ ਵੀ ਆਪਣੇ ਪਿਤਾ ਦੇ ਨੇੜੇ ਜਾਂਦੀਆਂ ਤਾਂ ਉਨਾਂ ਨੂੰ ਪਿਆਰ ਨਹੀਂ ਸਗੋਂ ਫਿਟਕਾਰਾਂ ਤੇ ਗਾਲਾਂ ਹੀ ਮਿਲਦੀਆਂ।

"ਮੰਮੀ! ਪਾਪਾ ਸਾਨੂੰ ਪਿਆਰ ਕਿਉਂ ਨਹੀਂ ਕਰਦੇ ?" ਪਿੰਕੀ ਨੇ ਇਕ ਦਿਨ ਆਪਣੀ ਮਾਂ ਨੂੰ ਪੁੱਛਿਆ। ਬਬਲੀ ਤੇ ਮਿੰਨੀ ਵੀ ਨੇੜੇ ਹੀ ਬੈਠੀਆਂ ਸਨ।

"ਧੀਏ! ਜਦੋਂ ਤੂੰ ਹੋਣ ਵਾਲੀ ਸੀ ਨਾ ਤਾਂ ਤੁਹਾਡੇ ਪਾਪਾਂ ਨੂੰ ਪੂਰਾ ਯਕੀਨ ਸੀ ਕਿ ਜਿਵੇਂ ਤੇਰੇ ਤਾਏ ਦੇ ਘਰ ਪਹਿਲਾ ਬੱਚਾ ਮੁੰਡਾ ਹੋਇਆ ਸੀ, ਉਵੇਂ ਹੀ ਉਹਦੇ ਵੀ ਪਹਿਲਾ ਬੱਚਾ ਮੁੰਡਾ ਹੀ ਹੋਵੇਗਾ ਧੀਏ! ਤੇਰੇ ਪਾਪੇ ਨੇ ਤੇਰੇ ਹੋਣ ਤੋਂ ਮਹੀਨਾ ਪਹਿਲਾਂ ਹੀ ਘਰ ਵਿੱਚ ਪਾਰਟੀਆਂ ਕਰਨੀਆਂ ਸ਼ੁਰੂ ਕਰ ਦਿੱਤੀਆਂ ਸਨ ਲੋਕਾਂ ਨੇ ਖਾਣਾ-ਪੀਣਾ ਤੇ ਜਾਂਦੇ ਹੋਏ ਕਹਿ ਜਾਣਾ ਬਈ ਮਾਸਟਰਾ ਤੇਰੇ ਘਰ ਮੁੰਡਾ ਹੀ ਹੋਊ ਪਰ ਧੀਏ ਜਦੋਂ ਤੂੰ ਜੰਮ ਪਈ ਤਾਂ ਤੇਰਾ ਪਾਪਾ ਕਈ ਦਿਨ ਗੁੰਮਸੁੰਮ ਹੀ ਰਿਹਾ.. ਮਹੀਨਾ ਭਰ ਤੇਰਾ ਮੂੰਹ ਹੀ ਨਾ ਤੱਕਿਆਅਖੇ, ਮੈਨੂੰ ਇਸ ਕੁੜੀ ਦੀ ਸ਼ਕਲ ਦੇਖ ਕੇ ਹੀ ਗੁੱਸਾ ਚੜ ਜਾਂਦੈ ਧੀਏ ਫਿਰ ਦੋ ਸਾਲ ਬਾਅਦ ਇਸੇ ਭੁਲੇਖੇ ਬਬਲੀ ਹੋ ਗਈ ਤੇ ਨਿੱਕੀ ਦੇ ਵੇਲੇ ਡਾਕਟਰਾਂ ਨੇ ਗਲਤੀ ਨਾਲ ਕਹਿ ਦਿੱਤਾ ਭਾਈ ਇਸ ਵਾਰ ਮੁੰਡਾ ਹੋਊ ਪਰ ਜਦੋਂ ਮੁੰਡੇ ਦੀ ਜਗਾ ਨਿੱਕੀ ਪੈਦਾ ਹੋ ਗਈ ਬਸ ਫੇਰ ਤਾਂ ਤੁਹਾਡੇ ਪਾਪੇ ਨੂੰ ਮੇਰੇ ਨਾਲ ਨਫਰਤ ਹੋ ਗਈ ਮੈਨੂੰ ਗੱਲ ਗੱਲ 'ਤੇ ਟੋਕਿਆ ਕਰੇ ਕੋਸਿਆ ਕਰੇ ਮਾਰੇ ਕੁੱਟੇ.. ਅਖੇ, ਤੂੰ ਕੁੜੀਆਂ ਦੀ ਟਕਸਾਲ ਲਾਈ ਆ ਕਿਤੇ ਕੋਈ ਮੁੰਡਾ ਨਹੀਂ ਸੀ ਜੰਮ ਸਕਦੀ!" ਕਹਿੰਦੀ ਹੋਈ ਸੁਖ ਰਾਮ ਦੀ ਪਤਨੀ ਬਿੰਦਰ ਦੀ ਭੁੱਬ ਨਿਕਲ ਗਈ। ਹੰਝੂ ਪਰਲ-ਪਰਲ ਵਗਣ ਲੱਗੇ। ਪਿੰਕੀ ਨੇ ਮਾਂ ਨੂੰ ਸੀਨੇ ਨਾਲ ਲਗਾ ਲਿਆ। ਮਾਵਾਂ ਧੀਆਂ ਰੋਣ ਲੱਗੀਆਂ। ਆਪਣੀ ਮਾੜੀ ਕਿਸਮਤ ਨੂੰ ਕੋਸਣ ਲੱਗੀਆਂ। ਰੋਣ ਦੀ ਆਵਾਜ਼ ਸੁਣ ਕੇ ਉਨਾਂ ਦੀ ਦਾਦੀ ਵੀ ਉਨਾਂ ਕੋਲ ਆ ਗਈ। ਉਨਾਂ ਨੂੰ ਚੁੱਪ ਕਰਵਾਉਣ ਲੱਗੀ।

"ਧੀਏ! ਮੈਂ ਤਾਂ ਮੇਰੇ ਪਾਪੇ ਨੂੰ ਇਸ ਕਰਕੇ ਪੜਾਇਆ ਸੀ ਬਈ ਪੜ ਲਿਖ ਕੇ ਮਾਸਟਰ ਬਣ ਕੇ ਲੋਕਾਂ ਨੂੰ ਚੰਗੇ ਰਾਹ ਵਿਖਾਏਗਾ ਪਰ ਇਹ ਤਾਂ ਬਹਿਰੂਪੀਆ ਨਿਕਲਿਆ ਇਹ ਬਾਹਰੋਂ ਕੁਛ ਹੈ ਤੇ ਅੰਦਰੋਂ ਕੁਛ ਹੇ ਰੱਬਾ ਮੇਰੇ ਪੁੱਤ ਨੂੰ ਕੁਝ ਅਕਲ ਬਖਸਸਦਬੁੱਧੀ ਦੇ।" ਅੱਖਾਂ ਵਿਚ ਹੰਝੂ ਭਰ ਕੇ ਦਾਦੀ ਨੇ ਉਨਾਂ ਚਾਰਾਂ ਨੂੰ ਗਲ ਨਾਲ ਲਗਾ ਲਿਆ।

"ਵੇਖ ਪਿੰਕੀ ਦੇ ਪਾਪਾ ਆ ਪੁੱਤਰ ਦੀ ਚਾਹ ਵਿਚ ਤੁਸੀਂ ਦਸ ਵਾਰ ਮੇਰੇ ਢਿੱਡ ਅੰਦਰ ਪਤਾ ਨਹੀਂ ਕਿਹੜੀਆਂ ਕਿਹੜੀਆਂ ਮਸ਼ੀਨਾਂ ਘੁਮਾ ਚੁੱਕੇ ਹੋ.. ਜਦੋਂ ਸਾਡੇ ਭਾਗਾਂ ਵਿਚ ਪੁੱਤਰ ਹੈ ਹੀ ਨਹੀਂ ਤਾਂ ਫਿਰ ਕਿਉਂ ਤੁਸੀਂ ਮੇਰੀ ਜਾਨ ਦੇ ਦੁਸ਼ਮਣ ਬਣੇ ਪਏ ਓ ਕਿਉਂ ਰੱਬ ਨਾਲ ਵੈਰ ਕਮਾਉਣ ਲੱਗੇ ਹੋ ਆਪਣੀਆਂ ਤਿੰਨੇ ਧੀਆਂ ਘੱਟ ਨੇ ਕਿਸੇ ਕੋਲੋਂ। ਇੱਕ ਗੱਲ ਚੰਗੀ ਤਰਾਂ ਸਮਝ ਲਓ.. ਮੈਂ ਹੁਣ ਹੋਰ ਚਾਂਸ ਨਹੀਂ ਲੈਣਾ..। ਵੈਸੇ ਵੀ ਮਿੰਨੀ ਦੇ ਜਨਮ ਵੇਲੇ ਡਾਕਟਰਾਂ ਨੇ ਕਿਹਾ ਸੀ ਕਿ ਇਸ ਤੋਂ ਅੱਗੇ ਚਾਂਸ ਲਿਆ ਤਾਂ ਮੇਰੀ ਜਾਨ ਨੂੰ ਖ਼ਤਰਾ ਹੋ ਸਕਦੈ।" ਬਿੰਦਰ, ਸੁਖ ਰਾਮ ਨੂੰ ਸਮਝਾਉਣ ਦੀ ਕੋਸ਼ਿਸ਼ ਕਰਦੀ ਪਰ ਉਹ ਇਕ ਨਹੀਂ ਸੀ ਸੁਣਦਾ। ਉਸ ਉੱਤੇ ਤਾਂ ਵਾਰਸ ਪੈਦਾ ਕਰਨ ਦੀ ਧੁਨ ਸਵਾਰ ਰਹਿੰਦੀ।

"ਉਹ ਭਿੰਦੇ ਦੀ ਵਹੁਟੀ ਦੇਖ ਲੈ ਉਹਨੇ ਅੱਠਾਂ ਸਾਲਾਂ ਵਿਚ ਦੁੱਧ ਦੀ ਫੁਟ ਵਰਗੇ ਚਾਰ ਪੁੱਤ ਜੰਮੇ ਈ ਤੇ ਤੂੰ ਕੁੜੀਆਂ ਦੇ ਢੇਰ ਲਾ ਦਿੱਤੇ ਈ ਬਿੰਦਰ! ਤੂੰ ਬਸ ਇਕ ਮੁੰਡਾ ਜੰਮ ਦੇ ਇਕ ਵਾਰਸ ਪੈਦਾ ਕਰਦੇ ਭਾਵੇਂ ਗੂੰਗਾ ਬੋਲਾ ਹੀ ਕਿਉਂ ਨਾ ਹੋਵੇ ਮੈਂ ਤੇਰਾ ਅਹਿਸਾਨ ਸਾਰੀ ਉਮਰ ਨਹੀਂ ਭੁੱਲਾਂਗਾ।" ਕਦੇ -ਕਦੇ ਮਾਸਟਰ ਉਸ ਦੇ ਤਰਲੇ ਕਰਦਾ। ਉਹ ਵਿਚਾਰੀ ਚੁੱਪ ਕਰਕੇ ਸੁਣਦੀ ਰਹਿੰਦੀ।

ਕੁੜੀਆਂ ਆਪਣੇ ਪਿਤਾ ਦੀਆਂ ਜ਼ਿਆਦਤੀਆਂ ਤੋਂ ਬਹੁਤ ਤੰਗ ਆ ਗਈਆਂ ਸਨ। ਇਕ ਵਾਰ ਬਬਲੀ ਆਪਣੇ ਪਾਪੇ ਸਾਹਮਣੇ ਬੋਲ ਪਈ। ਗੁੱਸੇ ਵਿਚ ਆ ਕੇ ਸੁਖ ਰਾਮ ਨੇ ਉਸ ਦੇ ਇੰਨੀ ਜ਼ੋਰ ਦਾ ਥੱਪੜ ਮਾਰਿਆ ਕਿ ਉਸ ਦੇ ਕੰਨ ਦਾ ਪਰਦਾ ਹੀ ਫਟ ਗਿਆ। ਉਸ ਘਟਨਾ ਤੋਂ ਬਾਅਦ ਆਪਣੇ ਪਾਪਾ ਦੀ ਆਵਾਜ਼ ਸੁਣਦੇ ਹੀ ਉਹ ਤਿੰਨੇ ਗੁੰਮਸੁੰਮ ਜਿਹੀਆਂ ਹੋ ਜਾਂਦੀਆਂ।

ਆਬੌਰਸ਼ਨ, ਅਲਟਰਾ ਸਾਊਂਡ, ਦਵਾਈਆਂ ਤੇ ਹੋਰ ਟੈਸਟਾਂ ਕਰਕੇ ਬਿੰਦਰ ਨੂੰ ਕਈ ਤਰਾਂ ਦੀਆਂ ਬਿਮਾਰੀਆਂ ਲੱਗ ਗਈਆਂ ਸਨ। ਉਹ ਸੁੱਕ ਕੇ ਤੀਲਾ ਹੋ ਗਈ ਸੀ।

ਵਿਆਹ ਤੋਂ ਵੀਹਵੇਂ ਸਾਲ ਬਾਅਦ ਬਿੰਦਰ ਦੇ ਪੈਰ ਫਿਰ ਭਾਰੀ ਹੋ ਗਏ। ਹਰ ਵਾਰ ਦੀ ਤਰਾਂ ਸੁੱਖ ਰਾਮ ਝੱਟ ਹੀ ਬਿੰਦਰ ਨੂੰ ਸ਼ਹਿਰ ਡਾਕਟਰ ਕੋਲ ਲੈ ਗਿਆ। ਰੱਬ ਨੂੰ ਸ਼ਾਇਦ ਬਿੰਦਰ 'ਤੇ ਤਰਸ ਆ ਗਿਆ ਸੀ। ਡਾਕਟਰ ਨੇ ਅਲਟਰਾ ਸਾਊਂਡ ਨਾਲ ਉਨਾਂ ਨੂੰ ਦੱਸ ਦਿੱਤਾ ਕਿ ਹੋਣ ਵਾਲਾ ਬੱਚਾ ਮੁੰਡਾ ਹੈ। ਇਹ ਪਤਾ ਲੱਗਦੇ ਸਾਰ ਹੀ ਸੁਖ ਰਾਮ ਦੀਆਂ ਵਾਛਾਂ ਖਿੜ ਗਈਆਂ। ਹੱਡੀਆਂ ਦਾ ਪਿੰਜਰ ਬਣ ਚੁੱਕੀ ਬਿੰਦਰ ਨੇ ਵੀ ਜਬਰੀਂ ਮੁਸਕਰਾਉਣ ਦੀ ਕੋਸ਼ਿਸ਼ ਕੀਤੀ। ਡਾਕਟਰ ਨੇ ਸੁਖ ਰਾਮ ਨੂੰ ਸਮਝਾਇਆ ਕਿ ਜੱਚਾ ਦੀ ਸਿਹਤ ਕਮਜ਼ੋਰ ਹੋਣ ਕਰਕੇ ਬੱਚਾ ਪੈਦਾ ਕਰਨ ਵਿੱਚ ਮੁਸ਼ਕਲਾਂ ਆ ਸਕਦੀਆਂ ਹਨ। ਉਸ ਨੇ ਬੱਚੇ ਨੂੰ ਗਿਰਾ ਦੇਣ ਦੀ ਸਲਾਹ ਦਿੱਤੀ ਪਰ ਉਹ ਆਪਣੀ ਜ਼ਿੱਦ 'ਤੇ ਅੜਿਆ ਰਿਹਾ। ਉਸ ਨੂੰ ਤਾਂ ਬੜੀ ਮੁਸ਼ਕਲ ਨਾਲ ਆਪਣੇ ਵਾਰਸ ਦੇ ਆ ਜਾਣ ਦੀ ਖੁਸ਼ੀ ਪ੍ਰਾਪਤ ਹੋਈ ਸੀ।

ਜਦੋਂ ਇਹ ਪਤਾ ਕੁੜੀਆਂ ਨੂੰ ਲੱਗਿਆ ਤਾਂ ਪਿੰਕੀ ਨੇ ਪਾਪਾ ਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ। ਮੰਮੀ ਦੀ ਜਾਨ ਦਾ ਵਾਸਤਾ ਦਿੱਤਾ ਪਰ ਸੁਖ ਰਾਮ ਨੇ ਇਕ ਨਾ ਸੁਣੀ। ਉਸ ਨੇ ਦਬਕੇ ਮਾਰ ਕੇ ਪਿੰਕੀ ਨੂੰ ਚੁੱਪ ਕਰਵਾ ਦਿੱਤਾ।

"ਧੀਓ! ਸਬਰ ਕਰ ਲਉ.. ਹੋ ਸਕਦੈ ਵਾਰਸ ਆਉਣ 'ਤੇ ਹੀ ਤੁਹਾਡਾ ਬਾਪ ਸੁਧਰ ਜਾਏ..।।।" ਕਹਿੰਦੀ ਹੋਈ ਬਿੰਦਰ ਨੇ ਰੋਂਦੀ ਹੋਈ ਪਿੰਕੀ ਨੂੰ ਗਲ ਨਾਲ ਲਗਾ ਲਿਆ।

ਉਸੇ ਦਿਨ ਤੋਂ ਸੁਖ ਰਾਮ ਦੇ ਘਰ ਰੋਜ਼ ਪਾਰਟੀਆਂ ਹੋਣ ਲੱਗੀਆਂ। ਮਹਿਫ਼ਲਾਂ ਸਜਣ ਲੱਗੀਆਂ। ਲੋਕੀ ਆਉਂਦੇ ਤੇ ਉਸ ਨੂੰ ਵਧਾਈਆਂ ਦਿੰਦੇ। ਖਾਂਦੇ ਤੇ ਆਪਣੇ ਰਾਹ ਪੈਂਦੇ। ਉਹ ਮੁੰਡਾ ਹੋਣ ਬਾਰੇ ਸਾਰਿਆਂ ਨੂੰ ਬੜਾ ਸੀਨਾ ਫੁਲਾ-ਫੁਲਾ ਕੇ ਦੱਸਦਾ।

"ਰੱਬਾ! ਅਸੀਂ ਕਿਹੜੇ ਤੇਰੇ ਮਾਂਹ ਪੁੱਟੇ ਸੀ ਜੋ ਹੁਣ ਬੁੱਢੇ ਵਾਰੇ ਬਹੁੜਿਆਂ.। ਕੀ ਸੀ ਜੇ ਪਿੰਕੀ, ਬਬਲੀ ਤੇ ਮਿੰਨੀ ਵੀ ਮੁੰਡੇ ਹੁੰਦੇ ਅੱਜ ਕੱਲ ਅਸੀਂ ਚਾਰੇ ਪਿਉ ਪੁੱਤਰਾਂ ਨੇ ਰੋਜ਼ ਹੀ ਇਕ ਬੰਦਾ ਵੱਢ ਦਿਆ ਕਰਨਾ ਸੀ.. ਪਰ ਤੂੰ ਮੇਰੇ ਘਰ ਆਹ ਚੁੜੇਲਾਂ ਭੇਜ ਦਿੱਤੀਆਂ।" ਸੁਖ ਰਾਮ ਆਪਣੀਆਂ ਧੀਆਂ ਨੂੰ ਕੋਸਦਾ ਰਹਿੰਦਾ। ਧੀਆਂ ਤੇ ਮਾਂ ਚੁੱਪਚਾਪ ਸਾਰਾ ਕੁਝ ਸਹਿੰਦੀਆਂ ਰਹਿੰਦੀਆਂ। ਦਾਦੀ ਵੀ ਇਸ ਗੱਲੋਂ ਖੁਸ਼ ਸੀ ਕਿ ਚਲੋ ਪੁੱਤਰ ਹੋ ਜਾਣ ਤੋਂ ਬਾਅਦ ਬਿੰਦਰ ਤੇ ਉਸ ਦੀਆਂ ਪੋਤੀਆਂ ਵੀ ਸੁਖ ਰਾਮ ਦੇ ਕਹਿਰ ਤੋਂ ਬਚ ਜਾਣਗੀਆਂ।

ਡਾਕਟਰ ਦੇ ਦੱਸਣ ਅਨੁਸਾਰ ਜਿਸ ਦਿਨ ਪੁੱਤ ਹੋਣਾ ਸੀ ਉਸ ਤੋਂ ਹਫਤਾ ਪਹਿਲਾਂ ਹੀ ਮਾਸਟਰ ਦੇ ਘਰ ਵਿਆਹ ਵਾਲਾ ਮਾਹੌਲ ਬਣ ਗਿਆ। ਬਿੰਦਰ ਨੂੰ ਸ਼ਹਿਰ ਹਸਪਤਾਲ ਦਾਖਲ ਕਰਵਾ ਦਿੱਤਾ ਗਿਆ। ਇਕ ਦਿਨ ਬਿੰਦਰ ਦੇ ਤਕਲੀਫ ਹੱਦ ਨਾਲੋਂ ਵੱਧ ਗਈ। ਬੱਚੇ ਦਾ ਜਨਮ ਕੁਦਰਤੀ ਨਹੀਂ ਹੋ ਪਾ ਰਿਹਾ ਸੀ। ਇਹ ਸ਼ਾਇਦ ਬਿੰਦਰ ਦੀ ਕਮਜ਼ੋਰ ਸਿਹਤ ਕਰਕੇ ਸੀ। ਡਾਕਟਰ ਨੇ ਅਪਾਤਕਾਲ ਵਿਚ ਵੱਡਾ ਆਪਰੇਸ਼ਨ ਕਰਨ ਬਾਰੇ ਕਿਹਾ। ਹਾਲਾਤ ਇੰਜ ਦੇ ਬਣ ਗਏ ਕਿ ਜੱਚਾ ਤੇ ਬੱਚਾ ਵਿੱਚੋਂ ਕਿਸੇ ਇਕ ਨੂੰ ਹੀ ਬਚਾਇਆ ਜਾ ਸਕਦਾ ਸੀ। ਡਾਕਟਰਾਂ ਨੇ ਆਪਣੇ ਵੱਲੋਂ ਪੂਰੀ ਕੋਸ਼ਿਸ਼ ਕੀਤੀ ਕਿ ਜੱਚਾ ਤੇ ਬੱਚਾ ਦੋਨੋਂ ਬਚਾਏ ਜਾਣ ਪਰ ਉਹ ਬਿੰਦਰ ਨੂੰ ਨਹੀਂ ਬਚਾ ਸਕੇ। ਅਲਟਰਾ ਸਾਊਂਡ, ਦਵਾਈਆਂ ਤੇ ਹੋਰਨਾਂ ਟੈਸਟਾਂ ਦੇ ਅਸਰ ਕਰਕੇ ਬੱਚਾ ਅਪਾਹਜ ਪੈਦਾ ਹੋਇਆ। ਬਿੰਦਰ ਵੀ ਨਾ ਰਹੀ ਤੇ ਵਾਰਸ ਵੀ ਅਧੂਰਾ ਪੈਦਾ ਹੋਇਆ। ਸੁਖ ਰਾਮ ਬਿਟਰ-ਬਿਟਰ ਦੋਨਾਂ ਨੂੰ ਦੇਖ ਰਿਹਾ ਸੀ। ਗ਼ਮ ਵਿਚ ਪਾਗਲ ਹੋ ਗਿਆ ਜਾਪਦਾ ਸੀ।

ਐਂਬੂਲੈਂਸ ਕਰਕੇ ਸੁਖ ਰਾਮ ਜਦੋਂ ਸ਼ਾਮ ਨੂੰ ਘਰ ਪਹੁੰਚਿਆ ਤਾਂ ਆਪਣੀ ਕੋਠੀ ਵਿੱਚ ਪਏ ਰੋਣ ਸਿਆਪਿਆਂ ਨੂੰ ਦੇਖ ਕੇ ਸੁੰਨ ਹੋ ਗਿਆ। ਪਿੰਡ ਦੇ ਸਰਪੰਚ ਨੇ ਸੁਖ ਰਾਮ ਨੂੰ ਇਕ ਰੁੱਕਾ ਦਿੱਤਾ ਜਿਹੜਾ ਕੁੜੀਆਂ ਨੇ ਜ਼ਹਿਰ ਖਾਣ ਤੋਂ ਪਹਿਲਾਂ ਉਸ ਲਈ ਲਿਖਿਆ ਸੀ। ਸੁਖ ਰਾਮ ਨੇ ਰੁੱਕਾ ਪੜਿਆ, "ਪਾਪਾ! ਅਸੀਂ ਹਮੇਸ਼ਾ ਤੇਰੇ ਪਿਆਰ ਨੂੰ ਤਰਸਦੀਆਂ ਰਹੀਆਂ ਤੇਰੇ ਹੱਥਾਂ ਦੀ ਨਿੱਘੀ ਛੋਹ ਦੀਆਂ ਪਿਆਸੀਆਂ ਰਹੀਆਂ ਪਰ ਤੂੰ ਸਾਨੂੰ ਸਦਾ ਨਫਰਤ ਕੀਤੀ ਕਦੇ ਸਾਡੇ ਨਾਲ ਲਾਡ ਨਾ ਲਡਾਏ ਕਦੇ ਨਹੀਂ ਪੁੱਛਿਆ ਕਿ ਧੀਓ ਤੁਹਾਨੂੰ ਕੀ ਚਾਹੀਦੈ ਪਤਝੜ ਦੀ ਰੁੱਤ ਵਾਂਗਰ ਤੁਸੀਂ ਹਮੇਸ਼ਾ ਉਦਾਸ ਕਿਉਂ ਰਹਿੰਦੀਆਂ ਓ. ਪਾਪਾ! ਤੈਨੂੰ ਤਾਂ ਵਾਰਸ ਦੀ ਲੋੜ ਸੀ ਪੁੱਤ ਦੀ ਲੋੜ ਸੀ ਸਾਨੂੰ ਤਾਂ ਤੂੰ ਹਮੇਸ਼ਾ ਪਰਾਇਆ ਧੰਨ ਸਮਝਿਆ ਦੁਤਕਾਰਿਆ ਫਿਟਕਾਰਿਆ ਪਾਪਾ! ਹੁਣ ਤੈਨੂੰ ਪੁੱਤ ਮਿਲ ਗਿਐ ਵਾਰਸ ਮਿਲ ਗਿਐ ਵੈਸੇ ਤਾਂ ਪਹਿਲਾਂ ਵੀ ਇਸ ਘਰ ਵਿੱਚ ਸਾਡੀ ਲੋੜ ਨਹੀਂ ਸੀ ਪਰ ਹੁਣ ਤਾਂ ਸ਼ਾਇਦ ਉੱਕੀ ਹੀ ਨਾ ਰਹੇ ਸੋ ਪਾਪਾ ਜੀ! ਅਸੀਂ ਤੇਰੀ ਇਸ ਦੁਨੀਆਂ ਤੋਂ ਦੂਰ ਜਾ ਰਹੀਆਂ, ਬਹੁਤ ਦੂਰ ਰੱਬ ਅੱਗੇ ਅਰਦਾਸ ਕਰਾਂਗੀਆਂ ਕਿ ਸਾਡਾ ਪਾਪਾ ਹਮੇਸ਼ਾ ਖੁਸ਼ ਰਹੇ ਚੰਗਾ ਪਾਪਾ! ਤੈਨੂੰ ਤੇਰਾ ਵਾਰਸ ਮੁਬਾਰਿਕ! ਤੇਰੀਆਂ ਧੀਆਂ।" ਰੁੱਕਾ ਪੜਨ ਤੋਂ ਬਾਅਦ ਸੁਖ ਰਾਮ ਦਾ ਚਿਹਰਾ ਪੱਥਰ ਵਾਂਗ ਸਖ਼ਤ ਹੋ ਗਿਆ। ਉਹ ਬੌਂਦਲਿਆ ਜਿਹਾ ਇਧਰ ਉਧਰ ਦੇਖ ਰਿਹਾ ਸੀ। ਇਕ ਹੋਰ ਪਹਾੜ ਸੁਖ ਰਾਮ 'ਤੇ ਟੁੱਟਣਾ ਬਾਕੀ ਸੀ। ਦੇਖਦਿਆਂ ਹੀ ਦੇਖਦਿਆਂ ਪੋਤੀਆਂ ਤੇ ਆਪਣੀ ਨੂੰਹ ਦੀ ਮੌਤ ਦਾ ਦੁੱਖ ਨਾ ਸਹਿੰਦੇ ਹੋਏ ਉਸ ਦੀ ਮਾਂ ਦੇ ਪ੍ਰਾਣ ਪੰਖੇਰੂ ਵੀ ਉੱਡ ਗਏ। ਘਰ ਵਿੱਚ ਪੰਜ ਲਾਸ਼ਾਂ ਪਈਆਂ ਸਨ। ਸੁਖ ਰਾਮ ਆਪ ਵੀ ਇੱਕ ਜਿਉਂਦੀ ਲਾਸ਼ ਬਣ ਚੁੱਕਾ ਸੀ।

## ਸਾਹ ਦੀ ਕੀਮਤ

**- ਵਿਜੈ ਗਰਗ**

ਇਟਲੀ ਵਿੱਚ, ਇੱਕ 93 ਸਾਲਾ ਵਿਅਕਤੀ ਕੋਰੋਨਾ ਸੰਕਰਮਣ ਦੇ ਇਲਾਜ਼ ਤੋਂ ਠੀਕ ਹੋ ਗਿਆ ਅਤੇ ਜਦੋਂ ਉਸਨੂੰ ਹਸਪਤਾਲ ਤੋਂ ਛੁੱਟੀ ਦਿੱਤੀ ਗਈ ਤਾਂ ਹਸਪਤਾਲ ਦੇ ਸਟਾਫ ਨੇ ਉਸਨੂੰ ਇੱਕ ਦਿਨ ਲਈ ਵੈਂਟੀਲੇਟਰ ਦੀ ਵਰਤੋਂ ਲਈ 500 ਯੂਰੋ ਦਾ ਬਿੱਲ ਉਸਦੇ ਹੱਥ ਵਿੱਚ ਦੇ ਦਿੱਤਾ, ਜੋ ਕਿਸੇ ਕਾਰਨ ਕਰਕੇ ਉਹ ਬਿੱਲ ਭਰ ਨਾ ਸਕਿਆ।

ਉਸ ਬਿੱਲ ਨੂੰ ਦੇਖ ਕੇ ਬੁੱਢਾ ਵਿਅਕਤੀ ਰੋਣ ਲੱਗਾ। ਉਸਨੂੰ ਵੇਖ ਕੇ, ਡਾਕਟਰ ਨੇ ਬੁੱਢੇ ਆਦਮੀ ਨੂੰ ਕਿਹਾ, ਤੁਸੀਂ ਰੋਵੋ ਨਹੀਂ, ਜੇ ਤੁਸੀਂ ਇਹ ਬਿੱਲ ਨਹੀਂ ਭਰ ਸਕਦੇ, ਤਾਂ ਕਿੰਜ ਗੱਲ ਨਹੀਂ।

ਫਿਰ ਬੁੱਢੇ ਆਦਮੀ ਨੇ ਇਕ ਗੱਲ ਕਹੀ ਅਤੇ ਸਾਰਾ ਸਟਾਫ ਰੋਣ ਲੱਗਾ, ਉਸਨੇ ਕਿਹਾ ਕਿ ਮੈਂ ਬਿੱਲ ਦੀ ਰਕਮ ਬਾਰੇ ਨਹੀਂ ਰੋ ਰਿਹਾ ਅਤੇ ਨਾ ਹੀ ਮੈਂ ਇਸ ਦਾ ਭੁਗਤਾਨ ਕਰਨ ਦੇ ਅਯੋਗ ਹਾਂ।ਮੈਂ ਇਸ ਬਿੱਲ ਨੂੰ ਭਰ ਸਕਦਾ ਹਾਂ। ਮੈਂ ਰੋ ਰਿਹਾ ਹਾਂ, ਕਿਉਂਕਿ ਮੈਂ 93 ਸਾਲਾਂ ਤੋਂ ਸਾਹ ਲੈ ਰਿਹਾ ਹਾਂ, ਪਰ ਮੈਂ ਇਸ ਲਈ ਕਦੇ ਭੁਗਤਾਨ ਨਹੀਂ ਕੀਤਾ. ਜੇ ਇਕ ਦਿਨ ਦੇ ਸਾਹ ਲੈਣ ਵਿਚ 500 ਯੂਰੋ ਖਰਚ ਹੁੰਦੇ ਹਨ, ਤਾਂ ਤੁਸੀਂ ਜਾਣਦੇ ਹੋ ਕਿ ਮੈਨੂੰ ਰੱਬ ਨੂੰ ਕਿੰਨਾ ਭੁਗਤਾਨ ਕਰਨਾ ਪਵੇਗਾ ? ਮੈਂ ਇਸ ਲਈ ਕਦੇ ਰੱਬ ਦਾ ਧੰਨਵਾਦ ਨਹੀਂ ਕੀਤਾ।

ਪਰਮਾਤਮਾ ਦਾ ਸਿਰਜਿਆ ਸੰਸਾਰ, ਇਹ ਸਰੀਰ ਅਨਮੋਲ ਖਜ਼ਾਨਾ ਹੈ, ਜਿਸਦਾ ਖਮਿਆਜ਼ਾ ਅਸੀਂ ਉਸ ਦਾ ਧੰਨਵਾਦ ਕਰਕੇ, ਉਸਤਤ ਕਰਨ, ਅਰਦਾਸ ਕਰਨ ਅਤੇ ਉਸ ਦੀ ਪੂਜਾ ਕਰਨ ਦੁਆਰਾ ਕਰ ਸਕਦੇ ਹਾਂ।

# ਜੱਸਾ ਸਿੰਘ ਰਾਮਗੜ੍ਹੀਆ ਸਬੰਧੀ ਵਿਚਾਰ ਚਰਚਾ ਨੇ ਸਿੱਖ ਚਿੰਤਕਾਂ ਦਾ ਧਿਆਨ ਖਿੱਚਿਆ

**- ਹਰਦਮ ਮਾਨ**

ਸਿੱਖ ਕੌਮ ਦੇ ਮਹਾਨ ਜਰਨੈਲ ਸ. ਜੱਸਾ ਸਿੰਘ ਰਾਮਗੜ੍ਹੀਆ ਦੇ 297 ਵੇਂ ਜਨਮ ਦਿਨ ‘ਤੇ ਚੜ੍ਹਦੀ ਕਲਾ ਟਾਈਮ ਟੀਵੀ ਵੱਲੋਂ ਕਰਵਾਈ ਗਈ ਵਿਸ਼ੇਸ਼ ਵਿਚਾਰ ਚਰਚਾ ਨੇ ਦੁਨੀਆਂ ਭਰ ਦੇ ਸਿੱਖ ਚਿੰਤਕਾਂ ਦਾ ਧਿਆਨ ਖਿੱਚਿਆ ਹੈ। ਇਸ ਚਰਚਾ ਵਿਚ ਸ਼ਾਮਲ ਹੋਏ ਪ੍ਰਸਿੱਧ ਸਿੱਖ ਵਿਦਵਾਨ ਅਤੇ ਪੰਜਾਬੀ ਦੇ ਮਹਾਨ ਲੇਖਕ ਸ. ਜੈਤੇਗ ਸਿੰਘ ਅਨੰਤ, ਗੁਰਦੁਆਰਾ ਬਰੁੱਕਸਾਈਡ, ਸਰੀ ਦੇ ਪ੍ਰਧਾਨ ਸ. ਸੁਰਿੰਦਰ ਸਿੰਘ ਜੱਬਲ, ਸਕੱਤਰ ਚਰਨਜੀਤ ਸਿੰਘ ਮਰਵਾਹਾ, ਬਲਬੀਰ ਸਿੰਘ ਚਾਨਾ, ਪ੍ਰਧਾਨ ਗੁਰਦੁਆਰਾ ਕਲਗੀਧਰ, ਐਡਮਿੰਟਨ ਅਤੇ ਬੰਤਾ ਸਿੰਘ ਸੱਭਰਵਾਲ ਨੇ ਜਿੱਥੇ ਉਸ ਸੂਰਬੀਰ ਯੋਧੇ ਅਤੇ ਸਿੱਖਾਂ ਦੀ ਸਿਰਮੌਰ ਹਸਤੀ ਦੇ ਜੀਵਨ, ਸਿੱਖ ਇਤਿਹਾਸ ਵਿਚ ਉਨਾਂ ਦੁਆਰਾ ਪਾਏ ਗੌਰਵਮਈ ਯੋਗਦਾਨ ਅਤੇ ਕੁਰਬਾਨੀਆਂ ਨੂੰ ਯਾਦ ਕੀਤਾ ਉੱਥੇ ਇਸ ਵਿਚਾਰ ਚਰਚਾ ਦਾ ਸਭ ਤੋਂ ਅਹਿਮ ਤੇ ਮਹੱਤਵਪੂਰਨ ਪਹਿਲੂ ਇਹ ਰਿਹਾ ਕਿ ਇਸ ਵਿਚ ਸ. ਜੈਤੇਗ ਸਿੰਘ ਅਨੰਤ ਵੱਲੋਂ ਵੱਡੇ ਅਤੇ ਅਹਿਮ ਮੁੱਦੇ ਉਠਾਏ ਗਏ ਜੋ ਸਮੁੱਚੀ ਸਿੱਖ ਕੌਮ, ਸਿੱਖ ਵਿਦਵਾਨਾਂ, ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਪੰਜਾਬ ਸਰਕਾਰ ਅਤੇ ਭਾਰਤ ਦੀ ਕੇਂਦਰ ਸਰਕਾਰਦਾ ਧਿਆਨ ਮੰਗਦੇ ਹਨ।

ਸ. ਅਨੰਤ ਨੇ ਗ਼ਿਲਾ ਪ੍ਰਗਟ ਕੀਤਾ ਕਿ ਸਿੱਖਾਂ ਦੀ ਸਿਰਮੌਰ ਹਸਤੀ ਸ. ਜੱਸਾ ਸਿੰਘ ਰਾਮਗੜ੍ਹੀਆ ਦਾ ਪੰਜਾਬ ਵਿਚ ਕੋਈ ਵੀ ਕੌਮੀ ਪੱਧਰੀ ਯਾਦਗਾਰੀ ਸਮਾਰਕ, ਅਜਾਇਬ ਘਰ, ਯੂਨੀਵਰਸਿਟੀ ਜਾਂ ਯੂਨੀਵਰਸਿਟੀ ਵਿਚ ਚੇਅਰ ਸਥਾਪਿਤ ਨਹੀਂ ਹੈ। ਉਨਾਂ ਕਿਹਾ ਕਿ ਸਿੱਖਾਂ ਨੇ ਗੌਰਵਮਈ ਇਤਿਹਾਸ ਸਿਰਜਿਆ ਹੈ ਪਰ ਅਫਸੋਸ ਹੈ ਕਿ ਇਸ ਮਾਣਮੱਤੇ ਇਤਿਹਾਸ ਨੂੰ ਸੰਭਾਲਣ ਅਤੇ ਇਸ ਦਾ ਪ੍ਰਚਾਰ-ਪਾਸਾਰ ਕਰਨ ਦੀ ਆਪਣੀ ਜ਼ਿੰਮੇਵਾਰੀ ਨੂੰ ਸਿੱਖ ਪੂਰੀ ਤਰਾਂ ਨਿਭਾਅ ਨਹੀਂ ਸਕੇ। ਉਨਾਂ ਕਈ ਸਿੱਖ ਹਸਤੀਆਂ ਦਾ ਜ਼ਿਕਰ ਕੀਤਾ ਜਿਨਾਂ ਭਾਰਤ ਅਤੇ ਭਾਰਤ ਤੋਂ ਬਾਹਰ ਅਮਰੀਕਾ, ਕੀਨੀਆ, ਇੰਗਲੈਂਡ ਆਦਿ ਦੇਸ਼ਾਂ ਵਿਚ ਸਿੱਖਾਂ ਦਾ ਮਾਣ ਸਤਿਕਾਰ ਵਧਾਇਆ ਪਰ ਸ਼ਰੋਮਣੀ ਕਮੇਟੀ ਦੇ ਸਿੱਖ ਅਜਾਇਬ ਘਰ ਵਿਚ ਇਨਾਂ ਮਹਾਨ ਸ਼ਖ਼ਸੀਅਤਾਂ ਦੀਆਂ ਤਸਵੀਰਾਂ ਵੀ ਸੁਸ਼ੋਭਿਤ ਨਹੀਂ ਕੀਤੀਆਂ ਜਾ ਸਕੀਆਂ। ਸ. ਜੈਤੇਗ ਸਿੰਘ ਅਨੰਤ ਨੇ ਅਹਿਮ ਅਤੇ ਵੱਡਮੁੱਲਾ ਸੁਝਾਅ ਦਿੱਤਾ ਕਿ ਸ. ਜੱਸਾ ਸਿੰਘ ਰਾਮਗੜ੍ਹੀਆ ਦੀ ਸਮੁੱਚੀ ਸ਼ਖ਼ਸੀਅਤ, ਪ੍ਰਾਪਤੀਆਂ ਅਤੇ ਕੁਰਬਾਨੀਆਂ ਬਾਰੇ ਇਤਿਹਾਸਕ ਜਾਣਕਾਰੀ ਨੂੰ ਵਿਸ਼ਾਲ ਪੱਧਰ ਤੇ ਲੋਕਾਂ ਤੀਕ ਅਤੇ ਅਗਲੀਆਂ ਪੀੜੀਆਂ ਤੀਕ ਪਹੁੰਚਾਉਣ ਲਈ ਪੰਜਾਬ ਦੇ ਸਕੂਲਾਂ, ਕਾਲਜਾਂ ਅਤੇ ਯੂਨੀਵਰਸਿਟੀ ਦੇ ਸਿਲੇਬਸਾਂ ਵਿਚ ਉਨਾਂ ਦੀ ਜੀਵਨੀ ਸ਼ਾਮਲ ਕੀਤੀ ਜਾਵੇ, ਸਿੱਖ ਸੰਸਥਾਵਾਂ ਅਤੇ ਰਾਮਗੜ੍ਹੀਆ ਭਾਈਚਾਰਾ ਸ. ਜੱਸਾ ਸਿੰਘ ਰਾਮਗੜ੍ਹੀਆ ਉਪਰ ਖੋਜ ਕਾਰਜ (ਪੀ.ਐਚ.ਡੀ.) ਕਰਨ ਵਾਸਤੇ ਵਿਦਿਆਰਥੀਆਂ ਨੂੰ ਪ੍ਰੇਰਿਤ ਕਰਨ ਲਈ ਵਜ਼ੀਫੇ ਸ਼ੁਰੂ ਕਰਨ, ਕਾਲਜਾਂ, ਯੂਨੀਵਰਸਿਟੀਆਂ ਵਿਚ ਉਨਾਂ ਉਪਰ ਗੋਸ਼ਟੀਆਂ, ਸੈਮੀਨਾਰ ਕਰਵਾਏ ਜਾਣ।

ਇਸ ਵਿਚਾਰ ਚਰਚਾ ਉਪਰ ਕਈ ਸਿੱਖ ਵਿਦਵਾਨਾਂ ਨੇ ਆਪਣੀ ਪ੍ਰਤੀਕਿਰਿਆ ਪ੍ਰਗਟ ਕੀਤੀ ਹੈ ਜਿਨਾਂ ਨੂੰ ਸੰਖੇਪ ਰੂਪ ਵਿਚ ਪੇਸ਼ ਕਰ ਰਹੇ ਹਾਂ-

ਨਾਮਵਰ ਸਿੱਖ ਵਿਦਵਾਨ ਪ੍ਰੋ. ਬਲਕਾਰ ਸਿੰਘ, ਪਟਿਆਲਾ ਲਿਖਦੇ ਹਨ “ਵਿਚਾਰ ਚਰਚਾ ਲਈ ਪੰਜੇ ਸ਼ਖ਼ਸੀਅਤਾਂ ਵਧਾਈ ਦੀਆਂ ਪਾਤਰ ਹਨ। ਸਿੱਖ ਸਿਆਸਤ ਦੇ ਪੈਰੋਂ ਸਿੱਖ ਭਾਈਚਾਰੇ ਵਿਚਲੀਆਂ ਘੱਟ ਗਿਣਤੀਆਂ ਨੂੰ ਮੁੱਖ ਧਾਰਾ ਦੇ ਕੇਂਦਰ ਵਿੱਚੋਂ ਧੱਕ ਕੇ ਹਾਸ਼ੀਏ ਤੱਕ ਪਹੁੰਚਾ ਦਿੱਤਾ ਗਿਆ ਹੈ। ਇਸ ਦਾ ਲੇਖਾ ਜੋਖਾ ਅਕਾਦਮਿਕ ਸੁਰ ਸਿੰਘ ਹੁੰਦਾ ਰਹਿਣਾ ਚਾਹੀਦਾ ਹੈ। ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਵਰਗੇ ਵਿਰਾਸਤੀ ਪੁਰਖਿਆਂ ਬਾਰੇ ਜਾਣਕਾਰੀ ਪੰਜਾਬੀ ਅਤੇ ਅੰਗਰੇਜ਼ੀ ਵਿਚ ਤਿਆਰ ਕਰਕੇ ਹਰ ਸਿੱਖ ਤੱਕ ਪਹੁੰਚਾਈ ਜਾਣੀ ਚਾਹੀਦੀ ਹੈ।“

ਸ. ਉਜਾਗਰ ਸਿੰਘ (ਸਾਬਕਾ ਲੋਕ ਸੰਪਰਕ ਅਫਸਰ, ਪਟਿਆਲਾ) ਨੇ ਲਿਖਿਆ ਹੈ, “ਸਿੱਖ ਪੰਥ ਦੇ ਵਿਦਵਾਨ ਪੱਤਰਕਾਰ, ਖੋਜੀ ਲਿਖਾਰੀ ਅਤੇ ਸੰਪਾਦਕ ਭਾਈ ਜੈਤੇਗ ਸਿੰਘ ਅਨੰਤਨੇ ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਦੀ ਅਮੀਰ ਵਿਰਾਸਤ ਨੂੰ ਯਾਦਗਾਰੀ ਬਣਾਉਣ ਲਈ ਕਈਸੁਝਾਅ ਦਿੱਤੇ, ਜਿਹੜੇ ਰਾਮਗੜ੍ਹੀਆ ਭਾਈਚਾਰੇ ਦੀ ਨੌਜਵਾਨ ਪਨੀਰੀ ਨੂੰ ਆਪਣੇ ਵਿਰਸੇ ਤੇਪਹਿਰਾ ਦੇਣ ਲਈ ਪ੍ਰੇਰਨਾ ਦੇਣਗੇ। ਉਨਾਂ ਮਹਾਰਾਜਾ ਜੱਸਾ ਸਿੰਘ ਦੀ ਯਾਦ ਵਿਚ ਇਕ ਅਜਾਇਬਘਰ ਸਥਾਪਿਤ ਕਰਨ, ਯੂਨੀਵਰਸਿਟੀ ਬਣਾਉਣ, ਖੋਜ ਦੇ ਕਾਰਜ ਕਰਨ ਲਈ ਉਦਮ ਕੀਤੇ ਜਾਣ ਅਤੇਯੂਨੀਵਰਸਿਟੀਆਂ ਵਿਚ ਜੱਸਾ ਸਿੰਘ ਰਾਮਗੜ੍ਹੀਆ ਚੇਅਰਾਂ ਸਥਾਪਤ ਕੀਤੀਆਂ ਜਾਣ ਦਾ ਸੁਝਅਦਿੱਤਾ।“

ਪਾਕਿਸਤਾਨ ਤੋਂ ਮਹਾਨ ਇਤਿਹਾਸਕਾਰ ਅਤੇ ਲਹੌਰ ਦੇ ਕਾਲਮ ਨਵੀਸ ਜਨਾਬ ਅਖਤਰ ਹੁਸੈਨ ਸੰਧੂ ਲਿਖਦੇ ਹਨ, “ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਗੌਰਵ ਅਤੇ ਬਹਾਦਰੀ ਦਾ ਇੱਕ ਚਿੰਨ ਹਨ। ਉਨਾਂ ਰਾਮਗੜ੍ਹੀਆ ਮਿਸਲ ਦੀ ਸਫਲਤਾਪੂਰਵਕ ਅਗਵਾਈ ਕੀਤੀ ਅਤੇ ਇਕ ਯੋਧੇ ਅਤੇ ਕਮਾਂਡਰ ਦੀ ਹੈਸੀਅਤ ਵਿਚ ਮਹਾਨ ਨਾਮਣਾ ਖੱਟਿਆ। ਉਹ ਪੰਜਾਬ ਦੇ



ਇਤਿਹਾਸ ਦਾ ਚਮਕਦਾਰ ਅਧਿਆਇ ਹੈ ਪਰ ਅਕਾਦਮਿਕ ਪੱਧਰ ਤੇਕੀਤੇ ਜਾ ਰਹੇ ਖੋਜ ਪ੍ਰਾਜੈਕਟਾਂ ਵਿਚ ਉਨਾਂ ਨੂੰ ਨਜਰ ਅੰਦਾਜ ਕਰ ਦਿੱਤਾ ਗਿਆ ਹੈ। ਯੂਨੀਵਰਸਿਟੀਆਂ ਨੂੰ ਉਨਾਂਦੀਆਂ ਸੇਵਾਵਾਂ ਨੂੰ ਮਾਨਤਾ ਦੇਣ ਲਈ ਉਨਾਂ ਦੇ ਨਾਮ ਨਾਲ ਕੁਰਸੀ ਸਥਾਪਤ ਕਰਨੀ ਚਾਹੀਦੀ ਹੈ।”

ਡਾ.ਪਰਮਜੀਤ ਕੌਰ (ਐਸੋਸੀਏਟ ਪ੍ਰੋਫੈਸਰ ਸ੍ਰੀ ਗੁਰੂ ਤੇਗ ਬਹਾਦਰ ਖਾਲਸਾ ਕਾਲਜ, ਅਨੰਦਪੁਰ ਸਾਹਿਬ)ਦੀ ਪ੍ਰਤੀਕਿਰਿਆ ਰਹੀ, “ਪੰਜ ਗੁਰਸਿੱਖ ਵਿਦਵਾਨ ਸਖਸੀਅਤਾਂ ਸ. ਜੈਤੇਗ ਸਿੰਘ ਅਨੰਤ,ਸ. ਸੁਰਿੰਦਰ ਸਿੰਘ ਜੱਬਲ,ਬਲਬੀਰ ਸਿੰਘ ਚਾਨਾ, ਬੰਤਾ ਸਿੰਘਸੱਭਰਵਾਲ ਤੇ ਚਰਨਜੀਤ ਸਿੰਘ ਮਰਵਾਹਾ ਨੇ ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਅਤੇ ਅਜੋਕੇ ਸਮੇਂ ਵਿੱਚ ਉਨਾਂ ਦੁਆਰਾ ਦਿੱਤੇ ਵਿਰਸੇ ਦੀ ਸਾਂਭ ਸੰਭਾਲ ਲਈ ਕੀਤੀ ਗਈ ਚਰਚਾ ਇੱਕ ਸ਼ਲਾਘਾਯੋਗ ਉੱਦਮ ਹੈ। ਵਿਸ਼ੇਸ਼ ਕਰਕੇ ਸ. ਜੈਤੇਗ ਸਿੰਘ ਅਨੰਤ ਦੁਆਰਾ ਛੇੜੀ ਗਈ ਦਲੀਲਾਂ ਭਰਪੂਰ ਚਰਚਾ ਅਕਾਦਮਿਕ ਖੇਤਰ ਵਿੱਚ ਨਵੇਂ ਦਿਸਹੱਦੇ ਉਸਾਰਦੀ ਹੈ। ਸੱਚਮੁੱਚ ਹੀ ਅਜੇ ਤੱਕ ਅਕਾਦਮਿਕ ਖੇਤਰ ਵਿੱਚ ਵੱਡੇ ਪੱਧਰ ਤੇ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਨਾਲ ਸਬੰਧਤ ਖੋਜ ਕਾਰਜਾਂ ਦੀ ਘਾਟ ਅਤੇ ਯੂਨੀਵਰਸਿਟੀਆਂ ਵਿੱਚ ਕਿਸੇ ਵੀ ਚੇਅਰ ਦਾ ਉਨਾਂ ਦੇ ਨਾਂਅ ਤੇ ਸਥਾਪਿਤ ਨਾ ਹੋਣਾ ਇੱਕ ਵੱਡਾ ਅਕਾਦਮਿਕ ਹਲੂਣਾ ਹੈ। ਸ. ਸੁਰਿੰਦਰ ਸਿੰਘ ਜੱਬਲ ਇੱਕ ਸੁਯੋਗ ਪ੍ਰਬੰਧਕ ਅਤੇ ਚਿੰਤਨਸ਼ੀਲ ਸ਼ਖ਼ਸੀਅਤ ਹਨ ਜੋ ਇਸ ਚਰਚਾ ਰਾਹੀਂ ਸਿੱਖ ਮਨਾਂ ਵਿੱਚ ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਤੇ ਉਨਾਂ ਦੀ ਸਿੱਖ ਕੌਮ ਨੂੰ ਦੇਣ ਬਾਰੇ ਚੇਤਨਾ ਪੈਦਾ ਕਰਨ ਦੀ ਦੂਰ ਅੰਦੇਸੀ ਸੋਚ ਸਿੱਖ ਅਕਾਦਮਿਕ ਜਗਤ ਵਿੱਚ ਅਤਿ ਸਲਾਘਾਯੋਗ ਕਦਮ ਹੈ। ਸ. ਮਰਵਾਹਾ, ਸ. ਚਾਨਾ ਅਤੇ ਸ. ਸੱਭਰਵਾਲ ਨੇ ਵੱਖੋ ਵੱਖਰੀ ਜੁਗਤੀ ਨਾਲ ਸਿੱਖ ਮਨਾਂ ਨੂੰ ਗ਼ੈਰਤ, ਅਣਖ ਅਤੇ ਆਪਣੇ ਵਿਰਸੇ ਪ੍ਰਤੀ ਸੰਵੇਦਨਸ਼ੀਲ ਅਤੇ ਜਾਗਰੂਕ ਕਰਨ ਦੀ ਤਾਂਘ ਪ੍ਰਗਟਾਈ ਹੈ।“

ਸ. ਮਲਕੀਤ ਸਿੰਘ ਖਾਲਸਾ (ਐਡੀ: ਹੈੱਡ ਗ੍ਰੰਥੀ ਅਕਾਲ ਤਖਤ ਸਾਹਿਬ ਜੀ ਅੰਮ੍ਰਿਤਸਰ) ਦਾ ਸੁਨੇਹਾ, “ਹਰ ਦਿਲ ਅਜੀਜ ਉਘੇ ਲੇਖਕ ਵਿਦਵਾਨ ਗਿਆਨੀ ਜੈਤੇਗ ਸਿੰਘ ਅਨੰਤ (ਕੈਨੇਡਾ) ਜਿਨਾਂ ਦੇ ਅੰਦਰ ਕੌਮ ਪ੍ਰਤੀ ਦਰਦ ਹੈ, ਉਨਾਂ ਨੇ ਸਿੱਖ ਕੌਮ ਦੀ ਮਹਾਨ ਸਖਸੀਅਤ ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਦੇ ਕੀਤੇ ਕਾਰਜਾਂ ਲਈ ਵਿਸੇਸ ਵੀਡੀਓ ਕਾਨਫਰੰਸਿੰਗ ਜਰੀਏ ਮਹਾਰਾਜਾ ਜੀ ਦੇ 297ਸਾਲਾ ਜਨਮ ਦਿਵਸ ਮੌਕੇ ਉਨਾਂ ਦੇ ਕੀਤੇ ਕਾਰਜਾਂ ਨੂੰ ਕੌਮ ਅੰਦਰ ਜਾਗ੍ਰਿਤੀ ਪੈਦਾ ਕਰਨ ਹਿੱਤ ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਅਜਾਇਬ ਘਰ, ਉਨਾਂ ਦੀ ਜੀਵਨੀ ਤੇ ਪੀ ਐਚ ਡੀਆਂ ਕਰਨ ਦੀ ਪ੍ਰੇਰਨਾ ਦਿੱਤੀ ਅਤੇ ਬਹੁਤ ਸਾਰੇ ਹੋਰ ਕਾਰਜਾਂ ਹਿੱਤ ਸੁਝਾਅ ਦਿੱਤੇ।”

ਪ੍ਰੋ: ਰਸ਼ਮੀ ਸਿੰਘ (ਸਪੁੱਤਰੀ ਨਾਮਵਰ ਪੰਜਾਬੀ ਸ਼ਾਇਰ ਮਰਹੂਮ ਹਰਿਭਜਨ ਸਿੰਘ ਦਿੱਲੀ) ਦੇ ਵਿਚਾਰ ਹਨ, “ਸਿੱਖਾਂ ਦਾ ਗੌਰਵਮਈ ਇਤਿਹਾਸ ਹੈ ਪਰਨਾ ਤੇ ਸਰਕਾਰਾਂ, ਨਾ ਹੀ ਸਿੱਖ ਪੰਥਕਾਂ ਨੇ ਏਸ ਇਤਿਹਾਸ ਨੂੰ ਯੋਗ ਸਨਮਾਨ ਦਿੱਤਾ ਅਤੇ ਨਾ ਹੀ ਇਸ ਦੀ ਸੰਭਾਲ ਕੀਤੀ ।ਸਤਿਕਾਰ ਯੋਗ ਸ: ਅਨੰਤ ਜੀ, ਸ: ਜੱਬਲ ਜੀ, ਸ: ਮਰਵਾਹ ਜੀ, ਸ: ਸੱਭਰਵਾਲ ਜੀ ਤੇ ਸ: ਚਾਨਾ ਜੀ ਨੇ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਜੀ ਦੇ 297 ਵੇਂ ਜਨਮ ਦਿਨ ਨੂੰ ਮਨਾਂਦਿਆਂ,

**ਬਾਕੀ ਸਫ਼ਾ 32 ’ਤੇ**

# ਨਿੱਜੀ ਸਕੂਲਾਂ ਵਿੱਚ ਮਾਂ ਬੋਲੀ ਦੀ ਹਾਲਤ ਅਤੇ ਚੁਣੌਤੀਆਂ

**- ਕਿਰਨਪ੍ਰੀਤ ਸਿੰਘ**

ਮਨੁੱਖ ਦੇ ਮਨ ਨੂੰ ਘੜਣ ਵਿਚ ਮਾਂ ਬੋਲੀ ਦੀ ਅਹਿਮ ਭੂਮਿਕਾ ਹੈ। ਜਨਮ ਤੋਂ ਹੀ ਬੱਚਾ ਆਪਣੀ ਮਾਂ ਨਾਲ ਇਸ਼ਾਰਿਆਂ ਵਿਚ ਗੱਲਾਂ ਕਰਨੀਆਂ ਸ਼ੁਰੂ ਕਰ ਦਿੰਦਾ ਹੈ ਜੋ ਹੌਲੀ- ਹੌਲੀ ਕੋਮਲ ਧੁਨੀਆਂ ਵਿਚ ਬਦਲਣੀਆਂ ਸ਼ੁਰੂ ਹੋ ਜਾਂਦੀਆਂ ਹਨ। ਸਮਾਂ ਪਾਕੇ ਇਹ ਧੁਨੀਆਂ ਭਾਵਾਤਮਕ ਸ਼ਬਦਾਂ ਵਿਚ ਢੱਲਣੀਆ ਸ਼ੁਰੂ ਹੋ ਜਾਂਦੀਆਂ ਹਨ ਅਤੇ ਸ਼ਬਦਾਂ ਤੋਂ ਵਾਕਾਂ ਤੱਕ ਦਾ ਸਫ਼ਰ ਪੂਰਾ ਕਰਦੀਆਂ ਹਨ। ਜਨਮ ਤੋਂ ਹੀ ਬੱਚਾ ਆਪਣੀ ਮਾਂ ਪਾਸੋਂ ਜਿਹੜੀ ਬੋਲੀ ਸਿੱਖਦਾ ਹੈ ਉਹ ਮਾਂ ਬੋਲੀ ਅਖਵਾਉਂਦੀ ਹੈ ਜੋ ਉਸਦੀਆਂ ਸਰੀਰਕ ਤੇ ਮਾਨਸਿਕ ਹਰ ਪ੍ਰਕਾਰ ਦੀਆਂ ਲੋੜਾਂ ਪੂਰੀ ਕਰਦੀ ਹੈ। ਭੈਣ-ਭਰਾਵਾਂ, ਗੁਆਂਢੀਆਂ ਅਤੇ ਸਮਾਜ ਵਿਚ ਰਹਿੰਦਿਆਂ ਉਹ ਆਪਣੀ ਬੋਲੀ ਦਾ ਸ਼ਬਦ ਭੰਡਾਰ , ਸ਼ਬਦਾਂ ਦੇ ਸੰਕਲਪ ਆਦਿ ਇਕੱਠਾ ਕਰਦਾ ਹੈ ਜੋ ਉਸਦੇ ਮਨ ਦੀਆਂ ਗਹਿਰੀਆਂ ਪਰਤਾਂ ਤੱਕ ਸਮਾ ਜਾਂਦੇ ਹਨ। ਮਾਂ ਬੋਲੀ ਹੀ ਇੱਕ ਸੱਭਿਅਕ ਮਨੁੱਖ ਸਿਰਜਣ ਵਿਚ ਅਹਿਮ ਭੂਮਿਕਾ ਨਿਭਾਉਂਦੀ ਹੈ। ਰਸੂਲ ਹਮਜ਼ਾਤੋਵ ਆਪਣੀ ਕਿਤਾਬ ਮੇਰਾ ਦਾਗਿਸਤਾਨ ਵਿਚ ਲਿਖਦਾ ਹੈ ਕਿ “ਜੇਕਰ ਕਿਸੀ ਨੂੰ ਬਦਅਸੀਸ ਦੇਣੀ ਹੋਵੇ ਤਾਂ ਕਹਿ ਦੇਵੋ ਜਾ ਤੈਨੂੰ ਤੇਰੀ ਮਾਂ ਬੋਲੀ ਭੁੱਲ ਜਾਵੇ।“

ਮੁੱਢਲੇ ਰੂਪ ਵਿੱਚ ਬੱਚਾ ਬੋਲੀ ਦਾ ਸਿਰਫ ਮੌਖਿਕ ਰੂਪ ਹੀ ਸਿੱਖਦਾ ਹੈ। ਇਸ ਲਈ ਆਪਣੀ ਬੋਲੀ ਵਿਚ ਮੁਹਾਰਤ ਹਾਸਲ ਕਰਨ ਲਈ ਉਸਨੂੰ ਸਕੂਲ ਵਿਚ ਦਾਖਲਾ ਲੈਣਾ ਪੈਂਦਾ ਹੈ। ਸੁਣਨ, ਸਮਝਣ ਤੇ ਬੋਲਣ ਸਿੱਖਣ ਤੋਂ ਬਾਅਦ ਅਗਲਾ ਹਿੱਸਾ ਲਿਖਣ ਅਤੇ ਪੜਨ ਦਾ ਹੁੰਦਾ ਹੈ ਜਿਸ ਰਾਹੀਂ ਉਸਨੇ ਬੋਲੀ ਦੇ ਵਿਆਕਰਨ,ਸ਼ਬਦ ਜੋੜਾਂ ਵਿਚ ਮੁਹਾਰਤ ਹਾਸਿਲ ਕਰਨੀ ਹੁੰਦੀ ਹੈ। ਇਸ ਤਰਾਂ ਭਾਸ਼ਾ ਅਤੇ ਸਿੱਖਿਆ ਦਾ ਸੰਬੰਧ ਪੈਦਾ ਹੁੰਦਾ ਹੈ। ਕਿਸੇ ਵੀ ਪ੍ਰਕਾਰ ਦੀ ਸਿੱਖਿਆ ਹਾਸਿਲ ਕਰਨ ਲਈ ਭਾਸ਼ਾ ਦਾ ਆਉਣਾ ਬਹੁਤ ਜਰੂਰੀ ਹੈ। ਇਸੀ ਕਰਕੇ ਭਾਸ਼ਾ ਨੂੰ ਗਿਆਨ ਦੀ ਕੁੰਜੀ ਕਿਹਾ ਜਾਂਦਾ ਹੈ। ਡਾ. ਜੋਗਾ ਸਿੰਘ ਅਨੁਸਾਰ “ਇਹ ਸਵੈ ਸਿੱਧ ਹੈ ਕਿ ਬੱਚੇ ਲਈ ਸਿੱਖਿਆ ਦਾ ਸਭਤੋਂ ਵਧੀਆ ਮਾਧਿਅਮ ਉਸਦੀ ਮਾਤ ਭਾਸ਼ਾ ਹੈ। ਮਨੋਵਿਗਿਆਨਕ ਤੌਰ ਤੇ ਇਹ ਸਾਰਥਕੀ ਚਿੰਨਾਂ ਦੀ ਅਜਿਹੀ ਪ੍ਰਣਾਲੀ ਹੈ ਜੋ ਪ੍ਰਗਟਾਓ ਤੇ ਸਮਝ ਲਈ ਉਸਦੇ ਵਿਚ ਸਵੈ-ਚਾਲੀ ਰੂਪ ਵਿਚ ਕੰਮ ਕਰਦੀ ਹੈ। ਸਮਾਜਿਕ ਤੌਰ ਤੇ ਜਿਸ ਜਨ ਸਮੂਹ ਦੇ ਮੈਂਬਰਾਂ ਨਾਲ ਉਸਦਾ ਸੰਬੰਧ ਹੁੰਦਾ ਹੈ,ਮਾਤ ਭਾਸ਼ਾ ਉਸ ਨਾਲ ਇਕਮਿਕ ਹੋਣ ਦਾ ਸਾਧਨ ਹੈ।“ ਭਾਸ਼ਾ ਦਾ ਲਿਖਤੀ ਰੂਪ ਸਿੱਖਣ ਲਈ ਉਸਨੂੰ ਸਕੂਲ ਦਾ ਸਹਾਰਾ ਲੈਣਾ ਪੈਂਦਾ ਹੈ।

ਭਾਸ਼ਾ ਸਿੱਖਣ ਦਾ ਸੁਭਾਵਿਕ ਤੇ ਮਨੋਵਿਗਿਆਨਕ ਕ੍ਰਮ ਹੈ-ਸੁਣਨਾ,ਬੋਲਣਾ, ਪੜਨਾ ਤੇ ਲਿਖਣਾ। ਭਾਸ਼ਾ ਸਿੱਖਣ ਦੇ ਇਹਨਾਂ ਚਾਰਾਂ ਅੰਗਾਂ ਦਾ ਵਿਕਾਸ ਕਰਨਾ ਹੀ ਭਾਸ਼ਾ ਸਿੱਖਿਆ ਦਾ ਮੁੱਖ ਉਦੇਸ਼ ਹੈ। ਬੱਚੇ ਅੰਦਰ ਇਹਨਾਂ ਭਾਸ਼ਾਈ ਕੌਸ਼ਲਾਂ ਨੂੰ ਵਿਕਸਤ ਕਰਕੇ, ਉਸ ਵਿਚ ਵਿਚਾਰਾਂ ਦੇ ਆਦਾਨ- ਪ੍ਰਦਾਨ ਕਰਨ ਦੀ ਸਮਰੱਥਾ ਤੇ ਯੋਗਤਾ ਵਿਚ ਵਿਕਾਸ ਕੀਤਾ ਜਾਂਦਾ ਹੈ। ਭਾਸ਼ਾ ਸਿੱਖਣ ਲਈ ਕਿਸੇ ਇਕ ਜਾਂ ਦੋ ਸਮਰੱਥਾਵਾਂ ਦਾ ਵਿਕਾਸ ਨਹੀਂ, ਸਗੋਂ ਚਾਰੇ ਸਮਰੱਥਾਵਾਂ ਦਾ ਵਿਕਾਸ ਜਰੂਰੀ ਹੈ। ਇਹਨਾਂ ਚਾਰੇ ਯੋਗਤਾਵਾਂ ਨਾਲ ਇਕੱਲੀ ਭਾਸ਼ਾ ਵਿੱਚ ਹੀ ਨਹੀਂ ਸਗੋਂ ਉਸਦੀ ਕਲਪਨਾ ਸ਼ਕਤੀ,ਨਿਰਣੇ ਸ਼ਕਤੀ,ਸਿਰਜਣਾਤਮਕ ਸ਼ਕਤੀ ਅਤੇ ਪੂਰਵ ਅਨੁਮਾਨ ਆਦਿ ਸ਼ਕਤੀਆਂ ਦਾ ਵੀ ਲਗਤਾਰ ਵਿਕਾਸ ਹੁੰਦਾ ਜਾਂਦਾ ਹੈ।

ਇਸ ਤਰਾਂ ਮਾਂ ਬੋਲੀ ਉਸਨੂੰ ਅੱਗੇ ਹੋਰ ਅੱਗੇ ਗਿਆਨ ਵੱਲ ਵਧਣ ਵਿਚ ਮਦਦ ਕਰਦੀ ਹੈ। ਇਕ ਵਾਰ ਆਪਣੀ ਭਾਸ਼ਾ ਤੇ ਮੁਹਾਰਤ ਹਾਸਿਲ ਕਰਨ ਤੋਂ ਬਾਅਦ ਉਹ ਹੋਰ ਕਿਸੀ ਵੀ ਭਾਸ਼ਾ ਨੂੰ ਆਸਾਨੀ ਨਾਲ ਸਿੱਖ ਸਕਦਾ ਹੈ। ਭਾਸ਼ਾ ਦੀ ਇਸ ਸਮਝ ਨੂੰ ਹਾਸਿਲ ਕਰਨ ਲਈ ਸਕੂਲ ਦੀ ਜਰੂਰਤ ਪੈਂਦੀ ਹੈ।

ਪੰਜਾਬ ਵਿਚ ਨਿੱਜੀ ਸਕੂਲਾਂ ਦੀ ਭਰਮਾਰ ਹੈ। ਹਜਾਰਾਂ ਦੀ ਤਾਦਾਤ ਵਿੱਚ ਸੀ.ਬੀ.ਐੱਸ.ਈ ਤੇ ਆਈ.ਸੀ.ਐੱਸ. ਈ ਬੋਰਡ ਨਾਲ ਸੰਬੰਧਿਤ ਸਕੂਲ ਹਨ। ਇਸਤੋਂ ਇਲਾਵਾ ਨਿੱਜੀ ਸੰਸਥਾਵਾਂ ਵਲੋਂ ਵੀ ਕਈ ਸਕੂਲ ਚਲਾਏ ਜਾਂਦੇ ਹਨ। ਇਹਨਾਂ ਸਕੂਲਾਂ ਦਾ ਪ੍ਰਬੰਧ ਕੇਂਦਰ ਦੇ ਅਧੀਨ ਹੁੰਦਾ ਹੈ ਜਿਸ ਕਰਕੇ ਇਥੋਂ ਦੀਆਂ ਨੀਤੀਆਂ ਕੇਂਦਰ ਸਰਕਾਰ ਵਲੋਂ ਹੀ ਕੰਟਰੋਲ ਕੀਤੀਆਂ ਜਾਂਦੀਆਂ ਹਨ। ਇਸ ਕਰਕੇ ਜ਼ਿਆਦਾਤਰ ਨੀਤੀਆਂ ਹਿੰਦੀ ਅਤੇ ਅੰਗਰੇਜ਼ੀ ਦੇ ਵਿਕਾਸ ਲਈ ਹੀ ਘੜੀਆਂ ਜਾਂਦੀਆਂ ਹਨ।ਇਸ ਕਰਕੇ ਪੰਜਾਬੀ ਭਾਸ਼ਾ ਤੇ ਅਧਿਆਪਨ ਦੀ ਹਾਲਤ ਇਹਨਾਂ ਸਕੂਲਾਂ ਵਿਚ ਬਹੁਤ ਤਰਸਯੋਗ ਹੈ। ਅੰਗਰੇਜ਼ੀ ਤੇ ਹਿੰਦੀ ਤੋਂ ਬਾਅਦ ਪੰਜਾਬੀ ਦਾ ਸਥਾਨ ਇੱਥੇ ਤੀਜੇ ਨੰਬਰ ਤੇ ਆਉਂਦਾ ਹੈ। ਪੰਜਾਬੀ ਦਾ ਪੀਰੀਅਡ ਸੱਤਵਾਂ ਜਾਂ ਅੱਠਵਾਂ ਨਿਰਧਾਰਿਤ ਕੀਤਾ ਜਾਂਦਾ ਹੈ ਅਤੇ ਅੰਗਰੇਜ਼ੀ ਨਾਲੋਂ ਘੱਟ ਸਮਾਂ ਪੰਜਾਬੀ ਦੇ ਪੀਰੀਅਡ ਨੂੰ ਦਿੱਤੇ ਜਾਂਦੇ ਹਨ। ਸਕੂਲ ਕੈਂਪਸ ਦੀ ਭਾਸ਼ਾ ਅੰਗਰੇਜ਼ੀ ਤੇ ਹਿੰਦੀ ਨਿਰਧਾਰਿਤ ਕੀਤੀ ਜਾਂਦੀ ਹੈ ਤੇ ਪੰਜਾਬੀ ਬੋਲਣ ਵਾਲੇ ਨੂੰ ਜੁਰਮਾਨਾ ਦੇਣਾ ਪੈਂਦਾ ਹੈ ਜਿਸ ਵਾਸਤੇ ਵੱਖਰੇ ਤੌਰ ਤੇ ਵਿਦਿਆਰਥੀਆਂ ਦਾ ਗਰੁੱਪ ਬਣਾਇਆ ਜਾਂਦਾ ਹੈ ਜੋ ਪੰਜਾਬੀ ਬੋਲਣ ਵਾਲਿਆਂ ਤੇ ਨਿਗਰਾਨੀ ਰੱਖਦਾ ਹੈ। ਜੇ ਕਿਧਰੇ ਪੰਜਾਬੀ ਬੋਲੀ ਵੀ ਜਾਂਦੀ ਹੈ ਤਾਂ ਸਿਰਫ ਪੰਜਾਬੀ ਦੇ ਪੀਰੀਅਡ ਵਿਚ । ਪੰਜਾਬੀ ਦੇ ਪੀਰੀਅਡ ਵਿਚ ਵੀ ਬੱਚੇ ਰਲੀ ਮਿਲੀ ਪੰਜਾਬੀ ਹੀ ਬੋਲ ਪਾਉਂਦੇ ਹਨ ਜਿਸ ਕਾਰਨ ਪੰਜਾਬੀ ਦੀ ਸ਼ੁੱਧਤਾ ਵਿਚ ਲਗਾਤਾਰ ਕਮੀ ਆ ਰਹੀ ਹੈ।

ਜਿਵੇਂ: ਮੈਂ punjabi language ਦੀ respect ਕਰਦਾ ਹਾਂ। ਜਮਾਤਾਂ ਵਿਚ ਜੇਕਰ ਕੋਈ ਵਿਦਿਆਰਥੀ ਗਲਤੀ ਨਾਲ ਪੰਜਾਬੀ ਬੋਲ ਦੇਵੇ ਤਾਂ ਅਧਿਆਪਕਾਂ ਪਾਸੋਂ ਉਸਨੂੰ ਹੀਣਤਾ ਦੀ ਭਾਵਨਾ ਨਾਲ ਦੇਖਿਆ ਜਾਂਦਾ ਹੈ ਜਿਸ ਕਰਕੇ ਉਹ ਅੱਗੇ ਤੋਂ ਪੰਜਾਬੀ ਬੋਲਣ ਤੋਂ ਸੰਕੋਚ ਹੀ ਕਰਦਾ ਹੈ। ਨਤੀਜਾ ਇਹ ਹੈ ਕਿ ਪੰਜਾਬੀ ਦੇ ਸਤਿਕਾਰ ਵੱਜੋ ਬੋਲਣ ਵਾਲੇ ਸ਼ਬਦਾਂ ਜਿਵੇਂ ਸਤਿ ਸ਼੍ਰੀ ਅਕਾਲ, ਮਿਹਰਬਾਨੀ ਆਦਿ ਨੂੰ ਦਬੋਚ ਕੇ good morning, thank you ਨੇ ਥਾਂ ਮੱਲ ਲਈ ਹੈ। ਸਥਿਤੀ ਇੱਥੋਂ ਤੱਕ ਪਹੁੰਚ ਗਈ ਹੈ ਕਿ ਪੰਜਾਬੀ ਲਿਖਣ ਲਈ ਵੀ ਬੱਚੇ ਰੋਮਨ ਲਿਪੀ ਦਾ ਪ੍ਰਯੋਗ ਕਰਦੇ ਹਨ ਪੰਜਾਬ ਦਾ ਵਿਦਿਆਰਥੀ ਆਪਣੇ ਹੀ ਘਰ ਵਿੱਚ ਆਪਣੀ ਬੋਲੀ ਅਤੇ ਸੱਭਿਆਚਾਰ ਤੋਂ ਦੂਰ ਹੁੰਦਾ ਜਾ ਰਿਹਾ ਹੈ। ਇਸ ਤਰਾਂ ਭਾਸ਼ਾ ਨੂੰ ਸਿੱਖਣ ਦਾ ਜਿਹੜਾ ਸੁਭਾਵਿਕ ਤੇ ਮਨੋਵਿਗਿਆਨਕ ਕ੍ਰਮ ਸੁਣਨਾ,ਬੋਲਣਾ,ਪੜਨਾ,ਤੇ ਲਿਖਣਾ ਹੈ ਉਸ ਵਿਚੋਂ ਕਿਸੀ ਇਕ ਨੂੰ ਵੀ ਵਿਦਿਆਰਥੀ ਚੰਗੀ ਤਰਾਂ ਸਿੱਖ ਪਾਉਂਦਾ ਜਿਸ ਕਾਰਨ ਪੰਜਾਬੀ ਨੂੰ ਸਿੱਖਣ ਸਮਝਣ ਦੀ ਰੁਚੀ ਨੂੰ ਤਿਆਗ ਕੇ ਓਹ ਰੱਟਾ ਮਾਰਨ ਦੀ ਬਿਰਤੀ ਅਪਨਾ ਲੈਂਦਾ ਹੈ।

ਸਕੂਲ ਪ੍ਰਸ਼ਾਸ਼ਨ ਦਾ ਰਵੱਈਆ ਵੀ ਪੰਜਾਬੀ ਬੋਲੀ ਪ੍ਰਤਿ ਬੇਰੁਖੀ ਵਾਲਾ ਹੀ ਹੈ। ਪੰਜਾਬੀ ਦੇ ਅਧਿਆਪਕ ਦੀ ਭਰਤੀ ਵੇਲੇ ਸਿਰਫ ਉਸ ਅਧਿਆਪਕ ਦੀ ਹੀ ਚੋਣ ਕੀਤੀ ਜਾਂਦੀ ਹੈ ਜੋ ਹੋਰਾਂ ਨਾਲੋਂ ਘੱਟ ਤਨਖਾਹ ਤੇ ਲੱਗਣ ਲਈ ਮੰਨ ਜਾਂਦਾ ਹੈ। ਜ਼ਿਆਦਾਤਰ ਤਨਖਾਹ 7000 ਪ੍ਰਤਿ ਮਹੀਨਾ ਤੈਅ ਕੀਤੀ ਜਾਂਦੀ ਹੈ। ਓਹਨਾ ਅਧਿਆਪਕਾਂ ਨੂੰ ਹੀ ਪਹਿਲ ਦਿੱਤੀ ਜਾਂਦੀ ਹੈ ਜਿਨਾਂ ਨੂੰ ਅੰਗਰੇਜ਼ੀ ਤੇ ਹਿੰਦੀ ਵਧੇਰੇ ਆਉਂਦੀ ਹੈ। ਜਿਨਾਂ ਪਾਠ ਪੁਸਤਕਾਂ ਨੂੰ ਆਧਾਰ ਬਣਾ ਕੇ ਪੰਜਾਬੀ ਦਾ ਅਧਿਆਪਨ ਹੋ ਰਿਹਾ ਹੈ ਉਹ ਪੰਜਾਬੀ ਭਾਸ਼ਾ ਦੀ ਮੱਹਤਤਾ ਬਾਰੇ ਵਿਦਿਆਰਥੀਆਂ ਦੇ ਮਨ ਵਿਚ ਅਸਰ ਨਹੀ ਪਾਉਂਦੀਆਂ ਜਿਸ ਕਰਕੇ ਕਵਿਤਾ ਵਰਗੀਆਂ ਕੋਮਲ ਚੀਜਾਂ ਨੂੰ ਵੀ ਵਿਦਿਆਰਥੀ ਵਧੇਰੇ ਅੰਕ ਪ੍ਰਾਪਤ ਕਰਨ ਲਈ ਰੱਟਾ ਹੀ ਮਾਰਦੇ ਹਨ।

ਵਿਦਿਆਰਥੀਆਂ ਨੂੰ ਰੋਜ਼ਾਨਾ ਵਰਤਣ ਵਾਲੀ ਸ਼ਬਦਾਵਲੀ ਅੰਗਰੇਜ਼ੀ ਜਾਂ ਹਿੰਦੀ ਵਿਚ ਸਿਖਾਈ ਜਾਂਦੀ ਹੈ ਜਿਸ ਕਾਰਨ ਉਹ ਪੰਜਾਬੀ ਦੇ ਠੇਠ ਸ਼ਬਦਾਂ, ਮੁਹਾਵਰਿਆਂ ਅਤੇ ਅਖਾਣਾਂ ਨੂੰ ਸਮਝਣ ਤੋਂ ਅਸਮਰੱਥ ਹੁੰਦੇ ਜਾ ਰਹੇ ਹਨ। ਜ਼ਿਆਦਾਤਰ ਸਕੂਲਾਂ ਵਿੱਚ ਪੰਜਾਬੀ ਦੇ ਅਧਿਅਪਕਾਂ ਦੀ ਹਸਤੀ ਨੂੰ ਨਕਾਰਦੇ ਹੋਏ ਉਹਨਾਂ ਤੋਂ ਵੱਧ ਕੰਮ ਕਰਵਾਇਆ ਜਾਂਦਾ ਹੈ ਜਿਸ ਕਾਰਨ ਉਹ ਕਲਾਸ ਵਿਚ ਸਹੀ ਤਰੀਕੇ ਨਾਲ ਨਹੀਂ ਪੜਾ ਪਾਉਂਦੇ। ਇਸ ਤਰਾਂ ਵਿਦਿਆਰਥੀ ਪੰਜਾਬੀ ਬੋਲੀ,ਪੰਜਾਬੀ ਸਾਹਿਤ ਅਤੇ ਸੱਭਿਆਚਾਰ ਦੀਆਂ ਗਹਿਰਾਈਆਂ ਸਮਝਣ ਤੋਂ ਤੋਂ ਵਾਂਝਾ ਹੀ ਰਹਿ ਜਾਂਦਾ ਹੈ। ਬਾਰਵੀਂ ਜਮਾਤ ਤੱਕ ਆਉਂਦੇ ਆਉਂਦੇ ਉਸਦੀ ਪੰਜਾਬੀ ਭਾਸ਼ਾ ਅਤੇ ਪੰਜਾਬੀ ਸਾਹਿਤ ਵਿਚ ਦਿਲਚਸਪੀ ਬਿਲਕੁਲ ਘੱਟ ਜਾਂਦੀ ਹੈ।

**ਬਾਕੀ ਸਫ਼ਾ 31 ’ਤੇ**

# ਕਰਤਾਰ ਸਿੰਘ ਸਰਾਭਾ ਦਾ ਆਪਣੇ ਚਾਚੇ ਦੇ ਨਾਂ ਖ਼ਤ

- ਡਾ. ਗੁਰਦੇਵ ਸਿੰਘ

ਜਿਵੇਂ ਹੀ 1 ਨਵੰਬਰ 1913 ਨੂੰ 'ਗਦਰ' ਦਾ ਪਹਿਲਾ ਅੰਕ ਛਪਿਆ, ਗਦਰੀਆਂ ਨੇ ਇਹ ਅਖਬਾਰ ਪੰਜਾਬ ਵਿਚਲੇ ਆਪਣੇ ਰਿਸ਼ਤੇਦਾਰਾਂ ਅਤੇ ਹੋਰ ਜਾਣ-ਪਛਾਣ ਦੇ ਲੋਕਾਂ ਨੂੰ ਭੇਜਣਾ ਸ਼ੁਰੂ ਕਰ ਦਿੱਤਾ। ਕਰਤਾਰ ਸਿੰਘ ਸਰਾਭਾ, ਜੋ ਗ਼ਦਰ ਆਸ਼ਰਮ ਦਾ ਵਾਸੀ ਬਣ ਕੇ 'ਗਦਰ' ਦੀ ਲਿਖਾਈ ਅਤੇ ਛਪਾਈ ਨਾਲ ਜੁੜਿਆ ਹੋਇਆ ਸੀ, ਭਲਾ ਇਸ ਕੰਮ ਵਿਚ ਕਿਵੇਂ ਪਿੱਛੇ ਰਹਿੰਦਾ। ਇਹ ਅਨੁਮਾਨ ਲਾਉਣਾ ਤਾਂ ਸੰਭਵ ਨਹੀਂ ਕਿ ਉਸ ਨੇ ਅਖਬਾਰ 'ਗਦਰ' ਅਤੇ ਗਦਰ ਆਸ਼ਰਮ ਵਿਚ ਛਪੀਆਂ ਹੋਰ ਪ੍ਰਕਾਸ਼ਨਾਵਾਂ ਕਿਸ ਕਿਸ ਨੂੰ ਭੇਜੀਆਂ, ਪਰ ਅੰਗਰੇਜ਼ ਸਰਕਾਰ ਦੀਆਂ ਫਾਈਲਾਂ ਵਿੱਚੋਂ ਪ੍ਰਾਪਤ ਸੂਚਨਾ ਅਨੁਸਾਰ ਅਜਿਹਾ ਇਕ ਵਿਅਕਤੀ ਫੌਜ ਵਿੱਚ ਸਬ ਅਸਿਸਟੈਂਟ ਸਰਜਨ ਨਿਯੁਕਤ ਉਸ ਦਾ ਚਾਚਾ ਡਾ. ਬੀਰ ਸਿੰਘ ਜ਼ਰੂਰ ਸੀ। ਬੀਰ ਸਿੰਘ ਵੱਲੋਂ ਆਪਣੇ ਉੱਚ ਫੌਜੀ ਅਧਿਕਾਰੀ ਨਾਲ ਕਰਤਾਰ ਸਿੰਘ ਦੇ ਖਤਾਂ ਸਬੰਧੀ ਹੋਏ ਪੱਤਰ ਵਿਹਾਰ ਤੋਂ ਅਨੁਮਾਨ ਲੱਗਦਾ ਹੈ ਕਿ 1914 ਨੂੰ ਜਦ ਉਸ ਦੀ ਤਾਇਨਾਤੀ ਕੇਂਦਰੀ ਅਫਰੀਕਾ ਵਿਚ ਸੀ, ਕਰਤਾਰ ਸਿੰਘ ਵੱਲੋਂ ਭੇਜਿਆ ਅਖਬਾਰ ਅਤੇ ਪੱਤਰ ਮਿਲਿਆ। ਬੀਰ ਸਿੰਘ ਨੇ ਕਰਤਾਰ ਸਿੰਘ ਦੀ ਗਦਰੀ ਸੋਚ ਨਾਪਸੰਦ ਕੀਤੀ ਅਤੇ ਮੋੜਵਾਂ ਖਤ ਕਰਤਾਰ ਸਿੰਘ ਨੂੰ ਲਿਖਿਆ। ਜਾਪਦਾ ਹੈ, ਦੋਵਾਂ ਪਾਸਿਆਂ ਤੋਂ ਦੋ ਤਿੰਨ ਪੱਤਰ ਲਿਖੇ ਗਏ। ਅੰਤ ਜਦ ਬੀਰ ਸਿੰਘ ਨੇ ਕਰਤਾਰ ਸਿੰਘ ਨੂੰ ਭਵਿੱਖ ਵਿਚ ਅਖਬਾਰ ਨਾ ਭੇਜਣ ਅਤੇ ਪਹਿਲਾਂ ਭੇਜੇ ਅਖਬਾਰਾਂ ਨੂੰ ਸਾੜ ਦੇਣ ਦੀ ਸੂਚਨਾ ਦਿੱਤੀ ਤਾਂ ਕਰਤਾਰ ਸਿੰਘ ਨੇ ਉਸ ਨੂੰ ਅਜਿਹੇ ਕੌੜੇ ਸ਼ਬਦਾਂ ਵਿਚ ਇਹ ਚਿੱਠੀ ਲਿਖੀ (ਮੂਲ ਪੱਤਰ ਪੰਜਾਬੀ ਵਿਚ ਹੋਵੇਗਾ ਪਰ ਹੇਠਲਾ ਉਤਾਰਾ ਅੰਗਰੇਜ਼ੀ ਤੋਂ ਅਨੁਵਾਦਿਤ ਹੈ):

ਪਿਆਰੇ ਚਾਚਾ ਜੀ,

ਸਤਿ ਸ੍ਰੀ ਅਕਾਲ।

ਮੈਨੂੰ ਤੁਹਾਡਾ ਖ਼ਤ ਮਿਲਿਆ ਜੋ ਮੈਂ ਪੜਿਆ ਅਤੇ ਵਿਚਾਰਿਆ। ਮੈਂ, ਕਰਤਾਰ ਸਿੰਘ, ਨਿਮਰਤਾ ਨਾਲ ਤੁਹਾਡਾ ਹੁਕਮ ਮੰਨਦਾ ਹਾਂ ਅਤੇ ਤੁਹਾਡੀ ਚੰਗੀ ਸਲਾਹ ਲਈ ਧੰਨਵਾਦੀ ਹਾਂ। ਪਰ ਦੁੱਖ ਦੀ ਗੱਲ ਹੈ ਕਿ ਇਕ ਦੇਸ਼ ਸੇਵਕ ਵਜੋਂ ਮੈਂ ਤੁਹਾਡੇ ਨਾਲ ਸਵਾਲ ਜਵਾਬ ਕਰਨ ਲਈ ਮਜ਼ਬੂਰ ਹਾਂ। ਮੈਨੂੰ ਆਸ ਹੈ ਕਿ ਇਸ ਨੂੰ ਧਿਆਨ ਪੂਰਵਕ ਵਿਚਾਰ ਕੇ ਉੱਤਰ ਦੇਵੋਗੇ। ਖਤੋ-ਕਿਤਾਬਤ ਬੰਦ ਕਰਨਾ ਅਕਲਮੰਦੀ ਨਹੀਂ ਹੈ। ਜੇਕਰ ਤੁਸੀਂ ਉਚਿਤ ਸਮਝੋ ਮੈਂ ਇਸ ਸੋਚ ਨਾਲ ਸਬੰਧਿਤ ਮਾਮਲਾ ਬੰਦ ਕਰ ਸਕਦਾ ਹਾਂ। ਤੁਹਾਨੂੰ ਪਹਿਲਾਂ ਇਸ ਬਾਰੇ ਵਿਚਾਰ ਕਰਨੀ ਚਾਹੀਦੀ ਹੈ। ਮੈਨੂੰ ਵਿਸ਼ਵਾਸ ਹੈ ਕਿ ਤੁਸੀਂ ਚਿੱਠੀ-ਪੱਤਰ ਕਰਨਾ ਬੰਦ ਨਹੀਂ ਕਰੋਗੇ।

ਮੈਂ ਪਹਿਲਾਂ ਤੁਹਾਨੂੰ ਇਹ ਲਿਖਣਾ ਚਾਹੁੰਦਾ ਹਾਂ ਕਿ ਕੀ ਤੁਸੀਂ ਅਖਬਾਰ ਪੜੇ ਅਤੇ ਫਿਰ ਸਾੜ ਦਿੱਤੇ ਜਾਂ ਇਨਾਂ ਨੂੰ ਓਵੇਂ ਹੀ ਬੱਝੇ ਰਹਿਣ ਦਿੱਤਾ ਜਿਵੇਂ ਇਹ ਭੇਜੇ ਗਏ ਸਨ ? ਮੇਰੀ ਰਾਇ ਹੈ ਕਿ ਜੇਕਰ ਭਾਰਤ ਮਾਤਾ ਦਾ ਕੋਈ ਸੱਚਾ ਸਪੂਤ ਦੇਸ਼ ਦੀ ਸੇਵਾ ਕਰਨਾ ਚਾਹੁੰਦਾ ਹੈ ਤਾਂ ਉਹ 'ਗਦਰ' ਅਖਬਾਰ ਵਿਚ 'ਅੰਗਰੇਜ਼ੀ ਰਾਜ ਦਾ ਕੱਚਾ ਚਿੱਠਾ' ਅਤੇ 'ਅੰਕਾਂ ਦੀ ਗਵਾਹੀ' ਪੜ ਕੇ ਇਸ ਨੂੰ ਕਦੇ ਵੀ ਨਹੀਂ ਸਾੜੇਗਾ। 'ਗਦਰ' ਅਖਬਾਰ ਸਾੜਨ ਵਾਲੇ ਦੇਸ਼ ਦੇ ਦੁਸ਼ਮਣ ਹਨ। ਅਖਬਾਰ ਸਾੜਨ ਵਾਲੇ ਨੂੰ ਨਹੀਂ ਪਤਾ ਕਿ ਸਾਡੇ ਦੇਸ਼ਵਾਸੀ ਭੁੱਜਦੀ ਰੇਤ ਵਿਚ ਨੰਗੇ ਪੈਰੀਂ ਸੜ ਰਹੇ ਹਨ। ਉਸ ਨੂੰ ਨਹੀਂ ਪਤਾ ਅਸੀਂ ਕੀ ਕਰ ਰਹੇ ਹਾਂ, ਅਸੀਂ ਕਿਸ ਦਾ ਨਿਮਕ ਹਲਾਲ ਕਰ ਰਹੇ ਹਾਂ। ਸੱਚ ਤਾਂ ਇਹ ਹੈ ਕਿ 'ਗਦਰ' ਅਖਬਾਰ ਸਾੜਨ ਵਾਲਾ ਆਦਮੀ ਅਕਲ ਦਾ ਅੰਨਾ ਹੈ। ਉਹ ਨਹੀਂ ਜਾਣਦਾ, ਕਿਉਂ ਅਠਾਰਵੀਂ ਸਦੀ ਵਿੱਚ ਹਿੰਦੁਸਤਾਨ ਵਿੱਚ 35 ਵਾਰ ਕਾਲ ਪਿਆ ਅਤੇ ਕਿਉਂ 1895 ਤੋਂ 1910 ਦੇ ਦਰਮਿਆਨ 80 ਲੱਖ ਹਿੰਦੁਸਤਾਨੀ ਪਲੇਗ ਨਾਲ ਮਰੇ। ਹਿੰਦੁਸਤਾਨ ਦੇ ਗਰੀਬ ਆਦਮੀ (ਜਿਸ ਨੂੰ ਬਹੁ ਗਿਣਤੀ ਭੋਲਾ ਸਮਝਦੀ ਹੈ) ਨੇ ਠੀਕ ਹੀ ਕਿਹਾ ਹੈ, 'ਜਿਸ ਤਨ ਲੱਗੇ ਸੋਈ ਜਾਣੇ ਕੌਣ ਜਾਣੇ ਪੀੜ ਪਰਾਈ ?'

'ਪਿਆਰੇ ਚਾਚਾ ਜੀ, ਤੁਸੀਂ ਆਪਣੇ ਆਪ ਵਿਚ ਮਸਤ ਹੋ। ਤੁਹਾਨੂੰ ਇਹ ਵੀ ਨਹੀਂ ਪਤਾ ਕਿ ਤੁਸੀਂ ਨਮਕ ਹਰਾਮ ਕਰ ਰਹੇ ਹੋ ਕਿ ਨਮਕ ਹਲਾਲ ? ਤੁਸੀਂ ਮੈਨੂੰ ਬਾਦਸ਼ਾਹ ਦਾ ਨਿਮਕ ਹਲਾਲ ਕਰਨ ਲਈ ਲਿਖਿਆ ਹੈ। ਹੁਣ ਮੈਂ ਤੁਹਾਨੂੰ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਹ ਨਮਕ ਤੁਹਾਡੇ ਬਾਦਸ਼ਾਹ ਦੀ ਮਾਂ ਲਈ ਬਣਾਇਆ ਗਿਆ ਸੀ ? ਮੈਨੂੰ ਦੱਸੋ ਕਿ ਕੀ ਅੰਗਰੇਜ਼ ਅਤੇ ਉਨਾਂ ਦੇ ਨੌਕਰ ਨਮਕ ਹਲਾਲ ਕਰ ਰਹੇ ਹਨ ਕਿ ਨਮਕ ਹਰਾਮ ? ਤੁਹਾਨੂੰ ਤਾਂ ਇਹ ਵੀ ਨਹੀਂ ਪਤਾ ਤੁਸੀਂ ਕਿਸ ਦਾ ਲੂਣ ਖਾ ਰਹੇ ਹੋ ? ਕੀ ਇਹ ਲੂਣ ਮਲਕਾ ਵਿਕਟੋਰੀਆ ਲਈ ਪੈਦਾ ਕੀਤਾ ਗਿਆ ਸੀ ਜਾਂ ਹਿੰਦੁਸਤਾਨ ਦੇ ਗਰੀਬ ਹਲਵਾਹਕ ਨੇ ਪੈਦਾ ਕੀਤਾ ਹੈ ? ਸ਼ਾਬਾਸ਼ ! ਤੁਸੀਂ ਆਪਣੇ ਲੂਣ ਦੇ ਕਿੰਨੇ ਵਫਾਦਾਰ ਹੋ ! ਤੁਹਾਨੂੰ ਤਾਂ ਇਹ ਵੀ ਨਹੀਂ ਪਤਾ ਕਿ ਵਿਸ਼ਵਾਸ ਅਤੇ ਇਮਾਨਦਾਰੀ ਕੀ ਹੁੰਦੀ ਹੈ ? ਸਾਡਾ ਧਰਮ ਕੀ ਹੈ ਅਤੇ ਅਸੀਂ ਕੌਣ ਹਾਂ ? ਖੈਰ, ਜੇ ਤੁਹਾਨੂੰ ਨਹੀਂ ਪਤਾ, ਮੈਂ ਦੱਸਦਾ ਹਾਂ। ਪਿਆਰੇ ਚਾਚਾ ਜੀ ! ਤੁਸੀਂ ਸਿੰਘ ਹੋ। ਤੁਹਾਡਾ ਧਰਮ ਗਰੀਬ ਦੀ ਰੱਖਿਆ ਕਰਨਾ ਹੈ। ਆਪਣੀ ਕੌਮ ਲਈ ਸ਼ਹੀਦ ਹੋ ਜਾਣਾ ਤੁਹਾਡਾ ਫਰਜ਼ ਹੈ।



ਜੇਕਰ ਤੁਸੀਂ ਆਪਣੇ ਲੂਣ ਪ੍ਰਤੀ ਸੱਚੇ ਹੋਣ ਦੇ ਇੱਛਕ ਹੋ ਤਾਂ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਅਤੇ ਭਾਈ ਰਾਮ ਸਿੰਘ ਵਰਗੇ ਸਿੱਖ ਬਣੋ ਅਤੇ ਸ਼ਹੀਦ ਹੋਵੋ। ਤੁਹਾਡੇ ਧਰਮ ਸਥਾਨ ਢਾਹੇ ਜਾ ਰਹੇ ਹਨ, ਤੁਹਾਡੇ ਸਿੱਖਿਆ ਸਥਾਨ ਤਬਾਹ ਕੀਤੇ ਜਾ ਰਹੇ ਹਨ। ਆਓ ! ਇਨਾਂ ਲਈ ਆਪਣਾ ਜੀਵਨ ਲਾ ਦਿਓ। ਤੁਹਾਡੇ ਬਾਦਸ਼ਾਹ ਨੇ ਗਰੀਬਾਂ ਤੋਂ ਟੈਕਸ ਉਗਰਾਹ ਕੇ ਤੁਹਾਨੂੰ ਕੁੱਤੇ ਵਾਂਗ ਹੱਡੀ ਪਾਈ ਹੈ ਅਤੇ ਆਪ ਇੰਗਲੈਂਡ ਦੀਆਂ ਤਜੌਰੀਆਂ ਭਰ ਰਿਹਾ ਹੈ। ਇਸ ਨੂੰ ਵਿਚਾਰੋ, ਹੱਡੀ ਚੂਸਣਾ ਛੱਡੋ ਅਤੇ ਗਰੀਬਾਂ ਦੀ ਸੇਵਾ ਕਰੋ। ਗਰੀਬਾਂ ਦੀ ਸੇਵਾ ਕਰਨ ਵਾਲਾ ਹੀ ਅਸਲ ਮਰਦ ਹੁੰਦਾ ਹੈ। "ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ।। ਪੁਰਜਾ ਪੁਰਜਾ ਕਟ ਮਰੈ ਕਬਹੂੰ ਨਾ ਛਾਡਿ ਖੇਤਿ।" ਅੰਗਰੇਜ਼ਾਂ ਨੇ ਹਰ ਤਰਾਂ ਸਾਡੇ ਮੁਲਕ ਨੂੰ ਤਬਾਹ ਕੀਤਾ ਹੈ, ਇਸ ਬਾਰੇ ਵਿਚਾਰੋ। ਚੰਦ ਸਿੱਕਿਆਂ ਪਿੱਛੇ ਕੌਮ ਦੀ ਸੰਘੀ ਨਾ ਘੁੱਟੋ। ਤੁਹਾਨੂੰ ਇਨਾਂ ਅਖਬਾਰਾਂ ਨੂੰ ਧਿਆਨ ਨਾਲ ਪੜਨਾ ਅਤੇ ਉਸ ਵਿਚ ਲਿਖੇ ਬਾਰੇ ਵਿਚਾਰਨਾ ਚਾਹੀਦਾ ਹੈ। ਕੋਈ ਵੀ ਬਿਨਾਂ ਮਤਲਬ ਤੋਂ ਅਜਿਹਾ ਪਰਚਾਰ ਨਹੀਂ ਕਰਦਾ, ਯਕੀਨਨ ਇਨਾਂ ਪਿੱਛੇ ਕੋਈ ਅਰਥ ਜਾਂ ਮੰਤਵ ਹੈ। ਇਹ ਜਾਨਣਾ ਅਤੇ ਸਮਝਣਾ ਹਰ ਵਿਅਕਤੀ ਦਾ ਫਰਜ਼ ਹੈ ਕਿ ਅਖਬਾਰ ਕੀ ਕਹਿੰਦਾ ਹੈ ? ਜੇ ਤੁਸੀਂ ਸਮਝਦੇ ਹੋ ਕਿ ਅਸੀਂ 'ਗਦਰ' ਵਾਲੇ ਝੂਠ ਲਿਖਦੇ ਹਾਂ ਤਾਂ ਦੁਨੀਆ ਦੀਆਂ ਸਭ ਕੌਮਾਂ ਤੋਂ ਸੁਣੋ। ਮੈਂ ਤੁਹਾਨੂੰ ਅਮਰੀਕਾ ਦੇ ਸੈਕਟਰੀ ਆਫ ਸਟੇਟ ਦੁਆਰਾ ਲਿਖੀ ਇਕ ਕਿਤਾਬ ਭੇਜ ਰਿਹਾ ਹਾਂ। ਇਸ ਨੂੰ ਪੜੋ, ਵਿਚਾਰੋ ਕਿ ਕੀ ਦੇਸ਼ ਸੇਵਾ ਹੈ ਅਤੇ ਕੀ ਦੇਸ਼ ਧਰੋਹ ? ਜੇਕਰ ਤੁਹਾਡਾ ਬਾਦਸ਼ਾਹ ਸੱਚਮੁੱਚ ਤੁਹਾਡਾ ਗਾਰਡੀਅਨ ਹੁੰਦਾ ਤਾਂ ਇਸ ਪੈਂਫਲੇਟ ਨੂੰ ਹਿੰਦੁਸਤਾਨ ਭੇਜੇ ਜਾਣ ਤੋਂ ਨਾ ਰੋਕਦਾ। ਮੈਂ ਕਿਸੇ ਦੀ ਚੁੱਕ ਵਿਚ ਆ ਕੇ ਇਹ ਕੰਮ ਨਹੀਂ ਸ਼ੁਰੂ ਕੀਤਾ। ਮੈਂ ਅਮਰੀਕਨ ਯੂਨੀਵਰਸਿਟੀਆਂ ਵਿਚੋਂ ਸਿੱਖਿਆ ਹੈ ਕਿ ਸਾਡੇ ਮੁਲਕ ਨੂੰ ਲੁੱਟਿਆ ਜਾ ਰਿਹਾ ਹੈ ਅਤੇ ਇਸ ਨੂੰ ਰੋਕਣਾ ਸਾਡਾ ਫਰਜ਼ ਹੈ। ਨੌਕਰੀ ਖਾਤਰ ਦੇਸ਼ ਨੂੰ ਵੇਚਣਾ ਇਖਲਾਕੀ ਅਤੇ ਧਾਰਮਿਕ ਅਸੂਲਾਂ ਦੇ ਖ਼ਿਲਾਫ਼ ਹੈ।

"ਅਮਰੀਕਨ ਯੂਨੀਵਰਸਿਟੀਆਂ ਨੇ ਮੈਨੂੰ ਆਜ਼ਾਦੀ ਅਤੇ ਸਿੱਖ ਧਰਮ, ਵਿਸ਼ੇਸ਼ ਕਰ ਕੇ ਗੁਰੂ ਗੋਬਿੰਦ ਸਿੰਘ, ਜਿਨਾਂ ਨੇ ਆਪ ਮਿਸਾਲ ਕਾਇਮ ਕੀਤੀ, ਨੇ ਮੈਨੂੰ ਆਜ਼ਾਦੀ ਲਈ ਆਪਾ ਵਾਰਨਾ ਸਿਖਾਇਆ ਹੈ। ਇਸ ਲਈ ਮੈਂ ਇਸ ਪਵਿੱਤਰ ਕਾਰਜ ਵਿਚੋਂ ਇਕ ਇੰਚ ਵੀ ਪਿੱਛੇ ਨਹੀਂ ਹਟ ਸਕਦਾ।

"ਮੈਂ ਮਹਿਸੂਸ ਕਰਦਾ ਹਾਂ ਕਿ ਮੈਂ ਕੌੜੇ ਸ਼ਬਦ ਲਿੱਖ ਦਿੱਤੇ ਹਨ ਪਰ ਇਹ ਕੌੜੇ ਸ਼ਬਦ ਮੇਰੀ ਕਲਮ ਨੇ ਤਾਂ ਲਿਖੇ ਹਨ ਕਿਉਂ ਜੋ ਤੁਸੀਂ ਗਰੀਬ ਕੁਲੀਆਂ ਦੇ ਚੰਦੇ ਨਾਲ ਅਤੇ 14 ਘੰਟੇ ਖ਼ੂਨ ਪਸੀਨਾ ਇੱਕ ਕਰ ਕੇ ਛਾਪਿਆ ਅਖਬਾਰ ਸਾੜ ਦਿੱਤਾ ਹੈ।

"ਚਾਹੇ ਤੁਹਾਡੀ ਇੱਛਾ ਮੈਨੂੰ ਖਤ ਲਿਖਣਾ ਜਾਰੀ ਰੱਖਣ ਦੀ ਹੋਵੇ ਜਾਂ ਬੰਦ ਕਰਨ ਦੀ, ਮੈਂ ਆਪਣੇ ਧਰਮ ਅਤੇ ਅਸੂਲਾਂ ਉੱਤੇ ਪਹਿਰਾ ਦਿੰਦਾ ਰਹਾਂਗਾ। ਹੋਰ ਲਿਖਣਾ ਬੇਫਾਇਦਾ ਹੈ।

ਤੁਹਾਡਾ ਚਾਕਰ,

ਕਰਤਾਰ ਸਿੰਘ

ਡਾ. ਬੀਰ ਸਿੰਘ ਨੂੰ ਅਜਿਹੀ ਸ਼ਬਦਾਵਲੀ ਹਜ਼ਮ ਕਰਨੀ ਔਖੀ ਹੋ ਗਈ। ਫਲਸਰੂਪ ਉਸ ਨੇ 8 ਜੁਲਾਈ 1914 ਨੂੰ ਆਪਣੇ ਉੱਚ ਅਧਿਕਾਰੀ (ਕਾਰਜਕਾਰੀ) ਪ੍ਰਿੰਸੀਪਲ ਮੈਡੀਕਲ ਅਫਸਰ, ਜ਼ੋਂਬਾ ਨੂੰ ਇਹ ਪੱਤਰ ਲਿਖਿਆ:

"ਮੈਂ ਨਿਮਰਤਾ ਸਹਿਤ ਤੁਹਾਨੂੰ ਸਨ ਫ੍ਰਾਂਸਿਸਕੋ ਤੋਂ ਇਕੋ ਦਿਨ ਇਕੋ ਹੱਥ ਲਿਖਤ ਮੇਰੇ ਵੱਲ ਲਿਖੇ ਦੋ ਖਤ ਭੇਜਣ ਦੀ ਆਗਿਆ ਮੰਗਦਾ ਹਾਂ ਅਤੇ ਬੇਨਤੀ ਕਰਦਾ ਹਾਂ ਕਿ ਇਹ ਦੋ ਖਤ ਅਤੇ ਅਮਰੀਕਾ ਤੋਂ ਮਿਲਣ ਵਾਲੇ ਹੋਰ ਖਤ ਖੋਲ ਕੇ ਪੜੇ ਜਾਣ ਅਤੇ ਜਿਵੇਂ ਠੀਕ ਸਮਝੋ ਨਸ਼ਟ ਕਰ ਦਿੱਤੇ ਜਾਣ।"

"ਮੈਂ ਤੁਹਾਡੇ ਧਿਆਨ ਵਿੱਚ ਇਹ ਵੀ ਲਿਆਉਣਾ ਚਾਹੁੰਦਾ ਹਾਂ ਕਿ ਪਹਿਲਾ ਪੱਤਰ ਮੈਨੂੰ ਕਿਲਾ ਮਲੰਗੋਈ ਦੇ ਪਤੇ ਉੱਤੇ ਮਿਲਿਆ ਸੀ, ਦੂਜਾ ਜ਼ੋਂਬਾ ਦੇ ਪਤੇ ਉੱਤੇ ਅਤੇ ਹੁਣ ਕਿਲਾ ਮੰਗੋਚੇ ਦੇ ਸਿਰਨਾਵੇਂ ਉੱਤੇ। ਇਸ ਤੋਂ ਸਪਸ਼ਟ ਹੈ ਕਿ ਭੇਜਣ ਵਾਲਾ ਕੋਈ ਆਮ ਆਦਮੀ ਨਹੀਂ ਹੈ ਬਲਕਿ ਅਜਿਹਾ ਸ਼ਖਸ ਹੈ ਜੋ ਮੈਨੂੰ ਚੰਗੀ ਤਰਾਂ ਜਾਣਦਾ ਹੈ। ਉਸ ਦਿਨ ਮੈਂ ਜ਼ਬਾਨੀ ਤੌਰ ਉੱਤੇ ਤੁਹਾਨੂੰ ਦੱਸਿਆ ਸੀ ਕਿ ਇਹ ਆਦਮੀ ਅਮਰੀਕਾ ਪੜਾਈ ਲਈ ਗਿਆ ਮੇਰਾ ਭਤੀਜਾ ਹੋਵੇਗਾ। ਉਸ ਦਾ ਨਾਉਂ ਕਰਤਾਰ ਸਿੰਘ ਹੈ। ਜੇ ਮੈਂ ਇਹ ਸਿੱਟਾ ਕੱਢਣ ਵਿਚ ਸਹੀ ਹਾਂ ਕਿ ਪੱਤਰ ਭੇਜਣ ਵਾਲਾ ਕਰਤਾਰ ਸਿੰਘ ਹੀ ਹੋਵੇਗਾ ਤਦ ਮੈਂ ਤੁਹਾਨੂੰ ਬੇਨਤੀ ਕਰਾਂਗਾ ਕਿ ਖਤ ਨਸ਼ਟ ਨਾ ਕੀਤੇ ਜਾਣ ਸਗੋਂ ਤੁਹਾਡੇ ਦਫਤਰ ਵਿਚ ਸਾਂਭੇ ਜਾਣ। ਸ਼ਾਇਦ ਗੱਲ ਅੱਗੇ ਵਧਣ ਦੀ ਸੂਰਤ ਵਿਚ ਇਨਾਂ ਦੀ ਲੋੜ ਪਵੇ।"

ਮੈਂ ਬਹੁਤ ਪ੍ਰੇਸ਼ਾਨ ਹਾਂ ਅਤੇ ਬੇਨਤੀ ਕਰਦਾ ਹਾਂ ਕਿ ਇਹ ਜਾਣਕਾਰੀ ਮੈਨੂੰ ਬਿਨਾਂ ਦੇਰੀ ਤੋਂ ਦਿੱਤੀ ਜਾਵੇ ਕਿ ਇਨਾਂ ਖਤਾਂ ਵਿਚ ਕੀ ਲਿਖਿਆ ਗਿਆ ਹੈ ?

"ਮੇਰੀ ਅਗਲੀ ਬੇਨਤੀ ਹੈ ਕਿ ਮੈਨੂੰ ਇੱਥੇ ਆਉਣ ਪਿੱਛੋਂ 2 ਜਾਂ 3 ਖਤ ਅਤੇ ਇਕ ਪੈਕਟ, ਜਿਸ ਵਿਚ ਇਕ ਲਾਲ ਪੈਂਫਲੇਟ ਅਤੇ ਅਖਬਾਰ ਸੀ, ਮਿਲੇ ਹਨ, ਜਿਹੜੇ ਕਮਾਂਡਿੰਗ ਅਫਸਰ ਨੂੰ ਸੌਂਪ ਦਿੱਤੇ ਗਏ ਸਨ। ਉਸ ਨੇ ਵੀ ਇਹ ਤੁਹਾਨੂੰ ਭੇਜੇ ਹੋਣਗੇ। ਇਸ ਪਿੱਛੋਂ ਤਿੰਨ ਹੋਰ ਪੈਕਟ ਆਏ ਜਿਨਾਂ ਵਿਚ ਸ਼ਾਇਦ ਓਹੀ ਪੈਂਫਲੇਟ ਬੰਨੇ ਹੋਏ ਸਨ, ਜੋ ਕਮਾਂਡਿੰਗ ਅਫਸਰ ਨੇ ਨਸ਼ਟ ਕਰ ਦਿੱਤੇ ਸਨ।"

ਕਾਰਜਕਾਰੀ ਪ੍ਰਿੰਸੀਪਲ ਮੈਡੀਕਲ ਅਫਸਰ, ਜ਼ੋਂਬਾ ਨੇ ਡਾ. ਬੀਰ ਸਿੰਘ ਨੂੰ ਉੱਤਰ ਵਿਚ ਕੀ ਲਿਖਿਆ ਇਹ ਤਾਂ ਪਤਾ ਨਹੀਂ ਲੱਗਾ ਪਰ ਉਸ ਦਾ ਧੰਨਵਾਦ ਕਰਨ ਅਤੇ ਹੋਰ ਸਪਸ਼ਟੀਕਰਨ ਦੇਣ ਵਾਸਤੇ ਡਾ. ਬੀਰ ਸਿੰਘ ਨੇ 22 ਜੁਲਾਈ 1914 ਨੂੰ ਕਿਲਾ ਮੈਂਗੋਚੇ ਤੋਂ ਇਹ ਖਤ ਲਿਖਿਆ:

"ਮੈਂ ਤੁਹਾਡੇ ਖਤ ਲਈ ਬਹੁਤ ਹੀ ਨਿਮਰਤਾ ਅਤੇ ਸਤਿਕਾਰ ਸਹਿਤ ਧੰਨਵਾਦ ਕਰਦਾ ਹਾਂ। ਕਿਉਂ ਜੋ ਇਹ ਖਤ ਭੇਜਣ ਵਾਲਾ ਮੇਰਾ ਭਤੀਜਾ ਹੈ, ਇਸ ਲਈ ਮੈਂ ਉਸ ਲੜਕੇ ਬਾਰੇ ਤੁਹਾਡੇ ਧਿਆਨ ਵਿਚ ਲਿਆਉਣਾ ਚਾਹੁੰਦਾ ਹਾਂ। ਇਹ ਲੜਕਾ ਸਿੱਖ ਨਹੀਂ ਹੈ, ਨਾ ਉਸ ਦਾ ਬਾਪ ਸਿੱਖ ਸੀ। ਮੈਂ ਸਮਝਦਾ ਹਾਂ ਕਿ ਤੁਹਾਨੂੰ ਪਤਾ ਹੀ ਹੈ ਕਿ ਜੱਟ ਸਿੱਖ ਵੀ ਹਨ ਅਤੇ ਹਿੰਦੂ ਵੀ। ਉਸ ਦੇ ਮਾਪੇ ਮਰ ਚੁੱਕੇ ਹਨ। ਹਿੰਦੁਸਤਾਨ ਵਿਚ ਉਸ ਦੀ ਕੇਵਲ ਇਕ ਭੈਣ ਹੈ। ਉਸ ਨੇ ਅਮਰੀਕਾ ਵਿੱਚ ਪੜਾਈ ਕਰਨ ਲਈ ਮੈਥੋਂ ਪੈਸੇ ਮੰਗੇ ਸਨ ਜੋ ਮੈਂ ਉਸ ਦੀ ਗਭਰੇਟ ਉਮਰ ਅਤੇ ਤਸੱਲੀਬਖਸ਼ ਪੱਧਰ ਦੀ ਸਿੱਖਿਆ ਪ੍ਰਾਪਤ ਨਾ ਹੋਣ ਕਾਰਨ ਦੇਣ ਤੋਂ ਇਨਕਾਰ ਕਰ ਦਿੱਤਾ ਸੀ। ਮੈਂ ਇਹ ਵੀ ਸੁਣਿਆ ਸੀ ਕਿ ਉਹ ਇਖਲਾਕੀ ਤੌਰ ਉੱਤੇ ਵੀ ਚੰਗਾ ਨਹੀਂ ਹੈ ਜਿਸ ਕਾਰਨ ਪੰਜਾਬ ਯੂਨੀਵਰਸਿਟੀ ਵਿਚੋਂ ਦੋ ਸਾਲ ਲਈ ਕੱਢ ਦਿੱਤਾ ਗਿਆ ਸੀ। ਮੇਰੇ ਪਿਤਾ ਨੇ ਉਸ ਨੂੰ ਅਮਰੀਕਾ ਵਿਚ ਪੜਾਈ ਕਰਨ ਲਈ ਪੈਸਾ ਦਿੱਤਾ ਪਰ ਉਹ ਗੱਭਰੂ ਹੋਣ ਅਤੇ ਧਾਰਮਿਕ ਸਿੱਖਿਆ ਤੋਂ ਹੀਣਾ ਹੋਣ ਕਾਰਨ ਬਹੁਤ ਭੈੜਾ ਵਿਅਕਤੀ ਬਣ ਗਿਆ ਹੈ ਅਤੇ ਹੁਣ ਅਮਨ ਦੇ ਦੁਸ਼ਮਣਾਂ ਦੇ ਹੱਥ ਦਾ ਖਿਡਾਉਣਾ ਬਣ ਗਿਆ ਹੈ।

"ਮੈਂ ਮੁੜ ਨਿਮਰਤਾ ਨਾਲ ਅਤੇ ਸੱਚੇ ਦਿਲੋਂ ਤੁਹਾਡੇ ਵੱਲੋਂ ਬਾਪ ਜੇਹੀ ਮਿਹਰਬਾਨੀ ਦਿਖਾਉਣ ਲਈ ਧੰਨਵਾਦ ਕਰਦਾ ਹਾਂ।" (ਦੋਵੇਂ ਪੱਤਰ ਅੰਗਰੇਜ਼ੀ ਤੋਂ ਅਨੁਵਾਦ ਕੀਤੇ ਗਏ ਹਨ।)

ਜ਼ਾਹਿਰ ਹੈ, ਉਨਾਂ ਦਿਨਾਂ ਵਿੱਚ ਦੇਸ਼ ਪ੍ਰੇਮ ਨੂੰ ਕਿੰਨਾ ਵੱਡਾ ਦੇਸ਼ ਧਰੋਹ ਸਮਝਿਆ ਜਾਂਦਾ ਸੀ ਅਤੇ ਇਸ ਰਾਹ ਉੱਤੇ ਚੱਲਣ ਵਾਲੇ ਦੇ ਸੰਬੰਧ ਵਿਚ ਉਸ ਦੇ ਆਪਣਿਆਂ ਦਾ ਖ਼ੂਨ ਵੀ ਕਿਵੇਂ ਚਿੱਟਾ ਹੋ ਜਾਂਦਾ ਸੀ। (ਹਵਾਲਾ ਐੱਨ.ਏ.ਆਈ. ਦਸੰਬਰ 1914 ਦੀ ਗ੍ਰਹਿ ਰਾਜਸੀ ਫਾਈਲ ਨੰ: 28)



# ਉਲੰਪੀਅਨ ਬਲਬੀਰ ਸਿੰਘ ਸੀਨੀਅਰ ਵਿਸ਼ਵ 'ਚ ਸਭ ਤੋਂ ਖਤਰਨਾਕ ਸੈਂਟਰ ਫਾਰਵਰਡ

## 'ਟੈਰਰ ਆਫ ਡੀ' ਖਿਡਾਰੀ ਵਜੋਂ ਮਾਨਤਾ ਮਿਲੀ

**- ਸੁਰਿੰਦਰਪਾਲ ਸਿੰਘ ਗੋਲਡੀ**

ਆਜ਼ਾਦੀ ਮਿਲਣ ਦੇ ਪੂਰੇ ਇੱਕ ਸਾਲ ਮਗਰੋਂ 12 ਅਗਸਤ, 1948 ਨੂੰ ਭਾਰਤੀ ਹਾਕੀ ਟੀਮ ਨੇ ਉਲੰਪਿਕਸ ਵਿਚ ਇਤਿਹਾਸ ਰਚਦਿਆਂ ਆਜ਼ਾਦ ਭਾਰਤ ਲਈ ਪਹਿਲਾ ਸੋਨ ਤਮਗਾ ਜਿੱਤਿਆ ਸੀ। ਸਮੂਹ ਭਾਰਤੀਆਂ ਨੂੰ ਬਹੁਤ ਖ਼ੁਸ਼ੀ ਮਿਲੀ ਸੀ, ਕਿਉਂਕਿ ਹਾਕੀ ਦੀ ਇਸ ਜਿੱਤ ਤੋਂ ਬਾਅਦ ਉਸ ਦੇਸ਼ ਇੰਗਲੈਂਡ ਵਿਚ ਭਾਰਤ ਦਾ ਝੰਡਾ ਝੁੱਲਿਆ ਸੀ, ਜਿਸ ਨੇ ਭਾਰਤ 'ਤੇ ਦੋ ਸਦੀਆਂ ਤੱਕ ਹਕੂਮਤ ਕੀਤੀ ਸੀ। ਬਲਬੀਰ ਸਿੰਘ ਦਾ ਇਸ ਬਾਰੇ ਕਹਿਣਾ ਸੀ ਕਿ ਹਾਕੀ ਦਾ ਮੈਚ ਜਿੱਤਣ ਤੋਂ ਬਾਅਦ ਵੈਂਬਲੇ ਵਿਚ ਹਜ਼ਾਰਾਂ ਬ੍ਰਿਟਿਸ਼ ਵਾਸੀਆਂ ਦੇ ਸਾਹਮਣੇ ਭਾਰਤ ਦਾ ਤਿਰੰਗਾ ਝੁੱਲਿਆ ਸੀ, ਤਦ ਮੈਨੂੰ ਆਜ਼ਾਦੀ ਦਾ ਅਹਿਸਾਸ ਹੋਇਆ ਸੀ। ਉਹ ਮੇਰੇ ਲਈ ਹੀ ਨਹੀਂ, ਸਮੂਹ ਭਾਰਤ ਵਾਸੀਆਂ ਲਈ ਵੀ ਬੇਹੱਦ ਮਾਣਮੱਤੇ ਛਿਣ ਸਨ ਅਤੇ ਤਦ ਭਾਰਤ ਦਾ ਰਾਸ਼ਟਰੀ ਗੀਤ ਵੀ ਗਾਇਆ ਸੀ। ਇੱਥੇ ਵਰਨਣਯੋਗ ਹੈ ਕਿ ਬਲਬੀਰ ਸਿੰਘ ਸੀਨੀਅਰ ਦੀ ਅਗਵਾਈ ਹੇਠ ਭਾਰਤ ਨੇ ਤਿੰਨ ਵਾਰ 1948, 1952 ਅਤੇ 1956 ਵਿਚ ਉਲੰਪਿਕਸ ਦੇ ਸੋਨ ਤਮਗੇ ਜਿੱਤੇ ਸਨ। ਦੇਸ਼ ਦੀ ਵੰਡ ਸਮੇਂ ਬਲਬੀਰ ਸਿੰਘ ਸੀਨੀਅਰ ਤਦ ਪੰਜਾਬ ਪੁਲਿਸ ਵਿਚ ਤਾਇਨਾਤ ਸਨ ਤੇ ਉਦੋਂ ਉਨ੍ਹਾਂ ਦੀ ਡਿਊਟੀ ਲੁਧਿਆਣਾ ਦੇ ਸਦਰ ਥਾਣਾ ਵਿਚ ਲੱਗੀ ਹੋਈ ਸੀ। ਦੇਸ਼ ਦੀ ਵੰਡ ਸਮੇਂ ਜਦੋਂ ਅੱਗਾਂ ਲੱਗ ਰਹੀਆਂ ਸਨ, ਕਤਲੋਗ਼ਾਰਤ ਹੋ ਰਹੀ ਸੀ, ਤਦ ਉਸ ਕਤਲੇਆਮ ਕਾਰਨ ਉਹ ਕਈ ਮਹੀਨੇ ਹਾਕੀ ਨਹੀਂ ਖੇਡ ਸਕੇ ਸਨ।

ਬਲਬੀਰ ਸਿੰਘ ਸੀਨੀਅਰ ਦਾ ਜਨਮ ਨਾਨਕਾ ਪਿੰਡ ਹਰੀਪੁਰ ਖਾਲਸਾ, ਜ਼ਿਲਾ ਮੋਗਾ ਵਿਚ ਅਕਤੂਬਰ 10, 1924 ਵਿਚ ਹੋਇਆ। ਬਲਬੀਰ ਸਿੰਘ ਦਾ ਪਿੰਡ ਪੁਆਧੜਾ, ਤਹਿਸੀਲ ਫਿਲੌਰ, ਜ਼ਿਲਾ ਜਲੰਧਰ ਵਿਚ ਪੈਂਦਾ ਹੈ। ਉਸ ਦੇ ਪਿਤਾ ਦਲੀਪ ਸਿੰਘ ਦੁਸਾਂਝ ਸੁਤੰਤਰਤਾ ਸੈਨਾਨੀ ਸਨ। ਬਲਬੀਰ ਸਿੰਘ ਦੀ ਪਤਨੀ ਸੁਸ਼ੀਲ ਕੌਰ ਲਾਹੌਰ ਤੋਂ ਸਨ। ਬਲਬੀਰ ਸਿੰਘ ਸੀਨੀਅਰ ਇਸ ਸਮੇਂ ਸੈਕਟਰ-36, ਚੰਡੀਗੜ੍ਹ ਵਿਚ ਬੇਟੀ ਸੁਸ਼ਬੀਰ ਕੌਰ ਤੇ ਦੋਹਤੇ ਕਬੀਰ ਸਿੰਘ ਨਾਲ ਰਹਿੰਦੇ ਸਨ। ਉਨ੍ਹਾਂ ਦੇ ਤਿੰਨੇ ਬੇਟੇ ਕੰਵਲਬੀਰ ਸਿੰਘ, ਕਰਨਬੀਰ ਸਿੰਘ ਅਤੇ ਗੁਰਬੀਰ ਸਿੰਘ ਕੈਨੇਡਾ ਦੇ ਸ਼ਹਿਰ ਵੈਨਕੂਵਰ ਵਿਚ ਸੈਟਲ ਹਨ। ਮੋਗਾ ਦੇ ਦੇਵ ਸਮਾਜ ਹਾਈ ਸਕੂਲ ਤੋਂ ਮੁੱਢਲੀ ਪੜਾਈ ਕਰਨ ਵਾਲੇ ਓਲੰਪੀਅਨ ਬਲਬੀਰ ਸਿੰਘ ਦੁਸਾਂਝ ਨੇ ਉਚੇਰੀ ਸਿੱਖਿਆ ਡੀਐਫ ਕਾਲਜ ਮੋਗਾ, ਸਿੱਖ ਨੈਸ਼ਨਲ ਕਾਲਜ ਲਾਹੌਰ ਅਤੇ ਖਾਲਸਾ ਕਾਲਜ ਅੰਮ੍ਰਿਤਸਰ ਤੋਂ ਹਾਸਲ ਕੀਤੀ। ਬਲਬੀਰ ਸਿੰਘ ਦੇ ਪਿਤਾ ਚਾਹੁੰਦੇ ਸਨ ਕਿ ਉਹ ਵਧੀਆ ਸਿੱਖਿਆ ਹਾਸਲ ਕਰਕੇ ਚੰਗੇ ਸਰਕਾਰੀ ਅਹੁਦੇ 'ਤੇ ਤੈਨਾਤ ਹੋਵੇ ਪਰ ਇਸ ਦੇ ਉਲਟ ਬਲਬੀਰ ਸਿੰਘ ਬਹੁਤਾ ਸਮਾਂ ਮੈਦਾਨ ਵਿਚ ਹਾਕੀ ਖੇਡਣ ਵਿਚ ਮਗਨ ਰਹਿੰਦਾ ਸੀ। ਇਸੇ ਪ੍ਰੇਸ਼ਾਨੀ ਤੋਂ ਮਾਪਿਆਂ ਨੇ ਬਲਬੀਰ ਸਿੰਘ ਨੂੰ ਡੀਐਫ ਕਾਲਜ ਮੋਗਾ ਤੋਂ ਸ਼ਿਫਟ ਕਰਕੇ ਸਿੱਖ ਨੈਸ਼ਨਲ ਕਾਲਜ ਲਾਹੌਰ ਵਿਚ ਦਾਖਲ ਕਰਵਾ ਦਿੱਤਾ। ਇਸ ਦੇ ਬਾਵਜੂਦ ਬਲਬੀਰ ਸਿੰਘ ਦਾ ਖੇਡਣ ਦਾ ਉਤਸ਼ਾਹ ਮੱਠਾ ਨਹੀਂ ਪਿਆ ਅਤੇ ਉਸ ਨੇ ਬਿਨਾਂ ਨਾਗਾ ਹਾਕੀ ਖੇਡਣੀ ਜਾਰੀ ਰੱਖੀ। ਇਸ ਦਾ ਸਿੱਟਾ ਇਹ ਨਿਕਲਿਆ ਕਿ ਉਹ ਐਫਏ ਵਿਚ ਫੇਲ ਹੋ ਗਿਆ। ਹਾਕੀ ਕੋਚ ਹਰਬੇਲ ਸਿੰਘ ਦੇ ਕਹਿਣ 'ਤੇ ਬਲਬੀਰ ਸਿੰਘ ਨੂੰ ਲਾਹੌਰ ਤੋਂ ਖਾਲਸਾ ਕਾਲਜ ਅੰਮ੍ਰਿਤਸਰ ਵਿਚ ਪੜਨੇ ਪਾਇਆ ਗਿਆ। ਸਿਖ ਲਾਇਰ ਹਰਬੇਲ ਸਿੰਘ ਹੀ ਬਲਬੀਰ ਸਿੰਘ ਦਾ ਮੁੱਢਲਾ ਹਾਕੀ ਕੋਚ ਸੀ, ਜਿਸ ਤੋਂ ਸਿਖਲਾਈ ਲੈਣ ਸਦਕਾ ਬਲਬੀਰ ਸਿੰਘ ਦੁਨੀਆਂ ਦੀ ਹਾਕੀ ਵਿਚ ਨਿਵੇਕਲੀ ਤੋਰ ਤੁਰਿਆ। ਬਲਬੀਰ ਸਿੰਘ ਨੇ ਰਾਸ਼ਟਰੀ ਹਾਕੀ ਖੇਡਣ ਵਿਚ ਪੰਜਾਬ ਯੂਨੀਵਰਸਿਟੀ, ਪੰਜਾਬ ਪੁਲੀਸ ਤੇ ਪੰਜਾਬ ਸਟੇਟ ਦੀ ਹਾਕੀ ਟੀਮ ਦੀ ਨੁਮਾਇੰਦਗੀ ਕੀਤੀ।

### ਵੱਡੀਆਂ ਪ੍ਰਾਪਤੀਆਂ

ਕੌਮੀ ਤੇ ਕੌਮਾਂਤਰੀ ਹਾਕੀ ਦੇ ਗਲਿਆਰਿਆਂ ਵਿਚ ਬਲਬੀਰ ਸਿੰਘ ਸੀਨੀਅਰ ਦਾ ਵੱਡਾ ਨਾਮ ਸੀ। ਹਾਕੀ ਦੇ ਜਾਦੂਗਰ ਮੇਜਰ ਧਿਆਨ ਚੰਦ ਸਿੰਘ ਤੋਂ ਬਾਅਦ ਬਲਬੀਰ ਸਿੰਘ ਸੀਨੀਅਰ ਦੂਜੇ ਖਿਡਾਰੀ ਹਨ, ਜਿਨ੍ਹਾਂ ਨੂੰ ਬਤੌਰ ਖਿਡਾਰੀ, ਉਪ-ਕਪਤਾਨ ਤੇ ਕਪਤਾਨ ਵਜੋਂ ਓਲੰਪਿਕ ਹਾਕੀ ਦੇ ਤਿੰਨ ਗੋਲਡ ਮੈਡਲ ਜਿੱਤਣ ਦਾ ਮੁਕਾਮ ਹਾਸਲ ਹੋਇਆ। ਆਲਮੀ ਹਾਕੀ ਵਿਚ ਬਲਬੀਰ ਸਿੰਘ ਸੀਨੀਅਰ ਨੂੰ ਭਾਰਤ ਦੇ ਦੂਜੇ ਧਿਆਨ ਚੰਦ ਸਿੰਘ ਦਾ ਰੁਤਬਾ ਹਾਸਲ ਹੋਇਆ। ਮਸ਼ਹੂਰ ਕੁਮੈਂਟੇਟਰ ਜਸਦੇਵ ਸਿੰਘ ਵਲੋਂ ਬਲਬੀਰ ਸਿੰਘ ਨਾਲ ਸੀਨੀਅਰ ਦਾ ਤਖ਼ੱਲਸ ਲਾਇਆ ਗਿਆ। ਟੋਕੀਓ 1958 ਦੀਆਂ ਏਸ਼ੀਅਨ ਖੇਡਾਂ ਵਿਚ ਕਪਤਾਨ ਬਲਬੀਰ ਸਿੰਘ ਸੀਨੀਅਰ ਦੀ ਕਪਤਾਨੀ ਵਿਚ ਸੰਸਾਰਪੁਰ ਦਾ ਬਲਬੀਰ ਸਿੰਘ ਟੀਮ ਦੇ ਦਸਤੇ ਵਿਚ ਸ਼ਾਮਲ ਸੀ। ਕੁਮੈਂਟੇਟਰ ਜਸਦੇਵ ਸਿੰਘ ਵਲੋਂ ਬਲਬੀਰ ਸਿੰਘ ਦੁਸਾਂਝ ਨੂੰ 'ਸੀਨੀਅਰ' ਅਤੇ ਦੂਜੇ ਬਲਬੀਰ ਸਿੰਘ ਕੁਲਾਰ ਨੂੰ 'ਜੂਨੀਅਰ' ਦਾ ਨਾਮ ਦਿੱਤਾ ਗਿਆ।

ਬਲਬੀਰ ਸਿੰਘ ਸੀਨੀਅਰ ਨੂੰ ਭਾਗਾਂਵਾਲਾ ਖਿਡਾਰੀ ਇਸ ਕਰਕੇ ਕਿਹਾ ਜਾਂਦਾ ਸੀ ਕਿਉਂਕਿ ਉਨ੍ਹਾਂ ਤੋਂ ਬਾਅਦ ਜਿਹੜਾ ਵੀ ਬਲਬੀਰ ਨਾਂ ਦਾ ਨੌਜਵਾਨ ਹਾਕੀ ਹੱਥ ਫੜ ਮੈਦਾਨ ਵਿਚ ਨਿੱਤਰਿਆ, ਉਸ 'ਤੇ ਹਾਕੀ ਦੇ ਦੇਵਤਾ ਨੇ ਆਪਣੀ ਖੇਡ ਦਿਆਲਤਾ ਦਾ ਅਜਿਹਾ ਹੱਥ ਰੱਖਿਆ ਕਿ ਉਹ ਰਾਤੋ-





ਰਾਤ ਹਾਕੀ ਦਾ ਸਟਾਰ ਖਿਡਾਰੀ ਬਣ ਨਿਕਲਿਆ। ਇਕ ਖੇਡ ਦੌਰ ਅਜਿਹਾ ਵੀ ਆਇਆ ਜਦੋਂ ਹਾਕੀ ਖੇਡਦੇ ਸਮੇਂ ਮੈਦਾਨ ਵਿਚੋਂ ਖਿਡਾਰੀਆਂ ਦੇ ਮੂੰਹੋਂ ਬਾਲ ਦੇਈਂ ਬੀਰਿਆ, ਫੜੀਂ ਬੀਰਿਆ, ਰੋਕੀਂ ਬੀਰਿਆ, ਗੋਲ ਕਰੀਂ ਬੀਰਿਆ ਆਦਿ ਦੀਆਂ ਆਵਾਜ਼ਾਂ ਆਮ ਸੁਣਨ ਨੂੰ ਮਿਲਦੀਆਂ ਸਨ। ਇਕ ਵਾਰ ਦਿੱਲੀ ਦੇ ਨਹਿਰੂ ਕੌਮੀ ਹਾਕੀ ਕੱਪ ਵਿਚ ਜਦੋਂ ਵੱਖ-ਵੱਖ ਟੀਮਾਂ ਵਲੋਂ ਨੌਂ ਬਲਬੀਰ ਹਾਕੀ ਖੇਡਣ ਲਈ ਮੈਦਾਨ ਵਿਚ ਨਿੱਤਰੇ ਤਾਂ ਟੂਰਨਾਮੈਂਟ ਦਾ ਅੱਖੀ ਡਿੱਠਾ ਹਾਲ ਸੁਣਾ ਰਹੇ ਕੁਮੈਂਟੇਟਰਾਂ ਨੂੰ ਬਲਬੀਰਾਂ ਦੀ ਮੈਦਾਨੀ ਖੇਡ ਦੀ ਚਰਚਾ ਕਰਨ ਵਿਚ ਵੱਡੀ ਕਠਿਨਾਈ ਦਾ ਸਾਹਮਣਾ ਕਰਨਾ ਪਿਆ। ਪਰ ਹਾਕੀ ਦੇ ਨਾਮੀਂ ਕੁਮੈਂਟੇਟਰ ਜਸਦੇਵ ਸਿੰਘ ਵਲੋਂ ਤੋੜ ਲੱਭਦੇ ਹੋਏ ਬਲਬੀਰਾਂ ਨੂੰ ਬਲਬੀਰ ਸੀਨੀਅਰ, ਬਲਬੀਰ ਜੂਨੀਅਰ, ਬਲਬੀਰ ਪੰਜਾਬ ਪੁਲਿਸਵਾਲਾ, ਬਲਬੀਰ ਰੇਲਵੇ ਵਾਲਾ, ਬਲਬੀਰ ਸੈਨਾਵਾਲਾ, ਬਲਬੀਰ ਦਿੱਲੀ ਵਾਲਾ ਅਤੇ ਬਲਬੀਰ ਨੇਵੀ ਵਾਲਾ ਦੇ ਨਾਵਾਂ ਨਾਲ ਕਲਾਸੀਫਿਕੇਸ਼ਨ ਕਰਕੇ ਬੁੱਤਾ ਸਾਰਿਆ ਗਿਆ।

ਸਪੇਨ ਦੇ ਸ਼ਹਿਰ ਵਿਚ ਮੈਡਰਿਡ-1967 ਵਿਚ ਪ੍ਰਿਥੀਪਾਲ ਸਿੰਘ ਕਪਤਾਨੀ ਹੇਠ ਅੱਠ ਦੇਸ਼ਾਂ ਹਾਕੀ ਮੁਕਾਬਲਾ ਖੇਡਣ ਵਾਲੀ ਭਾਰਤੀ ਹਾਕੀ ਟੀਮ ਨਾਲ ਚਾਰ ਬਲਬੀਰਾਂ ਨੂੰ ਹਾਕੀ ਮੈਦਾਨ ਵਿਚ ਖੇਡ ਪੈਲਾਂ ਪਾਉਣ ਦਾ ਮਾਣ ਹਾਸਲ ਹੋਇਆ। ਸਪੇਨ ਵਿਚ ਅੱਠ ਦੇਸ਼ਾਂ ਹਾਕੀ ਟੂਰਨਾਮੈਂਟ ਵਿਚ ਚੈਂਪੀਅਨ ਰਹੀ ਭਾਰਤੀ ਟੀਮ ਵਿਚ ਚਾਰ ਬਲਬੀਰ ਸ਼ਾਮਲ ਸਨ। ਬੈਂਕਾਕ-1966 ਦੀਆਂ ਪੰਜਵੀਆਂ ਏਸ਼ਿਆਈ ਖੇਡਾਂ ਵਿਚ ਜਦੋਂ ਭਾਰਤੀ ਹਾਕੀ ਟੀਮ ਨੇ ਪਾਕਿਸਤਾਨੀ ਖਿਡਾਰੀਆਂ ਨੂੰ 1-0 ਗੋਲ ਨਾਲ ਹਰਾ ਕੇ ਜਦੋਂ ਪਲੇਠਾ ਸੋਨ ਤਗਮਾ ਜਿੱਤਿਆ ਤਾਂ ਪੰਜਾਬ ਦੇ ਤਿੰਨ ਬਲਬੀਰਾਂ, ਬਲਬੀਰ ਸਿੰਘ ਕੁਲਾਰ ਸੈਨਾਵਾਲਾ, ਬਲਬੀਰ ਸਿੰਘ ਕੁਲਾਰ ਪੰਜਾਬ ਪੁਲੀਸ ਵਾਲਾ ਅਤੇ ਬਲਬੀਰ ਸਿੰਘ ਗਰੇਵਾਲ ਰੇਲਵੇ ਵਾਲਾ ਨੇ ਵੀ ਹੱਥ 'ਤੇ ਜਿੱਤ ਦਾ ਗਾਨਾ ਬੰਨਣ ਲਈ ਚੰਗੇ ਖੇਡ ਜੌਹਰ ਵਿਖਾਏ। ਹਾਕੀ ਖੇਡਣ ਵਾਲੇ ਦਿੱਲੀ ਦੇ ਪਹਿਲੇ ਬਲਬੀਰ ਨੂੰ 1935 ਵਿਚ ਗੁਲਾਮ ਭਾਰਤ ਦੀ ਕੌਮੀ ਹਾਕੀ ਟੀਮ ਨਾਲ ਅਫਗਾਨਿਸਤਾਨ ਵਿਚ ਹਾਕੀ ਟੈਸਟ ਲੜੀ ਖੇਡਣ ਦਾ ਮੌਕਾ ਮਿਲਿਆ। ਦਿੱਲੀ ਵਾਲੇ ਬਲਬੀਰ ਤੋਂ ਬਾਅਦ ਬਲਬੀਰ ਸਿੰਘ ਸੀਨੀਅਰ ਅਤੇ ਬਲਬੀਰ ਸਿੰਘ ਕੁਲਾਰ ਜੂਨੀਅਰ ਸਨ, ਜਿਨ੍ਹਾਂ ਆਪਣੀ ਲਾਸਾਨੀ ਖੇਡ ਨਾਲ ਆਲਮੀ ਹਾਕੀ ਵਿਚ ਇਕ ਸੁਨਹਿਰਾ ਪੰਨਾ ਜੋੜਿਆ। ਉਂਜ ਕੌਮੀ ਅਤੇ ਕੌਮਾਂਤਰੀ ਹਾਕੀ ਖੇਡਣ ਵਾਲੇ ਬਲਬੀਰਾਂ ਦੀ ਗਿਣਤੀ ਨੌਂ ਹੈ। ਇਕ ਵਾਰ ਦਿੱਲੀ ਦੇ ਨਹਿਰੂ ਕੌਮੀ ਹਾਕੀ ਕੱਪ ਵੱਖ-ਵੱਖ ਟੀਮਾਂ ਵਲੋਂ ਨੌਂ ਬਲਬੀਰ ਹਾਕੀ ਖੇਡਣ ਲਈ ਮੈਦਾਨ ਵਿਚ ਨਿੱਤਰੇ ਸਨ। ਜਲੰਧਰ ਜ਼ਿਲੇ ਦੇ ਪਿੰਡ ਸੰਸਾਰਪੁਰ ਦੇ ਤਿੰਨ ਬਲਬੀਰਾਂ 'ਤੇ ਕੌਮਾਂਤਰੀ ਹਾਕੀ ਖੇਡਣ ਦਾ ਸਟਾਰ ਲੱਗਿਆ। ਇਨ੍ਹਾਂ ਬਲਬੀਰਾਂ ਵਿਚ ਬਲਬੀਰ ਸਿੰਘ ਸੀਨੀਅਰ ਤੋਂ ਇਲਾਵਾ ਤਿੰਨ ਹੋਰ ਬਲਬੀਰਾਂ, ਬਲਬੀਰ ਸਿੰਘ ਕੁਲਾਰ ਸੈਨਾਵਾਲਾ, ਬਲਬੀਰ ਸਿੰਘ ਕੁਲਾਰ ਪੰਜਾਬ ਪੁਲੀਸ ਵਾਲਾ ਅਤੇ ਬਲਬੀਰ ਸਿੰਘ ਗਰੇਵਾਲ ਰੇਲਵੇ ਵਾਲਾ ਦੀ ਪਿੱਠ 'ਤੇ ਓਲੰਪੀਅਨ ਹਾਕੀ ਖਿਡਾਰੀ ਦਾ ਠੱਪਾ ਲੱਗਿਆ। ਬਲਬੀਰ ਸਿੰਘ ਸੀਨੀਅਰ ਨੂੰ ਵਿਸ਼ਵ ਦਾ ਸਭ ਤੋਂ ਖਤਰਨਾਕ ਸੈਂਟਰ ਫਾਰਵਰਡ ਮੰਨਿਆ ਗਿਆ, ਜਿਸ ਕਰਕੇ ਉਸ ਨੂੰ 'ਟੈਰਰ ਆਫ ਡੀ' ਖਿਡਾਰੀ ਵਜੋਂ ਮਾਨਤਾ ਵੀ ਮਿਲੀ। 'ਪਦਮਸ਼੍ਰੀ ਤੇ ਅਰਜੁਨਾ ਅਵਾਰਡੀ' ਬਲਬੀਰ ਸਿੰਘ ਸੀਨੀਅਰ ਨੇ ਲੰਡਨ-1948, ਹੇਲਸਿੰਕੀ-1952 ਅਤੇ ਮੈਲਬਰਨ-1956 ਦੇ ਲਗਾਤਾਰ ਤਿੰਨ ਓਲੰਪਿਕ ਅਡੀਸ਼ਨਾਂ ਵਿਚ ਸ਼ਮੂਲੀਅਤ ਕਰਕੇ ਓਲੰਪਿਕ ਸੋਨ ਤਗਮਿਆਂ ਦੀ ਹੈਟ੍ਰਿਕ ਜੜਨ ਦਾ ਖੇਡ ਕਾਰਨਾਮਾ ਕੀਤਾ ਹੋਇਆ ਹੈ।

ਹੇਲਸਿੰਕੀ ਤੇ ਮੈਲਬਰਨ ਓਲੰਪਿਕ ਵਿਚ ਜਿਥੇ ਉਹ ਮਾਰਚ ਪਾਸਟ ਵਿਚ ਭਾਰਤੀ ਖੇਡ ਦਾ ਦਲ ਦਾ ਝੰਡਾਬਰਦਾਰ ਰਹੇ ਉਥੇ ਮੈਲਬਰਨ ਓਲੰਪਿਕ ਵਿਚ ਹਾਕੀ ਟੀਮ ਦੇ ਕਮਾਨ ਵੀ ਬਲਬੀਰ ਸੀਨੀਅਰ ਦੇ ਹੱਥ ਸੀ। ਲੰਡਨ ਓਲੰਪਿਕ ਵਿਚ ਬਲਬੀਰ ਸੀਨੀਅਰ ਨੇ 13 ਗੋਲਾਂ ਵਿਚੋਂ ਆਪਣੀ ਹਾਕੀ ਵਿਚੋਂ 8 ਗੋਲ ਕੱਢੇ ਅਤੇ ਹੇਲਸਿੰਕੀ ਓਲੰਪਿਕ ਵਿਚ 13 ਵਿਚੋਂ 9 ਗੋਲ ਕਰਨ ਦਾ ਸੁਭਾਗ ਪ੍ਰਾਪਤ ਕੀਤਾ। 1954 ਦੇ ਸਿੰਘਾਪੁਰ ਤੇ ਮਲੇਸ਼ੀਆ ਟੂਰ ਵਿਚ 16 ਮੈਚਾਂ ਵਿਚ 121 ਵਿਚੋਂ 83 ਗੋਲ ਤੇ 1955 ਵਿਚ ਨਿਊਜ਼ੀਲੈਂਡ ਤੇ ਆਸਟਰੇਲੀਆ ਟੂਰ ਵਿਚ 37 ਮੈਚਾਂ 203 ਵਿਚੋਂ 141 ਗੋਲ ਬਲਬੀਰ ਸਿੰਘ ਦੇ ਖਾਤੇ ਵਿਚ ਜਮਾਂ ਹੋਏ।

### ਫਾਊਲ ਨਹੀਂ ਖੇਡਦੇ ਸਨ ਬਲਬੀਰ ਸਿੰਘ

ਬਲਬੀਰ ਸਿੰਘ ਸੀਨੀਅਰ ਦੀ ਖੇਡ ਦੀ ਖ਼ੁਸ਼ਕਿਸਮਤੀ ਇਹ ਵੀ ਰਹੀ ਕਿ ਕੌਮੀ ਤੇ ਕੌਮਾਂਤਰੀ ਹਾਕੀ ਖੇਡਦਿਆਂ ਰੈਫਰੀ ਵਲੋਂ ਉਸ ਨੂੰ ਫਾਊਲ ਖੇਡਣ ਕਰਕੇ ਕਦੇ ਵੀ ਚਿਤਾਵਨੀ ਵਜੋਂ ਰੈਡ ਜਾਂ ਪੀਲਾ ਕਾਰਡ ਨਹੀਂ ਵਿਖਾਇਆ ਗਿਆ। ਅਜੀਤਪਾਲ ਸਿੰਘ ਦੀ ਕਪਤਾਨੀ ਵਿਚ ਜਦੋਂ ਭਾਰਤੀ ਟੀਮ ਨੇ ਵਿਸ਼ਵ ਕੱਪ ਜਿੱਤਿਆ ਤਾਂ ਟੀਮ ਦੇ ਮੈਨੇਜਰ ਤੇ ਮੁੱਖ ਕੋਚ ਬਲਬੀਰ ਸੀਨੀਅਰ ਹੀ ਸਨ। ਵਿਸ਼ਵ ਕੱਪ ਖੇਡਣ ਲਈ ਕੁਆਲਾਲੰਪੁਰ ਜਾਣ ਤੋਂ ਪਹਿਲਾਂ ਇਕ ਅਣਹੋਣੀ ਇਹ ਹੋਈ ਕਿ ਉਨ੍ਹਾਂ ਦੇ ਪਿਤਾ ਗਿਆਨੀ ਦਲੀਪ ਸਿੰਘ ਦੁਸਾਂਝ ਪ੍ਰਲੋਕ ਸਿਧਾਰ ਗਏ। ਬਲਬੀਰ ਸਿੰਘ ਨੇ ਪਿਤਾ ਦਾ ਅੰਤਮ ਸਸਕਾਰ ਆਪਣੇ ਹੱਥੀਂ ਕੀਤਾ ਪਰ ਅੰਤਿਮ ਅਰਦਾਸ ਰਸਮ ਕੁਆਲਾਲੰਪੁਰ ਵਿਸ਼ਵ ਕੱਪ ਜਿੱਤਣ ਤੋਂ ਬਾਅਦ ਕੀਤੀ। ਦਿੱਲੀ-1982 ਦੀਆਂ ਏਸ਼ੀਅਨ ਖੇਡਾਂ ਮੌਕੇ ਬਲਬੀਰ ਸਿੰਘ ਸੀਨੀਅਰ ਨੂੰ ਖੇਡਾਂ ਦੀ ਮਸ਼ਾਲ ਜਗਾਉਣ ਦਾ ਮਾਣ ਦਿੱਤਾ ਗਿਆ। ਮਾਸਕੋ ਓਲੰਪਿਕ-1980, ਲੰਡਨ ਵਿਸ਼ਵ ਕੱਪ-1986 ਤੇ ਬਰਲਿਨ ਚੈਂਪੀਅਨਜ਼ ਹਾਕੀ ਟਰਾਫੀ ਮੌਕੇ ਕੌਮਾਂਤਰੀ ਖੇਡ ਅਧਿਕਾਰੀਆਂ ਵਲੋਂ ਉਨ੍ਹਾਂ ਦੀਆਂ ਖੇਡ ਸੇਵਾਵਾਂ ਨੂੰ ਮੁੱਖ ਰੱਖਦਿਆਂ 'ਸਪੈਸ਼ਲ ਗੈਸਟ ਆਫ ਆਨਰ' ਦਿੱਤਾ ਗਿਆ। ਬਲਬੀਰ ਸਿੰਘ ਸੀਨੀਅਰ ਨੂੰ ਵਿਸ਼ਵ ਦਾ ਸਭ ਤੋਂ ਖਤਰਨਾਕ ਸੈਂਟਰ ਫਾਰਵਰਡ ਮੰਨਿਆ ਗਿਆ। ਬਲਬੀਰ ਸਿੰਘ ਇੰਡੀਆ ਦਾ ਇਕਲੌਤਾ ਪਲੇਅਰ ਹੈ, ਜਿਸ ਨੂੰ ਕੁੱਲ ਆਲਮ ਦੇ 16 ਆਈਕੋਨ ਹਾਕੀ ਖਿਡਾਰੀਆਂ ਵਿਚ ਸਥਾਨ ਨਸੀਬ ਹੋਇਆ। 2006 ਵਿਚ ਬਲਬੀਰ ਸਿੰਘ ਨੂੰ 'ਬੈਸਟ ਸਿੱਖ ਹਾਕੀ ਪਲੇਅਰ' ਦਾ ਖਿਤਾਬ ਦਿੱਤਾ ਗਿਆ। ਕੌਮੀ ਅਤੇ ਕੌਮਾਂਤਰੀ ਫੀਲਡ ਹਾਕੀ ਨੂੰ ਦਿੱਤੀਆਂ ਲਾਸ਼ਾਨੀਆ ਖੇਡ ਸੇਵਾਵਾਂ ਬਦਲੇ ਕੇਂਦਰੀ ਖੇਡ ਮੰਤਰਾਲੇ ਵਲੋਂ ਬਲਬੀਰ ਸਿੰਘ ਸੀਨੀਅਰ ਨੂੰ 'ਅਰਜੁਨਾ ਐਵਾਰਡ' ਅਤੇ 1957 ਵਿਚ 'ਪਦਮਸ਼੍ਰੀ' ਦੇ ਵਕਾਰੀ ਖੇਡ ਸਨਮਾਨਾਂ ਨਾਲ ਨਵਾਜਿਆ ਗਿਆ। 2015 ਵਿਚ ਓਲੰਪੀਅਨ ਬਲਬੀਰ ਸਿੰਘ ਨੂੰ 'ਇੰਡੀਅਨ ਸਪੋਰਟਸਮੈਨ ਆਫ ਦਿ ਟਵੰਟੀਅਥ ਸੈਂਚਰੀ' ਨਾਮਜ਼ਦ ਕੀਤਾ ਗਿਆ। ਬਲਬੀਰ ਸਿੰਘ ਸੀਨੀਅਰ ਨੇ ਤਿੰਨ ਵਾਰ ਓਲੰਪਿਕ ਹਾਕੀ ਅਤੇ ਇਕ ਵਾਰ ਏਸ਼ਿਆਈ ਖੇਡਾਂ ਵਿਚ ਕੌਮੀ ਹਾਕੀ ਟੀਮ ਦੀ ਨੁਮਾਇੰਦਗੀ ਕੀਤੀ।

ਬਲਬੀਰ ਸਿੰਘ ਸੀਨੀਅਰ ਫੀਲਡ ਹਾਕੀ ਵਿਚ ਦੁਨੀਆਂ ਦਾ ਇਕੋ ਇਕ ਸਟਾਰ ਖਿਡਾਰੀ ਹੈ, ਜਿਸ ਨੂੰ ਬਤੌਰ ਖਿਡਾਰੀ, ਉਪ-ਕਪਤਾਨ, ਕਪਤਾਨ ਅਤੇ ਟੀਮ ਸਿਖਲਾਇਰ ਵਜੋਂ ਭਾਰਤੀ ਹਾਕੀ ਟੀਮ ਨੂੰ ਓਲੰਪਿਕ ਅਤੇ ਵਿਸ਼ਵ ਚੈਂਪੀਅਨ ਬਣਾਉਣ ਦਾ ਮਾਣ ਨਸੀਬ ਹੋਇਆ। ਬਲਬੀਰ ਸਿੰਘ ਸੀਨੀਅਰ ਦੀ ਕਪਤਾਨੀ ਵਿਚ ਟੋਕੀਓ ਏਸ਼ਿਆਈ ਖੇਡਾਂ ਦੇ ਪਲੇਠੇ ਹਾਕੀ ਮੁਕਾਬਲੇ ਵਿਚ ਭਾਰਤੀ ਟੀਮ ਨੇ ਚਾਂਦੀ ਦਾ ਮੈਡਲ ਹਾਸਲ ਕੀਤਾ। ਬਲਬੀਰ ਸਿੰਘ ਨੇ 1977 ਵਿਚ 'ਦਿ ਗੋਲਡਨ ਹੈਟਰਿਕ' ਤੇ 2008 ਵਿਚ 'ਦਿ ਗੋਲਡਨ ਯਾਰਡ ਸਟਿੱਕ' ਹਾਕੀ ਨਾਲ ਸਬੰਧਤ ਦੋ ਕਿਤਾਬਾਂ ਵੀ ਲਿਖੀਆਂ। ਲੰਡਨ-1948 ਓਲੰਪਿਕ ਵਿਚ ਅਰਜਨਟੀਨਾ ਵਿਰੁੱਧ ਬਲਬੀਰ ਸਿੰਘ ਨੇ ਕਰੀਅਰ ਦੇ ਪਲੇਠੇ ਓਲੰਪਿਕ ਮੈਚ ਵਿਚ 6 ਗੋਲਾਂ ਨਾਲ ਡਬਲ ਹੈਟਰਿੱਕ ਪੂਰੀ ਕਰਕੇ ਖੇਡ ਹਲਕਿਆਂ ਨੂੰ ਸੁੰਨ ਕਰ ਦਿੱਤਾ। ਕਪਤਾਨ ਕਿਸ਼ਨ ਸਿੰਘ ਦੀ ਅਗਵਾਈ ਵਿਚ ਭਾਰਤੀ ਟੀਮ ਨੇ 9-1 ਗੋਲ ਅੰਤਰ ਦੀ ਸਕੋਰ ਲਾਈਨ ਨਾਲ ਮੈਚ 'ਤੇ ਜਿੱਤ ਦੀ ਮੋਹਰ ਲਾਈ। ਇਸ ਓਲੰਪਿਕ ਅਡੀਸ਼ਨ ਵਿਚ ਮੇਜ਼ਬਾਨ ਬ੍ਰਿਟੇਨ ਦੀ ਟੀਮ ਨਾਲ ਖੇਡੇ ਫਾਈਨਲ ਮੈਚ ਬਲਬੀਰ ਸਿੰਘ ਦੀ ਹਾਕੀ ਵਿਚੋਂ ਫੇਰ ਦੋ ਗੋਲ ਨਿਕਲੇ। ਓਲੰਪਿਕ ਚੈਂਪੀਅਨ ਬਣੀ ਕੌਮੀ ਟੀਮ ਨੇ ਮੈਚ 4-0 ਗੋਲ ਜਿੱਤ ਕੇ ਸੋਨ ਤਗਮਾ 'ਤੇ ਕਬਜ਼ਾ ਜਮਾਇਆ। ਬਲਬੀਰ ਸਿੰਘ ਸੀਨੀਅਰ ਫਾਈਨਲ ਵਿਚ ਮੇਜ਼ਬਾਨ ਬ੍ਰਿਟੇਨ ਦੀ ਟੀਮ 'ਤੇ ਨਿੱਜੀ ਦੋ ਗੋਲ ਦਾਗਣ ਨੂੰ ਖੇਡ ਕਰੀਅਰ ਦੀ ਸ਼ਾਨਦਾਰ ਪਾਰੀ ਮੰਨਦਾ ਹੈ। ਹੇਲਸਿੰਕੀ-1952 ਖੇਡਣ ਵਾਲੀ ਕੌਮੀ ਹਾਕੀ ਟੀਮ ਵਿਚ ਬਲਬੀਰ ਸਿੰਘ ਸੀਨੀਅਰ ਨੂੰ ਉਪ-ਕਪਤਾਨ ਥਾਪਿਆ ਗਿਆ। ਕੇ.ਡੀ. ਸਿੰਘ ਬਾਬੂ ਕਮਾਨ ਵਿਚ ਕੌਮੀ ਹਾਕੀ ਟੀਮ ਨੇ ਸੋਨ ਤਗਮਾ ਜਿੱਤਣ ਵਿਚ ਸਫਲਤਾ ਹਾਸਲ ਕੀਤੀ। ਬ੍ਰਿਟੇਨ ਨਾਲ ਖੇਡੇ ਸੈਮੀਫਾਈਨਲ ਵਿਚ ਬਲਬੀਰ ਸਿੰਘ ਦੀ ਬਣਾਈ ਹੈਟਰਿਕ ਸਦਕਾ ਟੀਮ ਨੇ 3-1 ਨਾਲ ਜਿੱਤ ਦਰਜ ਕਰਕੇ ਫਾਈਨਲ ਖੇਡਣ ਦਾ ਟਿਕਟ ਕਟਾਇਆ।

ਇਸ ਓਲੰਪਿਕ ਮੁਕਾਬਲੇ ਵਿਚ ਸੋਨੇ ਦੇ ਮੈਡਲ ਲਈ ਹਾਲੈਂਡ ਨਾਲ ਖੇਡੇ ਮੈਚ ਵਿਚ ਸੈਂਟਰ ਫਾਰਵਰਡ ਬਲਬੀਰ ਸਿੰਘ ਸੀਨੀਅਰ ਨੇ ਫਾਈਨਲ ਵਿਚ ਪੰਜ ਗੋਲ ਕਰਕੇ ਨਵਾਂ ਓਲੰਪਿਕ ਰਿਕਾਰਡ ਸਿਰਜਿਆ। ਬਲਬੀਰ ਸਿੰਘ ਤੋਂ ਪਹਿਲਾਂ ਓਲੰਪਿਕ ਦੇ ਫਾਈਨਲ ਮੈਚ ਵਿਚ ਚਾਰ ਗੋਲ ਕਰਨ ਦਾ ਰਿਕਾਰਡ ਬ੍ਰਿਟੇਨ ਦੇ ਹਮਲਾਵਰ ਖਿਡਾਰੀ ਰਿਗੀ ਪਰਿਡਮੋਰ ਨੇ ਲੰਡਨ-1908 ਵਿਚ ਹੋਈਆਂ ਪਹਿਲੀਆਂ ਓਲੰਪਿਕ ਖੇਡਾਂ ਵਿਚ ਆਪਣੇ ਨਾਮ ਦਰਜ ਕਰਵਾਇਆ ਸੀ।

ਹੇਲਸਿੰਕੀ ਓਲੰਪਿਕ ਹਾਕੀ ਵਿਚ ਹਾਲੈਂਡ 'ਤੇ 6-1 ਗੋਲਾਂ ਨਾਲ ਜਿੱਤ ਕਰਨ ਵਾਲੀ ਭਾਰਤੀ ਹਾਕੀ ਟੀਮ ਵਲੋਂ ਪੂਰੇ ਮੁਕਾਬਲੇ ਵਿਚ ਕੀਤੇ 13 ਗੋਲਾਂ ਵਿਚੋਂ 9 ਗੋਲ ਬਲਬੀਰ ਸਿੰਘ ਸੀਨੀਅਰ ਦੀ ਸਟਿੱਕ ਵਿਚੋਂ ਨਿਕਲੇ ਸਨ।

ਬਲਬੀਰ ਸਿੰਘ ਸੀਨੀਅਰ ਦੀ ਕਪਤਾਨੀ ਵਿਚ ਮੈਲਬਰਨ-1956 ਦੀਆਂ ਓਲੰਪਿਕ ਖੇਡਾਂ ਵਿਚ ਕੌਮੀ ਟੀਮ ਨੇ ਸੋਨੇ ਦਾ ਤਗਮਾ ਹਾਸਲ ਕੀਤਾ। ਇਸ ਓਲੰਪਿਕ ਮੁਕਾਬਲੇ ਵਿਚ ਬਲਬੀਰ ਸਿੰਘ ਨੇ ਅਫਗਾਨਿਸਤਾਨ ਨਾਲ ਖੇਡੇ ਦੂਜੇ ਮੈਚ ਵਿਚ ਪੰਜ ਗੋਲ ਦਾਗਣ ਦਾ ਕਰਿਸ਼ਮਾ ਕੀਤਾ। ਕਾਬਲੇਗੌਰ ਹੈ ਕਿ ਬਲਬੀਰ ਸਿੰਘ ਨੇ ਓਲੰਪਿਕ ਹਾਕੀ ਮੁਕਾਬਲੇ ਵਿਚ ਦੂਜੀ ਵਾਰ ਇਕ ਮੈਚ ਵਿਚ ਪੰਜ ਗੋਲ ਕਰਨ ਦਾ ਕਾਰਨਾਮਾ ਆਪਣੇ ਨਾਮ ਕੀਤਾ। ਮੈਲਬਰਨ ਓਲੰਪਿਕ ਤੋਂ ਪਹਿਲਾਂ ਬਲਬੀਰ ਸਿੰਘ ਸੀਨੀਅਰ ਨੇ ਹੇਲਸਿੰਕੀ ਓਲੰਪਿਕ ਦੇ ਫਾਈਨਲ ਵਿਚ ਹਾਲੈਂਡ ਵਿਰੁੱਧ ਪੰਜ ਗੋਲ ਕੀਤੇ ਸਨ। ਮੈਲਬਰਨ ਓਲੰਪਿਕ ਮੁਕਾਬਲੇ ਵਿਚ ਸੱਟ ਲੱਗਣ ਕਾਰਨ ਬਲਬੀਰ ਸਿੰਘ ਬਾਕੀ ਦੇ ਪੂਲ ਮੈਚ ਖੇਡਣੋਂ ਮੈਦਾਨ ਵਿਚੋਂ ਗੈਰ-ਹਾਜ਼ਰ ਰਿਹਾ।

ਬਾਕੀ ਸਫ਼ਾ 32 'ਤੇ

# ਬਾਦਸ਼ਾਹ ਔਰੰਗਜ਼ੇਬ ਦੇ ਆਖ਼ਰੀ ਦਿਨ ਤੇ ਜ਼ਫ਼ਰਨਾਮਾ

**- ਨਰਿੰਜਨ ਸਿੰਘ ਸਾਥੀ**

ਔਰੰਗਜ਼ੇਬ ਬੜਾ ਕੱਟੜ ਤੇ ਕਰੜਾ ਬਾਦਸ਼ਾਹ ਸੀ। ਉਸ ਨੇ ਪੰਜਾਹ ਸਾਲ ਹਿੰਦੁਸਤਾਨ ਉੱਤੇ ਕਰੜੇ ਹੱਥੀਂ ਰਾਜ ਕੀਤਾ। ਕੁਝ ਮੁਸਲਿਮ ਇਤਿਹਾਸਕਾਰ ਉਸ ਨੂੰ ਅਤਿ ਸਾਦਾ, ਪਰੀਸ਼ਰਮੀ, ਧਾਰਮਿਕ ਤੇ ਇਨਸਾਫਪਸੰਦ ਸ਼ਾਸਕ ਲਿਖਦੇ ਹਨ ਪਰ ਹਿੰਦੁਸਤਾਨ ਦੀ ਬਹੁ-ਗਿਣਤੀ ਹਿੰਦੂ ਜਨਤਾ, ਉਸ ਨੂੰ ਇੱਕ ਧਰਮ-ਜਨੂੰਨੀ, ਪੱਖਪਾਤੀ ਤੇ ਅਤਿਆਚਾਰੀ ਹੁਕਮਰਾਨ ਦੇ ਤੌਰ 'ਤੇ ਯਾਦ ਕਰਦੀ ਹੈ। ਜਿਸ ਨੇ ਆਪਣੀ ਸਾਰੀ ਉਮਰ ਇਸਲਾਮ ਨੂੰ ਵਧਾਉਣ ਤੇ ਗੈਰ-ਇਸਲਾਮੀ ਧਰਮਾਂ ਨੂੰ ਗਿਰਾਉਣ ਵਿੱਚ ਹੀ ਬਤੀਤ ਕੀਤੀ। ਉਹ ਸਾਰੀ ਉਮਰ ਰਾਜਪੂਤਾਂ, ਸਿੱਖਾਂ, ਮਰਹੱਟਿਆਂ ਤੇ ਪਠਾਣਾਂ ਦੀ ਤਾਕਤ ਨੂੰ ਨਸ਼ਟ ਕਰਨ ਵਿੱਚ ਹੀ ਲੱਗਾ ਰਿਹਾ। ਨਤੀਜਾ ਇਹ ਹੋਇਆ ਕਿ ਉਸ ਦੀ ਮੌਤ ਉਪਰੰਤ ਇਹ ਸਾਰੀਆਂ ਸ਼ਕਤੀਆਂ ਇਕ ਦਮ ਉੱਭਰ ਕੇ ਆਪਣੇ ਪੈਰਾਂ 'ਤੇ ਖੜੇ ਗਈਆਂ ਤੇ ਮੁਗਲ ਸਾਮਰਾਜ ਦਾ ਮਹਿਲ ਸ਼ਕਤੀਹੀਣ ਹੋ ਕੇ ਧਰਤੀ ਉੱਤੇ ਡਿੱਗ ਪਿਆ।

ਐਸੇ ਧੜੱਲੇਦਾਰ ਵਿਅਕਤੀਤਵ ਦੇ ਮਾਲਕ ਬਾਦਸ਼ਾਹ ਔਰੰਗਜ਼ੇਬ ਦੇ ਆਖਰੀ ਦਿਨ ਵੀ ਦੇਖਣ ਵਾਲੇ ਹਨ। ਜਾਪਦਾ ਹੈ, ਆਖਰੀ ਦਿਨਾਂ ਵਿੱਚ ਉਸ ਦੇ ਸੁਭਾਅ ਵਿੱਚ ਕਾਫੀ ਨਿਮਾਣਤਾ ਆ ਗਈ ਸੀ। ਇਸ ਦਾ ਇਕ ਪ੍ਰਮਾਣ ਤਾਂ ਇਹੀ ਹੈ ਕਿ 1693ਈ. ਵਿੱਚ ਗੁਰੂ ਗੋਬਿੰਦ ਸਿੰਘ ਨੂੰ ਆਨੰਦਪੁਰ ਤੋਂ ਉਜਾੜ ਦੇਣ ਦਾ ਫੁਰਮਾਨ ਜਾਰੀ ਕਰਨ ਵਾਲਾ ਔਰੰਗਜ਼ੇਬ 1706 ਈਸਵੀ ਵਿੱਚ ਗੁਰੂ ਜੀ ਨੂੰ ਮਿਲਣ ਦੀ ਤੀਬਰ ਇੱਛਾ ਪ੍ਰਗਟ ਕਰਦਾ ਹੈ, ਕਿਉਂਕਿ 'ਜ਼ਫ਼ਰਨਾਮਾ' ਪੜ ਕੇ ਉਸ ਨੂੰ ਗੁਰੂ ਜੀ ਨਾਲ ਹੋਈਆਂ ਜ਼ਿਆਦਤੀਆਂ ਦਾ ਅਹਿਸਾਸ ਹੋ ਗਿਆ ਸੀ ਤੇ ਉਹ ਉਨਾਂ ਦੇ ਵਿਚਾਰ ਸੁਣ ਕੇ ਉਨਾਂ ਨਾਲ ਇਨਸਾਫ ਕਰਨਾ ਚਾਹੁੰਦਾ ਸੀ।

ਜ਼ਫ਼ਰਨਾਮਾ ਪੜ ਕੇ ਔਰੰਗਜ਼ੇਬ ਨੇ ਲਾਹੌਰ ਤੇ ਸਰਹਿੰਦ ਦੇ ਸੂਬੇਦਾਰਾਂ ਨੂੰ ਇੱਕ ਫੁਰਮਾਨ ਜਾਰੀ ਕੀਤਾ। ਦੋਹਾਂ ਸੂਬੇਦਾਰਾਂ ਨੂੰ ਇਹ ਫੁਰਮਾਨ ਪਹੁੰਚਾਉਣ ਦੀ ਡਿਊਟੀ ਦੋ ਅਹਿਲਕਾਰਾਂ, ਮੁਹੰਮਦ ਬੇਗ ਗੁਰਜਬਰਦਾਰ ਅਤੇ ਸ਼ੇਖ ਯਾਰ ਮੁਹੰਮਦ ਮਨਸਬਦਾਰ ਦੀ ਲਾਈ ਗਈ। ਔਰੰਗਜ਼ੇਬ ਨੇ ਦੋਹਾਂ ਸੂਬੇਦਾਰਾਂ ਨੂੰ ਲਿਖਿਆ ਕਿ ਗੁਰੂ ਗੋਬਿੰਦ ਸਿੰਘ ਨੂੰ ਉਨਾਂ ਦੇ ਭਰਮ-ਭੁਲੇਖੇ ਦੂਰ ਕਰ ਕੇ ਮੇਰੇ ਪਾਸ ਆਉਣ ਦਿੱਤਾ ਜਾਵੇ। ਪਰ ਅਫਸੋਸ ਕਿ ਇਹ ਫੁਰਮਾਨ ਸੂਬੇਦਾਰਾਂ ਕੋਲ ਪਹੁੰਚਣ ਤੋਂ ਪਹਿਲਾਂ ਹੀ ਔਰੰਗਜ਼ੇਬ ਦੀ ਮੌਤ ਹੋ ਗਈ।

1705 ਈਸਵੀ ਵਿੱਚ ਔਰੰਗਜ਼ੇਬ ਦੀ ਉਮਰ 90 ਸਾਲ ਹੋ ਗਈ ਸੀ ਅਤੇ ਉਹ ਕਪਾਹ ਦੀ ਟਹਿਣੀ ਨਾਲ ਖਿੜੇ ਹੋਏ ਟੀਂਡੇ ਵਿੱਚੋਂ ਬਾਹਰ ਲਟਕਦੀਆਂ ਫੁੱਟੀਆਂ ਵਾਂਗ ਡਿੱਗੂ-ਡਿੱਗੂ ਕਰਦਾ ਸੀ। ਉਮਰ ਦੇ ਭਾਰ ਨਾਲ ਉਸ ਦੀ ਕਮਰ ਝੁਕ ਗਈ ਸੀ। ਉਸ ਦਾ ਰੰਗ ਗੋਰਾ ਤੇ ਦਾਹੜੀ ਸਫੈਦ ਸੀ ਅਤੇ ਉਹ ਲਿਬਾਸ ਵੀ ਸਫੇਦ ਪਹਿਨਦਾ ਸੀ। ਉਹ ਇਕ ਲੰਮੀ ਸੋਟੀ ਦੇ ਸਹਾਰੇ ਬਿਨਾਂ ਤੁਰ ਨਹੀਂ ਸਕਦਾ ਸੀ। ਐਨ ਪੱਕੇ ਹੋਏ ਫਲ ਵਾਂਗ ਉਹ ਕਿਸੇ ਵੇਲੇ ਵੀ ਜ਼ਿੰਦਗੀ ਦੀ ਟਹਿਣੀ ਨਾਲੋਂ ਟੁੱਟ ਸਕਦਾ ਸੀ।

ਮਰਹੱਟਿਆਂ ਵਿਰੁੱਧ ਕਈ ਛੋਟੀਆਂ-ਵੱਡੀਆਂ ਜੰਗਾਂ ਜਿੱਤ ਕੇ ਜਦੋਂ ਸ਼ਾਹੀ ਲਸ਼ਕਰ ਨੇ ਦੱਖਣ ਵਿੱਚ ਕ੍ਰਿਸ਼ਨਾ ਨਦੀ ਦੇ ਕੰਢੇ ਦੇਵਾਪੁਰ ਵਿੱਚ ਡੇਰਾ ਕੀਤਾ ਤਾਂ 1705 ਈਸਵੀ ਦੇ ਅਕਤੂਬਰ ਮਹੀਨੇ ਵਿੱਚ ਔਰੰਗਜ਼ੇਬ ਬਿਮਾਰ ਹੋ ਗਿਆ। ਉਸ ਦੇ ਜੋੜਾਂ ਵਿੱਚ ਦਰਦ ਰਹਿਣ ਲੱਗ ਪਿਆ। ਪਰ ਉਸ ਨੇ ਆਪਣਾ ਨਿੱਤ-ਕਰਮ ਨਾ ਛੱਡਿਆ। ਰਾਜ-ਕਾਜ ਦੇ ਸਾਰੇ ਕੰਮ ਕਰਦਾ ਰਿਹਾ। ਦਰਬਾਰ ਵਿੱਚ ਵੀ ਬੈਠਦਾ ਰਿਹਾ। ਨਤੀਜੇ ਵਜੋਂ ਉਸ ਦੀ ਬਿਮਾਰੀ ਵਧ ਗਈ। ਹੁਣ ਦਰਦਾਂ ਦੇ ਨਾਲ ਨਾਲ ਉਹ ਕਈ ਵਾਰੀ ਬੇਹੋਸ਼ ਹੋ ਜਾਂਦਾ ਸੀ। ਸ਼ਾਹੀ ਕੈਂਪ ਵਿੱਚ ਕਈ ਤਰਾਂ ਦੀਆਂ ਅਫਵਾਹਾਂ ਉੱਡਣ ਲੱਗ ਪਈਆਂ। ਅਮੀਰ ਵਜ਼ੀਰ ਡਰਨ ਲੱਗ ਪਏ ਕਿ ਜੇ ਕਿਤੇ ਬਾਦਸ਼ਾਹ ਨੂੰ ਕੁਝ ਹੋ ਗਿਆ ਤਾਂ ਕਿਸੇ ਕਿਲੇ ਜਾਂ ਰਾਜਧਾਨੀ ਤੋਂ ਬਿਨਾਂ ਪੱਧਰੇ ਬੈਠੀ ਮੁਗਲ ਫੌਜ ਦੀ ਦੁਸ਼ਮਣ ਬੋਟੀ-ਬੋਟੀ ਕਰ ਦੇਣਗੇ। ਉਧਰ ਬਾਦਸ਼ਾਹ ਦੀ ਬਿਮਾਰੀ ਹੋਰ ਵੱਧ ਗਈ। ਉਸ ਦਾ ਤੁਰਨਾ-ਫਿਰਨਾ ਵੀ ਬੰਦ ਹੋ ਗਿਆ। ਅਹਿਲਕਾਰ ਤੇ ਦਰਬਾਰੀ ਚਿੰਤਾ ਵਿੱਚ ਡੁੱਬ ਗਏ। ਸ਼ਾਹੀ ਹਕੀਮ ਹਾਜ਼ਕ ਖਾਂ ਬੜੀ ਸਿਆਣਪ ਨਾਲ ਬਾਦਸ਼ਾਹ ਦਾ ਇਲਾਜ ਕਰ ਰਿਹਾ ਸੀ।

ਅਮੀਰ ਖਾਂ ਦੱਸਦਾ ਹੈ ਕਿ ਇਕ ਦਿਨ ਬਿਮਾਰੀ ਦੀ ਹਾਲਤ ਵਿੱਚ ਬਾਦਸ਼ਾਹ ਸਲਾਮਤ ਫ਼ਾਰਸੀ ਦਾ ਇਕ ਸ਼ੇਅਰ ਗੁਣ ਗੁਣਾ ਰਹੇ ਸਨ, ਜਿਸ ਦੇ ਅਰਥ ਹਨ-

“ਬੰਦੇ ਦੀ ਉਮਰ ਜਦ ਅੱਸੀ ਨੱਬੇ ਵਰਿਆਂ ਦੀ ਹੁੰਦੀ ਹੈ ਤਾਂ ਉਹ ਜ਼ਮਾਨੇ ਦੀਆਂ ਅਨੇਕਾਂ ਸਖਤੀਆਂ ਝੱਲਦਾ ਹੈ ਤੇ ਜਦ ਉਹ ਸੌ ਵਰਿਆਂ ਦਾ ਹੁੰਦਾ ਹੈ ਤਾਂ ਉਸ ਦਾ ਜੀਵਨ ਵੀ ਮੌਤ ਦਾ ਹੀ ਰੂਪ ਬਣ ਜਾਂਦਾ ਹੈ।“

ਮੈਂ ਕਿਹਾ-ਹਜ਼ੂਰ, ਇਹ ਉਪਰਲਾ ਸ਼ੇਅਰ ਸਿਰਫ਼ ਹੇਠਲਾ ਸ਼ੇਅਰ ਕਹਿਣ ਲਈ ਹੀ ਲਿਖਿਆ ਗਿਆ ਹੈ। ਤੁਸੀਂ ਇਹ ਸ਼ੇਅਰ ਪੜਿਆ ਕਰੋ-

**ਪਸ ਆਂ ਬਿਹਤਰ ਕਿ ਖ਼ੁਦ ਰਾ ਸ਼ਾਦ ਦਾਰੀ।**
**ਦਰਾਂ ਸ਼ਾਦੀ ਖ਼ੁਦਾ ਯਾਦ ਦਾਰੀ।**

(ਇਸ ਲਈ ਇਹੀ ਚੰਗਾ ਹੈ ਕਿ ਤੂੰ ਆਪਣੇ-ਆਪ ਨੂੰ ਖੁਸ਼ ਰੱਖ ਤੇ ਇਸ ਖੁਸ਼ੀ ਵਿੱਚ ਖੁਦਾ ਨੂੰ ਯਾਦ ਰੱਖ)।

ਸ਼ਹਿਨਸ਼ਾਹ ਇਹ ਸ਼ੇਅਰ ਸੁਣ ਕੇ ਬੜੇ ਖੁਸ਼ ਹੋਏ ਤੇ ਕਈ ਵਾਰ ਮੈਥੋਂ ਇਹ ਸ਼ੇਅਰ ਸੁਣਿਆ। ਆਖਰ ਕਹਿਣ ਲੱਗੇ-ਤੂੰ ਮੈਨੂੰ ਇਹ ਸ਼ੇਅਰ ਲਿਖ ਦੇ। ਮੈਂ ਲਿਖ ਦਿੱਤਾ। ਹੁਣ ਉਹ ਆਮ ਤੌਰ 'ਤੇ ਇਹੀ ਸ਼ੇਅਰ ਗੁਣ-ਗੁਣਾਉਂਦੇ ਰਹਿੰਦੇ ਸਨ ਤੇ ਖੁਦਾ ਨੇ ਉਨਾਂ ਨੂੰ ਦੁਬਾਰਾ ਸਿਹਤ ਬਖਸ਼ ਦਿੱਤੀ।



ਹਕੀਮ ਹਾਜ਼ਕ ਖਾਂ ਦਵਾਈ ਦੇ ਤੌਰ 'ਤੇ ਬਾਦਸ਼ਾਹ ਨੂੰ ਚੋਬ ਚੀਨੀ ਖਿਲਾਉਂਦਾ ਸੀ। ਸਿਹਤਯਾਬ ਹੋ ਕੇ ਜਿਸ ਦਿਨ ਔਰੰਗਜ਼ੇਬ ਪਹਿਲੀ ਵਾਰ ਦਰਬਾਰ-ਏ-ਆਮ ਵਿੱਚ ਆਇਆ ਤਾਂ ਉਸ ਨੇ ਸ਼ਾਹੀ ਹਕੀਮ ਨੂੰ ਸੋਨੇ ਨਾਲ ਤੋਲਿਆ ਤੇ ਉਸ ਨੂੰ ਹੀਰੇ-ਮੋਤੀਆਂ ਜੜਿਆ ਇਕ ਸਰਪੇਚ ਇਨਾਮ ਦਿੱਤਾ।

ਔਰੰਗਜ਼ੇਬ ਜਦੋਂ ਤੁਰਨ ਫਿਰ ਦੇ ਯੋਗ ਹੋ ਗਿਆ ਤਾਂ ਸ਼ਾਹੀ ਲਸ਼ਕਰ ਨੇ ਡੇਢ ਮਹੀਨਾ ਸਫਰ ਕਰ ਕੇ 6 ਦਸੰਬਰ 1705 ਈਸਵੀ ਨੂੰ ਬਹਾਦਰਗੜ ਵਿੱਚ ਆ ਪੜਾਅ ਕੀਤਾ। ਰਮਜ਼ਾਨ ਦਾ ਸਾਰਾ ਮਹੀਨਾ ਔਰੰਗਜ਼ੇਬ ਨੇ ਇੱਥੇ ਹੀ ਗੁਜ਼ਾਰਿਆ। ਇਸ ਦੌਰਾਨ ਉਹ ਦਵਾਈ ਵੀ ਖਾਂਦਾ ਰਿਹਾ ਤੇ ਰੋਜ਼ੇ ਵੀ ਰੱਖਦਾ ਰਿਹਾ। ਬਹਾਦਰਗੜ ਤੋਂ ਫੌਜ ਸਮੇਤ ਕੂਚ ਕਰ ਕੇ ਜਨਵਰੀ 1706 ਈਸਵੀ ਵਿੱਚ ਔਰੰਗਜ਼ੇਬ ਅਹਿਮਦਨਗਰ (ਮਹਾਰਾਸ਼ਟਰ) ਪਹੁੰਚ ਗਿਆ ਤੇ ਇੱਥੇ ਪੱਕਾ ਡੇਰਾ ਕਰ ਲਿਆ।

ਇਸ ਸਮੇਂ ਔਰੰਗਜ਼ੇਬ ਦਾ ਤੀਜਾ ਪੁੱਤਰ ਅਹਿਮਦ ਆਜ਼ਮ ਬਾਦਸ਼ਾਹ ਦੇ ਨੇੜੇ ਹੀ ਅਹਿਮਦਾਬਾਦ ਵਿੱਚ ਸੂਬੇਦਾਰ ਸੀ। ਉਹ ਹਰ ਵੇਲੇ ਇਸ ਤਾਕ ਵਿੱਚ ਰਹਿੰਦਾ ਸੀ ਕਿ ਆਪਣੇ ਪਿਤਾ ਤੋਂ ਬਾਅਦ ਉਹ ਹਿੰਦੁਸਤਾਨ ਦਾ ਬਾਦਸ਼ਾਹ ਬਣ ਜਾਵੇ। ਜਦੋਂ ਉਸ ਨੇ ਬਾਦਸ਼ਾਹ ਦੀ ਬਿਮਾਰੀ ਦੀ ਖ਼ਬਰ ਸੁਣੀ ਤਾਂ ਉਹ ਉਸ ਕੋਲ ਜਾਣ ਲਈ ਬਿਹਬਲ ਹੋ ਗਿਆ ਤਾਂ ਜੋ ਮੌਕੇ 'ਤੇ ਹਾਜ਼ਰ ਰਹਿ ਕੇ ਹਾਲਾਤ ਨੂੰ ਆਪਣੇ ਪੱਖ ਵਿੱਚ ਮੋੜ ਸਕੇ। ਉਸ ਨੇ ਬਾਦਸ਼ਾਹ ਤੋਂ ਮਿਲਣ ਦੀ ਆਗਿਆ ਮੰਗੀ ਅਤੇ ਨਾਲ ਹੀ ਲਿਖਿਆ ਕਿ ਮੈਨੂੰ ਅਹਿਮਦਾਬਾਦ ਦਾ ਹਵਾ-ਪਾਣੀ ਰਾਸ ਨਹੀਂ ਆਇਆ। ਔਰੰਗਜ਼ੇਬ ਵੀ ਲਿਫ਼ਾਫ਼ਾ ਦੇਖ ਕੇ ਅੰਦਰਲਾ ਮਜ਼ਮੂਨ ਭਾਂਪ ਜਾਣ ਵਾਲਾ ਆਦਮੀ ਸੀ। ਉਸ ਨੇ ਆਪਣੇ ਅਭਿਲਾਸ਼ਾ-ਗ੍ਰਸਤ ਪੁੱਤਰ ਨੂੰ ਲਿਖਿਆ-

“ਮੈਂ ਵੀ ਬਿਲਕੁਲ ਇਸੇ ਤਰਾਂ ਦਾ ਇਕ ਖ਼ਤ ਆਪਣੇ ਪਿਤਾ ਸ਼ਾਹਜਹਾਂ ਨੂੰ ਲਿਖਿਆ ਸੀ, ਜਦੋਂ ਉਹ ਬਿਮਾਰ ਸੀ। ਉਸ ਦਾ ਮੈਨੂੰ ਇਹ ਉੱਤਰ ਮਿਲਿਆ ਸੀ- ਹਰ ਬੰਦੇ ਨੂੰ ਹਰ ਪ੍ਰਕਾਰ ਦੀ ਹਵਾ ਰਾਸ ਆ ਜਾਂਦੀ ਹੈ ਪਰ ਲੋਭ-ਲਾਲਚ ਦੀ ਹਵਾ ਰਾਸ ਨਹੀਂ ਆਉਂਦੀ।” ਪਰ ਸ਼ਹਿਜ਼ਾਦਾ ਵਾਰ ਵਾਰ ਮਿਲਣ ਦੀ ਆਗਿਆ ਮੰਗਦਾ ਰਿਹਾ। ਆਖਰ ਬਾਦਸ਼ਾਹ ਨੇ ਇਜਾਜ਼ਤ ਦੇ ਦਿੱਤੀ ਤੇ ਮੁਹੰਮਦ ਆਜ਼ਮ 25 ਮਾਰਚ 1706 ਨੂੰ ਆਪਣੇ ਪਿਤਾ ਨੂੰ ਅਹਿਮਦਨਗਰ ਆ ਕੇ ਮਿਲਿਆ। ਉਸ ਨੇ ਦੇਖਿਆ ਕਿ ਭਾਵੇਂ ਬਾਦਸ਼ਾਹ ਦੀ ਸਿਹਤ ਕੁਝ ਸੁਧਰ ਗਈ ਹੈ ਪਰ ਉਹ ਬਹੁਤ ਕਮਜ਼ੋਰ ਹੋ ਗਿਆ ਹੈ। ਪਤਾ ਨਹੀਂ, ਕਿਸ ਵੇਲੇ ਅੱਲਾਹ ਨੂੰ ਪਿਆਰਾ ਹੋ ਜਾਏ।

ਸ਼ਾਹੀ ਦਰਬਾਰ ਦਾ ਠਾਠ-ਬਾਠ ਤੇ ਭਰਪੂਰ ਖਜ਼ਾਨਾ ਵੇਖ ਕੇ ਆਜ਼ਮ ਦਾ ਦਿਲ ਹਿੰਦੁਸਤਾਨ ਦੀ ਬਾਦਸ਼ਾਹਤ ਲਈ ਉਤੇਜਕ ਹੋ ਗਿਆ। ਉਸ ਨੇ ਅਮੀਰਾਂ-ਵਜ਼ੀਰਾਂ ਨਾਲ ਜੋੜ-ਤੋੜ ਕਰਨੇ ਸ਼ੁਰੂ ਕਰ ਦਿੱਤੇ। ਬਾਦਸ਼ਾਹ ਦੀ ਖ਼ਬਰ ਸਾਰ ਲੈਣ ਲਈ ਸ਼ਹਿਜ਼ਾਦਾ ਕਾਮ ਬਖ਼ਸ਼ ਵੀ ਦਰਬਾਰ ਵਿੱਚ ਆ ਗਿਆ। ਸਭ ਤੋਂ ਛੋਟਾ ਪੁੱਤਰ ਹੋਣ ਕਰ ਕੇ ਔਰੰਗਜ਼ੇਬ ਉਸ ਨੂੰ ਬਹੁਤ ਪਿਆਰ ਕਰਦਾ ਸੀ। ਮੁਹੰਮਦ ਆਜ਼ਮ ਤੋਂ ਵੱਡਾ ਸ਼ਹਿਜ਼ਾਦਾ ਮੁਹੰਮਦ ਮੁਅੱਜ਼ਮ, ਅਹਿਮਦਨਗਰ ਤੋਂ ਬਹੁਤ ਦੂਰ ਪਿਸ਼ਾਵਰ ਵਿੱਚ ਬੈਠਾ ਸੀ। ਆਜ਼ਮ ਆਪਣੇ ਆਪ ਨੂੰ ਬਹੁਤ ਤਾਕਤਵਰ ਤੇ ਤਖ਼ਤ ਦਾ ਵਾਰਸ ਸਮਝਣ ਲੱਗ ਪਿਆ। ਕਾਮ ਬਖ਼ਸ਼ ਨੂੰ ਤਾਂ ਉਹ ਕੁਝ ਸਮਝਦਾ ਈ ਨਹੀਂ ਸੀ। ਬਾਦਸ਼ਾਹ ਦਾ ਉਸ ਨਾਲ ਉਚੇਚਾ ਪਿਆਰ ਉਸ ਨੂੰ ਫੁੱਟੀ ਅੱਖ ਨਹੀਂ ਸੀ ਭਾਉਂਦਾ। ਔਰੰਗਜ਼ੇਬ ਇਹ ਸਭ ਕੁਝ ਦੇਖ ਰਿਹਾ ਸੀ। ਉਸ ਨੂੰ ਆਜ਼ਮ ਦੇ ਇਰਾਦੇ ਨੇਕ ਨਹੀਂ ਜਾਪਦੇ ਸਨ। ਉਸ ਨੇ ਆਪਣੇ ਇਕ ਵਫ਼ਾਦਾਰ ਅਹਿਲਕਾਰ ਹਸਨ ਖਾਂ ਰਾਹੀਂ ਕਾਮ ਬਖ਼ਸ਼ ਦੀ ਹਿਫ਼ਾਜ਼ਤ ਦਾ ਵਿਸ਼ੇਸ਼ ਪ੍ਰਬੰਧ ਕੀਤਾ ਜਿਸ ਨਾਲ ਮੁਹੰਮਦ ਆਜ਼ਮ ਹੋਰ ਵੀ ਖਿੱਝ ਗਿਆ। ਇਸ ਤਰਾਂ ਬਿਮਾਰੀ ਦੇ ਪਹਿਲੇ ਹਮਲੇ ਤੋਂ ਬਾਅਦ ਔਰੰਗਜ਼ੇਬ ਇਕ ਸਾਲ ਤੱਕ ਰਾਜ ਦਾ ਕੰਮ-ਕਾਰ ਚਲਾਉਂਦਾ ਰਿਹਾ। ਨਵੀਆਂ ਮੁਹਿੰਮਾਂ 'ਤੇ ਫੌਜਾਂ ਭੇਜੀਆਂ ਜਾਂਦੀਆਂ ਰਹੀਆਂ। ਸੂਬੇਦਾਰਾਂ ਤੇ ਫੌਜਦਾਰਾਂ ਦੀਆਂ ਨਵੀਆਂ ਨਿਯੁਕਤੀਆਂ ਹੁੰਦੀਆਂ ਰਹੀਆਂ। ਕਿਸੇ ਨੂੰ ਇਨਾਮ ਤੇ ਕਿਸੇ ਨੂੰ ਸਜ਼ਾ ਦਾ ਸਿਲਸਿਲਾ ਵੀ ਜਾਰੀ ਰਿਹਾ। ਆਪਣੀ ਢਿੱਲੀ ਤੇ ਕਮਜ਼ੋਰ ਸਿਹਤ ਹੋਣ ਦੇ ਬਾਵਜੂਦ ਔਰੰਗਜ਼ੇਬ ਦਰਬਾਰ ਵਿਚ ਬੈਠਦਾ ਸੀ। ਉਸ ਨੇ ਆਪਣੇ ਧਾਰਮਿਕ ਫਰਜ਼ਾਂ ਤੋਂ ਕਈ ਕੋਤਾਹੀ ਨਾ ਕੀਤੀ। ਪੰਜੇ ਵਕਤ ਨਮਾਜ਼ ਪੜਦਾ ਰਿਹਾ। ਉਸ ਦੀਆਂ ਉਂਗਲਾਂ ਦੇ ਪੋਟੇ ਕਦੀ ਵੀ ਤਸਬੀਹ (ਮਾਲਾ) ਦੇ ਮਣਕਿਆਂ ਨਾਲੋਂ ਵੱਖ ਨਾ ਹੁੰਦੇ।

ਔਰੰਗਜ਼ੇਬ, ਸ਼ਹਿਜ਼ਾਦਾ ਮੁਹੰਮਦ ਆਜ਼ਮ ਤੇ ਕਾਮ ਬਖ਼ਸ਼ ਦੇ ਪ੍ਰਸਪਰ ਵਤੀਰੇ ਨੂੰ ਦੇਖ ਰਿਹਾ ਸੀ। ਦੋਵੇਂ ਭਰਾ ਹਰ ਸਮੇਂ ਇਕ ਦੂਜੇ ਦਾ ਗਲਾ ਕੱਟਣ ਨੂੰ ਤਿਆਰ ਰਹਿੰਦੇ ਸਨ। ਉਸ ਨੇ ਸੋਚਿਆ ਕਿ ਮੇਰੇ ਅੱਖਾਂ ਮੀਟਣ ਬਾਅਦ ਇਹ ਦੋਵੇਂ ਇੱਥੇ ਹੀ ਲੜ-ਲੜ ਕੇ ਮਰ ਜਾਣਗੇ। ਦੋਹਾਂ ਨੂੰ ਵੱਖ-ਵੱਖ ਕਰਨ ਲਈ ਉਸ ਨੇ ਮੁਹੰਮਦ ਆਜ਼ਮ ਨੂੰ ਮਾਲਵੇ ਦਾ ਅਤੇ ਕਾਮ ਬਖ਼ਸ਼ ਨੂੰ ਬੀਜਾਪੁਰ ਦਾ ਸੂਬੇਦਾਰ ਬਣਾ ਦਿੱਤਾ ਅਤੇ ਦੋਹਾਂ ਨੂੰ ਆਪਣੇ ਆਪਣੇ ਇਲਾਕੇ ਵੱਲ ਤੋਰ ਦਿੱਤਾ।

ਸ਼ਹਿਜ਼ਾਦਿਆਂ ਨੂੰ ਗਿਆਂ ਅਜੇ ਚਾਰ-ਪੰਜ ਦਿਨ ਹੀ ਹੋਏ ਸਨ ਕਿ ਔਰੰਗਜ਼ੇਬ ਸਖ਼ਤ ਬਿਮਾਰ ਹੋ ਗਿਆ। ਤੇਜ਼ ਬੁਖ਼ਾਰ ਤੇ ਸਰੀਰ ਦੀ ਜਲਣ ਨੇ ਉਸ ਨੂੰ ਨਿਢਾਲ ਕਰ ਦਿੱਤਾ। ਐਸੀ ਹਾਲਤ ਵਿੱਚ ਵੀ ਉਹ ਮਸੀਤ ਵਿੱਚ ਨਮਾਜ਼ ਪੜਨ ਤੇ ਦਰਬਾਰ ਵਿੱਚ ਰਾਜ-ਕਾਜ ਦਾ ਕੰਮ ਨਿਪਟਾਉਣ ਜਾਂਦਾ ਰਿਹਾ। ਤਿੰਨ-ਚਾਰ ਦਿਨ ਇਸੇ ਹੱਠ ਨਾਲ ਉਸ ਨੇ ਰੋਗ ਦਾ ਮੁਕਾਬਲਾ ਕੀਤਾ, ਪਰ ਆਖਰ ਬਿਮਾਰੀ ਨੇ ਉਸ ਨੂੰ ਬਿਸਤਰੇ ਉੱਤੇ ਸੁੱਟ ਲਿਆ। ਅਮੀਰਾਂ, ਵਜ਼ੀਰਾਂ ਤੇ ਹਕੀਮਾਂ ਨੂੰ ਭਾਜੜ ਪੈ ਗਈ। ਜੋਤਸ਼ੀ ਤੇ ਮੌਲਾਣੇ ਬਾਦਸ਼ਾਹ ਦੀ ਸਿਹਤਯਾਬੀ ਲਈ ਰੱਬ ਅੱਗੇ ਦੁਆਵਾਂ ਕਰਨ ਲੱਗੇ। ਜੋਤਸ਼ੀਆਂ ਦੀ ਸਲਾਹ 'ਤੇ ਇਕ ਦਿਨ ਹਾਮਿਦ-ਉੱਦੀਨ ਖਾਂ ਨੇ ਬਾਦਸ਼ਾਹ ਨੂੰ ਕਿਹਾ ਕਿ ਹਜ਼ੂਰ ਦੇ ਹੱਥੋਂ ਇਕ ਹਾਥੀ ਤੇ ਇਕ ਹੀਰੇ ਦਾ ਦਾਨ ਕੀਤਾ ਜਾਵੇ ਪਰ ਔਰੰਗਜ਼ੇਬ ਨੇ ਇਸ ਸੁਝਾਅ ਨੂੰ ਇਹ ਆਖ ਕੇ ਰੱਦ ਕਰ ਦਿੱਤਾ ਕਿ ਇਹ ਤਾਂ ਹਿੰਦੂਆਂ ਦਾ ਰਿਵਾਜ ਹੈ ਅਤੇ ਨਾਲ ਹੀ ਉਸ ਨੇ ਕਾਜ਼ੀ-ਉਲ-ਕੁਜ਼ਾਤ ਮੁੱਦਾ ਹੈਦਰ ਨੂੰ ਹੁਕਮ ਦਿੱਤਾ ਕਿ ਚਾਰ ਹਜ਼ਾਰ ਰੁਪਏ ਫਕੀਰਾਂ ਤੇ ਗਰੀਬਾਂ ਨੂੰ ਵੰਡ ਦਿੱਤੇ ਜਾਣ। ਬਾਦਸ਼ਾਹ ਦੀ ਹਾਲਤ ਦਿਨੋ-ਦਿਨ ਵਿਗੜਦੀ ਜਾ ਰਹੀ ਸੀ। ਹੁਣ ਉਹ ਬਿਸਤਰੇ ਤੋਂ ਉਠ ਵੀ ਨਹੀਂ ਸੀ ਸਕਦਾ।

ਇਰਾਦਤ ਖਾਂ ਲਿਖਦਾ ਹੈ ਕਿ ਬਾਦਸ਼ਾਹ ਨਾਲ ਮੇਰਾ ਇੰਨਾ ਮੋਹ ਸੀ ਕਿ ਜਦੋਂ ਮੈਂ ਦੇਖਿਆ ਕਿ ਉਸ ਦਾ ਅੰਤਿਮ ਸਮਾਂ ਨੇੜੇ ਹੈ, ਤਾਂ ਮੈਂ ਉਸ ਦੇ ਪਲੰਘ ਦੀ ਬਾਹੀ ਫੜ ਕੇ ਹੀ ਬੈਠ ਗਿਆ ਤੇ ਕਿਤੇ ਲਾਂਭੇ ਨਹੀਂ ਗਿਆ। ਇਕ ਦਿਨ ਬਾਦਸ਼ਾਹ ਨੇ ਮੈਨੂੰ ਕਿਹਾ, ਹੁਣ ਸਾਡਾ ਵਿਛੜਨ ਦਾ ਵੇਲਾ ਆ ਗਿਆ ਏ। ਇਸ ਲਈ ਜੇ ਕਦੀ ਜਾਣੇ ਜਾਂ ਅਣਜਾਣੇ ਮੈਥੋਂ ਤੇਰੇ ਨਾਲ ਕੋਈ ਵਧੀਕੀ ਹੋ ਗਈ ਹੋਵੇ ਤਾਂ ਆਖ ਕਿ ਤੂੰ ਮੈਨੂੰ ਮੁਆਫ ਕੀਤਾ। ਦਿਲੋਂ ਮਨੋਂ ਇੰਜ ਤਿੰਨ ਵਾਰੀ ਕਹਿ। ਫੇਰ ਕਹਿਣ ਲੱਗੇ, ਜੇ ਤੇਰੇ ਵੱਲੋਂ ਵੀ ਮੇਰੇ ਪ੍ਰਤੀ ਕਦੀ ਕੋਈ ਅਵੱਗਿਆ ਹੋ ਗਈ ਹੋਵੇ ਤਾਂ ਮੈਂ ਵੀ ਤੈਨੂੰ ਮੁਆਫ ਕਰਦਾ ਹਾਂ। ਬਾਦਸ਼ਾਹ ਦੇ ਬੋਲ ਸੁਣ ਕੇ ਮੇਰਾ ਗਲਾ ਭਰ ਆਇਆ। ਮੈਥੋਂ ਬੋਲ ਨਹੀਂ ਸੀ ਹੁੰਦਾ। ਪਰ ਜਦੋਂ ਬਾਦਸ਼ਾਹ ਨੇ ਵਾਰ-ਵਾਰ ਮਜਬੂਰ ਕੀਤਾ ਤਾਂ ਮੈਂ ਬੜੇ ਯਤਨ ਨਾਲ ਤਿੰਨ ਵਾਰ ਕਿਹਾ, ਮੈਂ ਤੁਹਾਨੂੰ ਮੁਆਫ ਕਰਦਾ ਹਾਂ ਸ਼ਹਿਨਸ਼ਾਹ ਦੀਆਂ ਅੱਖਾਂ ਵਿੱਚੋਂ ਹੰਝੂ ਵਗ ਰਹੇ ਸਨ। ਮੇਰਾ ਚਿਹਰਾ ਵੀ ਅੱਥਰੂਆਂ ਨਾਲ ਭਿੱਜਾ ਹੋਇਆ ਸੀ।

ਔਰੰਗਜ਼ੇਬ ਨੂੰ ਅੰਤਿਮ ਸਮਾਂ ਨਜ਼ਦੀਕ ਦਿਖਾਈ ਦੇ ਰਿਹਾ ਸੀ। ਉਹ ਇਸ ਗੱਲੋਂ ਬੜਾ ਚਿੰਤਤ ਸੀ ਕਿ ਮੇਰੇ ਬਾਅਦ ਸ਼ਾਹੀ ਫੌਜ ਦਾ ਕੀ ਬਣੇਗਾ ਜੋ ਰਾਜਧਾਨੀ (ਦਿੱਲੀ) ਤੋਂ ਬਹੁਤ ਦੂਰ ਦੱਖਣ ਵਿੱਚ ਡੇਰੇ ਲਾਈ ਬੈਠੀ ਹੈ। ਉਸ ਦੀ ਸੁਰਤੀ ਤਿੰਨਾਂ ਸ਼ਹਿਜ਼ਾਦਿਆਂ ਵੱਲ ਵੀ ਘੁੰਮਦੀ ਸੀ ਤੇ ਉਨਾਂ ਵਿਚਕਾਰ ਤਖ਼ਤ-ਨਸ਼ੀਨੀ ਲਈ ਹੋਣ ਵਾਲਾ ਯੁੱਧ ਵੀ ਦਿਖਾਈ ਦੇ ਰਿਹਾ ਸੀ। (ਦੋ ਸ਼ਹਿਜ਼ਾਦੇ ਮੁਹੰਮਦ ਸੁਲਤਾਨ ਤੇ ਮੁਹੰਮਦ ਅਕਬਰ ਮਰ ਚੁੱਕੇ ਸਨ।) ਸਭ ਤੋਂ ਵੱਧ ਉਸ ਨੂੰ ਆਪਣੀ ਆਤਮਾ ਦੀ ਚਿੰਤਾ ਸੀ।ਪਤਾ ਨਹੀਂ ਅੱਲਾਹ ਦੀ ਕਚਹਿਰੀ ਵਿੱਚ ਮੇਰੇ ਨਾਲ ਕੀ ਸਲੂਕ ਹੋਵੇਗਾ?ਔਰੰਗਜ਼ੇਬ ਦੀ ਐਸੀ ਮਨੋਦਸ਼ਾ ਉਸ ਦੀਆਂ ਦੋ ਚਿੱਠੀਆਂ ਵਿੱਚੋਂ ਝਲਕਦੀ ਹੈ, ਜੋ ਉਸ ਨੇ ਉਨਾਂ ਦਿਨਾਂ ਵਿੱਚ ਆਪਣੇ ਪੁੱਤਰਾਂ ਮੁਹੰਮਦ ਆਜ਼ਮ ਤੇ ਕਾਮ ਬਖ਼ਸ਼ ਨੂੰ ਲਿਖੀਆਂ।

**ਮੁਹੰਮਦ ਆਜ਼ਮ ਨੂੰ ਉਸ ਨੇ ਲਿਖਿਆ:**

ਅੱਲਾਹ ਤੈਨੂੰ ਤੰਦਰੁਸਤ ਰੱਖੇ।ਮੇਰੇ ਉਤੇ ਬਿਰਧ ਅਵਸਥਾ ਆ ਗਈ ਹੈ। ਨਿਰਬਲਤਾ ਨੇ ਮੈਨੂੰ ਦਬਾ ਲਿਆ ਹੈ। ਮੇਰਾ ਸਾਰਾ ਸਮਾਂ ਰਾਜ-ਸੱਤਾ ਵਿੱਚ ਹੀ ਬਤੀਤ ਹੋ ਗਿਆ। ਪਰ ਹੁਣ ਅਫਸੋਸ ਹੀ ਬਾਕੀ ਰਹਿ ਗਿਆ ਹੈ। ਮੇਰਾ ਕੀਮਤੀ ਵਕਤ ਵਿਅਰਥ ਹੀ ਗੁਜ਼ਰ ਗਿਆ। ਜੀਵਨ ਸਦਾ ਨਹੀਂ ਰਹਿੰਦਾ। ਭਵਿੱਖ ਦੀਆਂ ਉਮੀਦਾਂ ਖ਼ਤਮ ਹੋ ਰਹੀਆਂ ਹਨ। ਹੁਣ ਮੈਨੂੰ ਬੁਖ਼ਾਰ ਤਾਂ ਨਹੀਂ ਹੈ, ਪਰ ਮੇਰੀ ਚਮੜੀ ਤੇ ਹੱਡੀਆਂ ਹੀ ਬਾਕੀ ਰਹਿ ਗਈਆਂ ਹਨ। ਮੇਰਾ ਪੁੱਤਰ (ਕਾਮਬਖ਼ਸ਼) ਬੀਜਾਪੁਰ ਵੱਲ ਗਿਆ ਹੈ। ਪਰ ਨੇੜੇ ਹੀ ਹੈ। ਤੂੰ ਹੋਰ ਵੀ ਨੇੜੇ ਹੈਂ। ਆਦਰ ਦਾ ਪਾਤਰ (ਮੁਹੰਮਦ ਮੁਅੱਜ਼ਮ) ਸ਼ਾਹ ਆਲਮ ਬਹੁਤ ਦੂਰ ਹੈ। ਸ਼ਾਹੀ ਕੈਂਪ ਦੇ ਸਾਰੇ ਲੋਕ ਮੇਰੇ ਵਾਂਗ ਭੈਭੀਤ ਹਨ ਤੇ ਪਾਰੇ ਵਾਂਗ ਕੰਬ ਰਹੇ ਹਨ। ਮੈਂ ਇਸ ਸੰਸਾਰ ਵਿੱਚ ਕੁਝ ਲੈ ਕੇ ਨਹੀਂ ਆਇਆ ਸੀ ਤੇ ਨਾ ਹੀ ਹੁਣ ਕੁਝ ਲੈ ਕੇ ਚੱਲਿਆ ਹਾਂ। ਮੈਨੂੰ ਆਪਣੀ ਮੁਕਤੀ ਬਾਰੇ ਬਹੁਤ ਚਿੰਤਾ ਹੈ। ਪਤਾ ਨਹੀਂ ਅੱਗੇ ਜਾ ਕੇ ਮੈਨੂੰ ਕੀ ਕੀ ਤਸੀਹੇ ਮਿਲਣਗੇ? ਬੇਸ਼ੱਕ ਮੈਨੂੰ ਅੱਲਾਹ ਦੇ ਰਹਿਮ ਅਤੇ ਮਿਹਰਬਾਨੀ ਉਤੇ ਯਕੀਨ ਹੈ, ਪਰ ਮੈਨੂੰ ਆਪਣੇ ਕਰਮਾਂ ਤੋਂ ਡਰ ਲਗਦਾ ਹੈ। ਕੁਝ ਵੀ ਹੋਵੇ, ਮੈਂ ਆਪਣੀ ਕਿਸ਼ਤੀ ਲਹਿਰਾਂ ਦੇ ਹਵਾਲੇ ਕਰ ਦਿੱਤੀ ਹੈ। ਭਾਵੇਂ ਸ਼ਾਹੀ ਕੈਂਪ ਦੀ ਰੱਖਿਆ ਖੁਦਾ ਕਰੇਗਾ, ਪਰ ਪਰਗਟ ਰੂਪ ਵਿੱਚ ਤਾਂ ਮੇਰੇ ਪੁੱਤਰਾਂ ਨੂੰ ਹੀ ਉੱਦਮ ਕਰਨਾ ਪਵੇਗਾ।ਅੱਛਾ ਅਲਵਿਦਾ, ਅਲਵਿਦਾ, ਅਲਵਿਦਾ।

**ਉਸ ਨੇ ਆਪਣੇ ਸਭ ਤੋਂ ਛੋਟੇ ਪੁੱਤਰ ਕਾਮ ਬਖ਼ਸ਼ ਨੂੰ ਵੀ ਇਕ ਚਿੱਠੀ ਲਿਖੀ:**

ਦਿਲ ਵਿੱਚ ਸਮਾਏ ਮੇਰੇ ਪੁੱਤਰਮੈਂ ਆਪਣੀ ਤੁੱਛਤਾ ਦਾ ਅਨੁਭਵ ਕਰਦਾ ਹੋਇਆ ਸੰਸਾਰ ਤੋਂ ਜਾ ਰਿਹਾ ਹਾਂ। ਮੈਂ ਆਪਣੇ ਪਾਪਾਂ ਤੇ ਔਗੁਣਾਂ ਦਾ ਫਲ ਆਪਣੇ ਨਾਲ ਲਿਜਾ ਰਿਹਾ ਹਾਂ। ਜੀਵਨ-ਕਾਰਵਾਂ ਦੇ ਰਾਹਨੁਮਾ ਨੇ ਮੇਰਾ ਸਾਥ ਛੱਡ ਦਿੱਤਾ ਹੈ। ਬਾਰਾਂ ਦਿਨ ਮੈਨੂੰ ਬੁਖ਼ਾਰ ਨੇ ਪੀੜ ਸੁੱਟਿਆ। ਹੁਣ ਮੈਂ ਠੀਕ ਹਾਂ। ਮੈਂ ਜਿਧਰ ਦੇਖਦਾ ਹਾਂ, ਅੱਲਾਹ ਹੀ ਅੱਲਾਹ ਦਿਖਾਈ ਦਿੰਦਾ ਹੈ। ਕਮਜ਼ੋਰੀ ਕਾਰਨ ਮੇਰੀ ਕਮਰ ਝੁਕ ਗਈ ਹੈ ਤੇ ਲੱਤਾਂ ਵਿੱਚ ਚੱਲਣ ਦੀ ਸ਼ਕਤੀ ਨਹੀਂ ਰਹੀ। ਮੈਂ ਬੜੇ ਪਾਪ ਕੀਤੇ ਹਨ। ਪਤਾ ਨਹੀਂ, ਉਨਾਂ ਦੀ ਮੈਨੂੰ ਕੀ ਸਜ਼ਾ ਮਿਲੇਗੀ? ਮਾਨਵ-ਜਾਤੀ ਦਾ ਰੱਖਿਅਕ ਸ਼ਾਹੀ ਕੈਂਪ ਦੀ ਰੱਖਿਆ ਕਰੇਗਾ, ਪਰ ਇਸ ਦੀ ਚਿੰਤਾ ਦਾ ਭਾਰ ਮੇਰੇ ਪੁੱਤਰਾਂ ਉਪਰ ਵੀ ਹੈ। ਪਰਜਾ ਦੀ ਰਾਖੀ ਦਾ ਕੰਮ ਹੁਣ ਖੁਦਾ ਨੇ ਮੇਰੇ ਪੁੱਤਰਾਂ ਨੂੰ ਸੌਂਪਿਆ ਹੈ। ਆਜ਼ਮ ਸ਼ਾਹ ਚਲਾ ਗਿਆ ਹੈ। ਸਾਵਧਾਨ, ਕੋਈ ਮੁਸਲਮਾਨ ਨਾ ਮਾਰਿਆ ਜਾਵੇ ਅਤੇ ਉਸ ਦਾ ਭਾਰ ਮੇਰੇ ਸਿਰ ਨਾ ਚੜੇ। ਮੈਂ ਤੇ ਵਿਦਾ ਹੋ ਰਿਹਾ ਹਾਂ। ਤੈਨੂੰ ਤੇ ਤੇਰੀ ਮਾਤਾ ਨੂੰ ਖੁਦਾ ਦੇ ਹਵਾਲੇ ਕਰਦਾ ਹਾਂ। ਬਹਾਦਰ ਸ਼ਾਹ ਜਿੱਥੇ ਸੀ, ਉਥੇ ਹੀ ਹੈ। ਉਸ ਦਾ ਪੁੱਤਰ ਹਿੰਦੁਸਤਾਨ ਦੇ ਨੇੜੇ ਆ ਰਿਹਾ ਹੈ। ਬੇਦਾਰਬਖ਼ਤ (ਮੁਹੰਮਦ ਆਜ਼ਮ ਦਾ ਪੁੱਤਰ) ਗੁਜਰਾਤ ਵਿੱਚ ਹੈ। ਤੇਰੀ ਮਾਤਾ ਉਦੈਪੁਰੀ ਬੇਗਮ ਬਿਮਾਰੀ ਵਿੱਚ ਮੇਰੇ ਨਾਲ ਹੈ ਤੇ ਉਹ ਮੌਤ ਵਿੱਚ ਵੀ ਮੇਰਾ ਸਾਥ ਦੇਣਾ ਚਾਹੁੰਦੀ ਹੈ, ਪਰ ਹਰ ਇਕ ਦਾ ਸਮਾਂ ਨਿਸ਼ਚਿਤ ਹੈ।

ਘਰ-ਬਾਰੀ ਅਤੇ ਦਰਬਾਰੀ ਚਾਹੇ ਕਿੰਨੇ ਵੀ ਧੋਖੇਬਾਜ਼ ਹੋਣ, ਉਨਾਂ ਨਾਲ ਦੁਰਵਿਹਾਰ ਨਹੀਂ ਹੋਣਾ ਚਾਹੀਦਾ। ਕੋਮਲਤਾ ਅਤੇ ਜੁਗਤ ਨਾਲ ਲੋਕ-ਰਾਇ ਬਣਾਉਣੀ ਚਾਹੀਦੀ ਹੈ। ਹੁਣ ਮੈਂ ਜਾ ਰਿਹਾ ਹਾਂ। ਭਲਾ-ਬੁਰਾ ਜੋ ਵੀ ਮੈਂ ਕੀਤਾ, ਤੁਹਾਡੇ ਲਈ ਕੀਤਾ ਹੈ।

ਕਿਸੇ ਨੇ ਆਪਣੀ ਆਤਮਾ ਨੂੰ ਜਾਂਦੇ ਹੋਏ ਨਹੀਂ ਦੇਖਿਆ, ਪਰ ਮੈਂ ਦੇਖ ਰਿਹਾ ਹਾਂ ਕਿ ਇਹ ਜਾ ਰਹੀ ਹੈ!

ਬਾਕੀ ਸਫ਼ਾ 31 'ਤੇ

ਅਦਾਰਾ 'ਅੰਮ੍ਰਿਤਸਰ ਟਾਈਮਜ਼' ਵੱਲੋਂ ਆਪਣੇ ਪਾਠਕਾਂ ਲਈ ਸਿੱਖ ਧਰਮ ਦੇ ਬਾਨੀ ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਸਾਹਿਬ ਦੇ 550ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਲੇਖ ਲੜੀ ਸ਼ੁਰੂ ਕੀਤੀ ਗਈ ਹੈ। ਇਸ ਲੜੀ ਤਹਿਤ ਹਥਲਾ ਲੇਖ ਪਾਠਕਾਂ ਲਈ ਪੇਸ਼ ਕੀਤਾ ਜਾ ਰਿਹਾ ਹੈ - ਸੰਪਾਦਕ

# ਗੁਰੂ ਨਾਨਕ ਦੇ ਮੁਸਲਮਾਨ ਸ਼ਰਧਾਲੂ

**- ਡਾ. ਜਸਬੀਰ ਸਿੰਘ ਸਰਨਾ**

ਇਹ ਇਤਫ਼ਾਕ ਸੀ ਕਿ ਦਸ ਗੁਰੂ ਸਾਹਿਬਾਨ (1469–1708) ਅਤੇ ਮੁਗਲ ਸ਼ਹਿਨਸ਼ਾਹਾਂ (1526–1707) ਦਾ ਸਮਾਂ ਇੱਕੋ ਸੀ। ਸਿੱਖ ਧਰਮ ਦਾ ਮੁੱਖ ਮੰਤਵ ਮੁਸਲਮਾਨਾਂ ਅਤੇ ਹਿੰਦੂਆਂ ਨੂੰ ਇੱਕ ਪਲੇਟਫਾਰਮ 'ਤੇ ਇਕੱਠਾ ਕਰਨਾ ਸੀ। ਤਵਾਰੀਖ਼ ਵਿੱਚ ਜ਼ਿਕਰ ਆਉਂਦਾ ਹੈ ਕਿ ਸਿੱਖ ਤੇ ਮੁਸਲਿਮ ਸ਼ਖ਼ਸੀਅਤਾਂ ਦਾ ਆਪਸ ਵਿੱਚ ਬੜਾ ਪਿਆਰ ਸੀ। ਸਿੱਖ ਧਰਮ ਦੇ ਬਾਨੀ ਗੁਰੂ ਨਾਨਕ ਦੇਵ ਜੀ ਦੀ ਹਿੰਦੂ ਤੇ ਮੁਸਲਮਾਨ ਬੜੀ ਇੱਜ਼ਤ ਕਰਦੇ ਸਨ। ਇੱਕ ਕਵੀ ਨੇ ਠੀਕ ਹੀ ਲਿਖਿਆ ਹੈ:

**ਨਾਨਕ ਸ਼ਾਹ ਫਕੀਰ**
**ਹਿੰਦੂ ਕਾ ਗੁਰੂ ਮੁਸਲਿਮ ਕਾ ਪੀਰ।**

ਗੁਰੂ ਨਾਨਕ ਦੇਵ ਨੂੰ ਸਭ ਤੋਂ ਪਹਿਲਾਂ ਹੱਥ ਇੱਕ ਮੁਸਲਮਾਨ ਔਰਤ 'ਦਾਈ' ਦਾ ਹੀ ਲੱਗਾ, ਜਦੋਂ ਆਪ ਨੇ ਅਵਤਾਰ ਧਾਰਨ ਕੀਤਾ। ਇੱਕ ਮੁਸਲਮਾਨ ਲਿਖਾਰੀ ਗ਼ੁਲਾਮ ਮੁਹੰਮਦ ਮਸਮੀਨ ਨੇ ਲਿਖਿਆ ਹੈ ਕਿ ਗੁਰੂ ਨਾਨਕ ਦੀ ਪਹਿਲੀ ਪੜਾਈ ਵੀ ਮਾਸਟਰ ਮੁਹੰਮਦ ਹਸਨ ਕੋਲੋਂ ਹੋਈ, ਜੋ ਗੁਰੂ ਸਾਹਿਬ ਦੇ ਘਰ ਕੋਲ ਰਹਿੰਦਾ ਸੀ। ਇਸ ਮਾਸਟਰ ਦੇ ਘਰ ਕੋਈ ਬੱਚਾ ਨਹੀਂ ਸੀ। ਇਸ ਲਈ ਉਹ ਬਾਲ ਨਾਨਕ ਨੂੰ ਬੇਹੱਦ ਪਿਆਰ ਕਰਦਾ ਸੀ। ਜਦੋਂ ਇੱਕ ਦਿਨ ਬਾਲ ਨਾਨਕ ਨੇ ਇਸ ਮਾਸਟਰ ਨੂੰ ਅਰਬੀ ਦੇ ਲਫ਼ਜ਼ਾਂ ਦੇ ਅਰਥ ਪੁੱਛੇ ਤਾਂ ਇਹ ਬੜਾ ਸ਼ਰਮਿੰਦਾ ਹੋਇਆ। ਫਿਰ ਬਾਲ ਨਾਨਕ ਨੇ ਸਿੱਧੇ-ਸਾਧੇ ਲਫ਼ਜ਼ਾਂ ਵਿੱਚ ਸਮਝਾਇਆ:

**ਅੱਲਾ ਨੂੰ ਯਾਦ ਕਰ,**
**ਗ਼ਫ਼ਲਤ ਮਨੋਂ ਵਿਸਾਰ**

ਅੱਜ ਵੀ ਪੂਰੇ ਸੰਸਾਰ ਵਿੱਚ ਮੁਸਲਮਾਨ ਗੁਰੂ ਨਾਨਕ ਨੂੰ ਅੱਲਾ ਦਾ ਪਿਆਰਾ ਅਤੇ ਬਜ਼ੁਰਗ ਸਮਝ ਕੇ ਸਤਿਕਾਰ ਕਰਦੇ ਹਨ, ਜਦੋਂਕਿ ਅਹਿਮਦੀ ਜਾਂ ਕਾਦਰਾਨੀ ਬਾਬਾ ਨਾਨਕ ਦੀ ਇੱਜ਼ਤ ਕਰਨਾ ਆਪਣੇ ਅਕੀਦੇ ਦਾ ਜ਼ਰੂਰੀ ਜੁਜ਼ ਸਮਝਦੇ ਹਨ। ਮਿਰਜ਼ਾ ਸਾਹਿਬ ਅਹਿਮਦੀ ਨੇ ਲਿਖਿਆ ਸੀ:

ਬੂਦ ਨਾਨਕ ਆਰਫ਼ ਮਰਦ ਖ਼ੁਦਾ
ਰਾਜ਼ ਹਾਏ ਮਜਰ-ਫ਼ਕਦਾ ਰਾਹ ਕੁਸ਼ਾ

ਇੱਕ ਮੁਸਲਮਾਨ ਲੇਖਕ ਆਪਣੀ ਪੁਸਤਕ 'ਪੈਗ਼ਾਮ' ਦੇ ਸਫ਼ਾ 7 'ਤੇ ਲਿਖਦਾ ਹੈ, ਇਸ ਵਿੱਚ ਕੁਝ ਸ਼ੱਕ ਨਹੀਂ ਹੋ ਸਕਦਾ ਕਿ ਬਾਬਾ ਨਾਨਕ ਏਕ ਨੇਕ ਔਰ ਬਜ਼ੁਰਗ ਇਨਸਾਨ ਥਾ ਔਰ ਉਨ ਲੋਗੋਂ ਮੇਂ ਸੇ ਥਾ ਜਿਨ ਕੁ ਖ਼ੁਦਾ ਅਜ਼ਲ ਆਪਨੀ ਮੁਹੱਬਤ ਕਾ ਸ਼ਰਬਤ ਪਿਲਾਤਾ ਥਾ।

ਗੁਰੂ ਨਾਨਕ ਦੇ ਅਨੇਕਾਂ ਹੀ ਉਪਾਸ਼ਕ ਸਨ ਪਰ ਇੱਥੇ ਕੁਝ ਕੁ ਉਪਾਸ਼ਕਾਂ ਬਾਰੇ ਸੰਖੇਪ ਤੌਰ 'ਤੇ ਜ਼ਿਕਰ ਕਰ ਰਹੇ ਹਾਂ।

ਰਾਇ ਬੁਲਾਰ: 15ਵੀਂ ਸਦੀ ਦੇ ਮੱਧ ਵਿੱਚ ਤਲਵੰਡੀ ਰਾਇ ਭੋਇ ਦਾ ਮੁਖੀ ਮੁਸਲਮਾਨ ਭੱਟੀ ਰਾਜਪੂਤ ਰਾਇ ਬੁਲਾਰ ਸੀ। ਗੁਰੂ ਨਾਨਕ ਸਾਹਿਬ 1469 ਵਿੱਚ ਇੱਥੇ ਹੀ ਪੈਦਾ ਹੋਏ ਸਨ। ਰਾਇ ਬੁਲਾਰ ਜਵਾਨ ਗੁਰੂ ਨਾਨਕ ਦਾ ਦਿਲੀ ਸਤਿਕਾਰ ਕਰਦਾ ਸੀ। ਰਾਇ ਬੁਲਾਰ ਨੇ ਮਹਿਤਾ ਕਾਲੂ ਨੂੰ ਕਿਹਾ, ਤੇਰਾ ਬੇਟਾ ਇੱਕ ਵੱਡਾ ਆਦਮੀ ਹੈ। ਇਹ ਮੇਰੇ ਸ਼ਹਿਰ ਦੀ ਖ਼ੁਸ਼ਕਿਸਮਤੀ ਹੈ। ਇੱਕ ਵਾਰ ਰਾਇ ਬੁਲਾਰ ਨੇ ਜੁੱਤੀ ਉਤਾਰ ਕੇ ਨੰਗੇ ਪੈਰੀਂ ਗੁਰੂ ਸਾਹਿਬ ਕੋਲ ਜਾ ਕੇ ਹੱਥ ਜੋੜ ਕੇ ਬੱਚੇ ਦੀ ਮੁਰਾਦ ਮੰਗੀ। ਬਾਬਾ ਜੀ ਨੇ ਕੁਝ ਦੇਰ ਸੋਚ ਕੇ ਆਖਿਆ, ਜਾਹ ਤੇਰੀ ਮੁਰਾਦ ਪੂਰੀ ਹੋਈ। ਸਾਲ ਬਾਅਦ ਰਾਇ ਬੁਲਾਰ ਦੇ ਘਰ ਬੇਟਾ ਹੋਇਆ। ਰਾਇ ਬੁਲਾਰ ਏਨਾ ਖ਼ੁਸ਼ ਹੋਏ ਕਿ ਉਨਾਂ ਵੱਡੀ ਦਾਅਵਤ ਕੀਤੀ। ਇਸ ਵੱਡੇ ਇਕੱਠ ਵਿੱਚ ਸ਼ੁਕਰਾਨੇ ਵਜੋਂ ਰਾਇ ਬੁਲਾਰ ਨੇ ਆਪਣੀ ਅੱਧੀ ਜ਼ਮੀਨ ਬਾਬਾ ਨਾਨਕ ਦੇ ਨਾਮ ਇੰਤਕਾਲ ਕਰਵਾ ਕੇ ਐਲਾਨਨਾਮਾ ਜਾਰੀ ਕੀਤਾ। ਇਹ ਹਕੀਕਤ ਹੈ ਕਿ ਇਸ ਜ਼ਮੀਨ ਦੇ ਮਾਲਕ ਕਾਸ਼ਤਕਾਰ ਸਭ ਭੱਟੀ ਸਰਦਾਰ ਹਨ ਪਰ ਕਾਗਜ਼ਾਂ ਵਿੱਚ ਨਾਨਕ ਦਾ ਨਾਮ ਹੀ ਹੈ। ਇਹ ਸਾਰੀ ਜ਼ਮੀਨ ਤਕਰੀਬਨ 18,750 ਏਕੜ ਹੈ। ਜਦੋਂ ਰਾਇ ਬੁਲਾਰ 1515 ਈਸਵੀ ਵਿੱਚ ਅਕਾਲ ਚਲਾਣਾ ਕਰ ਗਿਆ ਤਾਂ ਗੁਰੂ ਜੀ ਉਸ ਦੇ ਬਿਸਤਰ ਕੋਲ ਖੜੇ ਸਨ।

ਇੱਕ ਵਾਰ ਮਹਿਤਾ ਕਾਲੂ ਨੇ 20 ਰੁਪਏ ਗੁਰੂ ਨਾਨਕ ਨੂੰ ਵਪਾਰ ਦੇ ਪੱਖੋਂ ਦਿੱਤੇ ਤਾਂ ਜੋ ਨਫ਼ਾ ਹੋ ਸਕੇ ਪਰ ਗੁਰੂ ਜੀ ਨੇ ਭੁੱਖੇ ਸਾਧਾਂ ਅਤੇ ਫ਼ਕੀਰਾਂ ਵਿੱਚ ਵੰਡ ਦਿੱਤੇ। ਜਦੋਂ ਮਹਿਤਾ ਕਾਲੂ ਨੂੰ ਇਸ ਬਾਰੇ ਪਤਾ ਲੱਗਿਆ ਤਾਂ ਉਹ ਬਹੁਤ ਗੁੱਸੇ ਹੋਇਆ ਅਤੇ ਨਾਨਕ ਨੂੰ ਖ਼ੂਬ ਝਿੜਕਿਆ। ਜਦੋਂ ਰਾਇ ਬੁਲਾਰ ਨੂੰ ਇਸ ਬਾਰੇ ਪਤਾ ਲੱਗਿਆ ਤਾਂ ਉਸ ਨੇ ਮਹਿਤਾ ਕਾਲੂ ਨੂੰ ਆਖਿਆ ਕਿ ਬਾਲਕ ਨਾਨਕ ਨਾਲ ਨਾਰਾਜ਼ ਨਾ ਹੋਵੇ। ਰਾਇ ਬੁਲਾਰ ਨੇ ਆਪਣੇ ਨੌਕਰ ਨੂੰ ਕਿਹਾ ਕਿ ਘਰੋਂ 20 ਰੁਪਏ ਲਿਆ ਕੇ ਮਹਿਤਾ ਕਾਲੂ ਨੂੰ ਦੇ ਜਾਵੀਂ। ਰਾਇ ਬੁਲਾਰ ਨੇ ਮਹਿਤਾ ਕਾਲੂ ਨੂੰ ਇੱਥੋਂ ਤਕ ਕਿਹਾ ਕਿ ਬਾਲਕ ਨਾਨਕ ਨੂੰ ਪੁਸ਼ਾਕਾਂ, ਸਾਰਾ ਖਰਚਾ ਅਤੇ ਖ਼ਿਦਮਤ ਅਸੀਂ ਕਰਾਂਗੇ। ਇੰਜ ਰਾਇ ਬੁਲਾਰ ਨੂੰ ਗੁਰੂ ਸਾਹਿਬ ਨਾਲ ਅੰਤਾਂ ਦਾ ਪਿਆਰ ਸੀ। ਜਦੋਂ ਗੁਰੂ ਜੀ ਦੂਰ-ਦੁਰਾਡੇ ਉਦਾਸੀਆਂ ਤੋਂ ਬਾਅਦ ਘਰ ਆਉਂਦੇ ਤਾਂ ਰਾਇ ਬੁਲਾਰ ਉਨਾਂ ਦੀ ਖ਼ੂਬ ਸੇਵਾ ਕਰਦੇ। ਇੱਕ ਵਾਰ ਗੁਰੂ ਸਾਹਿਬ ਨੇ ਰਾਇ ਬੁਲਾਰ ਕੋਲ ਪਾਣੀ ਦੀ ਘਾਟ ਦਾ ਜ਼ਿਕਰ ਕੀਤਾ ਤਾਂ ਰਾਇ ਸਾਹਿਬ ਨੇ ਨਾਨਕਸਰ ਇੱਕ ਤਾਲਾਬ ਤਾਮੀਰ ਕਰਾ ਦਿੱਤਾ। ਇਹ ਤਲਾਬ ਅੱਜ ਵੀ ਨਨਕਾਣਾ ਸਾਹਿਬ ਵਿੱਚ ਮੌਜੂਦ ਹੈ। ਇਹ ਗੁਰਦੁਆਰਾ ਬਾਲ ਲੀਲਾ ਦੇ ਨੇੜੇ ਹੈ। ਰਾਇ ਬੁਲਾਰ ਨੇ ਜ਼ਮੀਨ ਤੋਂ ਇਲਾਵਾ 31 ਰੁਪਏ ਸਾਲਾਨਾ ਜਾਗੀਰ ਵੀ ਲਗਵਾਈ ਸੀ।

**ਨਵਾਬ ਦੌਲਤ ਖਾਂ ਲੋਧੀ:** ਦੌਲਤ ਖਾਂ ਲੋਧੀ, ਇਬਰਾਹਿਮ ਲੋਧੀ ਵੱਲੋਂ ਥਾਪਿਆ ਹੋਇਆ ਪੰਜਾਬ ਦਾ ਗਵਰਨਰ ਸੀ। ਸੁਲਤਾਨਪੁਰ ਦਾ ਇਲਾਕਾ ਦੌਲਤ ਖਾਂ ਨੂੰ ਜਗੀਰ ਵਜੋਂ ਮਿਲਿਆ ਸੀ। ਬਾਬਰ ਨੇ ਇਸ ਨੂੰ ਮਦਦ ਦਾ ਭਰੋਸਾ ਦੇ ਕੇ ਹਿੰਦੁਸਤਾਨ 'ਤੇ ਚੜਾਈ ਕਰਨ ਦਾ ਭਰੋਸਾ ਦਿੱਤਾ ਸੀ। ਆਖਰ ਉਸ ਦੀ ਬਾਬਰ ਨਾਲ ਅਣਬਣ ਹੋ ਗਈ। ਦੌਲਤ ਖਾਂ ਦਾ ਦੇਹਾਂਤ 1526 ਨੂੰ ਹੋਇਆ। ਉਸ ਦੇ ਦੋ ਬੇਟੇ ਗਾਜ਼ੀ ਖਾਂ ਤੇ ਦਿਲਾਵਰ ਖਾਂ ਬਾਬਰ ਦੇ ਨਾਲ ਰਹੇ। ਦੌਲਤ ਖਾਂ ਦੇ ਕਿਲੇ ਦੇ ਨਿਸ਼ਾਨ ਇਸ ਸਮੇਂ ਸੁਲਤਾਨਪੁਰ ਵਿੱਚ ਦਿੱਸਦੇ ਹਨ। ਨਵਾਬ ਦੌਲਤ ਖਾਂ ਲੋਧੀ ਇੱਕ ਪ੍ਰਭਾਵਸ਼ਾਲੀ ਤੇ ਖਾਨਦਾਨੀ ਅਫ਼ਗਾਨ ਸੀ। ਇਸ ਦੇ ਇੱਕ ਮੁਲਾਜ਼ਮ ਜੈਰਾਮ ਨਾਲ ਗੁਰੂ ਨਾਨਕ ਦੀ ਭੈਣ ਨਾਨਕੀ ਵਿਆਹੀ ਹੋਈ ਸੀ। ਜੈਰਾਮ ਨੇ ਨੌਜਵਾਨ ਨਾਨਕ ਨੂੰ ਨਵਾਬ ਦੇ ਰਾਸ਼ਨ ਅਤੇ ਸਟੋਰ ਦਾ ਕੀਪਰ ਸੁਲਤਾਨਪੁਰ ਰੱਖ ਲਿਆ। ਗੁਰੂ ਸਾਹਿਬ ਨੇ ਨੌਕਰੀ ਪੂਰੀ ਤਨਦੇਹੀ ਨਾਲ ਕੀਤੀ। ਸਾਰੇ ਪਾਸੇ ਗੁਰੂ ਜੀ ਦੇ ਚੰਗੇ ਸੁਭਾਅ ਤੇ ਇਖ਼ਲਾਕ ਦੀ ਚਰਚਾ ਹੋਣ ਲੱਗੀ। ਇਸ ਵਡਿਆਈ ਦੇ ਚਰਚੇ ਕਈਆਂ ਨੂੰ ਰਾਸ ਨਾ ਆਏ ਅਤੇ ਕ੍ਰੋਧਿਤ ਹੋ ਕੇ ਨਵਾਬ ਨੂੰ ਜਾ ਕਿਹਾ, ਨਾਨਕ ਨੇ ਸਟੋਰਾਂ ਵਿੱਚੋਂ ਦਾਣਾ ਖਤਮ ਕਰ ਦਿੱਤਾ ਹੈ। ਜਦੋਂ ਦੋ ਵੇਰਾਂ ਸਟੋਰਾਂ ਅਤੇ ਰਿਕਾਰਡ ਦੀ ਪੜਤਾਲ ਕੀਤੀ ਤਾਂ ਉਹ ਬਿਲਕੁਲ ਦਰੁਸਤ ਨਿਕਲੇ। ਗੁਰੂ ਜੀ ਨੇ ਨਵਾਬ ਨੂੰ ਕਿਹਾ, ਇੱਥੇ ਨਾ ਕੋਈ ਹਿੰਦੂ ਹੈ ਤੇ ਨਾ ਮੁਸਲਮਾਨ। ਨਵਾਬ ਦੌਲਤ ਖਾਂ ਗੁਰੂ ਨਾਨਕ ਦੇਵ ਨਾਲ ਬੇਹੱਦ ਪਿਆਰ ਕਰਦਾ ਸੀ। ਆਖਰ ਗੁਰੂ ਸਾਹਿਬ ਨੇ ਮੋਦੀਖਾਨੇ ਦਾ ਕੰਮ ਛੱਡ ਕੇ 'ਪੈਗ਼ਾਮ ਇਲਾਹੀ' ਨੂੰ ਲੋਕਾਂ ਤਕ ਪਹੁੰਚਾਉਣ ਦਾ ਅਹਿਦ ਕਰ ਲਿਆ। ਜਦੋਂ ਦੌਲਤ ਖਾਂ ਨੂੰ ਪਤਾ ਚੱਲਿਆ ਤਾਂ ਉਸ ਨੇ ਗੁਰੂ ਨਾਨਕ ਨੂੰ ਆਖਿਆ, ਨਾਨਕ ਇਹ ਮੇਰੀ ਬਦਕਿਸਮਤੀ ਹੈ ਕਿ ਤੇਰੇ ਜਿਹਾ ਮੇਰਾ ਅਹਿਲਕਾਰ ਫ਼ਕੀਰ ਹੋ ਗਿਆ ਹੈ। ਤਵਾਰੀਖ਼ ਵਿੱਚ ਜ਼ਿਕਰ ਆਉਂਦਾ ਹੈ ਕਿ ਗੁਰੂ ਨਾਨਕ ਦੀ ਸਿਫ਼ਾਰਸ਼ 'ਤੇ ਕਈ ਨੌਕਰ ਰੱਖੇ। ਗੁਰੂ ਨਾਨਕ ਦੇਵ ਜੀ ਦੇ ਵਿਆਹ ਸਮੇਂ ਦੌਲਤ ਖਾਂ ਨੇ ਕਾਫ਼ੀ ਨਕਦੀ ਅਤੇ ਸਾਮਾਨ ਦਿੱਤਾ ਸੀ। ਇੱਕ ਵਾਰੀ ਦੌਲਤ ਖਾਂ ਨਮਾਜ਼ ਪੜਦੇ-ਪੜਦੇ ਸੋਚਦੇ ਸਨ ਕਿ ਘੋੜੀ ਦਾ ਛੋਟਾ ਬੱਚਾ ਖੂਹ ਵਿੱਚ ਨਾ ਡਿੱਗ ਪਵੇ। ਇਸ 'ਤੇ ਗੁਰੂ ਨਾਨਕ ਨੇ ਆਖਿਆ, ਨਮਾਜ਼ ਅਦਾ ਕਰਦੇ ਸਮੇਂ ਵਛੇਰੇ ਬਾਰੇ ਸੋਚਦੇ ਰਹੇ। ਇਸ ਗੱਲ ਨੇ ਨਵਾਬ ਨੂੰ ਏਨਾ ਝੰਜੋੜਿਆ ਕਿ ਉਹ ਹਮੇਸ਼ਾਂ ਲਈ ਗੁਰੂ ਜੀ ਦਾ ਮੁਰੀਦ ਬਣ ਗਿਆ। ਨਵਾਬ ਦੌਲਤ ਖਾਂ ਬਾਅਦ ਵਿੱਚ ਪੂਰੇ ਪੰਜਾਬ ਦਾ ਗਵਰਨਰ ਬਣਿਆ, ਜਿਸ ਦੀ ਰਾਜਧਾਨੀ ਲਾਹੌਰ ਸੀ।

ਅਫ਼ਗਾਨਿਸਤਾਨ ਦਾ ਹਾਕਮ: ਜਦੋਂ ਗੁਰੂ ਜੀ ਆਪਣੀ ਇੱਕ ਉਦਾਸੀ ਸਮੇਂ ਅਫ਼ਗਾਨਿਸਤਾਨ ਗਏ ਤਾਂ ਉੱਥੋਂ ਦਾ ਹਾਕਮ ਆਪ ਜੀ ਦੀ ਖ਼ਿਦਮਤ ਵਿੱਚ ਹਾਜ਼ਰ ਹੋਇਆ। ਉਸ ਨੇ ਆਪਣਾ ਤਾਜ ਗੁਰੂ ਸਾਹਿਬ ਦੀ ਨਜ਼ਰ ਕੀਤਾ। ਤਵਾਰੀਖ਼ ਵਿੱਚ ਜ਼ਿਕਰ ਆਉਂਦਾ ਹੈ ਕਿ ਗੁਰੂ ਨਾਨਕ ਨੇ ਤਾਜ ਮੋੜ ਦਿੱਤਾ। ਇਸ ਤੋਂ ਸਪਸ਼ਟ ਹੈ ਕਿ ਹਾਕਮ ਗੁਰੂ ਜੀ ਲਈ ਕਿੰਨੀ ਸ਼ਰਧਾ ਰੱਖਦਾ ਸੀ।

**ਨਵਾਬ ਫੈਜ਼ ਤਾਲਬ ਖਾਂ:** ਨਵਾਬ ਫੈਜ਼ ਤਾਲਬ ਖਾਂ ਜੂਨਾਗੜ ਦਾ ਨਵਾਬ ਸੀ। ਇਹ ਗੁਰੂ ਜੀ ਨਾਲ ਮੁਹੱਬਤ ਤੇ ਅਕੀਦਤ ਰੱਖਣ ਵਾਲਿਆਂ ਵਿੱਚੋਂ ਇੱਕ ਸੀ। ਚੇਤ 1470 ਬਿਕਰਮੀ ਵਿੱਚ ਗੁਰੂ ਜੀ ਜੂਨਾਗੜ ਗਏ। ਨਵਾਬ ਉਨਾਂ ਦਾ ਕਲਾਮ ਸੁਣ ਕੇ ਖ਼ੁਸ਼ ਹੋਇਆ ਅਤੇ ਇੱਜ਼ਤ ਬਖ਼ਸ਼ੀ। ਨਵਾਬ ਨੇ ਗੁਰੂ ਜੀ ਦੀਆਂ ਖੜਾਵਾਂ ਯਾਦਗਾਰੀ ਨਿਸ਼ਾਨੀ ਵਜੋਂ ਰੱਖ ਲਈਆਂ, ਜੋ ਅਜੇ ਤਕ ਕਿਲੇ ਕੋਲ ਇੱਕ ਧਰਮਸ਼ਾਲਾ ਵਿੱਚ ਪਈਆਂ ਹਨ। ਇਸ ਦੀ ਪੂਜਾ 'ਨਾਨਕ ਸ਼ਾਹੀ ਫਕੀਰ' ਕਰਦੇ ਹਨ। ਨਵਾਬ ਨੇ ਗੁਰੂ ਨਾਨਕ ਦੇ ਕਹਿਣ 'ਤੇ ਸ਼ਹਿਰਾਂ-ਪਿੰਡਾਂ ਵਿੱਚ ਲੰਗਰ ਸ਼ੁਰੂ ਕਰ ਦਿੱਤੇ ਸਨ।

**ਜ਼ਹੀਰ-ਉਦ-ਦੀਨ ਮੁਹੰਮਦ ਬਾਬਰ:** ਬਾਬਰ (1483–1530) ਹਿੰਦੁਸਤਾਨ ਵਿੱਚ ਮੁਗ਼ਲ ਹਕੂਮਤ ਦਾ ਬਾਨੀ ਸੀ। ਉਹ ਇੱਕ ਸ਼ਾਇਰ ਵੀ ਸੀ। ਸਰੋਤਾਂ ਮੁਤਾਬਕ ਗੁਰੂ ਨਾਨਕ ਅਤੇ ਬਾਬਰ ਦੀ ਮੁਲਾਕਾਤ 1520 ਵਿੱਚ ਹੋਈ ਜਦੋਂ ਬਾਬਰ ਨੇ ਸੈਦਪੁਰ (ਏਮਨਾਬਾਦ, ਗੁੱਜਰਾਂਵਾਲਾ) 'ਤੇ ਹਮਲਾ ਕੀਤਾ ਸੀ। ਬਾਬਰ ਦੇ ਸਿਪਾਹੀਆਂ ਨੇ ਬੜੇ ਜ਼ੁਲਮ ਕਰਕੇ ਹਜ਼ਾਰਾਂ ਲੋਕਾਂ ਨੂੰ ਮੌਤ ਦੇ ਘਾਟ ਉਤਾਰਿਆ। ਪੁਰਾਤਨ ਜਨਮ ਸਾਖੀ ਮੁਤਾਬਕ ਗੁਰੂ ਨਾਨਕ ਦੇਵ ਅਤੇ ਭਾਈ ਮਰਦਾਨਾ ਵੀ ਕੈਦ ਵਿੱਚ ਪਾ ਦਿੱਤੇ ਗਏ ਸਨ। ਜਦੋਂ ਫ਼ੌਜੀਆਂ ਨੇ ਬਾਬਰ ਨੂੰ ਗੁਰੂ ਨਾਨਕ ਬਾਰੇ ਦੱਸਿਆ ਤਾਂ ਉਸ ਕਿਹਾ, ਜੇਕਰ ਅਜਿਹੇ ਪਵਿੱਤਰ ਪੁਰਖ ਹਨ ਤਾਂ ਸ਼ਹਿਰ ਨੂੰ ਤਬਾਹ ਨਹੀਂ ਕਰਨਾ ਚਾਹੀਦਾ ਸੀ। ਕਹਿੰਦੇ ਹਨ ਕਿ ਬਾਬਰ ਨੇ ਗੁਰੂ ਜੀ ਦੇ ਪੈਰਾਂ ਨੂੰ ਚੁੰਮਿਆ ਅਤੇ ਕਿਹਾ ਕਿ ਇਸ ਫ਼ਕੀਰ ਦੇ ਮੁਖੜੇ ਤੋਂ ਅੱਲਾ ਦੇ ਦੀਦਾਰ ਹੁੰਦੇ ਹਨ। ਸਾਰੇ ਮੁਸਲਮਾਨ ਅਤੇ ਹਿੰਦੂ ਗੁਰੂ ਨਾਨਕ ਦੇਵ ਅੱਗੇ ਨਤਮਸਤਕ ਹੋਏ। ਬਾਬਰ ਨੇ ਗੁਰੂ ਸਾਹਿਬ ਨੂੰ ਕੁਝ ਮੰਗਣ ਲਈ ਆਖਿਆ। ਗੁਰੂ ਸਾਹਿਬ ਨੇ ਬਾਬਰ ਨੂੰ ਕਿਹਾ ਕਿ ਸੈਦਪੁਰ ਦੇ ਸਾਰੇ ਕੈਦੀ ਛੱਡ ਦੇਵੇ ਅਤੇ ਉਨਾਂ ਦਾ ਸਾਮਾਨ ਵਾਪਸ ਕਰ ਦੇਵੇ। ਸਾਰੇ ਕੈਦੀ ਰਿਹਾਅ ਕੀਤੇ ਗਏ ਪਰ ਬਾਬਰ ਦੀ 'ਤੁਜ਼ਕਿ' ਵਿੱਚ ਇਸ ਮੁਲਾਕਾਤ ਦਾ ਜ਼ਿਕਰ ਨਹੀਂ ਕੀਤਾ ਗਿਆ। ਗੁਰੂ ਗ੍ਰੰਥ ਸਾਹਿਬ ਵਿੱਚ ਗੁਰੂ ਸਾਹਿਬ ਨੇ ਬਾਬਰ ਦੇ ਹਮਲੇ ਦਾ ਜ਼ਿਕਰ ਕੀਤਾ ਹੈ। ਇਨਾਂ ਚਾਰ ਤੁਕਾਂ ਨੂੰ 'ਬਾਬਰਬਾਣੀ' ਆਖਿਆ ਜਾਂਦਾ ਹੈ। ਕਈ ਇਤਿਹਾਸਕਾਰ ਇਹ ਵੀ ਲਿਖਦੇ ਹਨ ਕਿ ਗੁਰੂ ਸਾਹਿਬ ਨੇ ਬਾਬਰ ਦਾ ਪ੍ਰੇਮ ਵੇਖ ਕੇ ਬਾਬਰ ਦੀਆਂ ਸੱਤ ਪੁਸ਼ਤਾਂ ਨੂੰ ਬਾਦਸ਼ਾਹਤ ਕਰਨ ਦਾ ਵਰ ਦਿੱਤਾ। ਬਾਬਰ ਨੇ ਆਪਣੇ ਬੇਟੇ ਹਮਾਯੂੰ ਨੂੰ ਤਾਕੀਦ ਕੀਤੀ ਸੀ ਕਿ ਸਾਰੀਆਂ ਕੌਮਾਂ ਤੇ ਮਜ਼ਹਬਾਂ ਦਾ ਖ਼ਿਆਲ ਰੱਖੇ। ਇਹ ਵਸੀਅਤ ਭੁਪਾਲ ਦੀ ਲੜਾਈ ਵਿੱਚ ਕੀਤੀ ਜਿਹੜੀ ਫ਼ਾਰਸੀ ਜ਼ੁਬਾਨ ਵਿੱਚ ਹੈ। ਕਈ ਲੇਖਕ ਇਹ ਵੀ ਲਿਖਦੇ ਹਨ ਕਿ ਬਾਬਰ ਨੇ ਗੁਰੂ ਸਾਹਿਬ ਨਾਲ ਅਹਿਦ ਕੀਤਾ ਸੀ ਕਿ ਗੁਰੂ ਦੇ ਸਿੱਖਾਂ ਤੋਂ ਜਜ਼ੀਆ ਨਹੀਂ ਲਿਆ ਜਾਵੇਗਾ। ਇਸ ਦਾ ਸੰਕੇਤ ਆਸਾ ਮਹਲਾ ਅੰਗ 430 'ਤੇ ਵੀ ਆਇਆ ਹੈ। ਬਾਬਰ ਦੀ 26 ਦਸੰਬਰ 1530 ਨੂੰ ਆਗਰੇ ਵਿੱਚ ਮੌਤ ਹੋਈ ਪਰ ਉਸ ਦੀ ਕਬਰ ਕਾਬਲ ਦੇ ਇੱਕ ਬਾਗ਼ ਵਿੱਚ ਹੈ।

**ਸ਼ੇਖ ਫ਼ਰੀਦ:** ਸ਼ੇਖ ਫ਼ਰੀਦ ਨੂੰ ਸਿੱਖ ਤਵਾਰੀਖ਼ ਵਿੱਚ ਸ਼ੇਖ ਬ੍ਰਹਮ, ਸ਼ੇਖ ਅਬਰਾਹੀਮ, ਫ਼ਰੀਦ ਸਾਨੀ, ਹਲਮਜਾ, ਸ਼ਾਲਸ਼ ਫ਼ਰੀਦ ਆਦਿ ਨਾਵਾਂ ਨਾਲ ਵੀ ਯਾਦ ਕੀਤਾ ਜਾਂਦਾ ਹੈ। ਪੁਰਾਣੀਆਂ ਸਾਖੀਆਂ ਤੇ ਨਾਨਕ ਪ੍ਰਕਾਸ਼ ਵਿੱਚ ਵੀ ਸ਼ੇਖ਼ ਬ੍ਰਹਮ ਨਾਂ ਹੀ ਆਇਆ ਹੈ। ਸ਼ੇਖ਼ ਫ਼ਰੀਦ ਜੀ ਨੂੰ ਗੁਰੂ ਨਾਨਕ ਦੇਵ ਜੀ ਨਾਲ ਬੜਾ ਪਿਆਰ ਤੇ ਖਲੂਸ ਸੀ। ਉਨਾਂ ਦੀ ਮੁਲਾਕਾਤ ਗੁਰੂ ਸਾਹਿਬ ਨਾਲ ਕਈ ਵਾਰ ਹੋਈ। ਜਨਮ ਸਾਖੀ ਬਾਲਾ ਮੁਤਾਬਕ ਇੱਕ ਵਾਰ ਜਦੋਂ ਫ਼ਰੀਦ ਜੀ ਗੁਰੂ ਸਾਹਿਬ ਨੂੰ ਮਿਲੇ ਤੇ ਖ਼ੁਸ਼ੀ ਵਿੱਚ ਆਖਿਆ, ਉਹ ਭਾਈ ਸਾਹਿਬ ਅੱਜ ਖ਼ੁਦਾ ਸਾਡੇ 'ਤੇ ਮਿਹਰਬਾਨ ਹੋਇਆ ਏ, ਜੋ ਆਪ ਦਾ ਦੀਦਾਰ ਹੋਇਆ ਏ। ਤੇ ਦੋਵੇਂ ਉੱਠ ਕੇ ਆਪਸ ਵਿੱਚ ਮਿਲੇ ਤੇ ਬੈਠ ਗਏ। ਇੱਕ ਵਾਰੀ ਗੁਰੂ ਸਾਹਿਬ ਨੇ ਫ਼ਰੀਦ ਸਾਹਿਬ ਦੇ ਗਲੇ ਮਿਲ ਕੇ ਇੱਕ ਸ਼ਬਦ ਦਾ ਉਚਾਰਨ ਵੀ ਕੀਤਾ।

ਗੁਰੂ ਸਾਹਿਬ ਦਾ ਧਰਮ ਇਕੱਤਰਤਾ ਤੇ ਮਿਲਾਪ ਦਾ ਧਰਮ ਸੀ। ਬਾਬਾ ਫ਼ਰੀਦ ਜੀ ਗੁਰੂ ਸਾਹਿਬ ਨਾਲ ਦਸ ਸਾਲ ਮਿਲ ਕੇ ਲੋਕਾਂ ਨੂੰ ਅੱਲਾ ਦਾ ਰਸਤਾ ਦੱਸਦੇ ਰਹੇ। ਬਾਬਾ ਫ਼ਰੀਦ ਦੀ ਬਾਣੀ ਵੀ ਗੁਰੂ ਗ੍ਰੰਥ ਸਾਹਿਬ ਵਿੱਚ ਸ਼ਾਮਲ ਹੈ।

ਪੀਰ ਜਲਾਲ: ਤਵਾਰੀਖ਼ ਵਿੱਚ ਅੰਕਿਤ ਹੈ ਕਿ ਪੀਰ ਜਲਾਲ ਨੂੰ ਗੁਰੂ ਸਾਹਿਬ ਨਾਲ ਜਿੱਥੇ ਪਿਆਰ ਸੀ ਉੱਥੇ ਉਹ ਗੁਰੂ ਸਾਹਿਬ ਦੀ ਬੜੀ ਇੱਜ਼ਤ ਕਰਦਾ ਸੀ। ਪੀਰ ਜਲਾਲ ਨੇ ਆਖਿਆ, "ਫ਼ਕੀਰਾਂ ਦਾ ਦੀਦਾਰ ਖ਼ੁਦਾ ਦਾ ਦੀਦਾਰ ਏ।" ਉਹ ਗੁਰੂ ਸਾਹਿਬ ਨਾਲ ਬਚਨ ਬਿਲਾਸ ਕਰਕੇ ਆਨੰਦਤ ਹੁੰਦਾ। ਜਦੋਂ ਪੀਰ ਜਲਾਲ ਗੁਰੂ ਸਾਹਿਬ ਨੂੰ ਮਿਲਿਆ ਤਾਂ ਗੁਰੂ ਜੀ ਨੇ ਉਸ ਨੂੰ ਨੇਕ ਤੇ ਪਵਿੱਤਰ ਸਮਝ ਕੇ ਉੱਠ ਕੇ ਉਸ ਨਾਲ ਦਸਤਪੰਜਾ ਕੀਤਾ।

**ਮੀਆਂ ਮਿੱਠਾ:** ਮੀਆਂ ਮਿੱਠਾ ਇੱਕ ਪਵਿੱਤਰ ਰੂਹ ਸੀ, ਜੋ ਪਿੰਡ ਕੋਟਲਾ ਮੀਆਂ ਮਿੱਠਾ (ਸਿਆਲਕੋਟ ਪਾਕਿਸਤਾਨ) ਰਹਿੰਦਾ ਸੀ। ਉਹ ਗੁਰੂ ਸਾਹਿਬ ਨੂੰ ਉਸ ਸਮੇਂ ਮਿਲਿਆ ਜਦੋਂ ਗੁਰੂ ਸਾਹਿਬ ਉਸ ਦੇ ਪਿੰਡ ਵਿੱਚੋਂ ਗੁਜ਼ਰ ਰਹੇ ਸਨ ਅਤੇ ਦੋਵਾਂ ਨੇ ਬਹਿ ਕੇ ਮੁਲਾਕਾਤ ਕੀਤੀ। ਪੁਰਾਤਨ ਜਨਮ ਸਾਖੀ ਮੁਤਾਬਕ ਮੀਆਂ ਮਿੱਠਾ ਨੇ ਕਿਹਾ ਦੋ ਨਾਂ ਉੱਤਮ ਹਨ, ਪਹਿਲਾ ਖ਼ੁਦਾ ਅਤੇ ਦੂਜਾ ਪੈਗੰਬਰ। ਪਹਿਲਾਂ ਨਾਂ ਖ਼ੁਦਾ ਦਾ ਹੈ ਜਿਸ ਦੀ ਸਰਦਲ ਅੱਗੇ ਅਨੇਕਾਂ ਪੈਗੰਬਰ (ਨਬੀ) ਬੈਠੇ ਹਨ। ਗੁਰੂ ਜੀ ਨੇ ਉਸ ਨੂੰ ਜਵਾਬ ਦੇ ਕੇ ਤਸੱਲੀ ਕਰਾ ਦਿੱਤੀ। ਉਹ ਆਮ ਤੌਰ 'ਤੇ ਗੁਰੂ ਸਾਹਿਬ ਨੂੰ ਆਖਦਾ, "ਨਾਨਕ ਜੀ ਆਪ ਬਜ਼ੁਰਗ ਹੋ ਖ਼ੁਦਾ ਨੇ ਤੁਹਾਨੂੰ ਬਜ਼ੁਰਗੀ ਬਖ਼ਸ਼ੀ ਏ।"

ਪੀਰ ਅਬਦੁਲ ਰਹਿਮਾਨ: ਇੱਕ ਵਾਰ ਗੁਰੂ ਸਾਹਿਬ ਦੀ ਮੁਲਾਕਾਤ ਪੀਰ ਅਬਦੁਲ ਰਹਿਮਾਨ ਨਾਲ ਹੋਈ ਜਿਹੜਾ ਬੜੀ ਇੱਜ਼ਤ ਤੇ ਖਲੂਸ ਨਾਲ ਪੇਸ਼ ਆਇਆ। ਉਹ ਗੁਰੂ ਸਾਹਿਬ ਨੂੰ ਆਪਣੇ ਹੁਜਰੇ ਵਿੱਚ ਲੈ ਗਿਆ। ਉੱਥੇ ਗੁਰੂ ਸਾਹਿਬ ਨਾਲ ਵਿਚਾਰਾਂ ਕੀਤੀਆਂ ਅਤੇ ਬੜੀ ਖ਼ਿਦਮਤ ਕੀਤੀ। ਮੁਲਾਕਾਤ ਦਾ ਜ਼ਿਕਰ ਵੀ ਬਾਲੇ ਵਾਲੀ ਜਨਮਸਾਖੀ ਵਿੱਚ ਆਇਆ ਹੈ।

**ਸ਼ਾਹ ਸ਼ਰਫ:** ਸ਼ਾਹ ਸ਼ਰਫ ਇੱਕ ਮੁਸਲਮਾਨ ਫ਼ਕੀਰ ਸੀ। ਉਹ ਗੁਰੂ ਜੀ ਨਾਲ ਬੜਾ ਪਿਆਰ ਕਰਦਾ ਸੀ। ਗੁਰਬੰਸਾਵਲੀ ਵਿੱਚ ਜ਼ਿਕਰ ਆਉਂਦਾ ਹੈ ਕਿ ਗੁਰੂ ਸਾਹਿਬ ਨੇ ਉਸ ਨੂੰ ਆਪਣੇ ਮਿਸ਼ਨ ਦਾ ਪ੍ਰਚਾਰਕ ਮੁਕੱਰਰ ਕੀਤਾ ਸੀ।

ਉਬਾਰੇ ਖ਼ਾਨ: ਜਨਮਸਾਖੀ ਵਿੱਚ ਜ਼ਿਕਰ ਆਉਂਦਾ ਹੈ ਕਿ ਉਬਾਰੇ ਖ਼ਾਨ ਨੇ ਗੁਰੂ ਨਾਨਕ ਨੂੰ ਬੜੇ ਸਤਿਕਾਰ ਤੇ ਪ੍ਰੇਮ ਨਾਲ ਇੱਕ ਕੱਪੜਾ ਭੇਟ ਕੀਤਾ ਸੀ। ਗੁਰੂ ਸਾਹਿਬ ਨੇ ਉਸ ਦੀਆਂ ਦੋ ਚਾਦਰਾਂ ਬਣਵਾਈਆਂ। ਇੱਕ ਆਪਣੇ ਪਿਆਰੇ ਸਾਥੀ ਭਾਈ ਮਰਦਾਨੇ ਨੂੰ ਦਿੱਤੀ ਤੇ ਇੱਕ ਆਪਣੇ ਕੋਲ ਰੱਖੀ।

**ਬਾਬਾ ਬੁੱਢਣ ਸ਼ਾਹ:** ਇਹ ਮੁਸਲਮਾਨ ਫ਼ਕੀਰ ਗੁਰੂ ਨਾਨਕ ਦਾ ਬੜਾ ਉਪਾਸ਼ਕ ਸੀ। ਇੱਕ ਵਾਰ ਉਸ ਨੇ ਗੁਰੂ ਸਾਹਿਬ ਨੂੰ ਪਿਆਰ ਨਾਲ ਬੱਕਰੀ ਦਾ ਦੁੱਧ ਨਜ਼ਰ ਕੀਤਾ ਤਾਂ ਗੁਰੂ ਸਾਹਿਬ ਨੇ ਕਬੂਲ ਕੀਤਾ। ਇਸ ਦਾ ਜ਼ਿਕਰ ਵੀ 'ਗੁਰਬੰਸਾਵਲੀ' ਅਤੇ 'ਗੁਰਧਾਮ ਦੀਦਾਰ' ਪੁਸਤਕਾਂ ਵਿੱਚ ਮਿਲਦਾ ਹੈ।

**ਮੀਰ ਸਈਦ ਹਸਨ:** ਇਹ ਤਲਵੰਡੀ ਦਾ ਰਹਿਣ ਵਾਲਾ ਬਜ਼ੁਰਗ ਮੁਸਲਮਾਨ ਸੀ। ਉਸ ਦੇ ਦਿਲ ਵਿੱਚ ਗੁਰੂ ਨਾਨਕ ਸਾਹਿਬ ਲਈ ਬੜੀ ਇੱਜ਼ਤ ਤੇ ਮੁਹੱਬਤ ਸੀ। ਇਤਿਹਾਸਕਾਰਾਂ ਨੇ ਲਿਖਿਆ ਹੈ ਕਿ ਮੀਰ ਸਈਦ ਹਸਨ ਆਪਣੇ ਇਲਾਕੇ ਦਾ ਵਲੀ ਸੀ। ਕਰਾਮਾਤੀ ਬੇਲਾਗ ਪੀਰ ਮੰਨਿਆ ਜਾਂਦਾ ਸੀ। ਇਹ ਗੁਰੂ ਸਾਹਿਬ ਦੇ ਪਿਤਾ ਮਹਿਤਾ ਕਾਲੂ ਜੀ ਦੇ ਘਰ ਦੇ ਲਾਗੇ ਹੀ ਰਹਿੰਦਾ ਸੀ। ਉਸ ਨੇ ਗੁਰੂ ਸਾਹਿਬ ਨੂੰ ਦੀਨੀ ਤੇ ਦੁਨਿਆਈ ਇਲਮ ਪੜਾਇਆ। ਇਸ ਦਾ ਜ਼ਿਕਰ 'ਤਵਾਰੀਖ ਗੁਰੂ ਖ਼ਾਲਸਾ' ਅਤੇ 'ਗੁਰੂ ਨਾਨਕ ਚਮਤਕਾਰ' ਵਿੱਚ ਆਇਆ ਹੈ।

**ਵਲੀ ਕੰਧਾਰੀ:** ਵਲੀ ਕੰਧਾਰੀ ਹਸਨ ਅਬਦਾਲ (ਪੰਜਾ ਸਾਹਿਬ) ਦਾ ਰਹਿਣ ਵਾਲਾ ਸੀ। ਇਹ ਫ਼ਕੀਰ ਅਸਲੋਂ ਸਈਦ ਸਬਵਾਰ (ਇਲਾਕਾ ਖ਼ੁਰਾਸਾਨ) ਦਾ ਰਹਿਣ ਵਾਲਾ ਸੀ ਅਤੇ ਤਜ਼ਾਰਤ ਵਿੱਚ ਮਿਰਜ਼ਾ ਸ਼ਾਹਰੁਖ ਨਾਲ ਆਇਆ ਸੀ।

ਮੁਲਤਾਨ ਦੇ ਫ਼ਕੀਰ: ਜਦੋਂ ਗੁਰੂ ਨਾਨਕ ਸਾਹਿਬ ਮੱਕੇ-ਮਦੀਨੇ ਤੋਂ ਵਾਪਸ ਆਏ ਤਾਂ ਮੁਲਤਾਨ ਅੱਪੜੇ। ਉੱਥੋਂ ਦੇ ਫ਼ਕੀਰਾਂ ਨੇ ਗੁਰੂ ਜੀ ਕੋਲ ਇੱਕ ਦੁੱਧ ਦਾ ਪਿਆਲਾ ਲਿਆਂਦਾ ਅਤੇ ਉਨਾਂ ਕੋਲ ਅਜ਼ਮਾਇਸ਼ ਲਈ ਰੱਖ ਦਿੱਤਾ। ਇਹ ਦਾ ਮਤਲਬ ਸੀ ਕਿ ਮੁਲਤਾਨ ਤਾਂ ਇਸ ਦੁੱਧ ਭਰੇ ਪਿਆਲੇ ਵਾਂਗ ਪਹਿਲਾਂ ਹੀ ਪੀਰਾਂ-ਫ਼ਕੀਰਾਂ ਨਾਲ ਭਰਿਆ ਹੋਇਆ ਹੈ। ਆਪ ਦੀ ਇਸ ਥਾਂ ਗੁੰਜਾਇਸ਼ ਨਹੀਂ। ਗੁਰੂ ਸਾਹਿਬ ਨੇ ਇਸ ਵਿੱਚ ਪਤਾਸੇ ਅਤੇ ਫੁੱਲ ਪਾ ਕੇ ਜਵਾਬ ਦਿੱਤਾ ਕਿ ਅਸੀਂ ਕਿਸੇ ਦੇ ਰਸਤੇ ਵਿੱਚ ਰੁਕਾਵਟ ਨਹੀਂ ਬਣਾਂਗੇ ਸਗੋਂ ਦੁੱਧ ਵਿੱਚ ਖੰਡ ਤੇ ਫੁੱਲ ਦੀ ਤਰਾਂ ਰਹਾਂਗੇ। ਇਸ ਜਵਾਬ ਨਾਲ ਮੁਲਤਾਨ ਦੇ ਫ਼ਕੀਰ ਬੜੇ ਖ਼ੁਸ਼ ਹੋਏ ਅਤੇ ਦਿਲ-ਜਾਨ ਨਾਲ ਆਪ ਦੀ ਇੱਜ਼ਤ ਕੀਤੀ। ਮੁਲਤਾਨ ਦੇ ਮੁਸਲਮਾਨਾਂ ਨੇ ਗੁਰੂ ਨਾਨਕ ਦੀ ਇੱਕ ਯਾਦਗਾਰ ਕਾਇਮ ਕੀਤੀ ਹੋਈ ਹੈ ਜੋ ਉਨਾਂ ਦੇ ਦਿਲੀ ਜਜ਼ਬਾਤਾਂ ਦੀ ਆਰਸੀ ਹੈ।

**ਬਾਕੀ ਸਫ਼ਾ 31 'ਤੇ**

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

# ਨਹੀਂ ਲੱਭਣੇ ਲਾਲ ਗੁਆਚੇ

## ਕਾਂਡ 18

- ਬਲਦੇਵ ਸਿੰਘ ਬੁੱਧ ਸਿੰਘ ਵਾਲਾ

ਲੀੜੇ ਕੱਪੜੇ ਖ੍ਰੀਦੇ ਵਿਆਹ ਦੀ ਮੁਕੰਮਲ ਤਿਆਰੀ ਹੋ ਗਈ।
'ਕੋਈ ਗੌਣ ਗੂਣ ਵਾਲਾ ਵੀ ਲੌਣਾ ਜਾਂ ਸੁੱਕਾ ਸੀਦਾ?' ਨੰਜੀ ਨੇ ਕਿਹਾ ਕਿਉਂਕਿ ਉਸਨੂੰ ਬਹੁਤ ਚਾਅ ਸੀ ਤੇ ਸੋਚਦਾ ਹੁੰਦਾ ਸੀ। ਰੱਬਾ ਸਾਡੇ ਵਿੱਚੋਂ ਕਿਸੇ ਦਾ ਵਿਆਹ ਹੋ ਜਾਵੇ ਲੋਕਾਂ ਵਾਂਗੂੰ ਨਿੱਕਾ ਨੀ ਕੱਤਣਾ ਕੋਈ ਚੰਗਾ ਗੌਣ ਵਾਲਾ ਲਾਉਣਾ।

'ਸੁੱਕਾ ਸੀਦਾ ਠੀਕ ਆ ਜੇ ਜਾਦਾ ਈ ਦਿਲ ਕਰਦਾ ਤਾ ਨਕਲੀਏ ਲਾ ਲੈਨੇ ਆਂ' ਕੇਵਲ ਨੇ ਕਿਹਾ।

'ਯਾਰ ਨਕਲੀਏ ਤਾਂ ਅੱਜ ਕੱਲ ਮਰਾਸੀ ਵੀ ਨੀ ਲੌਂਦੇ'

'ਮੁਸਲਮਾਨਾ ਨੇ ਮੁੰਡੇ ਦੇ ਵਿਆਹ 'ਚ' ਨਕਲੀਏ ਲਾਏ ਸੀ, ਬ੍ਹੈਜਾ ਬ੍ਹੈਜਾ ਹੋਗੀ ਸੀ' ਕੇਵਲ ਨੇ ਕਿਹਾ।

'ਨਕਲੀਏ ਲਾ ਕੇ ਟਿੱਚਰਾਂ ਕਰੌਣੀਆਂ?'

'ਚੱਲ ਫਿਰ ਊਂ ਸਾਰ ਲੈਨੇ ਆਪਾਂ ਕ੍ਹੇੜਾ ਕਿਸੇ ਦਾ ਲਿਖਿਆ ਦੇਣਾ' ਕੇਵਲ ਨੇ ਕਿਹਾ।

'ਜੰਨ ਕਦੋਂ ਚੜ੍ਹਨੀ ਆ ?

'ਐਤਵਾਰ'

'ਅੱਜ ਮੰਗਲਵਾਰ ਫਿਰ ਤਾਂ ਸਾਰੇ ਚਾਰ ਦਿਨ ਰਹਿਗੇ'

'ਹਾਂ' ਕੇਵਲ ਨੇ ਕਿਹਾ ਤੇ ਘਰ ਦੀ ਸਾਫ ਸਫਾਈ ਕਰਵਾਉਣ ਲੱਗ ਪਿਆ। ਤਾਰਾ ਤੇ ਨੰਜੀ ਮੋਗਿਓਂ ਸਮਾਨ ਲੈਣ ਚਲੇ ਗਏ। ਐਤਵਾਰ ਨੂੰ ਬੈਂਡ ਵਾਜੇ ਵਾਲੇ ਆ ਗਏ ਬੈਂਡ ਨੂੰ ਦੇਖ ਕੇ ਤਾਰਾ ਤੇ ਨੰਜੀ ਖੁਸ਼ ਹੋ ਗਏ। ਕਿਉਂਕਿ ਮੁੰਡੇ ਬੈਂਡ ਵਾਜੇ ਦੇ ਅੱਗੇ ਅੱਗੇ ਭੰਗੜੇ ਪਾ ਰਹੇ ਸਨ। ਪਿੰਡ ਵਿੱਚ ਰੌਣਕ ਲੱਗ ਗਈ। ਮਾਮਾ ਸਰਦੂਲ ਸਵੇਰੇ ਸਵੇਰੇ ਦਾਰੂ ਨਾਲ ਰੱਜਿਆ ਫਿਰਦਾ ਸੀ। ਉਸਦਾ ਧੂੰਆਂ ਚਾਦਰਾ ਧਰਤੀ ਹੂੰਝਦਾ ਫਿਰਦਾ ਸੀ। ਕੇਵਲ ਸਿਹਰੇ ਬੰਨ ਕੇ ਬਾਹਰ ਕਾਰ ਵਿੱਚ ਬੈਠਣ ਵਾਸਤੇ ਆਇਆ। ਤਾਰਾ, ਨੰਜੀ, ਮਾਂ ਜੈਕੁਰ ਤੇ ਬਾਪੂ ਕੈਲਾ ਵੀ ਨਾਲ ਸੀ। ਚੌਕੀਦਾਰ ਭੱਜਾ ਭੱਜਾ ਕੇਵਲ ਕੋਲ ਆਇਆ–

'ਬਾਈ ਅੰਦਰ ਆ ਕੇ ਮੇਰੀ ਗੱਲ ਸੁਣ'

'ਐਥੇ ਦੱਸ ਦੇ?'

'ਐਥੇ ਦੱਸਣ ਆਲੀ ਨੀ ਛੇਤੀ ਕਰੋ' ਚੌਂਕੀਦਾਰ ਸਾਹੋ ਸਾਹ ਹੋਇਆ ਸੀ ਤੇ ਮੁੜਕੇ ਨਾਲ ਭਿੱਜਿਆ ਪਿਆ ਸੀ। ਚੌਂਕੀਦਾਰ ਅੰਦਰ ਵੜ ਗਿਆ।

'ਸਾਲੇ ਨੇ ਲਾਗ ਲੈਣਾ ਹੋਊ ਇਹ ਨਿੱਕੀ ਸੁੱਕੀ ਜਾਤ ਖੁਸ਼ੀ ਦੇ ਮੌਕੇ ਵੀ ਰੰਗ 'ਚ' ਭੰਗ ਪੌਂਦੀ ਆ' ਆਖ ਕੇ ਸਾਰੇ ਅੰਦਰ ਚਲੇ ਗਏ।

'ਯਾਰ ਲਾਗ ਲੈਣਾ? ਅਸੀਂ ਭੱਜ ਚੱਲੇ ਸੀ ਲਾਗ ਨੂੰ ਲੈ ਫੜ' ਕੇਵਲ ਨੇ ਕਿਹਾ ਤੇ ਸੌ ਰੁਪਏ ਚੌਂਕੀਦਾਰ ਵੱਲ ਵਧਾਏ।

'ਨਈਂ ਬਾਈ ਮੈਂ ਲਾਗ ਲੈਣ ਨੀ ਆਇਆ ਮੈਂ ਤਾਂ ਏਹ ਦੱਸਣ ਆਇਆ ਕਿ ਹੁਣੇ ਤੇਰੇ ਤੇ ਪੁਲਸ ਪੈਣ ਆਲੀ ਆ ਛੇਤੀ ਕਰ ਕੇ ਭੱਜ ਜਾ ਜੇ ਭੱਜੀਦਾ ਤਾਂ' ਚੌਂਕੀਦਾਰ ਨੇ ਕਿਹਾ।

'ਏਹ ਕੀ ਹੋ ਗਿਆ ਤੇ ਵਿਆਹ ਦਾ ਕੀ ਹੋਊ?'

'ਛੱਡ ਵਿਆਹ ਵੂਹ ਨੂੰ ਜੇ ਇੱਕ ਵਾਰ ਫਸ ਗਿਆ ਸਾਰੀ ਉਮਰ ਪਛਤਾਂਏਂਗਾ, ਮੈਂ ਠਾਣੇ ਰ੍ਹੈਨਾ ਮੈਨੂੰ ਸਾਰਾ ਪਤਾ ਨਿਕਲ ਜਾ ਫਿਰ ਦੇਖੀ ਜਾਊ' ਚੌਂਕੀਦਾਰ ਨੇ ਭੱਜ ਜਾਣ ਤੇ ਜ਼ੋਰ ਦਿੱਤਾ।

'ਕੀ ਕਰੀਏ?' ਕੇਵਲ ਨੇ ਪੁੱਛਿਆ।

'ਚੌਂਕੀਦਾਰ ਦੀ ਗੱਲ ਮੰਨ ਵੇਲਾ ਸੰਭਾਲ ਜਿਉਂਦੀ ਜਾਨ ਨੂੰ ਸੌ ਵਿਆਹ' ਕੈਲੇ ਨੇ ਕਿਹਾ ਕਿਉਂਕਿ ਕੈਲਾ ਕਾਮਰੇਡ ਸੀ ਅਤੇ ਇਸ ਤੇ ਕਈ ਵਾਰ ਪੁਲਸ ਪਈ ਸੀ ਬਹੁਤ ਛਾਪੇ ਮਾਰੇ ਸਨ ਕਈ ਵਾਰ ਬਚ ਜਾਂਦਾ ਤੇ ਕਈ ਵਾਰ ਫਸ ਜਾਂਦਾ!

'ਠੀਕ ਆ ਮੈਂ ਚੱਲਿਆਂ ਮੈਨੂੰ ਖ਼ਬਰ ਦੇ ਦੇਣਾ ਪੁਲਸ ਕਿਓਂ ਆਈ ਸੀ, ਮੈਂ ਆੜ੍ਹਤੀਆਂ ਕੋਲ ਜਾਨਾ ਓਥੇ ਫੂਨ ਕਰਕੇ ਦੱਸ ਦੇਣਾ'

'ਚੱਲ ਵਈ' ਕੇਵਲ ਨੇ ਕਾਰ ਵਿੱਚ ਬੈਠਦੇ ਹੋਏ ਨੇ ਕਿਹਾ। ਡਰਾਈਵਰ ਨੇ ਕਾਰ ਉੱਤੇ ਲੱਗੇ ਫੁੱਲ ਵਗੈਰਾ ਲਾਹ ਕੇ ਪਰ੍ਹਾਂ ਮਾਰੇ ਤੇ ਕਾਰ ਆੜ੍ਹਤ ਅੱਗੇ ਰੋਕ ਦਿੱਤੀ। ਕੇਵਲ ਆੜ੍ਹਤੀਆਂ ਦੀ ਦੁਕਾਨ ਤੇ ਪਿੱਛੇ ਜਾਕੇ ਚਾਦਰ ਤੇ ਲੇਟ ਗਿਆ। ਘਰ ਬੈਂਡ ਵਾਜੇ ਬੰਦ ਹੋ ਗਏ। ਜਿਸ ਘਰ ਵਿੱਚ ਰੌਣਕਾਂ ਸਨ ਉਹ ਗ਼ਮੀਂ ਵਿੱਚ ਬਦਲ ਗਈਆਂ। ਮਿੰਟ ਵਿੱਚ ਕੀ ਭਾਣਾ ਵਾਪਰ ਗਿਆ! ਮਠਿਆਈਆਂ ਮਿੱਟੀ ਬਣ ਗਈਆਂ। ਜਦੋਂ ਪਤਾ ਲੱਗਾ ਕਿ ਛਾਪਾ ਪੈਣ ਵਾਲਾ ਹੈ ਤਾਂ ਸਾਰੇ ਚਲੇ ਗਏ। ਘਰ ਖਾਲੀ ਹੋ ਗਿਆ ਜਿਵੇਂ ਵਿਆਹ ਤੋਂ ਬਾਅਦ ਮੈਰਿਜ ਪੈਲਸ! ਘਰ ਵਿੱਚ ਮਾਮਾ, ਤਾਰਾ, ਨੰਜੀ, ਕੈਲਾ ਤੇ ਜੈਕੁਰ ਹੀ ਰਹਿ ਗਏ ਦਾਰੂ ਪੀਣ ਵਾਲੇ ਸਾਰੇ ਇੱਕ ਇੱਕ ਕਰਕੇ ਖਿਸਕ ਗਏ। ਇਹ ਜਾਂਦੇ ਤਾਂ ਜਾਂਦੇ ਕਿੱਥੇ?

'ਕੋਈ ਤਾਂ ਸਾਡਾ ਦੁੱਖ ਸੁੱਖ ਵੰਡਾਓ' ਰੋਣਹਾਕੀ ਆਵਾਜ਼ ਵਿੱਚ ਕੈਲੇ ਨੇ ਜਾਂਦੇ ਹੋਏ ਲੋਕਾ ਨੂੰ ਦੋਵੇਂ ਹੱਥ ਫੈਲਾ ਕੇ ਕਿਹਾ! ਪਰ ਉਸ ਦੀ ਗੱਲ ਕਿਸੇ ਨੇ ਨਾ ਸੁਣੀ ਪੁਲੀਸ ਤੋਂ ਡਰਦੇ ਇੱਕ ਇੱਕ ਕਰਕੇ ਚਲੇ ਗਏ। ਦੁੱਖ ਵੇਲੇ ਕੌਣ ਖੜ੍ਹਦਾ! ਸੁਖ ਵੇਲੇ ਸਾਰੇ ਖਾਣ ਪੀਣ ਨੂੰ ਭੱਜ ਕੇ ਆਉਂਦੇ ਹਨ ਦੁੱਖ ਵੇਲੇ ਤਿੱਤਰ ਸਿੰਹੋਂ! ਘਰ ਖਾਲੀ ਤੇ ਕੇਵਲ ਗਾਇਬ ਦੇਖ ਕੇ ਜੈਕੁਰ ਗਸ਼ ਖਾ ਕੇ ਡਿੱਗ ਪਈ! ਸਾਰੇ ਉਸ ਦੇ ਦੁਆਲੇ ਹੋ ਗਏ। ਪੁਲਸ ਦੀਆਂ ਪੰਜ ਛੇ ਗੱਡੀਆਂ ਆ ਗਈਆਂ। ਪੁਲਸ ਵਾਲੇ ਗੱਡੀਆਂ ਵਿੱਚੋਂ ਧਰਮਸ਼ਾਲਾ ਵਿੱਚ ਛਾਲਾਂ ਮਾਰ ਕੇ ਉੱਤਰੇ ਜਿਵੇਂ ਅਖਾੜੇ ਵਿੱਚ ਪਹਿਲਵਾਨ ਜਾਂ ਜਿਵੇਂ ਬਹੁਤ ਵੱਡਾ ਡਾਕੂ ਫੜਨਾ ਹੋਵੇ।

'ਜਾ ਓਏ ਸਰਪੰਚ ਤੇ ਚੌਂਕੀਦਾਰ ਨੂੰ ਬੁਲਾ' ਇੱਕ ਢਿੱਡਲ ਜਿਹੇ ਸਿਪਾਹੀ ਨੂੰ ਠਾਣੇਦਾਰ ਨੇ ਹੁਕਮ ਚਾੜਿਆ ਉਹ ਚਲਾ ਗਿਆ। ਸਿਪਾਹੀਆਂ ਨੇ ਕੁਰਸੀ ਤੇ ਮੇਜ਼ ਨੁੱਕਰ




ਵਿੱਚ ਲਾ ਦਿੱਤਾ। ਠਾਣੇਦਾਰ ਦੀਆਂ ਲਾਲ ਅੱਖਾਂ ਮਸ਼ਾਲਾਂ ਵਾਂਗੂੰ ਜਗ ਰਹੀਆਂ ਸਨ। ਸਰਪੰਚ ਦਾ ਘਰ ਨਾਲ ਹੀ ਸੀ। ਠਾਣੇਦਾਰ ਨਵੇਂ ਪ੍ਰਾਹੁਣੇ ਵਾਂਗੂੰ ਕੁਰਸੀ ਤੇ ਸਜਿਆ ਬੈਠਾ ਸੀ ਅਤੇ ਡੰਡਾ ਆਵਦੇ ਬੂਟਾਂ ਤੇ ਮਾਰ ਰਿਹਾ ਸੀ। ਸਰਪੰਚ ਤੇ ਚੌਂਕੀਦਾਰ ਆ ਗਏ।

'ਸਾਸਰੀਕਾਲ ਸਰਦਾਰ ਜੀ ਜੇ ਕੰਮ ਸੀ ਤਾਂ ਮੈਨੂੰ ਦੱਸ ਦਿੰਦੇ' ਸਰਪੰਚ ਨੇ ਹੱਥ ਜੋੜ ਕੇ ਕਿਹਾ।

'ਤੈਨੂੰ ਕੀ ਦੱਸ ਦਿੰਦੇ ਤੂੰ ਤਾਂ ਪਿੰਡ 'ਚ' ਟ੍ਰੇਨਿੰਗ ਕੈਂਪ ਖੋਲ੍ਹਿਆ' ਠਾਣੇਦਾਰ ਨੇ ਸੱਪ ਵਾਂਗੂੰ ਫੁਕਾਰਾ ਮਾਰਦੇ ਹੋਏ ਨੇ ਕਿਹਾ। ਦੁੱਧ ਦੀ ਬਾਲਟੀ ਆ ਗਈ ਸਾਰੀ ਪੁਲਸ ਨੂੰ ਵੱਡੇ ਵੱਡੇ ਦੁੱਧ ਦੇ ਗਲਾਸ ਦਿੱਤੇ ਠਾਣੇਦਾਰ ਦੁੱਧ ਨੂੰ ਸਿੱਧੇ ਮੂੰਹ ਨਾਲ ਨਹੀਂ ਸੀ ਪੀ ਰਿਹਾ। ਠਾਣੇਦਾਰ ਦੀ ਟ੍ਰੇਨਿੰਗ ਕੈਂਪ ਵਾਲੀ ਅਜੀਬ ਅਕਾਸ਼ਬਾਣੀ ਸੁਣ ਕੇ ਸਰਪੰਚ ਸ਼ਸ਼ੋਪੰਜ ਵਿੱਚ ਪੈ ਗਿਆ।

'ਮੈਂ ਜੀ ਕੁਸ਼ ਸਮਝਿਆ ਨੀ, ਮੈਂ ਤਾ ਸੋਚਿਆ ਸੀ ਪਿੰਡ 'ਚ' ਕੋਈ ਡੋਡੇ ਡਾਡੇ ਵੇਚਦਾ ਹੋਊ ਆਹ ਟ੍ਰੇਨਿੰਗ ਵਾਲੀ ਗੱਲ ਮੈਨੂੰ ਸਮਝ 'ਚ' ਨੀ ਆਈ ਜੀ' ਡਰਦੇ ਡਰਦੇ ਸਰਪੰਚ ਨੇ ਪੁੱਛਿਆ ਵੈਸੇ ਸਰਪੰਚ ਨੂੰ ਕੋਈ ਪਤਾ ਵੀ ਨਹੀਂ ਸੀ।

'ਸਾਰਾ ਚਾਨਣ ਹੋਜੂ, ਓਏ ਭਗੌੜੇ ਨੂੰ ਬੁਲਾ' ਠਾਣੇਦਾਰ ਨੇ ਚੌਂਕੀਦਾਰ ਨੂੰ ਕਿਹਾ।

'ਕੌਣ ਜੀ ਮੈਂ ਸਮਝਿਆ ਨੀ' ਚੌਂਕੀਦਾਰ ਦੇ ਡਾਇਲ ਘੁੰਮ ਗਏ ਕਿ ਭਗੌੜਾ ਕੌਣ ਹੋਇਆ।

'ਓਏ ਧਰਮੀ ਫ਼ੌਜੀ'

'ਹਾਂ ਜੀ ਹਾਂ' ਚੌਂਕੀਦਾਰ ਨੇ ਕਿਹਾ ਤੇ ਕੇਵਲ ਦੇ ਘਰ ਨੂੰ ਛੇ ਸੱਤ ਪੁਲੀਸ ਵਾਲਿਆਂ ਨਾਲ ਤੁਰ ਪਿਆ ਉਹਨਾਂ ਕੋਲ ਰਾਈਫਲਾਂ ਸਨ ਜਿਵੇਂ ਕੋਈ ਬਹੁਤ ਵੱਡਾ ਇਸ਼ਤਿਹਾਰੀ ਮੁਜ਼ਰਮ ਫੜਨਾ ਹੋਵੇ। ਟਾਈਮ ਜ਼ਿਆਦਾ ਲਾਉਣ ਵਾਸਤੇ ਚੌਂਕੀਦਾਰ ਪਿੰਡ ਦੀ ਫਿਰਨੀ ਲੈ ਕੇ ਗਿਆ ਤਾਂ ਕਿ ਕੇਵਲ ਦੂਰ ਨਿਕਲ ਜਾਵੇ ਨਹੀਂ ਤਾਂ ਇਹਨਾਂ ਦਾ ਕੀ ਪਤਾ ਕੇਵਲ ਪਿੱਛੇ ਜੀਪਾਂ ਲਾ ਦੇਣ ਅੱਧੇ ਕੁ ਘੰਟੇ ਬਾਅਦ ਸਾਰੇ ਵਾਪਸ ਆ ਗਏ!

'ਉਹ ਤਾਂ ਘਰੇ ਨੀ' ਇੱਕ ਸਿਪਾਹੀ ਨੇ ਕਿਹਾ।

'ਕਰੇਵਾ ਦੇਣਿਓ ਜੇ ਉਹ ਨੀ ਤਾਂ ਓ੍ਹਦਾ ਕੋਈ ਭੈਣ ਭਰਾ ਮਾਂ ਬਾਪ ਕੋਈ ਮਰਿਆ ਜਿਉਂਦਾ ਤਾਂ ਘਰੇ ਹੋਊ ਓ੍ਹਨੂੰ ਲਿਆਓ' ਠਾਣੇਦਾਰ ਖਾਲੀ ਹੱਥ ਸਿਪਾਹੀਆਂ ਨੂੰ ਦੇਖ ਕੇ ਲੋਹਾ ਲਾਖਾ ਹੋ ਗਿਆ। ਸਿਪਾਹੀ ਪਿਛਲੇ ਪੈਰੀਂ ਠਾਂਣੇਦਾਰ ਨੂੰ ਮਾਵਾਂ ਭੈਣਾ ਦੀਆਂ ਗਾਲਾਂ ਕੱਢਦੇ ਮੁੜੇ ਤੇ ਕੈਲੇ ਨੂੰ ਕਸਾਈ ਦੇ ਬੱਕਰੇ ਵਾਂਗੂੰ ਫੜ ਲਿਆਏ ਕਿਉਂਕਿ ਪੁਲਸ ਦੇਖ ਕੇ ਤਾਰਾ ਤੇ ਨੰਜੀ ਵੀ ਤਿੱਤਰ ਹੋ ਗਏ।

'ਫੌਜੀ ਕਿੱਥੇ ਆ ਬਾਬਾ?' ਠਾਣੇਦਾਰ ਨੇ ਨਿਮਰਤਾ ਨਾਲ ਪੁੱਛਿਆ ਸਾਰਾ ਪਿੰਡ ਹੈਰਾਨ ਹੋ ਗਿਆ ਕਿ ਠਾਣੇਦਾਰ ਗਾਲ ਤੋਂ ਬਿਨਾਂ ਗੱਲ ਨੀ ਕਰਦਾ ਏ੍ਹਨੂੰ ਬਾਬਾ ਆਖ ਦਿੱਤਾ।

'ਪਤਾ ਨੀ ਜੀ ਅੱਜ ਕੱਲ ਦੀ ਲਾਦ ਕ੍ਹੇੜਾ ਆਖੇ ਲਗਦੀ ਆ' ਕੈਲੇ ਨੇ ਕੰਬਦੇ ਹੱਥ ਜੋੜ ਕੇ ਕਿਹਾ।

'ਕੰਜਰਾ ਜੇ ਲਾਦ ਸੰਭਾਲੀ ਨੀ ਜਾਂਦੀ ਸੀ ਤਾਂ ਜਣੀ ਕਿਉਂ' ਠਾਣੇਦਾਰ ਨੇ ਕੋਰੜਾ ਛੰਦ ਪੜ੍ਹ ਦਿੱਤਾ ਜਿਸ ਦੀ ਲੋਕਾਂ ਨੂੰ ਉਡੀਕ ਸੀ। ਪਰ ਕੈਲਾ ਸੋਚ ਰਿਹਾ ਸੀ ਕਿ ਇਹ ਠਾਣੇਦਾਰ ਕਿਤੇ ਗੁਰਦਵਾਰੇ ਦੇ ਕੋਲ ਦੀ ਵੀ ਨਹੀਂ ਲੰਘਿਆ ਹੋਣਾ ਕਿਉਂਕਿ ਗੁਰਦਵਾਰੇ ਦੇ ਗ੍ਰੰਥੀ ਕਥਾ ਕਰਦੇ ਹੁੰਦੇ ਆ ਜੇ ਔਲਾਦ ਮਾੜੀ ਨਿਕਲ ਜਾਵੇ ਤਾਂ ਮਾਪੇ ਕੀ ਕਰਨ? ਔਲਾਦ ਤਾਂ ਗੁਰੂ ਨਾਨਕ ਦੇਵ ਜੀ ਦੀ ਆਖੇ ਨਹੀਂ ਸੀ ਲਗਦੀ ਤੇ ਅਸੀਂ ਕੌਣ ਵਿਚਾਰੇ ਹਾਂ?

'. . . .'

'ਚੌਰਿਆ ਬੋਲਦਾ ਕਿਉਂ ਨੀ' ਠਾਣੇਦਾਰ ਨੇ ਡੰਡਾ ਮੇਜ਼ ਤੇ ਮਾਰਦੇ ਹੋਏ ਨੇ ਕਿਹਾ।

'ਬੋਲਾਂ ਕੀ ਜੀ ਸ਼ਾਹੀ ਨੌਕਰੀ ਸੀ ਮੇਰੇ ਮੁੰਡੇ ਦੀ! ਅਫਸਰ ਬਨਣ ਵਾਲਾ ਸੀ ਬੇੜੀ ਬ੍ਹੈਗੀ ਸਰਕਾਰ ਦੀ ਰੇਡੂਏ ਤੇ ਬੋਲ ਤਾ ਸਾਰੇ ਫੌਜੀ ਬੈਰਕਾਂ ਛੱਡ ਕੇ ਭੱਜ ਆਵੋ ਅੰਬਰਸਰ ਨੂੰ ਜਦੋਂ ਭੱਜ ਆਏ ਤੇ ਕੋਈ ਮੱਦਤ ਨੀ ਕੀਤੀ ਅਸੀਂ ਮੰਗਤੇ ਬਣਗੇ ਜੀ ਤੇ ਹੁਣ ਤੁਸੀਂ ਘਰੇ ਵੀ ਨੀ ਬ੍ਹੈਣ ਦਿੰਦੇ' ਕੈਲੇ ਨੇ ਰੋ ਕੇ ਕਿਹਾ।

'ਏਹ ਆਡਰ ਉੱਤੋਂ ਆ ਕਿ ਥੋਡਾ ਫੌਜੀ ਅੱਤਵਾਦੀਆਂ ਨੂੰ ਹਥਿਆਰਾਂ ਦੀ ਟ੍ਰੇਨਿੰਗ ਦਿੰਦਾ ਅਸੀਂ ਉਸਨੂੰ ਫੜਨਾ' ਠਾਣੇਦਾਰ ਨੇ ਕੈਲੇ ਰੋਂਦੇ ਨੂੰ ਦੇਖ ਕੇ ਫਿਰ ਫੁਕਾਰਾ ਛੱਡਿਆ।

'ਤੇ ਫੜਲੋ ਜਿੱਥੇ ਹੈਗਾ ਸਾਨੂੰ ਕਿਓਂ ਵੰਝ ਤੇ ਟੰਗਿਆ, ਮੇਰੇ ਕੇੜ੍ਹਾ ਓ੍ਹ ਆਖੇ ਲੱਗਦਾ'

'ਅਸੀਂ ਤੇਰੇ 'ਚੋਂ' ਕੱਢਣਾ' ਨਾਲ ਬੈਠੇ ਚੱਠੂ ਵਰਗੇ ਹੌਲਦਾਰ ਨੇ ਵਿੱਚੋਂ ਕਿਹਾ।

'ਮੈਨੂੰ ਮਾਰ ਹੀ ਦਿਊਂਗੇ ਹੋਰ ਕੀ ਕਰਲੋਗੇ ਚਲੋ ਮਾਰ ਦਿਓ ਮੈਨੂੰ ਸਾਰੇ ਪਿੰਡ ਸਾਮ੍ਹਣੇ ਚੁਰਾਸੀ ਦੇ ਸ਼ਹੀਦਾਂ 'ਚ' ਮੇਰਾ ਨਾਂ ਵੀ ਆਜੂ' ਕੈਲੇ ਨੇ ਸਤ ਕੇ ਕਿਹਾ ਕਿਉਂਕਿ ਇੱਕ ਤਾਂ ਉਹ ਦਰਬਾਰ ਸਾਹਿਬ ਦੀ ਖਾਤਰ ਫੌਜ ਵਿੱਚੋਂ ਭੱਜ ਆਇਆ ਤੇ ਦੂਜਾ ਪੁਲਸ ਤੰਗ ਕਰਦੀ ਹੈ ਐਸੀ ਜਿੰਦਗੀ ਨਾਲੋਂ ਮੌਤ ਚੰਗੀ!

'ਅਸੀਂ ਤੈਨੂੰ ਮਰਨ ਵੀ ਨੀ ਦੇਣਾ' ਢਿੱਡਲ ਜਿਹੇ ਹੌਲਦਾਰ ਨੇ ਕਿਹਾ।

'ਤੇ ਤੈਨੂੰ ਜਿਉਣ ਵੀ ਨੀ ਦੇਣਾ' ਠਾਣੇਦਾਰ ਨੇ ਕਿਹਾ ਪੁਲੀਸ ਵਾਲੇ ਜੱਜ ਬਣੇ ਬੈਠੇ ਸਨ!

'ਤੁਸੀਂ ਚੌ੍ਹਨੇ ਕੀ ਓ?' ਕੈਲੇ ਨੇ ਜਾਣਦੇ ਹੋਏ ਵੀ ਠਾਣੇਦਾਰ ਨੂੰ ਕਿਹਾ।

'ਕੰਜਰਾ ਤੂੰ ਸਾਨੂੰ ਫੁੱਦੂ ਸਮਝਦਾਂ ਅਜੇ ਵੀ ਤੈਨੂੰ ਪਤਾ ਨੀ ਲੱਗਾ?'

'ਜਦੋਂ ਮੇਰੇ ਮੁੰਡੇ ਦਾ ਮੈਨੂੰ ਪਤਾ ਈ ਨੀ ਮੈਂ ਕਿੱਥੋਂ ਹਰਾ ਕਰਦਿਆਂ? ਜੇ੍ਹੜਾ ਫੌਜ 'ਚੋਂ' ਭੱਜ ਸਕਦਾ ਓ੍ਹਨੂੰ ਘਰੋਂ ਭੱਜਣਾ ਕੀ ਮੁਸਕਲ ਆ?'

'ਦੱਸਦੇ ਆ ਜੀ ਅੱਜ ਫੌਜੀ ਦਾ ਵਿਆਹ ਸੀ ਚਲੋ ਓ੍ਹਦੇ ਸੌਹਰੀ! ਓ੍ਹ ਸੋਚਣਗੇ ਸਾਡਾ ਪ੍ਰਾਹੁਣਾ ਤਾਂ ਫੌਜੀ ਸੀ ਆਹ ਪੁਲਸ ਕਿੱਥੋਂ ਆਗੀ?' ਹੌਲਦਾਰ ਨੇ ਬੀੜੇ ਨਾਲ ਖਾਧੀਆਂ ਦੰਦੀਆਂ ਕੱਢ ਕੇ ਹੀ ਹੀ ਕਰਕੇ ਕਿਹਾ। ਕੈਲੇ ਨੂੰ ਵਿਹੁ ਵਾਂਗੂੰ ਲੱਗਾ।

'ਹੁਣ ਜੀ ਓ੍ਹਦੇ ਕ੍ਹੇੜੇ ਸੌਹਰੇ, ਤੇ ਕ੍ਹੇੜਾ ਵਿਆਹ ਕਾਣੀ ਦੇ ਵਿਆਹ 'ਚ' ਅੱਸੀ ਬੇ-ਸ਼ਗਨੇ ਚੁਗਲਖੋਰਾਂ ਨੇ ਚੰਡੀਗੜ੍ਹ ਫੂਨ ਖੜਕਾਤੇ ਹੋਣੇ ਆ ਕਿ ਵਿਆਂਦੜ ਨੂੰ ਪੁਲਸ ਨੇ ਚੱਕ ਲਿਆ' ਸਰਪੰਚ ਨੇ ਗੱਲ ਟਾਲ ਦਿੱਤੀ ਕਿ ਇਹਨਾਂ ਦਾ ਕੀ ਹੈ ? ਚੰਡੀਗੜ ਜਾ ਖੜੇ ਹੋਣ ਕਿਹੜਾ ਤੇਲ ਜੇਬ ਵਿੱਚੋਂ ਤੇਲ ਪਾਉਣਾ ?

'ਹੁਣ ਤਾਂ ਜੀ ਪੈ ਗਿਆ ਸੇਵੀਆਂ 'ਚ' ਨੂਣ ਹੁਣ ਜੋ ਮਰਜੀ ਕਰੋ' ਕੈਲੇ ਨੇ ਪਾਗਲਾਂ ਵਾਂਗੂੰ ਸਿਰ ਮਾਰ ਕੇ ਕਿਹਾ।

'ਬੁੜਿਆ ਲੈਣ ਤੇ ਆਜਾ ਲੈਣ ਤੇ' ਠਾਣੇਦਾਰ ਨੇ ਕਿਹਾ।

'ਸਰਦਾਰ ਜੀ ਏ੍ਹਨੂੰ ਸਿੱਟੋ ਗੱਡੀ 'ਚ' ਲਿਜਾ ਕੇ ਠਾਣੇ ਕਰੋ ਏ੍ਹਦੀ ਸਫਾਈ ਤੇ ਫੇਰੋ ਪਟਾ ਫੇਰ ਦੇਖਿਓ ਏਹ ਕਿਵੇਂ ਤਵਿਆਂ ਵਾਲੀ ਮਸ਼ੀਨ ਵਾਂਗੂੰ ਬੋਲਦਾ' ਹੌਲਦਾਰ ਨੇ ਕਿਹਾ ਤੇ ਜਾ ਕੈਲੇ ਨੂੰ ਹੱਥ ਪਾਇਆ।

'ਠੀਕ ਆ ਨੂੜੋ ਏ੍ਹਨੂੰ ਭੈਣ ਦੇ ਦੀਨੇ ਨੂੰ' ਠਾਣੇਦਾਰ ਨੇ ਕਿਹਾ ਹੀ ਸੀ ਕਿ ਤਿੰਨ ਚਾਰ ਸਿਪਾਹੀਆਂ ਨੇ ਕੈਲੇ ਨੂੰ ਘੜੀਸ ਲਿਆ।

'ਖੜ੍ਹ ਜੋ, ਸਰਦਾਰ ਜੀ ਖੜ੍ਹ ਜੋ' ਸਰਪੰਚ ਤੋਂ ਕੈਲੇ ਨੂੰ ਘੜੀਸਦੇ ਹੋਏ ਜਰਿਆ ਨੀ ਗਿਆ ਸਿਪਾਹੀ ਰੁਕ ਗਏ।

'ਕੀ ਗੱਲ ਆ ਸਰਪੰਚਾ?' ਠਾਣੇਦਾਰ ਨੇ ਪੁੱਛਿਆ।

'ਗੱਲ ਏਹ ਆ ਸਰਦਾਰ ਜੀ ਤੁਸੀਂ ਮੈਥੋਂ ਸਿਆਣੇ ਓ ਕਰਨੈਲ ਸਿੰਹੋਂ ਨੂੰ ਛੱਡ ਜੋ' ਸਰਪੰਚ ਦੀ ਗੱਲ ਸੁਣ ਕੇ ਕੈਲੇ ਨੂੰ ਕੁਝ ਹੌਸਲਾ ਹੋਇਆ ਤੇ ਠਾਣੇਦਾਰ ਹੈਰਾਨ ਹੋ ਗਿਆ।

'ਕਿਉਂ ਸਰਪੰਚਾ ਤੇਰੀ ਮਾਸੀ ਦਾ ਪੁੱਤ ਲਗਦਾ'

'ਏਹ ਗੱਲ ਨੀ ਜੀ ਧਰਮੀ ਫੌਜੀ ਕੋਈ ਮਾਮੂਲੀ ਬੰਦਾ ਨੀ! ਜਾਂ ਡੋਡੇ, ਭੁੱਕੀ ਵੇਚਣ ਵਾਲਾ ਨੀ, ਫ਼ੌਜੀ ਨੂੰ ਫੜ ਸਕਦੇ ਓ, ਓ੍ਹਦੇ ਬਾਪੂ ਜਾਂ ਭਰਾ ਨੂੰ ਨੀ ਜੇ ਤੁਸੀਂ ਜ਼ਬਰਦਸਤੀ ਕਰੋਗੇ ਤਾਂ ਸਾਰੇ ਅਕਾਲੀ ਤੇ ਸਾਰਾ ਨੱਗਰ ਠਾਣੇ ਦਾ ਘਿਰਾਓ ਕਰਨਗੇ, ਅੰਬਰਸਰ ਦੇ ਭਾਊ ਆ ਜਾਣਗੇ, ਏਹ ਧਰਮੀਂ ਫੌਜੀ ਦਾ ਬਾਪ ਆ ਕੋਈ ਐਰ ਗੈਰ ਨੀ, ਇਸ ਗੱਲ ਦਾ ਧਿਆਨ ਰੱਖਿਓ, ਮੇਰੇ ਵੱਲੋਂ ਚਾਹੇ ਸਾਰੇ ਟੱਬਰ ਨੂੰ ਲੈ ਜਾਵੋ ਫੇਰ ਨਾ ਆਖਿਓ ਦੱਸਿਆ ਨੀ' ਸਰਪੰਚ ਨੇ ਰੇਖ ਵਿੱਚ ਮੇਖ ਮਾਰੀ। ਠਾਣੇਦਾਰ ਸੋਚੀ ਪੈ ਗਿਆ। ਕਿ ਜੱਟਾਂ ਦਾ ਕੀ ਹੈ ਟਰਾਲੀਆਂ ਭਰਕੇ ਠਾਣੇ ਆ ਜਾਣ! ਅੰਮ੍ਰਿਤਸਰੋਂ ਅਕਾਲੀ ਜਾਣ!

'ਠੀਕ ਆ ਜਦੋਂ ਫੌਜੀ ਪਿੰਡ ਆਵੇ ਤਾਂ ਮੈਨੂੰ ਖ਼ਬਰ ਦੇਣੀ! ਤੇਰੇ ਕ੍ਹੈਣ ਤੇ ਮੈਂ ਬੁੜੇ ਨੂੰ ਛੱਡ ਜਾਨਾ ਮੈਂ ਛੱਡਣਾ ਨੀ ਸੀ, ਹਫਤੇ ਬਾਦ ਫਿਰ ਆਊਂਗਾ, 500 ਰੁਪੈ ਕੱਢ ਓਏ' ਠਾਣੇਦਾਰ ਨੇ ਕੈਲੇ ਨੂੰ ਕਿਹਾ।

'ਕਾਅਦਾ ਜੀ?' ਕੈਲੇ ਨੇ ਹੱਥ ਜੋੜ ਕੇ ਪੁੱਛਿਆ।

'ਕੰਜਰਾ ਤੇਰੀਆਂ ਮਾਵਾਂ ਗੱਡੀਆਂ 'ਚ' ਤੇਲ ਫੂਕੇ ਦਾ' ਹੌਲਦਾਰ ਨੇ ਕਚੀਚੀ ਵੱਟ ਕੇ ਕਿਹਾ ਸਰਪੰਚ ਨੇ 500 ਦੇ ਦਿੱਤਾ। ਪੈਸੇ ਲੈ ਕੇ ਠਾਣੇਦਾਰ ਸਾਰੀ ਪੁਲੀਸ ਪਾਰਟੀ ਨੂੰ ਵਾਪਸ ਲੈ ਗਿਆ।

# ਤੁਰ ਗਈ ਪੰਜਾਬੀ ਰੰਗਮੰਚ ਦੀ ਪਹਿਲੀ ਅਭਿਨੇਤਰੀ

**- ਕੇਵਲ ਧਾਲੀਵਾਲ**
98142-99422

ਪੰਜਾਬੀ ਰੰਗਮੰਚ ਨੂੰ ਉਦੋਂ ਨਵਾਂ ਹੁਲਾਰਾ ਮਿਲਿਆ ਜਦੋਂ ਸੁਪਨਸਾਜ਼ ਗੁਰਬਖ਼ਸ਼ ਸਿੰਘ 'ਪ੍ਰੀਤਲੜੀ' ਨੇ 1938 ਵਿੱਚ ਪ੍ਰੀਤ ਨਗਰ ਵਸਾਇਆ ਤੇ ਉੱਥੋਂ ਦੇ ਸੁੱਕੇ ਤਾਲਾਬ ਨੂੰ ਓਪਨ-ਏਅਰ ਥੀਏਟਰ ਦਾ ਰੂਪ ਦਿੱਤਾ। ਉੱਥੇ ਹੀ ਗੁਰਬਖ਼ਸ਼ ਸਿੰਘ ਨੇ ਆਪਣਾ ਲਿਖਿਆ ਨਾਟਕ 'ਰਾਜਕੁਮਾਰੀ ਲਤਿਕਾ' ਖੇਡਣਾ ਚਾਹਿਆ। ਰਾਜਕੁਮਾਰ ਦਾ ਰੋਲ ਉਦੋਂ ਨੌਜਵਾਨ ਨਵਤੇਜ ਸਿੰਘ (ਨਾਟਕਕਾਰ ਦਾ ਵੱਡਾ ਪੁੱਤਰ ਜੋ ਪਿੱਛੋਂ ਜਾ ਕੇ ਪ੍ਰਸਿੱਧ ਪੰਜਾਬੀ ਕਹਾਣੀਕਾਰ ਬਣਿਆ) ਨੂੰ ਦਿੱਤਾ ਗਿਆ, ਪਰ ਹੁਣ ਨਾਟਕ ਦੀ ਮੁੱਖ ਨਾਇਕਾ 'ਰਾਜਕੁਮਾਰੀ ਲਤਿਕਾ' ਦਾ ਕਿਰਦਾਰ ਨਿਭਾਉਣ ਲਈ ਕੋਈ ਕੁੜੀ ਅੱਗੇ ਨਹੀਂ ਸੀ ਆ ਰਹੀ। ਗੁਰਬਖ਼ਸ਼ ਸਿੰਘ ਅਗਾਂਹਵਧੂ ਵਿਚਾਰਧਾਰਾ ਵਾਲੇ ਸਨ। ਇਸ ਲਈ ਇਹ ਰੋਲ ਕਿਸੇ ਮੁੰਡੇ ਕੋਲੋਂ ਨਹੀਂ ਸੀ ਕਰਵਾਉਣਾ ਚਾਹੁੰਦੇ। ਉਨਾਂ ਨੇ ਤੁਰੰਤ ਫੈਸਲਾ ਕੀਤਾ ਕਿ ਰਾਜਕੁਮਾਰੀ ਲਤਿਕਾ ਦਾ ਰੋਲ ਉਨਾਂ ਦੀ ਵੱਡੀ ਬੇਟੀ ਉਮਾ ਕਰੇਗੀ।

ਨਾਟਕ ਤਿਆਰ ਹੋਇਆ, ਖੇਡਿਆ ਵੀ ਬੜੀ ਸਫ਼ਲਤਾ ਨਾਲ ਗਿਆ। ਪਰ ਲੋਕਾਂ ਦੀ ਜ਼ੁਬਾਨ 'ਤੇ ਉਸ ਸਮੇਂ ਇਹ ਚਰਚਾ ਦਾ ਵਿਸ਼ਾ ਸੀ ਕਿ ਨਾਟਕ ਵਿੱਚ ਕਿਸੇ ਕੁੜੀ ਨੇ ਕੰਮ ਕੀਤਾ ਹੈ, ਤੇ ਸਭ ਤੋਂ ਵੱਧ ਚਰਚਾ ਇਸ ਗੱਲ ਦੀ ਸੀ ਕਿ ਹੀਰੋ-ਹੀਰੋਇਨ ਦਾ ਰੋਲ ਸਕੇ ਭੈਣ-ਭਰਾ ਨੇ ਕੀਤਾ। ਪ੍ਰੀਤ ਨਗਰ ਦੀ ਧਰਤੀ 'ਤੇ 7 ਜੂਨ 1939 ਨੂੰ ਖੇਡੇ ਇਸ ਨਾਟਕ ਨਾਲ 'ਉਮਾ' ਦੇ ਰੂਪ ਵਿੱਚ ਪੰਜਾਬੀ ਰੰਗਮੰਚ ਨੂੰ ਪਹਿਲੀ ਅਭਿਨੇਤਰੀ ਮਿਲੀ।

ਉਮਾ ਜੀ ਦੇ ਰੰਗਮੰਚ ਦੇ ਪਿੜ ਵਿੱਚ ਆਉਣ ਨਾਲ ਹੋਰ ਕੁੜੀਆਂ ਨੂੰ ਵੀ ਹੱਲਾਸ਼ੇਰੀ ਮਿਲੀ ਤੇ ਫੇਰ ਉਨਾਂ ਨੇ ਵੀ ਪ੍ਰੀਤ ਨਗਰ ਵਿੱਚ ਖੇਡੇ ਜਾਣ ਵਾਲੇ ਨਾਟਕਾਂ ਵਿੱਚ ਹਿੱਸਾ ਲੈਣਾ ਸ਼ੁਰੂ ਕੀਤਾ।

ਪ੍ਰੀਤ ਨਗਰ ਦੇ ਐਕਟੀਵਿਟੀ ਸਕੂਲ ਵਿੱਚ ਮੰਗਲਵਾਰ ਦੀ ਰਾਤ 'ਗੋਲਡਨ ਨਾਈਟ' ਹੁੰਦੀ ਸੀ ਜਿੱਥੇ ਬੱਚਿਆਂ ਦੇ ਨਾਟਕ ਤੇ ਹੋਰ ਸੰਗੀਤਕ ਪੇਸ਼ਕਾਰੀਆਂ ਵੀ ਹੁੰਦੀਆਂ। ਉਮਾ ਜੀ ਇਨਾਂ ਪੇਸ਼ਕਾਰੀਆਂ ਵਿਚ ਭਰਪੂਰ ਹਿੱਸਾ ਲੈਂਦੇ। ਉਹ ਗਾਉਂਦੇ ਵੀ ਤੇ ਸਿਤਾਰ ਵੀ ਵਧੀਆ ਵਜਾਉਂਦੇ ਸਨ। ਇਨਾਂ ਸਰਗਰਮੀਆਂ ਨੇ ਉਨਾਂ ਨੂੰ ਸੰਗੀਤ ਤੇ ਨਾਟਕ ਲਈ ਤਜਰਬਾ ਦਿੱਤਾ। ਸੋ ਜਦੋਂ 23 ਮਈ 1942 ਨੂੰ ਪੰਡਿਤ ਜਵਾਹਰਲਾਲ ਨਹਿਰੂ ਪ੍ਰੀਤ ਨਗਰ ਦੇਖਣ ਆਏ, ਉਮਾ ਜੀ ਨੇ ਆਪਣੇ ਸਾਥੀਆਂ-ਸਾਥਣਾਂ ਨਾਲ ਰਲ ਕੇ ਡਾਕਟਰ ਇਕਬਾਲ ਦੀ ਰਾਸ਼ਟਰਵਾਦੀ ਦੀ ਰਚਨਾ 'ਸਾਰੇ ਜਹਾਂ ਸੇ ਅੱਛਾ ਹਿੰਦੋਸਤਾਂ ਹਮਾਰਾ' ਤੇ ਗੁਰੂ ਨਾਨਕ ਦੇਵ ਜੀ ਦਾ ਰਚਿਆ ਭਾਵਪੂਰਤ ਸ਼ਬਦ 'ਗਗਨ ਮੈ ਥਾਲੁ' ਗਾਏ ਜਿਹੜੇ ਬੜੇ ਸਲਾਹੇ ਗਏ। ਉਸ ਤੋਂ ਬਾਅਦ ਉਮਾ ਜੀ ਨੇ ਲਗਾਤਾਰ 'ਪ੍ਰੀਤ ਮੁਕਟ', 'ਪ੍ਰੀਤ ਮਣੀ' ਅਤੇ 'ਸਾਡੀ ਹੋਣੀ ਦਾ ਲਿਸ਼ਕਾਰਾ' ਨਾਟਕਾਂ ਵਿਚ ਅਦਾਕਾਰੀ ਕੀਤੀ ਜਿਹੜੇ ਪ੍ਰੀਤ ਨਗਰ ਵਿਚ ਹੁੰਦੀਆਂ ਰਹਿੰਦੀਆਂ ਸਾਲਾਨਾ ਪ੍ਰੀਤ ਮਿਲਣੀਆਂ ਵਿਚ ਖੇਡੇ ਜਾਂਦੇ ਰਹੇ।

ਜਦੋਂ ਉਮਾ ਜੀ ਆਪਣੀ ਬੀ.ਏ. ਦੀ ਪੜਾਈ ਲਈ ਫਤਿਹ ਚੰਦ ਮਹਿਲਾ ਕਾਲਜ, ਲਾਹੌਰ ਵਿਚ ਦਾਖ਼ਲ ਹੋਏ ਤਾਂ ਉਦੋਂ ਤੋਂ ਪਹਿਲਾਂ ਉਨਾਂ ਨੂੰ ਆਪਣੀ ਸਾਹਿਤਕ ਤੇ ਕਲਾਤਮਕ ਗੁੜਤੀ ਮਿਲ ਚੁੱਕੀ ਹੋਈ ਸੀ ਕਿਉਂਕਿ ਉਨਾਂ ਦੇ ਪਿਤਾ ਜੀ ਇਕ ਲੇਖਕ ਤੇ ਵਿਚਾਰਵਾਨ ਸਨ ਤੇ ਉਨਾਂ ਦੇ ਵੱਡੇ ਵੀਰ ਇਕ ਉੱਭਰਦੇ ਕਹਾਣੀਕਾਰ।

ਉਮਾ ਜੀ ਦੇ ਇਸ ਪਿਛੋਕੜ ਨੇ ਉਨਾਂ ਨੂੰ ਕਾਲਜ ਦੇ ਦਿਨਾਂ ਵਿਚ ਸਾਹਿਤ, ਸੰਗੀਤ ਤੇ ਰੰਗਮੰਚ ਦੀਆਂ ਸਰਗਰਮੀਆਂ ਨਾਲ ਜੁੜੇ ਰਹਿਣ ਲਈ ਉਤਸ਼ਾਹਿਤ ਕੀਤਾ। ਇਨਾਂ ਦਿਨਾਂ ਵਿਚ ਹੀ ਉਨਾਂ ਨੇ ਬੱਚਿਆਂ ਲਈ ਕੁਝ ਕਹਾਣੀਆਂ ਲਿਖੀਆਂ ਜਿਹੜੀਆਂ 'ਬਾਲ ਸੰਦੇਸ਼' ਵਿੱਚ ਛਪੀਆਂ। ਉਨਾਂ ਨੇ ਕੁਝ ਲੇਖ ਵੀ ਲਿਖੇ ਜੋ 'ਪ੍ਰੀਤ ਲੜੀ' ਵਿਚ ਛਪੇ। ਉਮਾ ਭੈਣ ਜੀ ਨੇ ਹੌਲੀ ਹੌਲੀ ਸ਼ੀਲਾ ਭਾਟੀਆ ਨਾਲ ਮਿਲ ਕੇ ਲਾਹੌਰ ਦੇ ਲਾਰੈਂਸ ਗਾਰਡਨ (ਜੋ ਹੁਣ ਫ਼ਾਤਿਮਾ ਜਿਨਾਹ ਪਾਰਕ ਹੈ) ਵਿਚਲੇ ਓਪਨ-ਏਅਰ ਥੀਏਟਰ ਵਿਚ ਹੁੰਦੇ ਓਪੇਰਿਆਂ ਵਿਚ ਭਾਗ ਲੈਣਾ ਸ਼ੁਰੂ ਕੀਤਾ। ਉਦੋਂ ਉਨਾਂ ਦੇ ਨਾਲ ਸ਼ੀਲਾ ਭਾਟੀਆ, ਪੈਰਿਨ ਰਮੇਸ਼ ਚੰਦ, ਸੁਤੰਤਰਤਾ ਭਗਤ, ਸਨੇਹ ਲਤਾ ਸਾਨਿਆਲ, ਸ਼ੀਲਾ ਸੰਧੂ, ਸੁਰਜੀਤ ਕੌਰ, ਲਿੱਟੋ ਘੋਸ਼, ਸਵੀਰਾ ਮਾਨ, ਪੂਰਨ ਤੇ ਕਦੀ-ਕਦੀ ਹੋਰ ਵੀ ਕੁੜੀਆਂ ਇਨਾਂ ਨਾਟਕਾਂ ਵਿਚ ਭਾਗ ਲੈਂਦੀਆਂ। ਇਕ ਵਾਰੀ ਤਾਂ ਇਨਾਂ ਨਾਟਕਾਂ ਨੂੰ ਦੇਖਣ ਲਈ ਭਾਰਤ ਦੀ ਸੁਪ੍ਰਸਿੱਧ ਕਵਿੱਤਰੀ ਤੇ ਦੇਸ਼ ਦੀ ਆਜ਼ਾਦੀ ਦੇ ਅੰਦੋਲਨ ਦੀ ਵੀਰਾਂਗਣਾ ਸ਼ਖ਼ਸੀਅਤ ਸ੍ਰੀਮਤੀ ਸਰੋਜਨੀ ਨਾਇਡੂ ਤੇ ਸਿੱਖ ਰਾਜ ਦੇ ਅੰਤਲੇ ਮਹਾਰਾਜਾ ਦਲੀਪ ਸਿੰਘ ਦੀ ਬੇਟੀ ਰਾਜਕੁਮਾਰੀ ਬਾਂਬਾ ਸਦਰਲੈਂਡ ਵੀ ਆਈਆਂ। ਉਮਾ ਜੀ ਨੂੰ ਵੀ ਇਸ ਗੱਲ ਦਾ ਵੀ ਮਾਣ ਪ੍ਰਾਪਤ ਹੋਇਆ ਕਿ ਲਾਹੌਰ ਦੇ ਲਾਰੈਂਸ ਗਾਰਡਨ ਵਿੱਚ ਖੇਡੇ ਗਏ ਸੰਗੀਤ ਨਾਟਕ 'ਅਮਰ ਭਾਰਤ' ( ) ਦੀ ਪੇਸ਼ਕਾਰੀ ਸਮੇਂ, ਉਨਾਂ ਨੇ ਉਸਤਾਦ ਸਰੋਦ-ਵਾਦਕ ਅਲੀ ਅਕਬਰ ਖਾਨ, ਵਿਖਿਆਤ ਸਿਤਾਰਵਾਦਕ ਪੰਡਤ ਰਵੀ ਸ਼ੰਕਰ ਤੇ ਉਸ ਸਮੇਂ ਦੇ ਉੱਘੇ ਰੰਗ-ਮੰਚ ਅਦਾਕਾਰ ਬਿਨੋਏ ਰਾਏ ਨਾਲ ਮੰਚ ਸਾਂਝਾ ਕੀਤਾ। ਉਮਾ ਜੀ ਬਹੁਤ ਵਾਰ ਲਾਹੌਰ ਦੇ ਗਲੀਆਂ ਮੁਹੱਲਿਆਂ ਵਿਚ ਵੀ ਨਾਟਕ ਖੇਡਣ ਜਾਂਦੇ ਰਹੇ। ਬਹੁਤੇ ਨਾਟਕ ਗੀਤ ਤੇ ਨ੍ਰਿਤ ਨਾਟਕ ਹੁੰਦੇ ਸਨ। ਉਮਾ ਜੀ ਬਹੁਤ ਵਧੀਆ ਤੇ ਬਹੁਤ ਉੱਚੀ ਆਵਾਜ਼ ਵਿਚ ਗਾਉਂਦੇ ਸਨ। ਉਨਾਂ ਦੀ ਆਵਾਜ਼ ਸੁਣ ਕੇ ਉਦੋਂ ਮੁੰਬਈ ਤੋਂ ਉਸ ਸਮੇਂ ਦੇ ਭਾਰਤੀ ਕਮਿਊਨਿਸਟ ਪਾਰਟੀ ਦੇ ਜਨਰਲ ਸਕੱਤਰ ਪੀ.ਸੀ. ਜੋਸ਼ੀ ਨੇ ਆਪਣੇ ਇਕ ਸਿਰਕਰਦਾ ਆਗੂ ਡਾ. ਗੰਗਾਧਰ ਅਧਿਕਾਰੀ ਰਾਹੀਂ ਪੰਜਾਬ ਤੋਂ ਸੰਗੀਤਕਾਰ ਪ੍ਰੇਮ ਧਵਨ ਤੇ ਉਮਾ ਜੀ ਨੂੰ ਬੰਬਈ, ਸਰਬ ਭਾਰਤ ਲੋਕ-ਰੰਗਮੰਚ ਸੰਗਠਨ (ਇਪਟਾ) ਦੀ ਰਾਸ਼ਟਰੀ ਟੋਲੀ ਵਿਚ ਸ਼ਾਮਿਲ ਹੋਣ ਲਈ ਸੱਦਾ ਦਿੱਤਾ। ਪਰ ਉਮਾ ਜੀ ਨੂੰ ਪੰਜਾਬੀ ਨਾਟਕ ਤੇ ਰੰਗਮੰਚ ਨਾਲ ਮੋਹ ਸੀ, ਇਸ ਲਈ ਉਹ ਬੰਬਈ ਨਹੀਂ ਗਏ ਤੇ ਪੰਜਾਬ ਵਿਚ ਹੀ ਨਾਟਕ ਖੇਡਦੇ ਰਹੇ।



ਉਨਾਂ ਦਿਨਾਂ ਵਿੱਚ ਹੀ ਉੱਘੇ ਕਮਿਊਨਿਸਟ ਆਗੂ ਕਾਮਰੇਡ ਦਲੀਪ ਸਿੰਘ ਟਪਿਆਲਾ ਨੇ ਉਮਾ ਜੀ ਦੀ ਉੱਚੀ ਆਵਾਜ਼ ਸੁਣ ਕੇ ਕਿਹਾ, "ਕੁੜੀਏ, ਮੈਂ ਤੇ ਸੋਚਦਾ ਸੀ ਕਿ ਸਟੇਜਾਂ 'ਤੇ ਮੈਂ ਹੀ ਸਭ ਤੋਂ ਉੱਚੀ ਆਵਾਜ਼ 'ਚ ਭਾਸ਼ਣ ਦੇਂਦਾ ਵਾਂ, ਤੂੰ ਤਾਂ ਮੇਰੇ ਤੋਂ ਵੀ ਉੱਚੀ ਆਵਾਜ਼ 'ਚ ਗੀਤ ਗਾਉਂਨੀ ਏਂ।" ਇਹ ਇਕ ਤਰਾਂ ਨਾਲ ਉਮਾ ਜੀ ਨੂੰ ਕਾਮਰੇਡ ਟਪਿਆਲਾ ਦਾ ਅਸ਼ੀਰਵਾਦ ਤੇ ਹੱਲਾਸ਼ੇਰੀ ਹੀ ਸੀ ਕਿ ਉਮਾ ਜੀ ਆਪਣੀਆਂ ਸਾਥਣਾਂ ਦੇ ਨਾਲ ਪਿੰਡਾਂ ਵਿੱਚ ਵੀ ਨਾਟਕ ਖੇਡਣ ਜਾਂਦੇ ਸੀ। ਉਦੋਂ ਹੀ ਜਦੋਂ ਇਹ ਕੁੜੀਆਂ 1945 ਵਿੱਚ ਪ੍ਰੀਤ ਨਗਰ ਲਾਗਲੇ ਇਕ ਪਿੰਡ ਚੁਗਾਵਾਂ ਵਿਖੇ ਸੰਗੀਤ ਨਾਟਕ 'ਹੁੱਲੇ ਹੁਲਾਰੇ' (ਜਿਸ ਨਾਟਕ ਦੀਆਂ ਉਦੋਂ ਤੱਕ ਲਗਭਗ ਵੀਹ ਪੇਸ਼ਕਾਰੀਆਂ ਲਾਹੌਰ, ਮੋਗਾ, ਅੰਮ੍ਰਿਤਸਰ ਤੇ ਪ੍ਰੀਤ ਨਗਰ ਵਗੈਰਾ ਥਾਵਾਂ 'ਤੇ ਹੋ ਚੁੱਕੀਆਂ ਸਨ) ਖੇਡ ਰਹੀਆਂ ਸਨ ਤਾਂ ਅੰਗਰੇਜ਼ ਹਕੂਮਤ ਨੂੰ ਤਕਲੀਫ ਹੋਣ ਲੱਗੀ। 'ਹੁੱਲੇ ਹੁਲਾਰੇ' ਵਿੱਚ ਕੁਝ ਸਤਰਾਂ ਸਨ 'ਕੱਢ ਦਿਓ ਬਾਹਰ ਫ਼ਰੰਗੀ ਨੂੰ, ਕੱਢ ਦਿਓ ਪਾਰ ਫ਼ਰੰਗੀ ਨੂੰ'। ਨਾਟਕ ਦੀਆਂ ਇਹੋ ਸਤਰਾਂ ਅੰਗਰੇਜ਼ ਹਕੂਮਤ ਕੋਲੋਂ ਬਰਦਾਸ਼ਤ ਨਾ ਹੋਈਆਂ ਤੇ ਉਹਨੇ ਉਮਾ ਜੀ ਸਮੇਤ ਸੱਤ ਕੁੜੀਆਂ, ਜੋ ਨਾਟਕ ਵਿੱਚ ਭਾਗ ਲੈ ਰਹੀਆਂ ਸਨ, ਨੂੰ ਗ੍ਰਿਫ਼ਤਾਰ ਕਰਕੇ ਅੰਮ੍ਰਿਤਸਰ ਦੀ ਜੇਲ ਵਿੱਚ ਕੈਦ ਕਰ ਦਿੱਤਾ। ਗ੍ਰਿਫ਼ਤਾਰ ਹੋਣ ਵਾਲੀਆਂ ਇਨਾਂ ਸੱਤ ਕੁੜੀਆਂ ਵਿੱਚ ਉਮਾ, ਉਰਮਿਲਾ, ਪ੍ਰਤਿਮਾ (ਪੁੱਤਰੀਆਂ ਗੁਰਬਖ਼ਸ਼ ਸਿੰਘ 'ਪ੍ਰੀਤ ਲੜੀ'), ਸ਼ਕੁੰਤਲਾ, ਸ਼ੀਲਾ ਸੰਧੂ, ਸੁਰਜੀਤ ਕੌਰ ਤੇ ਇਕ ਹੋਰ ਸੀ (ਨਾਟਕਕਾਰ ਬਲਵੰਤ ਗਾਰਗੀ ਦੀ ਰਿਸ਼ਤੇਦਾਰ, ਜਿਸਨੂੰ ਸਾਰੇ 'ਚਾਚੀ' ਕਹਿੰਦੇ ਸਨ)। ਇਹ ਸਾਰੀਆਂ ਕੁੜੀਆਂ ਅੰਮ੍ਰਿਤਸਰ ਦੀ ਜੇਲ ਵਿੱਚ ਜਨਾਨਾ ਵਾਰਡ ਦੀ ਅਣਹੋਂਦ ਕਾਰਨ ਜਰਾਇਮ ਪੇਸ਼ਾ ਔਰਤਾਂ ਲਈ ਰਾਖਵੇਂ ਵਾਰਡ ਵਿੱਚ ਇਕ ਮਹੀਨਾ ਕੈਦ ਰਹੀਆਂ, ਪਰ ਉੱਥੇ ਵੀ ਆਜ਼ਾਦੀ ਦੇ ਗੀਤ ਗਾਉਂਦੀਆਂ ਰਹੀਆਂ। ਫੇਰ ਇਨਾਂ ਦਾ ਮੁਕੱਦਮਾ ਖ਼ੁਸ਼ਵੰਤ ਸਿੰਘ (ਉਸ ਸਮੇਂ ਵਕਾਲਤ ਕਰਦੇ, ਪਰ ਬਾਅਦ ਵਿਚ ਲੇਖਕ ਤੇ ਪੱਤਰਕਾਰ ਵਜੋਂ ਮਸ਼ਹੂਰ ਹੋਏ) ਨੇ ਲੜਿਆ ਤੇ ਇਹ ਕੁੜੀਆਂ ਰਿਹਾਅ ਹੋਈਆਂ।

ਜਦੋਂ 1947 ਵਿਚ ਦੇਸ਼ ਵੰਡਿਆ ਗਿਆ ਤਾਂ ਉਸ ਵੇਲੇ ਪ੍ਰੀਤ ਨਗਰ ਉੱਜੜ ਗਿਆ। ਇੱਥੇ ਰਹਿੰਦੇ ਮੁਸਲਮਾਨ ਪਰਿਵਾਰਾਂ ਨੂੰ ਪਹਿਲਾਂ ਇਸ ਵਸੇਬੇ ਦੀ ਮਨੋਰੰਜਨ ਕਲੱਬ, ਜੋ ਬੀਤੇ ਸਮਿਆਂ ਵਿਚ ਮੁਗਲ ਸਮਰਾਟ ਜਹਾਂਗੀਰ ਦੀ ਅਰਾਮਗਾਹ ਹੋਇਆ ਕਰਦੀ ਸੀ, ਵਿਚ ਪਨਾਹ ਦਿੱਤੀ ਗਈ। ਫਿਰ ਸਮਾਂ ਪਾ ਕੇ ਮਰਦ ਜੀਆਂ ਨੂੰ ਰਖਵਾਲੀ ਕਰ ਕੇ ਸਰਹੱਦੋਂ ਪਾਰ ਸੁਰੱਖਿਅਤ ਪਹੁੰਚਾ ਦਿੱਤਾ ਗਿਆ, ਪਰ ਔਰਤਾਂ ਤੇ ਬੱਚਿਆਂ ਨੂੰ ਇੱਕ ਲੁੱਗੇ ਘਰ ਵਿਚ, ਜੋ ਕਮਾਦ ਦੇ ਖੇਤ ਨਾਲ ਘਿਰਿਆ ਹੋਇਆ ਸੀ, ਲੈ ਆਂਦਾ ਗਿਆ ਤਾਂ ਜੋ ਫਸਾਦੀ ਉਨਾਂ 'ਤੇ ਹਮਲਾ ਨਾ ਕਰ ਸਕਣ। ਉਨਾਂ ਦਿਨਾਂ ਵਿਚ ਵੀ ਉਮਾ ਜੀ ਆਪਣੇ ਚਾਚਾ ਜੀ ਦੀ ਧੀ ਨਾਲ ਰਲ ਕੇ ਹਿੰਮਤ ਦਿਖਾਉਂਦੇ ਹੋਏ, ਫਸਾਦੀਆਂ ਤੋਂ ਛੁਪ ਕੇ ਉੱਥੇ ਖਾਣਾ ਪਹੁੰਚਾਉਂਦੇ ਰਹੇ ਜਿੰਨਾ ਚਿਰ ਉਨਾਂ ਨੂੰ ਪਾਕਿਸਤਾਨੀ ਬਲੋਚ ਫੌਜ ਦੀ ਸਹਾਇਤਾ ਨਾਲ ਪਾਕਿਸਤਾਨ ਸੁਰੱਖਿਅਤ ਨਹੀਂ ਪਹੁੰਚਾਇਆ ਗਿਆ।

ਉਮਾ ਜੀ ਨੇ ਦਿੱਲੀ ਰਹਿ ਕੇ ਉੱਥੇ ਗੰਧਰਵ ਮਹਾਂਵਿਦਿਆਲੇ ਤੋਂ ਗਾਇਨ ਦੀ ਵਿੱਦਿਆ ਹਾਸਲ ਕੀਤੀ। ਫਿਰ ਜਦੋਂ ਉਨਾਂ ਦਾ ਪਰਿਵਾਰ ਮੁੜ ਪ੍ਰੀਤ ਨਗਰ ਆ ਗਿਆ ਤਾਂ ਉਮਾ ਭੈਣ ਜੀ ਉਦੋਂ ਰੰਗਮੰਚ ਦੇ ਨਾਲ-ਨਾਲ ਪੰਜਾਬੀ ਦੇ ਪ੍ਰਸਿੱਧ ਪੰਜਾਬੀ ਰਸਾਲੇ 'ਪ੍ਰੀਤ ਲੜੀ' (ਇਸ ਰਸਾਲੇ ਦੀ ਮੈਨੇਜਰ ਹੋਣ ਨਾਤੇ) ਪੋਸਟ ਕਰਨ ਦੀ ਜ਼ਿੰਮੇਵਾਰੀ ਵੀ ਨਿਭਾਉਂਦੇ ਸਨ। ਉਦੋਂ 'ਪ੍ਰੀਤ ਲੜੀ' ਦੀ ਛਪਣ-ਗਿਣਤੀ 50,000 (ਪੰਜਾਹ ਹਜ਼ਾਰ) ਸੀ। ਉਮਾ ਜੀ ਆਪਣੇ ਸਾਥੀਆਂ ਸਾਥਣਾਂ ਨਾਲ ਬੈਠ ਕੇ ਰਸਾਲੇ ਦੀਆਂ ਪ੍ਰਤੀਆਂ 'ਤੇ ਪਤਾ-ਪਰਚੀਆਂ ਤੇ ਡਾਕ-ਟਿਕਟਾਂ ਲਗਾਉਂਦੇ ਤੇ ਫਿਰ ਗੱਡੇ 'ਤੇ ਲੱਦਵਾ ਕੇ ਪੋਸਟ ਆਫ਼ਿਸ ਭਿਜਵਾਉਂਦੇ।

ਫਿਰ ਇਨਾਂ ਦਿਨਾਂ ਵਿਚ ਹੀ ਭਾਰਤੀ ਲੋਕ ਰੰਗਮੰਚ ਸੰਗਠਨ (ਇਪਟਾ) ਦੀ ਪੰਜਾਬ ਰਾਜ ਦੀ ਸ਼ਾਖਾ ਨੂੰ ਸੁਰਜੀਤ ਕੀਤਾ ਗਿਆ ਤੇ ਪ੍ਰੀਤ ਨਗਰ ਨੂੰ ਹੀ ਇਸ ਦੀਆਂ ਸਰਗਰਮੀਆਂ ਦਾ ਕਾਰਜਕਾਰੀ ਖ਼ੇਤਰ ਬਣਾਇਆ ਗਿਆ। ਉਦੋਂ ਵੀ ਉਮਾ ਜੀ ਨੇ ਪੰਜਾਬੀ ਰੰਗਮੰਚ ਤੇ ਸੰਗੀਤ ਦਾ ਪੱਲਾ ਫੜੀ ਰੱਖਿਆ। ਉਨਾਂ ਨੇ ਤੇਰਾ ਸਿੰਘ ਚੰਨ ਦੇ ਲਿਖੇ ਤੇ ਉਨਾਂ ਦੀ ਨਿਰਦੇਸ਼ਨਾ ਹੇਠ ਖੇਡੇ ਗਏ ਨਾਟਕ 'ਲੱਕੜ ਦੀ ਲੱਤ' ਤੇ 'ਅਮਰ ਪੰਜਾਬ' ਓਪੇਰੇ ਨਾਟਕਾਂ ਦੇ ਸ਼ੋਅ ਕੀਤੇ। ਜੋਗਿੰਦਰ ਬਾਹਰਲਾ ਦੇ ਲਿਖੇ ਨਾਟ ਓਪੇਰੇ 'ਹਾੜੀਆਂ ਸੌਣੀਆਂ' ਵਿੱਚ ਵੀ ਕੰਮ ਕੀਤਾ। ਉਸ ਸਮੇਂ ਉਨਾਂ ਨੇ ਅਮਰਜੀਤ ਗੁਰਦਾਸਪੁਰੀ, ਨਿਰੰਜਣ ਸਿੰਘ ਮਾਨ, ਜਗਦੀਸ਼ ਫਰਿਆਦੀ, ਹੁਕਮ ਚੰਦ ਖਲੀਲੀ, ਪ੍ਰਿਤਪਾਲ ਸਿੰਘ ਮੈਣੀ, ਸਵਰਨ ਸਿੰਘ, ਗੁਰਚਰਨ ਸਿੰਘ ਬੋਪਾਰਾਏ ਤੇ ਕੰਵਲਜੀਤ ਸਿੰਘ ਸੂਰੀ ਅਤੇ ਕੁਝ ਇਕ ਹੋਰ ਸਾਥੀਆਂ ਨਾਲ ਜੋ ਸਮੇਂ-ਸਮੇਂ ਸ਼ਾਮਿਲ ਹੁੰਦੇ ਗਏ, ਨਾਲ ਕੰਮ ਕੀਤਾ। ਉਦੋਂ ਹੀ ਉਨਾਂ ਨੇ ਮੁੱਖ ਗਾਇਕਾ ਸੁਰਿੰਦਰ ਕੌਰ ਦਾ ਨਾਟ-ਓਪੇਰਿਆਂ ਵਿਚ ਸਾਥ ਦਿੱਤਾ। ਉਨਾਂ ਨਾਲ ਇਹ ਸਾਥ ਦੇਣ ਵਾਲੀਆਂ ਸਾਥਣਾਂ ਸਨ: ਰਾਜਵੰਤ ਮਾਨ 'ਪ੍ਰੀਤ' (ਨਿਰੰਜਨ ਸਿੰਘ ਮਾਨ ਦੀ ਪਤਨੀ), ਸ਼ੀਲਾ ਦੀਦੀ (ਉੱਘੀ ਸਮਾਜ ਸੇਵਿਕਾ), ਮਹਿੰਦਰ ਕੌਰ (ਨਵਤੇਜ ਸਿੰਘ ਦੀ ਪਤਨੀ), ਆਸ਼ਾ (ਜਗਦੀਸ਼ ਫਰਿਆਦੀ ਦੀ ਪਤਨੀ), ਦੀਪ (ਅਮਰਜੀਤ ਗੁਰਦਾਸਪੁਰੀ ਦੀ ਪਤਨੀ), ਇਕਬਾਲ ਕੌਰ (ਉੱਘੀ ਇਸਤਰੀ ਆਗੂ ਬਲਜੀਤ ਕੌਰ ਕਲਸੀ ਦੀ ਭੈਣ), ਦਲਬੀਰ ਕੌਰ (ਬਾਬਾ ਗੁਰਮੁੱਖ ਸਿੰਘ ਲਲਤੋਂ ਦੀ ਭਤੀਜੀ), ਰਜਿੰਦਰ ਕੌਰ (ਪੰਜਾਬੀ ਲੇਖਕ ਪ੍ਰੀਤਮ ਬੇਲੀ ਦੀ ਭੈਣ), ਭਗਵੰਤ ਗਿੱਲ (ਸਿਹਤ ਵਿਗਿਆਨ ਬਾਰੇ ਪੰਜਾਬੀ ਵਿਚ ਲਿਖਣ ਦੀ ਪਿਰਤ ਪਾਉਣ ਵਾਲੀ ਲੇਖਕਾ ਜਸਵੰਤ ਗਿੱਲ ਦੀ ਭਤੀਜੀ) ਤੇ ਕੁਝ ਹੋਰ। ਇਹ ਪ੍ਰੋਗਰਾਮ ਬਠਿੰਡਾ, ਮੋਗਾ, ਜਲੰਧਰ, ਪਟਿਆਲਾ, ਅੰਮ੍ਰਿਤਸਰ ਵਿਖੇ ਲਗਾਤਾਰ ਖੇਡੇ ਗਏ। ਇਨਾਂ ਨੇ ਪੰਜਾਬੀ ਰੰਗਮੰਚ 'ਤੇ ਅਮਿੱਟ ਛਾਪ ਛੱਡੀ।

1953 ਵਿੱਚ ਉਮਾ ਜੀ ਨੇ ਰੋਮਾਨੀਆ ਦੀ ਰਾਜਧਾਨੀ ਬੁਖ਼ਾਰੈਸਟ ਵਿਚ ਹੋਏ ਨੌਜਵਾਨਾਂ ਤੇ ਵਿਦਿਆਰਥੀਆਂ ਵਿਚਕਾਰ ਅਮਨ ਤੇ ਦੋਸਤੀ ਨੂੰ ਸਮਰਪਿਤ ਚੌਥੇ ਕੌਮਾਂਤਰੀ ਮੇਲੇ ਵਿਚ ਭਾਗ ਲਿਆ। ਉਹ ਸੋਵੀਅਤ ਯੂਨੀਅਨ ਮੁਲਕਾਂ, ਚੀਨ, ਹਾਂਗਕਾਂਗ, ਆਸਟਰੀਆ, ਸਵਿਟਰਜ਼ਰਲੈਂਡ ਵੀ ਗਏ। ਰੂਸ ਵਿਚ ਮਾਸਕੋ ਵਿਖੇ ਬੈਲੇ 'ਸਵਾਨ ਲੇਕ' ਤੇ ਉਜ਼ਬੇਕਿਸਤਾਨ ਵਿਚ ਓਪੇਰਾ 'ਡਾਨ ਕਿਖੋਟੇ' ਦੇਖੇ। ਫਿਰ ਆਪਣੇ ਦਾਰ ਜੀ ਸ. ਗੁਰਬਖ਼ਸ਼ ਸਿੰਘ 'ਪ੍ਰੀਤ ਲੜੀ' ਨਾਲ ਉਹ ਕੈਨੇਡਾ, ਵੈਨਜ਼ੁਏਲਾ, ਇੰਗਲੈਂਡ, ਅਮਰੀਕਾ ਵੀ ਗਏ। ਬਾਅਦ ਵਿਚ ਉਹ ਦੋ ਵਾਰ ਅਮਰੀਕਾ ਤੇ ਇਕ ਵਾਰ ਫਰਾਂਸ ਵੀ ਗਏ।

ਉਮਾ ਜੀ ਅੱਜ ਸਾਡੇ ਵਿਚਕਾਰ ਨਹੀਂ ਰਹੇ। ਉਹ ਪੰਜਾਬੀ ਰੰਗਮੰਚ ਦੀ ਪਹਿਲੀ ਅਭਿਨੇਤਰੀ ਸੀ। ਉਹ ਪੰਜਾਬੀ ਰੰਗਮੰਚ ਦੇ ਇਤਿਹਾਸ ਨੂੰ ਨਵਾਂ ਮੋੜ ਦੇਣ ਵਾਲੀ ਪਹਿਲੀ ਮਹਿਲਾ ਅਦਾਕਾਰਾ ਹੈ ਜਿਸ ਨੇ ਸੰਗੀਤ ਤੇ ਅਦਾਕਾਰੀ ਨੂੰ ਉਨਾਂ ਸਮਿਆਂ ਵਿੱਚ ਅਪਣਾਇਆ ਜਦੋਂ ਕੁੜੀਆਂ ਦਾ ਸਟੇਜ 'ਤੇ ਆਉਣਾ ਤਾਂ ਦੂਰ, ਘਰਾਂ ਤੋਂ ਨਿਕਲਣਾ ਵੀ ਮੁਸ਼ਕਿਲ ਸੀ। ਉਨਾਂ ਨੇ 93 ਸਾਲ (ਜਨਮ 27 ਜੁਲਾਈ 1927, ਖਨਾਈ, ਬਲੋਚਿਸਤਾਨ, ਹੁਣ ਪਾਕਿਸਤਾਨ ਵਿਚ) ਦੀ ਉਮਰ ਤੱਕ ਪ੍ਰੀਤ ਨਗਰ ਦੀ ਰੰਗਮੰਚ ਪਰੰਪਰਾ ਨੂੰ ਜ਼ਿੰਦਾ ਰੱਖਿਆ।

ਉਮਾ ਜੀ ਪੰਜਾਬੀ, ਹਿੰਦੀ, ਅੰਗਰੇਜ਼ੀ ਜ਼ੁਬਾਨਾਂ ਦੀ ਚੰਗੀ ਜਾਣਕਾਰੀ ਰੱਖਦੇ ਸਨ। ਇਸ ਦੇ ਨਾਲ ਹੀ ਉਹ ਹਮੇਸ਼ਾਂ ਸਾਫ਼ ਸਫ਼ਾਈ, ਸਲੀਕੇ, ਅਨੁਸ਼ਾਸਨ ਅਤੇ ਮਿਹਨਤ ਵਿੱਚ ਯਕੀਨ ਰੱਖਦੇ ਸਨ। ਹਰ ਮਹੀਨੇ ਹੋਣ ਵਾਲੇ ਨਾਟਕ ਦੀ ਆਈ ਟੀਮ ਲਈ, ਉਹਦੇ ਠਹਿਰਨ ਦੇ ਇੰਤਜ਼ਾਮ ਤੋਂ ਲੈ ਕੇ ਉਹਦੀ ਪੇਸ਼ਕਾਰੀ ਦੇ ਇੰਤਜ਼ਾਮ ਤੱਕ ਨਾਲ ਹੀ ਟੀਮ ਦੇ ਖਾਣ-ਪੀਣ ਦਾ ਇੰਤਜ਼ਾਮ ਆਪਣੀ ਨਿਗਰਾਨੀ ਹੇਠ ਕਰਦੇ ਸਨ। ਉਨਾਂ ਨੂੰ ਇਸ ਉਮਰ ਵਿਚ ਵੀ ਮੈਂ ਕਦੇ ਵੀ ਥੱਕਿਆ ਜਾਂ ਉਦਾਸ ਨਹੀਂ ਵੇਖਿਆ। ਮੈਂ ਤਾਂ ਇਹ ਦੇਖਿਆ ਕਿ ਉਹ ਬੇਹੱਦ ਮਿਲਾਪੜੇ ਸੁਭਾਅ ਦੇ ਸਨ, ਕਦੇ ਵੀ ਉਨਾਂ ਦੇ ਮੱਥੇ 'ਤੇ ਸ਼ਿਕਨ ਨਹੀਂ ਆਉਂਦੀ ਸੀ। ਹਮੇਸ਼ਾਂ ਪਿੱਛੇ ਰਹਿ ਕੇ, ਸਭਨਾਂ ਦਾ ਸਾਥ ਦਿੰਦੇ ਸਨ।

ਬੇਸ਼ੱਕ ਲੋਕ ਪਿੰਡਾਂ ਤੋਂ ਸ਼ਹਿਰਾਂ ਵੱਲ ਆ ਗਏ, ਪਰ ਉਮਾ ਜੀ ਆਖ਼ਰੀ ਸਾਹ ਤੱਕ ਪ੍ਰੀਤ ਨਗਰ ਵਿੱਚ ਹੀ ਰਹਿੰਦੇ ਰਹੇ। ਉਨਾਂ ਨੂੰ ਰੰਗਮੰਚ ਦਾ ਏਨਾ ਸ਼ੌਕ ਸੀ ਕਿ ਉਹ ਆਪਣੇ ਛੋਟੇ ਭਰਾ ਹਿਰਦੇਪਾਲ ਸਿੰਘ ਤੇ ਭਾਬੀ ਪਰਵੀਨ ਦੇ ਨਾਲ ਅੰਮ੍ਰਿਤਸਰ ਸ਼ਹਿਰ ਵਿੱਚ ਹੋਣ ਵਾਲੇ ਨਾਟਕਾਂ ਨੂੰ ਦੇਖਣ ਲਈ ਅਕਸਰ ਆਉਂਦੇ ਰਹਿੰਦੇ। ਉਮਾ ਜੀ ਨੇ ਲੰਮੀ ਤੇ ਭਰਵੀਂ ਉਮਰ ਗੁਜ਼ਾਰੀ। ਉਹ ਨੌਜਵਾਨ ਕਲਾਕਾਰਾਂ ਲਈ ਪ੍ਰੇਰਣਾ ਸਰੋਤ ਬਣੇ ਰਹਿਣਗੇ। ਪੰਜਾਬੀ ਰੰਗਮੰਚ ਦੇ ਲੰਮੇ ਸਫ਼ਰ ਵਿੱਚ ਇਤਿਹਾਸਕ ਭੂਮਿਕਾ ਨਿਭਾਉਣ ਵਾਲੀ ਅਦਾਕਾਰਾ ਉਮਾ ਗੁਰਬਖ਼ਸ਼ ਸਿੰਘ ਨੂੰ ਸਲਾਮ।




# ਪਾਠਕਾਂ ਦਾ ਨਜ਼ਰੀਆ

## ਵਪਾਰੀ ਵਰਗ ਦੀਆਂ ਪੰਜੇ ਉਂਗਲਾਂ ਘਿਓ ਵਿੱਚ

ਪੰਜਾਬ ਵਿੱਚ ਕਰੋਨਾ ਦਾ ਲਾਹਾ ਲੈ ਕੇ ਵਪਾਰੀ ਵਰਗ ਦੀਆਂ ਪੰਜੇ ਉਂਗਲਾਂ ਘਿਓ ਵਿੱਚ ਹਨ। ਕਿਸਾਨਾਂ ਤੋਂ 2-7 ਰੁਪਏ ਪ੍ਰਤੀ ਕਿਲੋ ਖਰੀਦੀ ਸਬਜੀ ਲੋਕਾਂ ਤੱਕ 25-30 ਰੁਪਏ ਕਿਲੋ ਵੇਚੀ ਜਾ ਰਹੀ ਹੈ।

ਲਹਿਰਾਗਾਗਾ ਨੇੜਲੇ ਪਿੰਡ ਸੰਗਤਪੁਰਾ ਦੇ ਕਿਸਾਨਾਂ ਧਰਮਜੀਤ ਸਿੰਘ ਅਤੇ ਮਨਵੀਰ ਸਿੰਘ ਸਣੇ ਹੋਰਾਂ ਨੇ ਦੱਸਿਆ ਕਿ ਕਰੀਬ 3-4 ਏਕੜ 'ਚ ਹਰੀ ਮਿਰਚ, ਸ਼ਿਮਲਾ ਮਿਰਚ, ਖੀਰਾ, ਬੈਂਗਣ, ਕੱਦੂ ਤੇ ਹੋਰ ਸਬਜੀਆਂ ਦੀ ਕਾਸਤ ਕੀਤੀ ਸੀ ਪਰ ਹੁਣ ਇਹ ਸਬਜੀਆਂ 2-7 ਰੁਪਏ ਦੇ ਵਿਚਕਾਰ ਮੁਸ਼ਕਲ ਨਾਲ ਵਿੱਕਣ ਕਰਕੇ ਸਬਜੀ ਪਾਲਣ ਅਤੇ ਤੋੜਣ ਅਤੇ ਕੀੜਿਆਂ ਤੋਂ ਬਚਾਉਣ ਲਈ ਕੀਟਨਾਸ਼ਕ ਦਵਾਈਆਂ, ਚੌਕੀਦਾਰ ਰੱਖਣ ਦਾ ਖਰਚਾ ਪੱਲਿਓਂ ਦੇਣਾ ਪੈ ਰਿਹਾ ਹੈ। ਸਬਜੀ ਉਤਪਾਦਕਾਂ ਨੇ ਦੱਸਿਆ ਕਿ ਹਰੀ ਮਿਰਚ ਨੂੰ ਤੋੜਣ ਲਈ ਪੰਜ ਰੁਪਏ ਕਿਲੋ ਖਰਚ ਆਉਂਦਾ ਹੈ ਅਤੇ ਸਬਜੀ ਮੰਡੀ ਤੱਕ ਲੈ ਕੇ ਜਾਣ ਪੈਕਿੰਗ ਅਤੇ ਵਾਹਨ ਦੇ ਖਰਚੇ ਮਗਰੋਂ 7 ਰੁਪਏ ਕਿਲੋ ਹੀ ਵਿਕਦੀਆਂ ਹਨ। ਇਸ ਕਾਰਨ ਕਿਸਾਨ ਕਈ ਸਬਜੀਆਂ ਪੁੱਟ ਕੇ ਪਸ਼ੂਆਂ ਕੋਲ ਚਾਰ ਰਹੇ ਹਨ।

ਉਨਾਂ ਕਿਹਾ ਕਿ ਮਾਰਕੀਟ ਕਮੇਟੀ ਨੂੰ ਮੰਡੀ ਫੀਸ, ਸਬਜੀ ਆੜਤੀਏ ਨੂੰ ਆੜਤ ਅਤੇ ਰੇਹੜੀ ਫੇਰੀ ਵਾਲਿਆਂ ਨੂੰ ਤਾਂ ਕਮਾਈ ਹੋ ਜਾਂਦੀ ਹੈ ਪਰ ਉਤਪਾਦਕਾਂ ਦੇ ਕੁਝ ਵੀ ਪੱਲੇ ਨਹੀਂ ਪੈਂਦਾ।

**ਮਲਵਿੰਦਰ ਸਿੰਘ ਮਾਲੀ**

## ਪੱਤਰਕਾਰ ਵੀਰੋ। ਆਓ ਪੁਲਿਸ ਧੱਕੇਸ਼ਾਹੀ ਖਿਲਾਫ਼ ਡਟੀਏ

ਪੱਤਰਕਾਰ ਦੋਸਤੋ ! ਪਿਛਲੇ ਕੁਝ ਸਮੇਂ ਤੋਂ ਪੱਤਰਕਾਰਾਂ 'ਤੇ ਕਾਫੀ ਨਾਜੁਕ ਸਮਾਂ ਚੱਲ ਰਿਹਾ ਹੈ। ਕੋਰੋਨਾ ਵਾਇਰਸ ਦੇ ਚਲਦਿਆਂ ਸਰਕਾਰ ਕੀਤੇ ਲਾਕਡਾਊਨ ਦਾ ਨਾਜਾਇਜ਼ ਫਾਇਦਾ ਉਠਾ ਕੇ ਪੰਜਾਬ ਪੁਲਿਸ ਵੱਲੋਂ ਪੱਤਰਕਾਰਾਂ 'ਤੇ ਤਸ਼ੱਦਦ ਦਾ ਦੌਰ ਸ਼ੁਰੂ ਕੀਤਾ ਹੋਇਆ ਹੈ। ਕੋਰੋਨਾ ਮਹਾਂਮਾਰੀ ਪ੍ਰਤੀ ਸਰਕਾਰ ਦੇ ਘਟੀਆ ਪ੍ਰਬੰਧਾਂ ਦੀ ਪੋਲ ਖੋਲਣ 'ਤੇ ਅੰਮ੍ਰਿਤਸਰ ਦੇ ਪੱਤਰਕਾਰ ਸੰਨੀ ਸਹੋਤਾ 'ਤੇ ਪਰਚਾ ਦਰਜ ਕਰਕੇ ਜੇਲ ਭੇਜਣ, ਫਿਰ ਪੁਲਿਸ ਦੀਆਂ ਜ਼ਿਆਦਤੀਆਂ ਬਾਰੇ ਗੱਲ ਕਰਨ ਵਾਲੇ ਪੱਤਰਕਾਰ ਭੁਪਿੰਦਰ ਸਿੰਘ ਸੱਜਣ 'ਤੇ ਪਰਚਾ ਕਰਕੇ ਜੇਲ ਭੇਜਣ, ਫਿਰ ਮੋਗੇ ਦੇ ਦੋ ਪੱਤਰਕਾਰਾਂ 'ਤੇ ਪਰਚਾ ਦਰਜ ਕਰਨ, ਫਿਰ ਜਲੰਧਰ ਵਿੱਚ ਇੱਕ ਭੂਤਰੇ ਥਾਣੇਦਾਰ ਵੱਲੋਂ ਅਜੀਤ ਅਖਬਾਰ ਤੇ ਦੈਨਿਕ ਸਵੇਰਾ ਦੇ ਪੱਤਰਕਾਰਾਂ ਦੀ ਸ਼ਰੇਆਮ ਕੁੱਟਮਾਰ ਕਰਨ, ਫਿਰ ਪੰਜਾਬ ਦੇ ਬਹੁਤ ਹੀ ਨਾਮਵਰ ਪੱਤਰਕਾਰ ਦਵਿੰਦਰਪਾਲ ਨੂੰ ਚੰਡੀਗੜ ਪੁਲਿਸ ਵੱਲੋਂ ਫੜਕੇ ਜਲੀਲ ਕਰਨ, ਇਕ ਮੰਤਰੀ ਦੇ ਕਹੇ ਤੋਂ ਚਮਕੌਰ ਸਾਹਿਬ ਦੇ ਪੱਤਰਕਾਰ ਜੈ ਸਿੰਘ ਛਿੱਬਰ 'ਤੇ ਪਰਚਾ ਦਰਜ ਕਰਨ ਅਤੇ ਹੁਣ ਮੋਹਾਲੀ ਪੁਲਿਸ ਦੇ ਇਕ ਭੂਤਰੇ ਥਾਣੇਦਾਰ ਵੱਲੋਂ ਸੀਨੀਅਰ ਪੱਤਰਕਾਰ ਮੇਜਰ ਸਿੰਘ ਪੰਜਾਬੀ ਦੀ ਬੁਰੀ ਤਰਾਂ ਕੁੱਟਮਾਰ ਕਰਕੇ ਪੁਲਿਸ ਤੰਤਰ ਵੱਲੋਂ ਸਮੁੱਚੇ ਪੱਤਰਕਾਰ ਭਾਈਚਾਰੇ ਨੂੰ ਇਹ ਸੁਨੇਹਾ ਦਿੱਤਾ ਜਾ ਰਿਹਾ ਹੈ ਕਿ ਜਾਂ ਤਾਂ ਪੁਲਿਸ ਦੀ ਧੱਕੇਸ਼ਾਹੀ ਦੇ ਮੂਹਰੇ ਆਤਮ ਸਮਰਪਣ ਕਰਕੇ ਖਾਮੋਸ਼ੀ ਨਾਲ ਜੋ ਹੁੰਦਾ ਹੈ, ਉਸ ਨੂੰ ਮੂਕ ਦਰਸ਼ਕ ਬਣ ਕੇ ਦੇਖਦੇ ਰਹੋ, ਨਹੀਂ ਤਾਂ ਪੁਲਿਸ ਕਿਸੇ ਵੀ ਪੱਤਰਕਾਰ ਨੂੰ ਜਦੋਂ ਜੀ ਚਾਹੇ ਕੁੱਟਮਾਰ ਕਰਕੇ ਜਲੀਲ ਕਰਨ ਤੋਂ ਬਾਅਦ ਜੇਲ ਭੇਜ ਸਕਦੀ ਹੈ, ਉਹ ਪੱਤਰਕਾਰ ਭਾਵੇਂ ਕਿਸੇ ਵੀ ਵੱਡੇ-ਛੋਟੇ ਆਦਾਰੇ ਵਿੱਚ ਕੰਮ ਕਿਉਂ ਨਾ ਕਰਦੇ ਹੋਵੇ। ਇਸ ਲਈ ਦੋਸਤੋ ! ਹੁਣ ਜਾਗਣ ਦੀ ਵੇਲਾ ਹੈ, ਆਪਸੀ ਧੜੇਬੰਦੀਆਂ, ਪ੍ਰੈਸ ਕਲੱਬਾਂ ਦੇ ਵਿਖਰੇਵਿਆਂ ਤੋਂ ਉਪਰ ਉਠ ਕੇ ਆਉਂਦੇ ਮੰਗਲਵਾਰ ਭਾਵ 26 ਮਈ ਨੂੰ ਆਓ ! ਸਮੁੱਚੇ ਪੱਤਰਕਾਰ ਭਾਈਚਾਰੇ ਵੱਲੋਂ ਸਾਰੇ ਪੰਜਾਬ ਵਿੱਚ "ਪੱਤਰਕਾਰਾਂ ਨਾਲ ਪੁਲਿਸ ਧੱਕੇਸ਼ਾਹੀ ਬੰਦ ਕਰੋ" ਦੇ ਬੈਨਰ ਹੇਠ ਰੋਸ ਪ੍ਰਦਰਸ਼ਨ ਕਰੀਏ ਅਤੇ ਹੱਥਾਂ ਵਿੱਚ "ਮੈਂ ਹਾਂ ਮੇਜਰ ਸਿੰਘ ਪੰਜਾਬੀ" ਦੀਆਂ ਤਖਤੀਆਂ ਫੜਕੇ ਪੰਜਾਬ ਪੁਲਿਸ ਦੇ ਮੁੱਖੀ ਦਿਨਕਰ ਗੁਪਤਾ ਜੀ ਨਾਲ ਪੰਜਾਬ ਪੁਲਿਸ ਵੱਲੋਂ ਪੱਤਰਕਾਰਾਂ ਨਾਲ ਕੀਤੀ ਜਾ ਰਹੀ ਧੱਕੇਸ਼ਾਹੀ ਪ੍ਰਤੀ ਉਹਨਾਂ ਦੀ ਭਾਸ਼ਾ ਵਿੱਚ ਹੀ ਰੋਸ ਜਾਹਿਰ ਕਰੀਏ। ਸਾਰੇ ਪੱਤਰਕਾਰਾਂ ਵੀਰਾਂ ਨੂੰ ਬੇਨਤੀ ਹੈ ਕਿ ਆਪੋ ਆਪਣੇ ਫੇਸਬੁੱਕ ਤੇ ਵਟਸਅਪ 'ਤੇ ਪ੍ਰੋਫਾਇਲ ਫੋਟੋ 'ਤੇ "ਮੈਂ ਹਾਂ ਪੱਤਰਕਾਰ ਮੇਜਰ ਸਿੰਘ ਪੰਜਾਬੀ" ਦਾ ਸਲੋਗਨ ਵੀ ਲਾਈਏ ਤਾਂ ਸਰਕਾਰ ਨੂੰ ਸਾਡੀ ਇਕਮੁੱਠਤਾ ਦਾ ਅਹਿਸਾਸ ਕਰਵਾਇਆ ਜਾ ਸਕੇ।

**ਜਗਸੀਰ ਸਿੰਘ ਸੰਧੂ**

## ਮਜ਼ਦੂਰਾਂ ਦੀ ਘਰ-ਵਾਪਸੀ ਅਤੇ ਕਿਸਾਨਾਂ ਦਾ ਦਰਦ

ਇਨੀਂ ਦਿਨੀ ਕਈ ਤਰਾਂ ਦੀਆਂ ਦਰਦਨਾਕ ਹਾਲਤਾਂ ਬਿਆਨਦੀਆਂ ਵੀਡੀਓ ਵਾਇਰਲ ਹੋ ਰਹੀਆਂ ਹਨ। ਇੱਕ ਵੀਡੀਓ ਵਿੱਚ ਇੱਕ ਮਜ਼ਦੂਰ ਪੈਦਲ ਅੱਠ ਸੌ ਕਿਲੋਮੀਟਰ ਦਾ ਸਫਰ ਤੈਅ ਕਰਦਾ ਹੋਇਆ ਲੱਕੜ ਦੀ ਗੱਡੀ ਬਣਾ ਕਿ ਆਪਣਾ ਸਮਾਨ ਖਿੱਚ ਰਿਹਾ ਹੈ। ਇੱਕ ਵੀਡੀਓ ਵਿੱਚ ਇੱਕ ਔਰਤ ਬੱਚੇ ਨੂੰ ਅਟੈਚੀ ਤੇ ਲਿਟਾ ਕੇ ਖਿੱਚ ਰਹੀ ਹੈ। ਸਰਕਾਰ ਦੇ ਭੰਡਾਰ ਅਨਾਜ ਨਾਲ ਭਰੇ ਪਏ ਹਨ। ਸਰਕਾਰ ਬੜੀਆਂ ਘੋਸ਼ਣਾਵਾਂ ਕਰ ਚੁੱਕੀ ਹੈ ਕਿ ਉਸਨੇ ਬਹੁਤ ਅਨਾਜ ਵੰਡਿਆ ਹੈ। ਸਮਾਜ ਸੇਵੀ ਸੰਗਠਨ ਵੀ ਦਿਨ ਰਾਤ ਕਰਕੇ ਅਨਾਜ ਲੋੜਵੰਦਾਂ ਤਕ ਪਹੁੰਚਾਉਣ ਦਾ ਕੰਮ ਕਰ ਰਹੇ ਹਨ। ਪਰ ਗਰੀਬ ਲੋਕ ਫਿਰ ਵੀ ਭੁੱਖੇ ਮਰ ਰਹੇ ਹਨ। ਜ਼ਰੂਰ ਸਾਡਾ ਸਿਸਟਮ ਗੜਬੜਾ ਗਿਆ ਹੈ। ਭਾਈ-ਭਤੀਜਾਵਾਦ ਤੇ ਪਾਰਟੀਬਾਜ਼ੀ ਦਾ ਮੋਹ ਸਾਡੇ ਨੇਤਾਵਾਂ ਦਾ ਪਿੱਛਾ ਨਹੀਂ ਛੱਡਦਾ।

ਜਦੋਂ ਅਸੀਂ ਅਮਰੀਕਾ ਅਤੇ ਕੈਨੇਡਾ ਵਰਗੇ ਪੱਛਮੀ ਮੁਲਕਾਂ ਦੀਆਂ ਗੱਲਾਂ ਕਰਦੇ ਹਾਂ ਕਿ ਉਹਨਾਂ ਨੇ ਆਪਣੇ ਸਾਰੇ ਲੋੜਵੰਦ ਵਸਨੀਕਾਂ ਨੂੰ ਕਰੋਨਾ ਦੀ ਆਫਤ ਦੌਰਾਨ ਰਾਹਤ ਪੈਕੇਜ ਦਿੱਤੇ ਹਨ। ਭਾਵੇਂ ਉਹ ਕੈਨੇਡਾ ਦੇ ਪੱਕੇ ਵਸਨੀਕ ਸਨ ਜਾਂ ਫਿਰ ਪੜਾਈ ਕਰਨ ਗਏ ਭਾਰਤ ਵਰਗੇ ਦੇਸ਼ਾਂ ਦੇ ਵਿਦਿਆਰਥੀ ਸਨ, ਉਹਨਾਂ ਨੇ ਕਿਸੇ ਵਿੱਚ ਵੀ ਵਿਤਕਰਾ ਨਹੀਂ ਕੀਤਾ। ਫਿਰ ਸਾਡੇ ਦੇਸ਼ ਵਿੱਚ ਇਹ ਭੇਦ-ਭਾਵ ਕਿਉਂ ਕੀਤਾ ਜਾਂਦਾ ਹੈ ? ਹਾਲਾਂਕਿ ਸਾਡਾ ਸੰਵਿਧਾਨ ਬਹੁਤ ਸਪਸ਼ਟ ਹੈ ਕਿ ਇੱਥੇ ਕਿਸੇ ਵੀ ਨਾਗਰਿਕ ਨਾਲ ਅਮੀਰੀ-ਗਰੀਬੀ, ਰੰਗ, ਨਸਲ ਜਾਂ ਜਾਤਪਾਤ ਦੇ ਆਧਾਰ 'ਤੇ ਕੋਈ ਵਿਤਕਰਾ ਨਹੀਂ ਹੋਵੇਗਾ ਪਰ ਫਿਰ ਵੀ ਸਭ ਕੁਝ ਵਾਪਰ ਰਿਹਾ ਹੈ, ਕਿਉਂ ? ਸਾਡਾ ਭਾਰਤ ਦੇਸ਼ ਤਾਂ ਉਂਜ ਵੀ ਵਿਸ਼ਵ ਦਾ ਸਭ ਤੋਂ ਵੱਡਾ ਲੋਕਤੰਤਰ ਹੈ ਤੇ ਲੋਕਤੰਤਰ ਦੀ ਸਰਕਾਰ ਬਾਰੇ ਤਾਂ ਬਹੁਤ ਸਪਸ਼ਟ ਹੈ ਕਿ ਇਹ ਲੋਕਾਂ ਦੀ, ਲੋਕਾਂ ਲਈ ਤੇ ਲੋਕਾਂ ਦੁਆਰਾ ਚੁਣੀ ਹੋਈ ਸਰਕਾਰ ਹੁੰਦੀ ਹੈ। ਜਦੋਂ ਲੋਕ ਮਜਬੂਰੀ ਦੀ ਹਾਲਤ ਵਿੱਚ ਸਰਕਾਰ ਦੇ ਨੱਕ ਥੱਲੇ ਭੁੱਖਣਭਾਣੇ ਤੜਫਦੇ ਹਨ ਤਾਂ ਫਿਰ ਉਹ ਲੋਕਾਂ ਦੀ ਸਰਕਾਰ ਨੂੰ ਨਜ਼ਰ ਕਿਉਂ ਨਹੀਂ ਆਉਂਦੇ ? ਕੀ 40 ਕਰੋੜ ਦੇ ਨੇੜੇ ਤੇੜੇ ਪਹੁੰਚੀ ਦੇਸ਼ ਦੀ ਉਹ ਜਨਤਾ, ਜੋ ਗਰੀਬੀ ਰੇਖਾ ਤੋਂ ਵੀ ਥੱਲੇ ਹੈ ਤੇ ਜਿਸ ਨੂੰ ਅੱਜ ਦੇ ਅਗਾਂਹ ਵਧੂ ਦੌਰ ਵਿੱਚ ਵੀ ਦੋ ਵਕਤ ਦੀ ਰੋਟੀ ਨਸੀਬ ਨਹੀਂ ਹੁੰਦੀ, ਉਹ ਕੇਵਲ ਸਰਕਾਰਾਂ ਚੁਣਨ ਲਈ ਮਹਿਜ਼ ਵੋਟ ਬੈਂਕ ਹੀ ਹੈ ? ਲੌਕਡਾਊਨ ਨਾਲ ਲੋਕਾਂ ਦੇ ਰੁਜ਼ਗਾਰ ਛੁੱਟਣ ਕਾਰਨ ਅਜਿਹੇ ਗਰੀਬਾਂ ਦੀ ਗਿਣਤੀ ਹੋਰ ਜ਼ਿਆਦਾ ਵਧਣ ਵਾਲੀ ਹੈ।

ਕਰੋਨਾ ਨਾਮ ਦੀ ਬੀਮਾਰੀ ਤੋਂ ਭੈਭੀਤ ਹੋ ਕੇ ਤੇ ਭੁੱਖਮਰੀ ਤੋਂ ਬਚਣ ਲਈ ਦੇਸ਼ ਦੇ ਵਿੱਚ ਹੀ ਮਜ਼ਦੂਰਾਂ ਦੁਆਰਾ ਕੀਤਾ ਜਾ ਰਿਹਾ ਪਲਾਇਨ ਬੜੇ ਦਰਦਨਾਕ ਦੌਰ ਵਿੱਚੋਂ ਦੀ ਗੁਜ਼ਰ ਰਿਹਾ ਹੈ। ਸੋਸ਼ਲ ਡਿਸਟੈਂਸ ਦੀ ਪਾਲਣਾ ਵੀ ਨਹੀਂ ਹੋ ਰਹੀ। ਟਰੱਕਾਂ ਵਿੱਚ ਤੂੜੀ ਵਾਂਗ ਭਰ ਕੇ ਮਜ਼ਦੂਰ ਸ਼ਿਫਟ ਕੀਤੇ ਜਾ ਰਹੇ ਹਨ। ਇਸ ਬਿਪਤਾ ਦੇ ਸਮੇਂ ਮਦਦ ਕਰਨ ਵਾਲੇ ਤੇ ਸੇਵਾ-ਪੁੰਨ ਕਰਨ ਵਾਲਿਆਂ ਦੀ ਕਮੀ ਨਹੀਂ ਹੈ, ਪਰ ਦੂਜੇ ਪਾਸੇ ਲੋਕਾਂ ਨੂੰ ਲੁੱਟਣ ਵਾਲੇ ਇਸ ਬਿਪਤਾ ਵਿੱਚ ਵੀ ਲੋਕਾਂ ਨੂੰ ਨਹੀਂ ਬਖਸ਼ ਰਹੇ। ਲੁਧਿਆਣਾ ਦੇ ਇੱਕ ਐੱਮ ਐੱਲ ਏ ਨੇ ਇੱਕ ਨਿੱਜੀ ਟਰਾਂਸਪੋਰਟ ਕੰਪਨੀ ਦੀ ਬੱਸ ਵਾਲਿਆਂ ਵੱਲੋਂ ਪੰਜ ਗੁਣਾਂ ਵੱਧ ਕਿਰਾਇਆ ਵਸੂਲਣ ਦੀਆਂ ਖਬਰਾਂ ਵਾਇਰਲ ਕੀਤੀਆਂ ਹਨ। ਇੱਕ ਪਾਸੇ ਤਾਂ ਪੂਰਾ ਵਿਸ਼ਵ ਬੰਦ ਹੋਇਆ ਪਿਆ ਹੈ, ਲੋਕ ਇਸ ਮਹਾਂਮਾਰੀ ਨੂੰ ਕੁਦਰਤੀ ਕਰੋਪੀ ਵਜੋਂ ਵੇਖ ਰਹੇ ਹਨ ਤੇ ਬੁਰੇ ਕੰਮਾਂ ਤੋਂ ਬਚਣ ਲਈ ਹਰ ਕੋਈ ਇੱਕ ਦੂਜੇ ਨੂੰ ਸੰਦੇਸ਼ ਦੇ ਰਿਹਾ ਹੈ ਪਰ ਵਗਦੀ ਗੰਗਾ ਵਿੱਚ ਹੱਥ ਧੋਣ ਵਾਲੇ ਲੋਕ ਇੰਨੇ ਸਵਾਰਥੀ ਹੋ ਗਏ ਹਨ ਕਿ ਉਹ ਹਰ ਸਮੇਂ ਹੱਥ ਰੰਗਣ ਵਿੱਚ ਇੰਜ ਮਸਰੂਫ ਰਹਿੰਦੇ ਹਨ ਜਿਵੇਂ ਉਹਨਾਂ ਨੇ ਹਮੇਸ਼ਾ ਲਈ ਇਸ ਧਰਤੀ 'ਤੇ ਟਿਕੇ ਰਹਿਣਾ ਹੋਵੇ ਤੇ ਸਭ ਕੁਝ ਅੰਤ ਵੇਲੇ ਨਾਲ ਲੈ ਜਾਣਾ ਹੋਵੇ।

ਮਜਬੂਰ ਮਿਹਨਤਕਸ਼ ਮਜ਼ਦੂਰਾਂ ਦੀ ਘਰ-ਵਾਪਸੀ ਜੋ ਇੱਕ ਤਰਾਂ ਨਾਲ ਪਲਾਇਨ ਦਾ ਰੂਪ ਧਾਰ ਚੁੱਕੀ ਹੈ, ਨੇ ਇੱਕ ਵਾਰ ਫਿਰ 1947 ਦੀ ਦੇਸ਼ ਵੰਡ ਵਾਲੇ ਹਾਲਾਤ ਲੋਕਾਂ ਨੂੰ ਯਾਦ ਕਰਵਾ ਦਿੱਤੇ ਹਨ। ਉਦੋਂ ਵੀ ਲੋਕ ਪੈਦਲ, ਜਾਂ ਫਿਰ ਗੱਡਿਆਂ 'ਤੇ ਅਤੇ ਕੁਝ ਰੇਲ ਗੱਡੀਆਂ ਦੁਆਰਾ ਅਣਜਾਣੇ ਰਾਹਾਂ ਦੇ ਪਾਂਧੀ ਬਣੇ ਸਨ। ਅੱਜ ਫਿਰ ਗਰੀਬ ਲੋਕਾਂ ਨੂੰ ਆਪਣੇ ਦੇਸ਼ ਵਿੱਚ ਹੀ ਘਰੋਂ ਬੇਘਰ ਹੋਣਾ ਪੈ ਰਿਹਾ ਹੈ। ਫਰਕ ਕੇਵਲ ਇੰਨਾ ਹੈ ਕਿ ਉਦੋਂ ਦੇਸ਼ 'ਤੇ ਧਰਮ ਦੇ ਨਾਮ ਤੇ ਪਲਾਇਨ ਕਰਨ ਵਾਲਿਆਂ 'ਤੇ ਹਮਲੇ ਹੋ ਰਹੇ ਸਨ ਤੇ ਕਤਲੇਆਮ ਹੋ ਰਿਹਾ ਸੀ ਤੇ ਹੁਣ ਭੁੱਖਮਰੀ ਤੇ ਸਿਸਟਮ ਦੀ ਅਸਫਲਤਾ ਲੋਕਾਂ ਉੱਤੇ ਭਾਰੂ ਪੈ ਰਹੀ ਹੈ।

ਕਰੋਨਾ ਨੇ ਦੋਂਹ ਫਸਲਾਂ ਦੇ ਦਰਮਿਆਨ ਦਾ ਸਮਾਂ ਚੁਣ ਕੇ ਸਾਡੇ ਦੇਸ਼ ਦੀ ਕਿਸਾਨੀ ਨੂੰ ਵੀ ਹਲੂਣਿਆ ਹੈ। ਪਹਿਲਾਂ ਕਣਕ ਦੀ ਫਸਲ ਦੀ ਕਟਾਈ ਪ੍ਰਭਾਵਿਤ ਹੋਈ ਹੈ ਤੇ ਹੁਣ ਝੋਨੇ ਦੀ ਫਸਲ ਵੀ ਇਸਦਾ ਸ਼ਿਕਾਰ ਹੋਣ ਵਾਲੀ ਹੈ। ਖੇਤੀ ਪ੍ਰਧਾਨ ਸੂਬਾ ਪੰਜਾਬ, ਜੋ ਹੁਣ ਜੀਡੀਪੀ ਦੇ ਅੰਕੜਿਆਂ ਅਨੁਸਾਰ ਖੇਤੀ ਪ੍ਰਧਾਨ ਨਹੀਂ ਰਿਹਾ, ਕਿਉਂਕਿ ਇਸਦੀ ਖੇਤੀ ਤੋਂ ਆਮਦਨ ਹੁਣ 56% ਤੋਂ ਘਟ ਕੇ 14% ਹੀ ਰਹਿ ਗਈ ਹੈ। ਪਰ ਜੋ ਹੈ ਵੀ, ਉਹ ਮਜ਼ਦੂਰਾਂ ਦੀ ਕਮੀ ਕਾਰਨ ਪ੍ਰਭਾਵਿਤ ਹੋਵੇਗੀ। ਝੋਨੇ ਦੀ ਲਵਾਈ ਦਾ ਸੀਜ਼ਨ 10 ਜੂਨ ਤੋਂ ਸ਼ੁਰੂ ਹੋਣ ਵਾਲਾ ਹੈ ਤੇ ਉਹ ਮਜ਼ਦੂਰ, ਜੋ ਦਰਦ ਭਰੇ ਹਾਲਾਤ ਵਿੱਚ ਪਲਾਇਨ ਕਰ ਰਹੇ ਹਨ, ਇੰਨੀ ਜਲਦੀ ਵਾਪਸ ਨਹੀਂ ਆ ਸਕਣਗੇ।

ਉਂਜ ਪੰਜਾਬ ਦੇ ਕਿਸਾਨ ਲਈ ਵੀ ਕੁਦਰਤ ਦਾ ਸੁਨੇਹਾ ਹੈ ਕਿ ਝੋਨੇ ਦੀ ਫਸਲ ਦੀ ਬਿਜਾਈ ਤੋਂ ਬਚ ਜਾਵੇ ਤਾਂ ਚੰਗਾ ਹੈ, ਨਹੀਂ ਤਾਂ ਫਿਰ ਜਿਵੇਂ ਹੁਣ ਬਿਹਾਰ ਤੇ ਉੱਤਰ ਪ੍ਰਦੇਸ਼ ਦੇ ਮਜ਼ਦੂਰ ਸ਼ਿਫਟ ਹੋ ਰਹੇ ਹਨ, 10-15 ਸਾਲਾਂ ਬਾਦ ਪੰਜਾਬ ਦੇ ਕਿਸਾਨ ਨੂੰ ਵੀ ਹੋਰ ਪੱਤਣ ਲੱਭਣ ਲਈ ਮਜਬੂਰ ਹੋਣਾ ਪੈਣਾ ਹੈ। ਪੰਜਾਬ ਦੀਆਂ ਨਹਿਰਾਂ ਤਾਂ ਲਗਭਗ ਸੁੱਕ ਹੀ ਗਈਆਂ ਹਨ ਕਿਉਂਕਿ ਦਰਿਆਵਾਂ ਦੀ ਹਾਲਤ ਬਹੁਤ ਪਤਲੀ ਹੋ ਗਈ ਹੈ। ਧਰਤੀ ਹੇਠਲਾ ਪਾਣੀ ਜੋ ਕੁਦਰਤ ਨੇ ਆਪਣੀ ਗੋਦ ਵਿੱਚ ਮਨੁੱਖਤਾ ਦੇ ਪੀਣ ਅਤੇ ਘਰੇਲੂ ਵਰਤੋਂ ਲਈ ਮਹਿਫੂਜ਼ ਰੱਖਿਆ ਸੀ, ਉਸ ਨੂੰ ਬੜੀ ਬੇਦਰਦੀ ਨਾਲ ਪੰਜਾਬ ਦਾ ਕਿਸਾਨ 15 ਲੱਖ ਤੋਂ ਵੀ ਵੱਧ ਟਿਊਬਵੈੱਲਾਂ ਰਾਹੀਂ ਖੇਤੀਬਾੜੀ ਲਈ ਖਿੱਚ ਰਿਹਾ ਹੈ। ਇਸਦਾ ਵੱਡਾ ਹਿੱਸਾ ਝੋਨੇ ਦੀ ਫਸਲ ਜਜ਼ਬ ਕਰ ਰਹੀ ਹੈ ਤੇ ਸਾਡੀਆਂ ਸਰਕਾਰਾਂ ਦੁਆਰਾ ਵੋਟ ਬੈਂਕ ਖਾਤਰ ਇਸਦੀ ਮੁਫਤ ਸਪਲਾਈ ਆਉਂਦੇ ਸਮੇਂ ਦੌਰਾਨ ਕਿਸਾਨਾਂ ਦਾ ਲੱਕ ਤੋੜਨ ਲਈ ਮੀਲ ਪੱਥਰ ਸਾਬਿਤ ਹੋਵੇਗੀ।

ਖੇਤੀ ਮਾਹਿਰਾਂ ਦੁਆਰਾ ਝੋਨੇ ਦੀ ਪੈਦਾਵਾਰ ਲਈ ਪਾਣੀ ਦੀ ਵਰਤੋਂ ਦੇ ਅੰਕੜੇ ਸਭ ਦੀਆਂ ਅੱਖਾਂ ਖੋਲਣ ਵਾਲੇ ਹਨ। ਇਹ ਕਿਹਾ ਜਾਂਦਾ ਹੈ ਕਿ ਇੱਕ ਕਿਲੋ ਝੋਨਾ ਪੈਦਾ ਕਰਨ ਲਈ ਸੀਜ਼ਨ ਭਰ ਵਿੱਚ 4000 ਲਿਟਰ ਪਾਣੀ ਦੀ ਵਰਤੋਂ ਹੁੰਦੀ ਹੈ। ਇਹ ਜ਼ਿਆਦਾਤਰ ਪੀਣ ਵਾਲਾ ਧਰਤੀ ਹੇਠਲਾ ਪਾਣੀ ਹੀ ਵਰਤਿਆ ਜਾਂਦਾ ਹੈ, ਜਿਹੜਾ ਹੁਣ ਬੋਤਲਾਂ ਵਿੱਚ 20 ਰੁਪਏ ਲਿਟਰ ਮਿਲਦਾ ਹੈ। ਹੁਣ 4000 ਲਿਟਰ ਪਾਣੀ ਦੀ ਕੀਮਤ ਤੇ ਇੱਕ ਕਿਲੋ ਝੋਨੇ ਦਾ ਮੁਕਾਬਲਾ ਤੁਸੀਂ ਖੁਦ ਕਰ ਲਉ।

ਵਕਤ ਦੀ ਨਜ਼ਾਕਤ ਨੂੰ ਸਮਝਦੇ ਹੋਏ ਕਿਸਾਨ ਨੂੰ ਆਪਣੇ ਫਸਲੀ ਚੱਕਰ ਨੂੰ ਖੁਦ ਬਦਲਣਾ ਪਵੇਗਾ, ਨਿਰਾਪੁਰਾ ਸਰਕਾਰਾਂ ਵੱਲ ਵੇਖਦਿਆਂ ਗੱਲ ਨਹੀਂ ਬਣਨੀ। ਸਾਡੀਆਂ ਸਰਕਾਰਾਂ ਨੂੰ ਤਾਂ ਉਂਜ ਹੀ ਆਪਣੀ ਹੋਂਦ ਦੀ ਜ਼ਿਆਦਾ ਚਿੰਤਾ ਹੁੰਦੀ ਹੈ, ਲੋਕਾਂ ਦੀ ਨਹੀਂ। ਜੇ ਲੋਕਾਂ ਤੇ ਸੂਬੇ ਦੇ ਹਿਤਾਂ ਦੀਆਂ ਸਰਕਾਰਾਂ ਸੰਜੀਦਗੀ ਨਾਲ ਪੈਰਵੀ ਕਰਦੀਆਂ ਤਾਂ ਅੱਜ ਪੰਜਾਬ ਦੇ ਸਿਰ ਢਾਈ ਲੱਖ ਕਰੋੜ ਰੁਪਏ ਤੋਂ ਵੀ ਵੱਧ ਕਰਜ਼ਾ ਨਾ ਹੁੰਦਾ ਤੇ ਪੰਜਾਬ ਦੇਸ਼ ਦੀ ਸਿਰਮੌਰ ਸਟੇਟ ਹੁੰਦੀ।

ਅੱਜ ਇੱਕ ਪਾਸੇ ਕਰੋਨਾ ਦੀ ਮਹਾਂਮਾਰੀ ਦਾ ਦਰਦ ਹੈ, ਦੂਜੇ ਪਾਸੇ ਮਜ਼ਦੂਰਾਂ ਦੀ ਦਰਦਨਾਕ ਹਾਲਤ ਹੈ। ਉਹਨਾਂ ਦੀ ਕੋਈ ਬਾਂਹ ਨਹੀਂ ਫੜਦਾ। ਕਿਸਾਨ ਵੱਖ ਚੀਕ ਰਹੇ ਹਨ। ਪੰਜਾਬ ਦੇ ਕੁਲ 138 ਬਲਾਕਾਂ ਵਿੱਚੋਂ 100 ਤੋਂ ਵੱਧ ਬਲਾਕਾਂ ਦਾ ਪਾਣੀ ਡਾਰਕ ਜ਼ੋਨ ਵਿੱਚ ਪਹੁੰਚ ਚੁੱਕਾ ਹੈ। ਸਰਕਾਰ ਚੁੱਪਚਾਪ ਦੇਸ਼ ਦੇ 50 ਅਮੀਰਾਂ ਦੇ 68 ਹਜ਼ਾਰ ਕਰੋੜ ਦੇ ਕਰਜ਼ੇ ਤਾਂ ਮੁਆਫ ਕਰ ਦਿੰਦੀ ਹੈ ਪਰ ਦਿਹਾੜੀਦਾਰ, ਕਿਸਾਨ ਅਤੇ ਮੁਲਾਜ਼ਮ ਚੀਕਦੇ ਰਹਿ ਜਾਂਦੇ ਹਨ। ਦੇਸ਼ ਦੇ ਸਰਕਾਰੀ ਸਕੂਲ ਅਤੇ ਹਸਪਤਾਲ ਆਪਣੀ ਕਹਾਣੀ ਆਪ ਬਿਆਨ ਕਰ ਰਹੇ ਹਨ, ਕੋਈ ਸੁਣਨ ਵਾਲਾ ਨਹੀਂ ਹੈ। ਹੁਣ ਕੌਣ ਕਿਸ ਨੂੰ ਕਹੇ- ਤੈਂ ਕੀ ਦਰਦ ਨਾ ਆਇਆ ?

**ਦਰਸ਼ਨ ਸਿੰਘ ਰਿਆੜ**

## ਕਿਰਤ ਕਾਨੂੰਨਾਂ ਦਾ ਦੌਰ ਖ਼ਤਮ ਕਰਨ ਦੀ ਚਾਲ

ਰਾਜਸਥਾਨ, ਗੁਜਰਾਤ, ਹਰਿਆਣਾ, ਹਿਮਾਚਲ ਪ੍ਰਦੇਸ਼, ਉੜੀਸਾ, ਉੱਤਰ ਪ੍ਰਦੇਸ਼, ਮੱਧ ਪ੍ਰਦੇਸ਼ ਅਤੇ ਦੇਸ਼ ਦੇ ਕਈ ਹੋਰ ਸੂਬਿਆਂ ਨੇ ਮਜ਼ਦੂਰਾਂ ਦਾ ਪ੍ਰਤੀ ਦਿਨ ਕੰਮ ਕਰਨ ਦਾ ਸਮਾਂ 8 ਘੰਟੇ ਤੋਂ ਵਧਾ ਕੇ 12 ਘੰਟੇ ਤਕ ਕਰ ਦਿੱਤਾ ਹੈ। ਮਜ਼ਦੂਰਾਂ ਦੇ ਪ੍ਰਤੀ ਹਫ਼ਤਾ 72 ਘੰਟੇ ਓਵਰ ਟਾਈਮ ਕਰਵਾਉਣ ਅਤੇ ਮਾਲਕਾਂ ਨੂੰ ਆਪਣੀ ਸਹੂਲਤ ਦੇ ਮੁਤਾਬਕ ਸਮਾਂ ਬਦਲਣ ਦੀ ਖੁੱਲ ਦਿੱਤੀ ਗਈ ਹੈ। ਆਰਥਿਕ ਮੰਦੀ ਅਤੇ ਮਜ਼ਦੂਰਾਂ ਦੀ ਘਾਟ ਦੇ ਮੱਦੇ ਨਜ਼ਰ ਇਹ ਕਾਨੂੰਨ ਅਗਲੇ ਤਿੰਨ ਸਾਲਾਂ, ਅਰਥਾਤ 1000 ਦਿਨਾਂ ਲਈ ਲਾਗੂ ਕੀਤੇ ਗਏ ਹਨ ਅਤੇ ਸਾਰੇ ਕਿਰਤ ਕਾਨੂੰਨ ਦੀ ਪਾਲਣਾ ਕਰਨ ਤੋਂ ਉੱਤਰ ਪ੍ਰਦੇਸ਼, ਗੁਜਰਾਤ ਤੇ ਮੱਧ ਪ੍ਰਦੇਸ਼ ਸਰਕਾਰਾਂ ਵਲੋਂ ਮਾਲਕਾਂ ਨੂੰ ਛੋਟ ਦਿੱਤੀ ਗਈ ਹੈ। ਭਾਵੇਂ ਕਿ ਉੱਤਰ ਪ੍ਰਦੇਸ਼ ਦੀ ਸਰਕਾਰ ਨੂੰ ਮਜ਼ਦੂਰ ਜਥੇਬੰਦੀਆਂ ਦੇ ਦਬਾਅ ਹੇਠ ਮਾਲਕਾਂ ਨੂੰ ਦਿੱਤੀਆਂ ਇਹ ਛੋਟਾਂ ਵਾਪਸ ਲੈਣੀਆਂ ਪਈਆਂ ਹਨ।

ਦੇਸ਼ ਵਿੱਚ ਅੰਦਾਜ਼ਨ 200 ਸੂਬਾ ਸਰਕਾਰਾਂ ਦੇ ਕਿਰਤ ਕਾਨੂੰਨ ਹਨ ਅਤੇ ਲਗਭਗ 50 ਕੇਂਦਰੀ ਸਰਕਾਰ ਵਲੋਂ ਬਣਾਏ ਕਿਰਤ ਕਾਨੂੰਨ ਹਨ। ਇਹਨਾਂ ਵਿੱਚ ਫੈਕਟਰੀ ਐਕਟ 1948, ਦੀ ਕੰਨਟਰੈਕਟਰ ਲੇਬਰ ਐਕਟ 1970, ਸ਼ਾਪਸ ਐਂਡ ਕਮਰਸ਼ੀਅਲ ਇਸਟੈਬਲਿਸ਼ਮੈਂਟ ਐਕਟ, ਕਾਮਿਆਂ ਦੀ ਕੰਮ ਦੀਆਂ ਹਾਲਤਾਂ ਬਾਰੇ ਹੈ, ਜਦ ਕਿ ਘੱਟੋ-ਘੱਟ ਵੇਜ ਐਕਟ 1948, ਪੇਮੈਂਟ ਆਫ ਵੇਜ ਐਕਟ 1936 ਕਾਮਿਆਂ ਦੀਆਂ ਤਨਖਾਹਾਂ ਸਬੰਧੀ, ਇੰਮਪਲਾਈਜ਼ ਪ੍ਰਾਵੀਡੈਂਟ ਫੰਡ ਐਕਟ 1952 ਵਰਕਮੈਨ ਕੰਪਨਸੇਸ਼ਨ ਐਕਟ 1927, ਇੰਪਲਾਈਜ਼ ਸਟੇਟ ਸਬੰਧੀ ਅਤੇ ਦੀ ਇੰਡਸਟਰੀਅਲ ਡਿਸਪਿਊਟ ਐਕਟ 1947 ਇੰਡਸਟਰੀਅਲ ਇਸਟੈਬਲਿਸ਼ਮੈਂਟਸ (ਸੈਂਟਿੰਗ ਆਰਡਰ) ਐਕਟ 1946 ਰੁਜ਼ਗਾਰ ਸੁਰੱਖਿਆ ਅਤੇ ਉਦਯੋਗਿਕ ਰਿਸ਼ਤਿਆਂ ਸਬੰਧੀ ਹੈ।

ਇਹ ਕਾਨੂੰਨ ਫੈਕਟਰੀਆਂ, ਦੁਕਾਨਾਂ, ਵਪਾਰਕ ਅਦਾਰਿਆਂ ਆਦਿ 'ਤੇ ਲਾਗੂ ਹੁੰਦੇ ਹਨ, ਜਿਹਨਾਂ ਵਿੱਚ ਕਿਰਤੀ ਦੇ ਕੰਮ ਦੇ ਘੰਟੇ, ਓਵਰਟਾਈਮ, ਹਫਤਾਵਾਰੀ ਛੁੱਟੀ, ਸਲਾਨਾ ਛੁੱਟੀਆਂ, ਔਰਤਾਂ ਦੇ ਰੁਜ਼ਗਾਰ, ਘੱਟੋ-ਘੱਟ ਤਨਖਾਹ ਬਾਰੇ ਵੇਰਵੇ ਜਾਂ ਨਿਯਮ ਦਰਜ਼ ਹਨ। ਪਰ ਸਭ ਤੋਂ ਮਹੱਤਵਪੂਰਨ ਇੰਡਸਟਰੀਅਲ ਡਿਸਪਿਊਟ ਐਕਟ 1947 ਹੈ, ਜਿਹੜਾ ਵਰਕਰਾਂ ਦੀ ਛਾਂਟੀ, ਹੜਤਾਲਾਂ ਅਤੇ ਕਾਰਖ਼ਾਨਿਆਂ ਨੂੰ ਬੰਦ ਕਰਨ ਸਬੰਧੀ ਹੈ। ਜੇਕਰ ਇਹ ਸਾਰੇ ਕਿਰਤ ਕਾਨੂੰਨ ਭੰਗ ਕਰ ਦਿੱਤੇ ਜਾਂਦੇ ਹਨ ਤਾਂ ਸਾਰੇ ਕਿਰਤੀ ਅਣਸੰਗਠਿਤ ਖੇਤਰ ਵਿੱਚ ਪੁੱਜ ਜਾਣਗੇ ਅਤੇ ਕੰਮ ਦੀ ਦਿਹਾੜੀ ਘਟ ਜਾਏਗੀ ਅਤੇ ਕਾਮਿਆਂ ਨੂੰ ਕਿਧਰੇ ਵੀ ਸ਼ਿਕਾਇਤ ਕਰਨ ਦਾ ਮੌਕਾ ਨਹੀਂ ਮਿਲੇਗਾ।

ਪਿਛਲੇ ਤਿੰਨ ਦਹਾਕਿਆਂ ਤੋਂ ਸੱਤਾਧਾਰੀ ਧਿਰ ਵਿੱਚ ਇਹ ਆਮ ਰਾਏ ਬਣ ਰਹੀ ਹੈ ਕਿ ਕਿਰਤੀਆਂ ਦੇ ਹਿਤ ਲਈ ਬਣਾਏ ਗਏ ਇਹ ਕਾਨੂੰਨ, ਮੁਕਤ ਬਜ਼ਾਰ ਦੇ ਵਿਕਾਸ ਵਿੱਚ ਰੋੜਾ ਬਣ ਰਹੇ ਹਨ। ਇਹ ਵਿਚਾਰ ਅਸਲ ਵਿੱਚ ਭਾਰਤੀ ਅਰਥ ਵਿਵਸਥਾ ਵਿੱਚ ਹੋ ਰਹੇ ਨਿਰੰਤਰ ਉਦਾਰੀਕਰਨ ਦਾ ਸਿੱਟਾ ਹੈ। ਮਜ਼ਦੂਰ ਹਿਤੂ ਕਾਨੂੰਨ, ਮਾਲਕਾਂ ਅਨੁਸਾਰ ਉਤਪਾਦਨ ਵਿਵਸਥਾ ਵਿੱਚ ਬਜ਼ਾਰ ਦੀਆਂ ਜ਼ਰੂਰਤਾਂ ਦੇ ਅਨੁਸਾਰ ਰੋਜ਼ਗਾਰ ਸਬੰਧਾਂ ਵਿੱਚ ਅਸਥਾਈਕਰਨ ਕਰਨ ਵਾਲੀਆਂ ਹਾਲਤਾਂ ਨੂੰ ਲਾਗੂ ਕਰਨ ਵਿੱਚ ਅੜਿੱਕਾ ਹਨ। ਪਰ ਦੂਜੇ ਪਾਸੇ ਸੱਚਾਈ ਇਹ ਹੈ ਕਿ ਮਜ਼ਦੂਰ ਵਰਗ ਦਾ ਇੱਕ ਵੱਡਾ ਹਿੱਸਾ ਮਜ਼ਦੂਰ ਕਿਰਤ ਕਾਨੂੰਨ ਦੇ ਘੇਰੇ ਤੋਂ ਬਾਹਰ ਰਿਹਾ ਹੈ। ਕਿਰਤ ਕਾਨੂੰਨ ਤਾਂ ਸਥਾਈ ਕੰਮਾਂ ਅਤੇ ਵੱਡੇ ਕਾਰੋਬਾਰੀ ਹਾਊਸਾਂ ਆਦਿ ਵਿੱਚ ਹੀ ਲਾਗੂ ਹੁੰਦੇ ਰਹੇ ਹਨ। ਛੋਟੇ ਉਦਯੋਗ ਜਾਂ ਅਸਥਾਈ ਕੰਮਾਂ ਵਿੱਚ ਇਹ ਕਾਨੂੰਨ ਜਾਂ ਤਾਂ ਲਾਗੂ ਹੀ ਨਹੀਂ ਕੀਤੇ ਜਾਂਦੇ ਜਾਂ ਹੱਥਕੰਡੇ ਵਰਤਕੇ ਮਾਲਕਾਂ ਵਲੋਂ ਇਹਨਾਂ ਤੋਂ ਬਚਿਆ ਜਾਂਦਾ ਹੈ। ਕਿਰਤ ਕਾਨੂੰਨ ਕਿਰਤੀ ਲਈ 8 ਘੰਟੇ ਦਿਹਾੜੀ ਦਾ ਪ੍ਰਾਵਧਾਨ ਕਰਦਾ ਹੈ ਅਤੇ ਇੱਕ ਹਫ਼ਤੇ ਵਿੱਚ 48 ਘੰਟੇ ਕੰਮ ਕਰਨ ਦੀ ਆਗਿਆ ਦਿੰਦਾ ਹੈ। ਫੈਕਟਰੀ ਐਕਟ 1948 ਅਨੁਸਾਰ 18 ਘੰਟਿਆਂ ਦੀ ਘੱਟ ਉਮਰ ਵਾਲਾ ਵਿਅਕਤੀ ਕੰਮ 'ਤੇ ਨਹੀਂ ਰੱਖਿਆ ਜਾ ਸਕਦਾ ਅਤੇ ਕਿਸੇ ਵੀ ਕਿਰਤੀ ਤੋਂ ਦਿਨ ਵਿੱਚ 8 ਘੰਟੇ ਤੋਂ ਬਾਅਦ ਵੱਧ ਤੋਂ ਵੱਧ ਢਾਈ ਘੰਟੇ ਓਵਰਟਾਈਮ ਕਰਵਾਇਆ ਜਾ ਸਕਦਾ ਹੈ। ਕਿਰਤੀ ਨੂੰ ਹੱਕ ਹੈ ਕਿ ਉਹ ਕੰਮ ਦੀਆਂ ਹਾਲਤਾਂ ਬਾਰੇ ਜਾਣੇ, ਉਹ ਉਸ ਕੰਮ ਨੂੰ ਕਰੇ ਜਾਂ ਨਾ ਕਰੇ ਅਤੇ ਉਸ ਨੂੰ ਹੱਕ ਹੈ ਕਿ ਉਹ ਆਪਣੀ ਜ਼ਿੰਦਗੀ ਨੂੰ ਜ਼ੋਖਮ ਵਿੱਚ ਪਾਉਣ ਵਾਲੇ ਕੰਮ ਤੋਂ ਨਾਂਹ ਕਰੇ।

ਪਰ ਉਦਾਰੀਕਰਨ ਦੇ 1990 ਦੇ ਦਹਾਕੇ ਤੋਂ ਬਾਅਦ ਮਾਲਕਾਂ ਨੇ ਕਾਰਵਾਈ ਕਰਕੇ ਕਿਰਤ ਕਾਨੂੰਨ ਨੂੰ ਪਹਿਲਾਂ ਹੀ ਪ੍ਰਭਾਵੀ ਹੋਣ ਤੋਂ ਰੋਕਣ ਲਈ ਕੰਮ ਕੀਤਾ ਹੈ। ਕੇਂਦਰ ਅਤੇ ਰਾਜ ਸਰਕਾਰਾਂ ਦੇ ਪੱਧਰ ਉੱਤੇ ਇਹੋ ਜਿਹੇ ਕਦਮ ਚੁਕਵਾਏ ਗਏ ਜਿਸ ਨਾਲ ਫੈਕਟਰੀਆਂ ਦਾ ਸਰਕਾਰੀ ਨਿਰੀਖਣ ਵਿਧੀਬੱਧ ਨਾ ਹੋਵੇ, ਮਾਲਕ ਆਪਣੀ ਮਰਜ਼ੀ ਨਾਲ ਨਿਯਮ ਲਾਗੂ ਕਰਨ, ਘੱਟੋ-ਘੱਟ ਤਨਖ਼ਾਹ ਲਾਗੂ ਨਾ ਕਰਨੀ ਪਵੇ, ਕੋਈ ਮੁਆਵਜ਼ਾ ਨਾ ਦੇਣਾ ਪਵੇ, ਸੁਰੱਖਿਆ ਸ਼ਰਤਾਂ ਨੂੰ ਨਾ ਅਪਣਾਉਣਾ ਪਵੇ ਆਦਿ। ਕੋਰੋਨਾ ਆਫ਼ਤ ਲੌਕਡਾਊਨ ਸਮੇਂ ਐਮਰਜੈਂਸੀ ਜਿਹੀ ਸਥਿਤੀ ਵਿੱਚ ਮਾਲਕਾਂ ਅਤੇ ਕਾਰਪੋਰੇਟ ਸੈਕਟਰ ਨੂੰ ਇਸ ਲੇਬਰ ਲਾਅ ਨੂੰ ਕਮਜ਼ੋਰ ਕਰਨ ਦਾ ਸੁਨਹਿਰੀ ਮੌਕਾ ਪ੍ਰਦਾਨ ਕਰ ਦਿੱਤਾ ਹੈ। ਸਰਕਾਰ ਆਮ ਆਦਮੀ ਦੀ ਸਿੱਖਿਆ ਅਤੇ ਸਿਹਤ ਸਹੂਲਤਾਂ ਵਰਗੇ ਆਪਣੇ ਫ਼ਰਜ਼ਾਂ ਦੇ ਨਾਲ-ਨਾਲ ਹੁਣ ਮਜ਼ਦੂਰਾਂ ਦੇ ਹਿਤਾਂ ਨੂੰ ਵੀ ਛਿੱਕੇ ਟੰਗਕੇ, ਮਜ਼ਦੂਰਾਂ ਦੇ ਘੱਟੋ-ਘੱਟ ਨੀਅਤ ਸਮੇਂ ਅਤੇ ਲੇਬਰ ਲਾਅ ਵਿੱਚ ਮਿਲੇ ਹੱਕਾਂ ਨੂੰ ਪੈਰਾਂ ਹੇਠ ਦਰੜ ਰਹੀ ਹੈ। ਪੂੰਜੀਪਤੀ ਅਤੇ ਰਾਜ ਸੱਤਾ, ਵੱਡੇ ਕਾਰੋਬਾਰੀਆਂ ਦੇ ਹਿਤਾਂ ਦੀ ਰਾਖੀ ਕਰਦਿਆਂ ਕੋਰੋਨਾ ਆਫ਼ਤ ਸਮੇਂ ਆਰਥਿਕ ਮੰਦਵਾੜੇ ਵਿੱਚੋਂ ਦੇਸ਼ ਨੂੰ ਬਾਹਰ ਕੱਢਣ ਦੇ ਨਾਮ ਉੱਤੇ ਵੱਡੀਆਂ ਛੋਟਾਂ ਦੇ ਰਹੀ ਹੈ ਕਿਉਂਕਿ ਉਹ ਸਮਝਦੀ ਹੈ ਕਿ ਆਮ ਹਾਲਤਾਂ ਵਿੱਚ ਮਜ਼ਦੂਰ ਸੰਗਠਨ ਮਜ਼ਦੂਰਾਂ ਦੇ ਹੱਕਾਂ ਵਿੱਚ ਆਵਾਜ਼ ਉਠਾਉਣਗੇ ਅਤੇ ਵਿਰੋਧ ਪ੍ਰਗਟ ਕਰਨਗੇ। ਇਹਨਾਂ ਮਜ਼ਦੂਰ ਵਿਰੋਧੀ ਫੈਸਲਿਆਂ ਦਾ ਅਸਰ ਨਾ ਸਿਰਫ਼ ਮਜ਼ਦੂਰਾਂ ਉੱਤੇ ਬਲਕਿ ਪੂਰੀ ਅਰਥਵਿਵਸਥਾ ਅਤੇ ਪੂਰੇ ਸਮਾਜ ਉੱਤੇ ਪਵੇਗਾ। ਕੰਮ ਦੇ ਘੰਟੇ ਵਧਣ ਨਾਲ ਜਿੱਥੇ ਮਜ਼ਦੂਰਾਂ ਦਾ ਸ਼ੋਸ਼ਣ ਵਧੇਗਾ, ਉੱਥੇ ਤਿੰਨ ਮਜ਼ਦੂਰਾਂ ਦਾ ਕੰਮ ਦੋ ਮਜ਼ਦੂਰਾਂ ਤੋਂ ਲਿਆ ਜਾਏਗਾ, ਜਿਸ ਨਾਲ ਪਹਿਲਾਂ ਹੀ ਵਧੀ ਹੋਈ ਬੇਰੁਜ਼ਗਾਰੀ ਹੋਰ ਵੀ ਵਧੇਗੀ। ਇਸਦੇ ਨਾਲ-ਨਾਲ ਕੰਮ ਕਰਨ ਵਾਲੇ ਕਿਰਤੀ ਦੀ ਤਾਕਤ ਵਿੱਚ ਵੀ ਕਮੀ ਆਵੇਗੀ।

ਕਿਰਤ ਕਾਨੂੰਨ ਵਿੱਚ ਇਹ ਬਦਲਾਅ ਮਜ਼ਦੂਰ ਜਮਾਤ ਲਈ ਮਾਰੂ ਸਿੱਧ ਹੋਵੇਗਾ, ਜਿਸ ਨਾਲ ਮਜ਼ਦੂਰਾਂ ਦੀ ਕੰਮ ਕਰਨ ਵਾਲੀਆਂ ਪ੍ਰਸਥਿਤੀਆਂ ਬਹੁਤ ਹੀ ਭੈੜੀਆਂ ਹੋ ਜਾਣਗੀਆਂ। ਮਾਲਿਕ ਮਜ਼ਦੂਰਾਂ ਦੀ ਤਨਖਾਹ ਆਪਣੇ ਢੰਗ ਨਾਲ ਨੀਅਤ ਕਰਨਗੇ। ਮੁਆਵਜ਼ੇ ਨਿਰਧਾਰਤ ਕਰਨ, ਛੁੱਟੀ ਦੇਣ ਜਾਂ ਫਿਰ ਓਵਰਟਾਈਮ ਕੰਮ ਲੈਣ ਦਾ ਹੱਕ ਸਿਰਫ਼ ਮਾਲਕ ਦੇ ਕੋਲ ਹੀ ਰਹਿ ਜਾਏਗਾ। ਪਹਿਲਾਂ ਹੀ ਅਣਸੰਗਠਿਤ ਖੇਤਰ ਵਿੱਚ ਘੱਟ ਤਨਖਾਹ ਉੱਤੇ ਵੱਡੀ ਗਿਣਤੀ ਮਰਦ ਮਜ਼ਦੂਰ ਅਤੇ ਔਰਤਾਂ ਜੀਅ ਤੋੜਕੇ ਕੰਮ ਕਰ ਰਹੇ ਹਨ। ਇਸ ਖੇਤਰ ਵਿੱਚ ਸਰਕਾਰੀ ਕਾਨੂੰਨਾਂ ਦੀ ਕੋਈ ਮੌਜੂਦਗੀ ਨਹੀਂ ਦਿਸਦੀ। ਜਦ ਫੈਕਟਰੀਆਂ ਦੇ ਮਾਲਕ ਮਨਮਾਨੀਆਂ ਕਰਨਗੇ, ਤਾਂ ਕਿਰਤੀ ਇਹਨਾਂ ਵਿੱਚੋਂ ਕੰਮ ਛੱਡਕੇ ਅਸੰਗਠਿਤ ਖੇਤਰ ਵਿੱਚ ਜਾਣ ਲਈ ਮਜਬੂਰ ਹੋ ਜਾਣਗੇ। ਇਹ ਸਥਿਤੀ ਕਿਰਤੀਆਂ ਵਿੱਚ ਅਨਿਸ਼ਚਿਤਤਾ ਦਾ ਵਾਤਾਵਰਨ ਸਿਰਜੇਗੀ ਅਤੇ ਪਹਿਲਾਂ ਹੀ ਅਣਸੰਗਠਿਤ ਖੇਤਰ ਦੇ ਕਾਮਿਆਂ ਦੀ ਅਸੁਰੱਖਿਅਤਾ ਵਿੱਚ ਵਾਧਾ ਕਰੇਗੀ।

ਅੱਜ ਜਦੋਂ ਅਰਥ ਵਿਵਸਥਾ ਸੁਸਤ ਹੈ, ਸਮਾਜਿਕ ਤਾਣੇ ਬਾਣੇ ਵਿੱਚ ਤਣਾਅ ਹੈ, ਸਿਹਤ ਪ੍ਰਣਾਲੀ ਵਿੱਚ ਜ਼ਰੂਰਤੋਂ ਵੱਧ ਦਬਾਅ ਹੈ, ਉਸ ਹਾਲਤ ਵਿੱਚ ਮਜ਼ਦੂਰਾਂ ਦੇ ਜੀਵਨ, ਜੀਵਿਕਾ ਅਤੇ ਆਜ਼ਾਦੀ ਦੇ ਸਤਰ ਦਾ ਧਿਆਨ ਰੱਖਣਾ ਸਰਕਾਰ ਦਾ ਫਰਜ਼ ਹੈ। ਪਰ ਸਰਕਾਰ ਇਸ ਤੋਂ ਮੁੱਖ ਮੋੜ ਰਹੀ ਹੈ।

**ਗੁਰਮੀਤ ਸਿੰਘ ਪਲਾਹੀ**

## ਬਾਦਸ਼ਾਹ ਔਰੰਗਜ਼ੇਬ ਦੇ ਆਖ਼ਰੀ..

ਫਰਵਰੀ 1707 ਦਾ ਮਹੀਨਾ ਘੋਰ ਸੰਕਟ ਦਾ ਮਹੀਨਾ ਸੀ। ਇਸ ਦੇ ਸ਼ੁਰੂ ਵਿੱਚ ਔਰੰਗਜ਼ੇਬ ਉਤੇ ਬਿਮਾਰੀ ਨੇ ਦੂਜੀ ਵਾਰ ਹਮਲਾ ਕੀਤਾ। ਬਿਮਾਰੀ ਦੇ ਦਿਨਾਂ ਵਿੱਚ ਉਹ ਕਲਮਾ, ਨਮਾਜ਼ ਤੇ ਤਸਬੀਹ ਤੋਂ ਬਿਨਾਂ ਇਹ ਸ਼ੇਅਰ ਅਕਸਰ ਗੁਣ-ਗੁਣਾਇਆ ਕਰਦਾ ਸੀ:

**ਬਯਕ ਲਹਿਜ਼, ਬਯਕ ਸਾਇਤ, ਬਯਕ ਦਮ।**
**ਦਿਗਰਗੂੰ ਮੀਸ਼ਵਦ ਅਹਿਵਾਲਿ ਆਲਮ।**

(ਇਕ ਅੱਖ-ਝਮੱਕੇ, ਇਕ ਘੜੀ, ਇਕ ਸੁਆਸ ਵਿੱਚ ਹੀ ਸੰਸਾਰ ਦੇ ਹਾਲਾਤ ਵਿੱਚ ਤਬਦੀਲੀ ਆ ਜਾਂਦੀ ਹੈ)।

ਇਕ ਫਰਵਰੀ ਦਾ ਦਿਨ ਚੜਿਆ। ਔਰੰਗਜ਼ੇਬ ਆਪਣੀ ਆਦਤ ਅਨੁਸਾਰ ਤੜਕੇ ਹੀ ਬਿਸਤਰ ਵਿੱਚੋਂ ਉਠ ਗਿਆ। ਬਾਹਰ ਜਾ ਕੇ ਉਸ ਨੇ ਸਵੇਰ ਦੀ ਨਮਾਜ਼ ਅਤੇ ਕਲਮਾ ਪੜਿਆ ਤੇ ਫੇਰ ਸੌਣ ਵਾਲੇ ਕਮਰੇ ਵਿੱਚ ਆ ਕੇ ਤਸਬੀਹ ਫੇਰਨ ਲੱਗ ਪਿਆ। ਉਹ ਅੱਲਾ ਦੀ ਬੰਦਗੀ ਵਿੱਚ ਮਗਨ ਹੋ ਗਿਆ। ਪਰ ਛੇਤੀ ਹੀ ਬੇਹੋਸ਼ ਹੋ ਗਿਆ ਤੇ ਇਕ ਪਾਸੇ ਨੂੰ ਲੁੜਕ ਗਿਆ। ਕਹਿੰਦੇ ਹਨ, ਬੇਹੋਸ਼ੀ ਦੀ ਹਾਲਤ ਵਿੱਚ ਵੀ ਉਸ ਦੀਆਂ ਉਂਗਲਾਂ ਤਸਬੀਹ ਦੇ ਮਣਕਿਆਂ ਉਤੇ ਚਲਦੀਆਂ ਰਹੀਆਂ। ਹਕੀਮਾਂ ਨੇ ਬੜੇ ਓੜ-ਪੋੜ ਕੀਤੇ ਪਰ ਬਾਦਸ਼ਾਹ ਦਾ ਆਖਰੀ ਵਕਤ ਆ ਗਿਆ ਸੀ। ਇਕ ਪਹਿਰ ਦਿਨ ਚੜੇ ਉਸ ਦੀ ਮੌਤ ਹੋ ਗਈ। ਔਰੰਗਜ਼ੇਬ ਕਿਹਾ ਕਰਦਾ ਸੀ ਕਿ ਇਸ ਸੰਸਾਰ ਤੋਂ ਕੂਚ ਕਰਨ ਲਈ ਜੁਮੇ (ਸ਼ੁੱਕਰਵਾਰ) ਦਾ ਦਿਨ ਬਹੁਤ ਸ਼ੁੱਭ ਹੁੰਦਾ ਹੈ। ਖੁਦਾ ਨੇ ਉਸ ਦੀ ਇੱਛਾ ਪੂਰੀ ਕਰ ਦਿੱਤੀ। 21 ਫਰਵਰੀ 1707 ਈ. ਨੂੰ ਸ਼ੁੱਕਰਵਾਰ ਹੀ ਸੀ।

ਸ਼ਹਿਜ਼ਾਦਾ ਮੁਹੰਮਦ ਆਜ਼ਮ ਅਗਲੇ ਦਿਨ ਸ਼ਨਿਚਰਵਾਰ ਨੂੰ ਅਹਿਮਦਨਗਰ ਵਿੱਚ ਆਪਣੇ ਮ੍ਰਿਤ ਪਿਤਾ ਕੋਲ ਪਹੁੰਚਾ। ਮੌਤ ਤੋਂ ਤਿੰਨ ਦਿਨ ਬਾਅਦ ਸੋਮਵਾਰ ਨੂੰ ਜਨਾਜ਼ਾ ਨਿਕਲਿਆ। ਔਰੰਗਜ਼ੇਬ ਨੇ ਕੁਝ ਸਮਾਂ ਪਹਿਲਾਂ ਖੁਲਦਾਬਾਦ ਵਿੱਚ ਫਕੀਰ ਸ਼ੇਖ ਜੈਨੁੱਦੀਨ ਦੇ ਮਕਬਰੇ ਦੇ ਵਿਹੜੇ ਵਿੱਚ ਆਪਣੀ ਕਬਰ ਆਪ ਹੀ ਬਣਵਾ ਲਈ ਸੀ। ਔਰੰਗਜ਼ੇਬ ਤੋਂ ਅੱਠ ਕੋਹ ਦੂਰ ਦੌਲਤਾਬਾਦ ਦੇ ਨੇੜੇ ਖੁਲਦਾਬਾਦ ਵਿੱਚ ਬਣੀ ਇਸੇ ਕਬਰ ਵਿੱਚ ਔਰੰਗਜ਼ੇਬ ਨੂੰ ਦਫਨਾ ਦਿੱਤਾ ਗਿਆ। ਤਿੰਨ ਗਜ਼ ਲੰਮੇ ਤੇ ਢਾਈ ਗਜ਼ ਚੌੜੇ ਲਾਲ ਪੱਥਰ ਦੇ ਚਬੂਤਰੇ ਉਤੇ ਥੋੜੀ ਜਿਹੀ ਉੱਚੀ ਬਣੀ ਇਹ ਕਬਰ ਦਿਖਾਈ ਦਿੰਦੀ ਹੈ, ਜਿਸ ਉਤੇ ਮਗਰੋਂ ਨਿਆਜ਼ਬੋ ਦੇ ਕੁਝ ਬੂਟੇ ਬੀਜ ਦਿੱਤੇ ਗਏ।

ਔਰੰਗਜ਼ੇਬ ਬਾਰੇ ਪ੍ਰਮਾਣਿਕ ਇਤਿਹਾਸਕਾਰ ਸਰ ਜਾਦੂ ਨਾਥ ਸਰਕਾਰ ਔਰੰਗਜ਼ੇਬ ਦੇ ਚਰਿੱਤਰ ਦਾ ਸੰਖੇਪ ਮੁਲਾਂਕਣ ਇਸ ਤਰਾਂ ਕਰਦੇ ਹਨ:

ਔਰੰਗਜ਼ੇਬ ਦੇ ਜੀਵਨ ਦੇ ਆਖਰੀ ਸਾਲ ਬੇਹੱਦ ਦੁਖ ਭਰੇ ਸਨ। ਉਸ ਦਾ ਅੱਧੀ ਸਦੀ ਲੰਮਾ ਰਾਜ-ਕਾਲ ਬਿਲਕੁਲ ਅਸਫਲ ਰਿਹਾ।ਉਸ ਦਾ ਪਰਿਵਾਰਕ ਜੀਵਨ ਵੀ ਪਿਆਰਹੀਣ ਤੇ ਉਦਾਸੀ ਭਰਿਆ ਸੀ। ਉਹ ਉਸ ਸ਼ਾਂਤੀ ਅਤੇ ਆਸ਼ਾਵਾਦ ਤੋਂ ਵੰਚਿਤ ਰਿਹਾ, ਜੋ ਬਿਰਧ ਅਵਸਥਾ ਨੂੰ ਸੁੱਖਮਈ ਤੇ ਗੌਰਵਮਈ ਬਣਾ ਦਿੰਦਾ ਹੈ। ਜੀਵਨ ਦੇ ਆਖਰੀ ਸਾਲਾਂ ਵਿੱਚ ਉਸ ਦੇ ਦਿਲ-ਦਿਮਾਗ ਉਤੇ ਇਕੱਲੇਪਣ ਦਾ ਅਹਿਸਾਸ ਛਾਇਆ ਰਿਹਾ। ਉਸ ਨੂੰ ਹਮੇਸ਼ਾ ਇਹ ਡਰ ਲੱਗਾ ਰਹਿੰਦਾ ਕਿ ਜੇ ਮੇਰੇ ਪੁੱਤਰਾਂ ਨੇ ਵੀ ਮੇਰੀ ਕਮਜ਼ੋਰ ਬਿਰਧ ਅਵਸਥਾ ਵਿੱਚ ਮੇਰੇ ਨਾਲ ਉਹੀ ਸਲੂਕ ਕੀਤਾ ਜੋ ਮੈਂ ਆਪਣੇ ਬਾਪ ਸ਼ਾਹਜਹਾਨ ਨਾਲ ਕੀਤਾ ਸੀ, ਤਾਂ ਕੀ ਹੋਵੇਗਾ ?ਔਰੰਗਜ਼ੇਬ ਵਿੱਚ ਹਮਦਰਦੀ, ਕਲਪਨਾ, ਵਿਆਪਕ ਦ੍ਰਿਸ਼ਟੀ, ਸੁਹਿਰਦਤਾ ਅਤੇ ਉਦਾਰਤਾ ਦਾ ਅਭਾਵ ਸੀ। ਉਸ ਦੇ ਚਰਿੱਤਰ ਦੀਆਂ ਇਨਾਂ ਕਮੀਆਂ ਨੇ ਮੁਗਲ ਸਾਮਰਾਜ ਨੂੰ ਇੰਨਾ ਖੋਖਲਾ ਕਰ ਦਿੱਤਾ ਸੀ ਕਿ ਉਸ ਦੀ ਮੌਤ ਤੋਂ ਬਾਅਦ ਉਹ ਹਵਾ ਦੇ ਇਕ ਬੁੱਲੇ ਨਾਲ ਹੀ ਧੜੰਮ ਕਰਕੇ ਡਿੱਗ ਪਿਆ। ਜੋ ਕੁਝ ਅਯੋਗ, ਬੇਲੋੜਾ ਅਤੇ ਪ੍ਰਕਿਰਤੀ ਦੇ ਵਿਰੁੱਧ ਹੁੰਦਾ ਹੈ, ਕਾਲ ਉਸ ਨੂੰ ਬੜੀ ਬੇਰਹਿਮੀ ਨਾਲ ਮਿਟਾ ਕੇ ਉੜਾ ਦਿੰਦਾ ਹੈ।

## ਕਰੋਨਾ ਦੌਰ ਵਿਚ ਬੇਬੱਸ ਤੇ...

ਇਹ ਉਵੇਂ ਦਾ ਪੈਕੇਜ ਹੀ ਦੱਸਿਆ ਜਾ ਰਿਹਾ ਹੈ ਜਿਵੇਂ ਮੋਦੀ ਜੀ ਨੇ 2014 ਦੀਆਂ ਲੋਕ ਸਭਾ ਚੋਣਾਂ ਵੇਲੇ 15-15 ਲੱਖ ਰੁਪਏ ਹਰ ਭਾਰਤੀ ਦੇ ਖਾਤੇ ਵਿੱਚ ਪਾਉਣ ਦੀ ਘੋਸ਼ਣਾ ਕੀਤੀ ਸੀ। ਬਹੁਤ ਸਾਰੇ ਮੁਲਕਾਂ ਨੇ ਰੀਲੀਫ/ ਪੈਕੇਜ ਜਾਰੀ ਕੀਤੇ ਹਨ, ਪੈਸੇ ਲੋਕਾਂ ਦੇ ਕੋਲ ਪਹੁੰਚ ਗਏ ਹਨ। ਇੱਥੇ ਭਾਰਤ ਵਿੱਚ ਤਾਂ ਅਸੀਂ ਆਪਣੇ ਕਾਮਿਆਂ (ਪ੍ਰਵਾਸੀ ਮਜਦੂਰਾਂ) ਨੂੰ ਆਪਣੇ ਘਰਾਂ ਤਕ ਵੀ ਪਹੁੰਚਾ ਨਹੀਂ ਸਕੇ, ਹੋਰ ਪੈਸੇ ਤਾਂ ਕੀ ਦੇਣੇ। ਲੋਕ ਰਾਜ ਵਿੱਚ ਲੋਕਾਂ ਦੀ, ਲੋਕਾਂ ਦੁਆਰਾ ਲੋਕਾਂ ਲਈ ਚੁਣੀ ਹੋਈ ਸਰਕਾਰ ਹੁੰਦੀ ਹੈ। ਭਾਰਤ ਵਿੱਚ ਲੋਕ ਰਾਜ ਦੀ ਇਹ ਪ੍ਰੀਭਾਸ਼ਾ ਸ਼ਤ ਪ੍ਰਤੀਸ਼ਤ ਗਲਤ ਸਾਬਤ ਹੋਈ ਜਾਪਦੀ ਹੈ। ਭਾਰਤ ਦੀ ਸਰਕਾਰ ਨੇ ਲੋਕਾਂ ਲਈ ਕੰਮ ਨਾ ਕਰਕੇ ਇਹ ਸਾਬਤ ਕਰ ਦਿੱਤਾ ਹੈ ਕਿ ਉਹ ਨਾ ਤਾਂ ਲੋਕਾਂ ਦੀ ਸਰਕਾਰ ਹੈ ਅਤੇ ਨਾ ਹੀ ਲੋਕਾਂ ਦੁਆਰਾ ਚੁਣੀ ਹੋਈ ਜਾਪਦੀ ਹੈ। ਇਹ ਸੱਚ ਹੈ, ਸਮਾਂ ਆ ਗਿਆ ਹੈ ਕਿ ਕਿਰਤੀ, ਕਾਮੇ ਅਤੇ ਕਿਸਾਨ ਕਰੋਨਾ ਨੂੰ ਇੱਕ ਸਬਕ ਵਜੋਂ ਲੈਣ। ਧਰਮ, ਅਡੰਬਰਵਾਦ ਤੋਂ ਉੱਪਰ ਉੱਠਣ, ਨਸਲਵਾਦ, ਜਾਤੀਵਾਦ ਅਤੇ ਧਾਰਮਿਕ ਕੱਟੜਤਾ ਦੇ ਫੋਕੇ ਨਾਅਰਿਆਂ ਨੂੰ ਸਮਝਣ ਦੀ ਕੋਸ਼ਿਸ਼ ਕਰਨ ਅਤੇ ਆਪਣੇ ਦੇਸ਼ ਦੀ ਵਾਗਡੋਰ ਆਉਣ ਵਾਲੇ ਸਮੇਂ ਵਿੱਚ ਆਪਣੇ ਹੱਥਾਂ ਵਿੱਚ ਲੈਣ। ਦੇਸ਼ ਦਾ ਸਰਮਾਇਆ ਮੁੱਠੀ ਭਰ ਲੋਕਾਂ ਅਤੇ ਲਾਲਚੀ ਸਿਆਸਤਦਾਨਾਂ ਦੇ ਮਜ਼ੇ ਕਰਨ ਲਈ ਨਹੀਂ ਹੈ, ਦੇਸ਼ਵਾਸੀਆਂ ਲਈ ਹੈ। ਜੇਕਰ ਦੇਸ਼ ਦੀ ਸਰਕਾਰ ਦੇਸ਼ ਦੇ ਹਰ ਨਾਗਰਿਕ ਨੂੰ ਸਨਮਾਨ ਭਰੀ ਜ਼ਿੰਦਗੀ ਨਹੀਂ ਦੇ ਸਕਦੀ ਤਾਂ ਅਜਿਹੇ ਨਿਜ਼ਾਮ ਦੀ ਲੋਕਾਂ ਨੂੰ ਕੋਈ ਲੋੜ ਨਹੀਂ ਹੈ। ਹੁਣ ਦੇਸ਼ ਅੰਗਰੇਜਾਂ ਦਾ ਗੁਲਾਮ ਨਹੀਂ ਹੈ ਪਰ ਅਜ਼ਾਦੀ ਦਾ ਅਹਿਸਾਸ ਵੀ ਨਹੀਂ ਹੋ ਰਿਹਾ।

## ਪਿੰਡਾਂ ਨੂੰ ਸਮਰੱਥਾਵਾਨ ਬਨਾਉਣ...

ਸ਼ਹਿਰੀਕਰਨ ਸਮਾਜ, ਸੌਖਿਆਂ ਕਾਰਪੋਰੇਟ ਜਗਤ ਦਾ ਹੱਥ ਦਾ ਖਿਡੌਣਾ ਬਣਦਾ ਹੈ, ਜਿਥੇ ਲੋਕਾਂ ਨੂੰ ਉਸ ਵਲੋਂ ਅਣ ਦਿਸਦੇ ਢੰਗਾਂ ਨਾਲ ਜਲਦੀ ਲੁਟਿਆ ਜਾ ਸਕਦਾ। ਕਹਿਣ ਨੂੰ ਤਾਂ ਕਿਹਾ ਜਾਂਦਾ ਹੈ ਕਿ ਭਾਰਤ ਦੇਸ਼ ਮਹਾਨ ਦੀ ਰੂਹ ਪਿੰਡ ਹਨ। ਭਾਰਤ ਮਹਾਨ ਪਿੰਡਾਂ ਵਿੱਚ ਵਸਦਾ ਹੈ, ਪਰ ਜਿਸ ਕਿਸਮ ਦੀ ਗਰੀਬੀ, ਪਛੜਾਪਨ, ਜਾਤੀਵਾਦ, ਧਾਰਮਿਕ ਜਨੂੰਨ, ਜਾਤ ਪਾਤ ਦਾ ਫ਼ਰਕ, ਪਿਛਾਹ ਖਿੱਚੂ ਵਿਚਾਰ, ਧੱਕੇ-ਸ਼ਾਹੀਆਂ ਪਿੰਡਾਂ 'ਚ ਹਨ, ਉਹ ਦੇਸ਼ ਦੇ ਪੱਛੜੇਪਨ ਦੀ ਮੂੰਹ ਬੋਲਦੀ ਤਸਵੀਰ ਹਨ। ਇਸ ਭਿਅੰਕਰ ਤਸਵੀਰ ਵਿੱਚ ਇੱਕ ਕਾਲਾ ਧੱਬਾ ਪਿੰਡ ਦਾ ਅੱਧਾ-ਅਧੂਰਾ ਕਥਿਤ ਵਿਕਾਸ ਹੈ, ਜੋ ਦੇਸ਼ ਨੂੰ ਦੁਨੀਆ ਦੇ ਪੱਛੜੇ ਦੇਸ਼ਾਂ ਦੀ ਸੂਚੀ ਵਿਚ ਸ਼ੁਮਾਰ ਕਰ ਦਿੰਦਾ ਹੈ। ਅਸਲ ਅਰਥਾਂ ਵਿਚ ਪਿੰਡ ਉਜਾੜਿਆ ਜਾ ਰਿਹਾ ਹੈ। ਪਿੰਡ ਲੁੱਟਿਆ ਜਾ ਰਿਹਾ ਹੈ। ਖੇਤੀ ਵਿਚ ਕਿਸਾਨਾਂ ਦੀ ਲੁੱਟ ਹੈ। ਉਸਦੀ ਉਪਜ ਦੀ ਲੁੱਟ ਹੈ। ਮਜ਼ਦੂਰਾਂ ਦੀ ਕਿਰਤ ਦੀ ਲੁੱਟ ਹੈ। ਇਸ ਲੁੱਟ-ਖਸੁੱਟ ਵਿੱਚ ਸ਼ਹਿਰ ਚਮਕਦਾ ਹੈ, ਦਮਕਦਾ ਹੈ ਤੇ ਸਮਰੱਥਾਵਾਨ ਬਣਦਾ ਹੈ। ਪਰ ਅੱਜ ਲੋੜ ਪਿੰਡ ਨੂੰ ਸਮਰੱਥਾਵਾਨ ਬਨਾਉਣ ਦੀ ਹੈ। ਭਾਵੇਂ ਪਿੰਡ ਦੇ ਕਾਫੀ ਸਾਧਨ ਹਥਿਆ ਲਏ ਗਏ ਹਨ, ਪਰ ਹਾਲੀ ਵੀ ਬਹੁਤ ਕੁਝ ਪਿੰਡ ਦੀ ਕੁੱਖ ਵਿੱਚ ਹੈ। ਇਸ ਲਈ ਸਭ ਤੋਂ ਵੱਧ ਜ਼ਰੂਰੀ ਕੁਦਰਤੀ ਖੇਤੀ, ਪਸ਼ੂ ਪਾਲਣ, ਸਵੈ-ਰੁਜ਼ਗਾਰ, ਛੋਟੇ ਉਦਯੋਗਾਂ ਅਤੇ ਸੇਵਾ ਖੇਤਰ ਨੂੰ ਉਤਸ਼ਾਹਤ ਕਰਨਾ ਹੈ। ਪੇਂਡੂ ਅਰਥਚਾਰੇ ਨੂੰ ਹੱਥ ਸ਼ਿਲਪ ਕਾਰੀਗਰੀ ਨਾਲ ਜੁੜੇ ਛੋਟੇ ਕੰਮਾਂ ਕਾਰਾਂ ਨੂੰ ਮੁੜ ਸੁਰਜੀਤ ਕਰਨ ਦੀ ਲੋੜ ਹੈ। ਖੇਤੀ ਅਧਾਰਤ ਉਦਯੋਗਾਂ ਨੂੰ ਪਿੰਡਾਂ ਵਿਚ ਲਾਉਣਾ ਪਵੇਗਾ ਤਾਂ ਕਿ ਪਿੰਡਾਂ ਵਿਚ ਰੁਜ਼ਗਾਰ ਸਿਰਜਨ ਹੋ ਸਕੇ। ਪਿੰਡਾਂ ਵਿਚ ਰੁਜ਼ਗਾਰ ਸਿਰਜਿਆ ਜਾਏਗਾ ਤਾਂ ਪਿੰਡਾਂ ਤੋਂ ਪਲਾਇਣ ਰੁਕੇਗਾ।

## ਗੁਰੂ ਨਾਨਕ ਦੇ ਮੁਸਲਮਾਨ...

**ਭਾਈ ਮਰਦਾਨਾ:** ਭਾਈ ਮਰਦਾਨਾ (1459-1534) ਗੁਰੂ ਨਾਨਕ ਸਾਹਿਬ ਦਾ ਲੰਮੀ ਦੇਰ ਤਕ ਮੁਸਲਮਾਨ ਸਾਥੀ ਰਿਹਾ ਜੋ ਦੇਸ਼-ਵਿਦੇਸ਼ਾਂ ਦੀਆਂ ਉਦਾਸੀਆਂ ਵਿੱਚ ਹਮਸਫ਼ਰ ਰਿਹਾ। ਇਸ ਦਾ ਜਨਮ ਤਲਵੰਡੀ ਵਿੱਚ ਲਖੋ ਦੇ ਘਰ ਹੋਇਆ। ਇਸ ਨੇ ਗੁਰੂ ਨਾਨਕ ਦਾ ਸਿੱਖ ਬਣ ਕੇ 'ਭਾਈ' ਪਦ ਪ੍ਰਾਪਤ ਕੀਤਾ। ਇਹ ਰਬਾਬ ਵਜਾ ਕੇ ਗੁਰੂ ਸਾਹਿਬ ਨਾਲ ਕੀਰਤਨ ਕਰਦਾ ਸੀ। ਜਨਮਸਾਖੀਆਂ ਵਿੱਚ ਇਸ ਬਾਰੇ ਵਿਸਥਾਰਪੂਰਵਕ ਜਾਣਕਾਰੀ ਆਈ ਹੈ। ਗੁਰੂ ਸਾਹਿਬ ਨੇ ਇਸ ਨੂੰ ਇੱਕ ਰਬਾਬ ਖਰੀਦ ਕੇ ਦਿੱਤੀ ਜਿਸ 'ਤੇ ਇਹ ਭਗਤ ਕਬੀਰ, ਤਰਲੋਚਨ, ਰਵਿਦਾਸ, ਧੰਨਾ ਤੇ ਬੇਨੀ ਦੇ ਸ਼ਬਦ ਗਾਉਂਦਾ ਸੀ।

ਇਹ ਗੁਰੂ ਸਾਹਿਬ ਦਾ ਬਚਪਨ ਦਾ ਸਾਥੀ ਸੀ ਅਤੇ ਗੁਰੂ ਜੀ ਤੋਂ ਦਸ ਸਾਲ ਵੱਡਾ ਸੀ। ਉਹ ਗੁਰੂ ਨਾਨਕ ਸਾਹਿਬ ਦੀ 'ਧੁਰ ਕੀ ਬਾਣੀ' ਨੂੰ ਰਬਾਬ ਨਾਲ ਉਚਾਰਦਾ ਸੀ। 'ਵਾਰਾਂ ਭਾਈ ਗੁਰਦਾਸ' ਵਿੱਚ ਜ਼ਿਕਰ ਆਉਂਦਾ ਹੈ:

**"ਬਾਬਾ ਗਿਆ ਬਗਦਾਦ ਨੂੰ ਬਾਹਰ ਜਾਏ ਕੀਆ ਅਸਥਾਨਾ**
**ਇਕ ਬਾਬਾ ਅਕਾਲ ਰੂਪ ਦੂਜਾ ਰਬਾਬੀ ਮਰਦਾਨਾ।"**
**(ਵਾਰ 1, ਪਾਉੜੀ 35)**

ਮਰਦਾਨਾ 1534 ਵਿੱਚ ਕਰਤਾਰਪੁਰ ਵਿਖੇ ਬੀਮਾਰ ਹੋ ਗਿਆ। ਉਸ ਦੀ ਇੱਛਾ ਮੁਤਾਬਕ ਉਸ ਦੀ ਮ੍ਰਿਤਕ ਦੇਹ ਨੂੰ ਰਾਵੀ ਦਰਿਆ ਵਿੱਚ ਸੁੱਟਿਆ ਗਿਆ। ਮਰਦਾਨਾ ਕਵੀ ਵੀ ਸੀ, ਜਿਸ ਦਾ ਇੱਕ ਸਲੋਕ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਹੈ। ਤਵਾਰੀਖ਼ ਇਸ ਗੱਲ ਦੀ ਗਵਾਹੀ ਦੇਂਦੀ ਹੈ ਕਿ ਭਾਈ ਮਰਦਾਨਾ ਗੁਰੂ ਨਾਨਕ ਦੇਵ ਜੀ ਦਾ ਪਿਆਰਾ ਸਾਥੀ ਸੀ।

**ਫ਼ਕੀਰ ਮੁਰਾਦ:** ਜਦੋਂ ਗੁਰੂ ਨਾਨਕ ਸਾਹਿਬ ਬਗ਼ਦਾਦ ਗਏ ਤਾਂ ਉਨਾਂ ਨੇ ਕਬਰਸਤਾਨ ਕੋਲ ਜਾ ਕੇ ਅਸਥਾਨਾ ਕੀਤਾ, ਜਿਸ ਦੀ ਗਵਾਹੀ ਭਾਈ ਗੁਰਦਾਸ ਜੀ ਦੀਆਂ ਵਾਰਾਂ ਵਿੱਚ ਅੰਕਿਤ ਹੈ। ਗੁਰੂ ਨਾਨਕ ਦਾ ਬਗ਼ਦਾਦ ਜਾਣਾ ਇੱਕ ਤਾਰੀਖ਼ੀ ਹਕੀਕਤ ਹੈ। ਬਗ਼ਦਾਦ ਇਰਾਕ (ਅਰਬ) ਵਿੱਚ ਨੌਸ਼ੇਰਾਂ ਦਾ ਵਸਾਇਆ ਹੋਇਆ ਨਗਰ ਹੈ ਜਿੱਥੇ ਦਰਿਆ ਦਜ਼ਲਾ ਤੇ ਫਿਰਾਤ ਦਾ ਸੰਗਮ ਹੁੰਦਾ ਹੈ। ਇੱਥੇ ਗੁਰੂ ਸਾਹਿਬ ਮੱਕੇ-ਮਦੀਨੇ ਦੀ ਯਾਤਰਾ ਸਮੇਂ ਪਹੁੰਚੇ ਸਨ। ਬਗ਼ਦਾਦ ਵਿੱਚ ਪੀਰ ਦਸਤਗੀਰ ਅਤੇ ਬਿਲੋਲ ਜਿਹੇ ਵਲੀਆਂ ਦੇ ਜਾਨਸ਼ੀਨ ਗੁਰੂ ਜੀ ਦੇ ਬੜੇ ਸ਼ਰਧਾਲੂ ਹੋ ਗਏ ਸਨ। ਗੁਰੂ ਜੀ ਦੀ ਯਾਦ ਵਿੱਚ ਇੱਕ ਖੁਤਬਾ ਜੋ ਫਾਰਸੀ ਅਤੇ ਤੁਰਕੀ ਜ਼ੁਬਾਨ ਵਿੱਚ ਲਿਖਿਆ ਹੈ, ਬਗ਼ਦਾਦ ਰੇਲਵੇ ਸਟੇਸ਼ਨ ਤੋਂ ਡੇਢ ਮੀਲ ਦੇ ਫਾਸਲੇ ਉੱਤੇ ਹੈ। ਬਗ਼ਦਾਦ ਇਰਾਨੀ ਸ਼ਬਦ ਹੈ ਜਿਸ ਦੇ ਅਰਥ 'ਰੱਬ ਦਾ ਦਿੱਤਾ ਤੋਹਫ਼ਾ' ਹਨ। ਬਗ਼ਦਾਦ ਵਿੱਚ ਗੁਰੂ ਸਾਹਿਬ ਨੇ ਸ਼ੇਖ਼ ਅਬਦੁਲ ਕਾਦਰ ਜਿਲਾਨੀ (1077-1168) ਦੇ ਮਜ਼ਾਰ ਦੇ ਮੁਖਦਮ ਨਾਲ ਵਿਚਾਰਾਂ ਕੀਤੀਆਂ। ਸ਼ੇਖ਼ ਅਬਦੁਲ ਕਾਦਰ ਜਿਲਾਨੀ ਵਾਂਗ ਇਨਾਂ ਨੂੰ ਵੀ ਪੀਰ ਦਸਤਗੀਰ ਆਖਿਆ ਜਾਂਦਾ ਸੀ। ਜਿੱਥੇ ਗੁਰੂ ਸਾਹਿਬ ਨੇ ਵਿਚਾਰ-ਵਟਾਂਦਰਾ ਕੀਤਾ, ਉੱਥੇ ਹੁਣ ਥੜਾ ਸਾਹਿਬ ਹੈ। ਪਹਿਲੀ ਵੱਡੀ ਜੰਗ ਵਿੱਚ ਕਈ ਸਿੱਖ ਫ਼ੌਜੀਆਂ ਨੇ ਇਸ ਥੜਾ ਸਾਹਿਬ ਦੇ ਦਰਸ਼ਨ ਕੀਤੇ ਸਨ। ਇਹ ਸ਼ਿਲਾਲੇਖ 1916 ਵਿੱਚ ਲੱਗੀ ਹੋਈ ਹੈ। ਇਸ ਸ਼ਿਲਾਲੇਖ ਦੀ ਬੋਲੀ ਅਰਬੀ, ਫ਼ਾਰਸੀ ਤੇ ਤੁਰਕੀ ਦੀ ਰਲੀ-ਮਿਲੀ ਹੈ।

ਇਸ ਯਾਦਗਾਰ ਦੇ ਕਰਤਾ-ਧਰਤਾ ਦਾ ਨਾਂ ਮਜੀਦ ਯੂਸਫ਼ ਹੈ। ਮੁਰਾਦ ਨੇ ਹਜ਼ਰਤ ਅਬੇ ਮਜ਼ੀਦ ਬਾਬਾ ਨਾਨਕ ਫ਼ਕੀਰ ਔਲੀਆ ਦੀ ਇਮਾਰਤ ਖਸਤਾ ਹਾਲਤ ਵਿੱਚ ਵੇਖੀ ਤੇ ਆਪਣੇ ਹੱਥੀਂ ਮੁਰੰਮਤ ਕੀਤੀ ਤਾਂ ਕਿ ਇਤਿਹਾਸਕ ਯਾਦਗਾਰ ਕਾਇਮ ਰਹੇ। ਸਵਾਮੀ ਅਨੰਦ ਉਚਾਰਿਆ ਨੇ 1919 ਵਿੱਚ ਇਹ ਸ਼ਿਲਾਲੇਖ ਵੇਖਿਆ ਸੀ ਅਤੇ ਆਪਣੀ ਕਿਤਾਬ ਵਿੱਚ ਜ਼ਿਕਰ ਕਰ ਕੇ ਇੱਕ ਕਵਿਤਾ ਲਿਖੀ। ਇਸ ਸ਼ਿਲਾਲੇਖ ਦਾ ਜ਼ਿਕਰ ਪਾਕਿਸਤਾਨੀ ਲੇਖਕ ਜ਼ਫ਼ਰ ਪਿਆਮੀ ਨੇ ਵੀ ਆਪਣੀ ਇੱਕ ਲਿਖਤ ਵਿੱਚ ਕੀਤਾ ਹੈ। "ਮੁਕਾਮ ਬਾਬਾ ਔਲੀਆ ਅੱਲਾ ਦੀ ਬਰਕਤ ਨਾਲ ਇਸ ਜਗਾ ਦੀ ਮੁਰੰਮਤ ਕਰਾਈ। ਮਜੀਦ ਸ਼ਰੀਫ਼ ਹਸਨ ਅਲਾ ਰਜ਼ਵੀ ਪਾਕਿਸਤਾਨੀ ਨੇ ਸੰਨ 1941 ਵਿੱਚ।" ਇਹ ਤਾਰੀਖ਼ੀ ਮੁਕਾਮ 1966 ਵਿੱਚ ਫਿਰ ਖਸਤਾ ਹਾਲਤ 'ਚ ਕਈ ਸਿੱਖਾਂ ਨੇ ਦੇਖਿਆ। ਇਸ ਤੋਂ ਪਹਿਲਾਂ 1942 ਵਿੱਚ ਉਜਾਗਰ ਸਿੰਘ, ਤਾਰਾ ਸਿੰਘ ਤੇ ਅਬਦੁੱਲ ਮਜੀਦ ਆਦਿ ਨੇ ਇਸ ਨੂੰ ਦੁਬਾਰਾ ਤਾਮੀਰ ਕੀਤਾ। ਇਸ ਸਾਰੀ ਇਮਾਰਤ ਦਾ ਮਾਲਕ ਇੱਕ ਇਰਾਕੀ ਮੁਸਲਮਾਨ ਹੈ। ਗੁਰੂ ਨਾਨਕ ਨੂੰ ਮੰਨਣ ਵਾਲੇ ਅੱਜ ਵੀ ਅਲਕੋਟ ਅਤੇ ਬਗ਼ਦਾਦ ਵਿੱਚ ਦਰਿਆ ਦੇ ਕੰਢਿਆਂ 'ਤੇ ਵਸਦੇ ਹਨ ਜਿਨਾਂ ਨੂੰ ਸਾਫ਼ੀ ਆਖਿਆ ਜਾਂਦਾ ਹੈ। ਗੁਰੂ ਜੀ ਬਗ਼ਦਾਦ ਵਿੱਚ ਪੂਰੇ ਚਾਰ ਮਹੀਨੇ ਰਹੇ। ਇੱਥੇ ਦੇ ਆਲਮਾਂ ਫ਼ਾਜ਼ਲਾਂ ਨਾਲ ਗੁਰੂ ਸਾਹਿਬ ਦੇ ਕਾਫ਼ੀ ਵਿਚਾਰ-ਵਟਾਂਦਰੇ ਹੋਏ। ਜਦੋਂ ਆਲਮਾਂ ਨੇ ਪੁੱਛਿਆ, "ਤੁਸੀਂ ਮੁਹੰਮਦ ਦਾ ਨਾਂ ਇਲਮੇ ਅਬਜਦ ਨਾਲ ਕਿੰਜ ਲਿਖੋਗੇ" ਤਾਂ ਗੁਰੂ ਸਾਹਿਬ ਨੇ ਜਵਾਬ ਦਿੱਤਾ:

**"ਨਾਮ ਜੋ ਜਿਸ ਹਿੰਦਸੇ ਕਾ ਕਰਲੋ ਚੌ ਗੁਨਾ**
**ਦੋ ਔਰ ਮਿਲਾ ਲੋ ਫ਼ਿਰ ਕਰ ਲੋ ਪਾਂਚ ਗੁਨਾ**
**ਬੀਚ ਸੇ ਉੜਾ ਲੋ ਬਾਕੀ ਕਰ ਲੋ ਨੌਂ ਗੁਨਾ**
**ਇਸ ਮੇਂ ਦੋ ਔਰ ਮਿਲਾ ਲੋ**
**ਨਾਨਕ ਇਸ ਤਰਾਂ ਨਾਮ ਮੁਹੰਮਦ ਬਨਾ ਲੋ।"**

ਇਸ ਤੋਂ ਬਾਅਦ ਜਦੋਂ ਗੁਰੂ ਸਾਹਿਬ ਬਗ਼ਦਾਦ ਤੋਂ ਵਾਪਸ ਆਉਣ ਲੱਗੇ ਤਾਂ ਆਲਮਾਂ ਨੇ ਇੱਕ ਖ਼ੂਬਸੂਰਤ ਚੋਲਾ ਭੇਟ ਕੀਤਾ ਜਿਸ 'ਤੇ ਕੁਰਾਨ ਸ਼ਰੀਫ਼ ਦੀਆਂ ਆਇਤਾਂ ਲਿਖੀਆਂ ਹੋਈਆਂ ਸਨ ਜੋ ਅੱਜ-ਕੱਲ ਡੇਰਾ ਬਾਬਾ ਨਾਨਕ ਵਿਖੇ ਸੁਰੱਖਿਅਤ ਹੈ।

**ਮੱਕੇ ਦੇ ਮੁਸਲਮਾਨ:** ਗੁਰੂ ਨਾਨਕ ਸਾਹਿਬ ਮੱਕੇ ਗਏ ਤਾਂ ਉੱਥੇ ਮੁਸਲਮਾਨ ਆਲਮਾਂ-ਫਾਜ਼ਲਾਂ ਨਾਲ ਚਰਚਾ ਹੋਈ। ਖ਼ਿਆਲ ਹੈ ਕਿ ਕਾਬਾ ਖ਼ੁਦਾ ਦਾ ਘਰ ਹੈ। ਇਸ ਵੱਲ ਪੈਰ ਕਰ ਕੇ ਸੌਣਾ ਗੁਨਾਹ ਹੈ। ਮੱਗਰਬ ਵੱਲ ਮੁਸਲਮਾਨਾਂ ਦਾ ਕਾਬਲੇ ਅਹਿਤਰਾਮ 'ਮੱਕਾ ਤੇ ਕਾਬਾ' ਹਨ। ਇਸ ਪਾਸੇ ਦੀ ਅਦਬ ਤੇ ਇੱਜ਼ਤ ਕਰਨੀ ਵੱਡੀ ਗੱਲ ਹੈ। ਗੁਰੂ ਸਾਹਿਬ ਦਾ ਮਕਸਦ ਕਿਸੇ ਧਾਰਮਿਕ ਅਸੂਲ ਨੂੰ ਤੋੜਨਾ ਨਹੀਂ ਸੀ। ਉਹ ਕਿਸੇ ਦਾ ਦਿਲ ਦੁਖਾਉਣਾ ਨਹੀਂ ਚਾਹੁੰਦੇ ਸਨ। ਗੁਰੂ ਨਾਨਕ ਦਾ ਪੈਗਾਮ ਇਹ ਸੀ ਕਿ ਅੱਲਾ ਦਾ ਘਰ ਹਰ ਪਾਸੇ ਹੈ। ਗੁਰੂ ਸਾਹਿਬ ਨੇ ਬੜੇ ਅਦਬ ਨਾਲ ਮੱਕੇ ਦਾ ਹੱਜ ਕੀਤਾ।

ਗੁਰੂ ਜੀ ਨੇ ਹੱਜ ਕਰਨ ਸਮੇਂ ਹਾਜੀਆਂ ਵਾਲੇ ਕੱਪੜੇ ਪਾਏ ਹੋਏ ਸਨ। ਆਪਣੇ ਨਾਲ ਇੱਕ ਕਿਤਾਬ ਵੀ ਰੱਖੀ ਸੀ। ਇਹ ਕਿਤਾਬ ਗੁਰਬਾਣੀ ਸੀ ਜਾਂ ਕੁਰਾਨ ? ਇਸ ਬਾਰੇ ਖੋਜ ਕੀਤੀ ਜਾ ਸਕਦੀ ਹੈ। ਗੁਰੂ ਸਾਹਿਬ ਦੇ ਇਸ ਫਾਨੀ ਸੰਸਾਰ ਤੋਂ ਜਾਣ ਸਮੇਂ ਮੁਸਲਮਾਨ ਉਨਾਂ ਨੂੰ ਇਸਲਾਮੀ ਅਤੇ ਹਿੰਦੂ ਉਨਾਂ ਨੂੰ ਆਪਣੇ ਤਰੀਕੇ ਨਾਲ ਸੰਸਕਾਰ ਕਰਨਾ ਚਾਹੁੰਦੇ ਸਨ। ਇਸ ਤਰਾਂ ਮੁਸਲਮਾਨਾਂ ਨੇ ਚਾਦਰ ਦਾ ਇੱਕ ਟੁਕੜਾ ਲੈ ਕੇ ਦਫ਼ਨਾ ਦਿੱਤਾ ਅਤੇ ਹਿੰਦੂਆਂ ਨੇ ਦੂਜਾ ਚਾਦਰ ਦਾ ਟੁਕੜਾ ਲੈ ਕੇ ਸਾੜ ਦਿੱਤਾ। ਮੱਕੇ ਵਿੱਚ ਹਾਜੀਆਂ ਨਾਲ ਵਿਚਾਰਾਂ ਵੀ ਹੋਈਆਂ।

**ਫ਼ਕੀਰ ਕਮਾਲ:** ਗੁਰੂ ਨਾਨਕ ਸਾਹਿਬ ਆਪਣੀ ਇੱਕ ਉਦਾਸੀ ਸਮੇਂ ਕਸ਼ਮੀਰ ਆਏ ਤਾਂ ਉਨਾਂ ਨਾਲ ਫ਼ਕੀਰ ਕਮਾਲ ਨੇ ਮੁਲਾਕਾਤ ਕੀਤੀ, ਜੋ ਗੁਰੂ ਸਾਹਿਬ ਦੇ ਏਕਤਾ ਤੇ ਰੂਹਾਨੀ ਇਲਮ ਤੋਂ ਬੜਾ ਪ੍ਰਭਾਵਿਤ ਹੋਇਆ। ਜਨਮਸਾਖੀ ਵਿੱਚ ਇਸ ਦਾ ਨਾਂ ਗਲਤੀ ਨਾਲ ਕਨਾਲ ਲਿਖਿਆ ਗਿਆ ਹੈ।

ਉਹ ਕਸ਼ਮੀਰ ਵਿੱਚ ਗੁਰੂ ਜੀ ਦਾ ਸਿੱਖ ਬਣ ਕੇ ਬੀਜ ਬਿਹਾੜੇ ਦੇ ਪੰਡਤ ਬ੍ਰਹਮ ਦਾਸ ਨਾਲ ਸਿੱਖ ਧਰਮ ਦਾ ਪ੍ਰਚਾਰ ਕਰਦਾ ਰਿਹਾ।ਇਸ ਤਰਾਂ ਕਿਹਾ ਜਾ ਸਕਦਾ ਹੈ ਕਿ ਗੁਰੂ ਨਾਨਕ ਸਾਹਿਬ ਦਾ ਪੂਰੇ ਸੰਸਾਰ ਵਿੱਚ ਮੁਸਲਮਾਨ ਬੜਾ ਸਤਿਕਾਰ ਕਰਦੇ ਸਨ। ਉਨਾਂ ਦੇ ਰੱਬੀ ਦੀਦਾਰ ਦੀ ਅਜ਼ਮਤ ਸਾਹਵੇਂ ਨਤਮਸਤਕ ਹੁੰਦੇ ਸਨ।

## ਨਿੱਜੀ ਸਕੂਲਾਂ ਵਿੱਚ ਮਾਂ ਬੋਲੀ...

ਇਸਤੋਂ ਇਲਾਵਾ CBSE ਵੱਲੋਂ ਬੱਚਿਆਂ ਦੇ ਨਾਲ ਨਾਲ ਮਾਪਿਆਂ ਲਈ ਵੀ ਅੰਗਰੇਜ਼ੀ ਸਿੱਖਣ ਨਾਲ ਸੰਬੰਧਿਤ ਸੈਮੀਨਾਰ ਕਰਵਾਏ ਜਾ ਰਹੇ ਹਨ ਤਾਂ ਕਿ ਉਹ ਘਰ ਵਿਚ ਵੀ ਅੰਗਰੇਜ਼ੀ ਦੀ ਹੀ ਵਰਤੋਂ ਕਰਨ ਅਤੇ ਪੰਜਾਬੀ ਦੇ ਅਧਿਅਪਕਾਂ ਲਈ ਵੀ ਅੰਗਰੇਜ਼ੀ ਸਿੱਖਣ ਲਈ ਦਬਾਅ ਪਾਇਆ ਜਾਂਦਾ ਹੈ।

ਪੰਜਾਬੀ ਭਾਸ਼ਾ ਦੀ ਇਸ ਹਾਲਤ ਲਈ ਬੱਚਿਆਂ ਦੇ ਮਾਪੇ ਵੀ ਜਿੰਮੇਵਾਰ ਹਨ। ਪੈਸੇ ਦੀ ਦੌੜ ਪਿੱਛੇ ਹਰ ਕੋਈ ਆਪਣੇ ਬੱਚੇ ਨੂੰ ਇਕ ਕਾਮਯਾਬ ਇਨਸਾਨ ਬਣਾਉਣਾ ਚਾਹੁੰਦਾ ਹੈ। ਉਹਨਾਂ ਦਾ ਵਿਸ਼ਵਾਸ ਹੈ ਕਿ ਅੰਗਰੇਜ਼ੀ ਰਾਹੀਂ ਹੀ ਇਕ ਕਾਮਯਾਬ ਇਨਸਾਨ ਬਣਿਆ ਜਾ ਸਕਦਾ ਹੈ ਕਿਉਂਕਿ ਅੰਗਰੇਜ਼ੀ ਦੁਨੀਆ ਦੀ ਭਾਸ਼ਾ ਹੈ। ਇਸ ਲਈ ਉਹ ਆਪਣੇ ਬੱਚਿਆਂ ਨੂੰ ਇਹਨਾਂ ਸਕੂਲਾਂ ਵਿਚ ਦਾਖਲ ਕਰਵਾਉਂਦੇ ਹਨ ਅਤੇ ਅੰਗਰੇਜ਼ੀ ਸਿੱਖਣ ਲਈ ਜ਼ੋਰ ਪਾਉਂਦੇ ਹਨ। ਅੱਜ ਦੇ ਸਮੇਂ ਵਿਚ ਵਿਦੇਸ਼ ਜਾਣ ਦੀ ਦੌੜ ਨੇ ਵੀ ਅੰਗਰੇਜ਼ੀ ਪ੍ਰਤਿ ਪੰਜਾਬੀਆਂ ਦੀ ਸੋਚ ਨੂੰ ਵੀ ਪ੍ਰਭਾਵਿਤ ਕੀਤਾ ਹੈ। ਲੱਖਾਂ ਦੀ ਸੰਖਿਆ ਵਿਚ ਪੰਜਾਬ ਦਾ ਵਿਦਿਆਰਥੀ Ielts ਕਰਕੇ ਬਾਹਰਲੇ ਮੁਲਖਾਂ ਵਿਚ ਪੜਣ ਲਈ ਜਾ ਰਿਹਾ ਹੈ। ਦੇਖਾ ਦੇਖੀ ਹਰ ਕੋਈ ਆਪਣੇ ਬੱਚੇ ਨੂੰ ਬਾਹਰ ਭੇਜਣਾ ਚਾਹੁੰਦਾ ਹੈ ਜਿਸ ਕਾਰਨ ਉਹ ਪੰਜਾਬੀ ਤੋਂ ਮੂੰਹ ਮੋੜ ਰਹੇ ਹਨ। ਇਸਦਾ ਸਿੱਟਾ ਇਹ ਨਿਕਲ ਰਿਹਾ ਹੈ ਕਿ ਕਾਲਜਾਂ ਵਿੱਚ ਵਿਦਿਆਰਥੀਆਂ ਦੀ ਸੰਖਿਆ ਵਿਚ ਬਹੁਤ ਕਮੀ ਆਈ ਹੈ। ਇਥੋਂ ਤੱਕ ਕਿ ਮੈਡੀਕਲ ਕਾਲਜ ਤੇ ਇੰਜਨੀਅਰਿੰਗ ਕਾਲਜ ਵੀ ਵਿਦਿਆਰਥੀਆਂ ਨੂੰ ਤਰਸ ਰਹੇ ਹਨ। ਇਕੱਲੇ 2017 ਵਿਚ 12ਵੀਂ ਕਰਕੇ ਕੈਨੇਡਾ ਜਾਣ ਵਾਲੇ ਵਿਦਿਆਰਥੀਆਂ ਦੀ ਗਿਣਤੀ ਸਵਾ ਲੱਖ ਸੀ।

2018 ਵਿਚ 150000 ਵਿਦਿਆਰਥੀ ਵਿਦੇਸ਼ਾਂ ਵਿਚ ਪੜਣ ਲਈ ਗਏ

ਕਈ ਸਕੂਲਾਂ ਵਿਚ ਵੀ Ielts ਦੀ ਤਿਆਰੀ ਕਰਵਾਈ ਜਾਂਦੀ ਹੈ।

ਇਸ ਤਰਾਂ ਵਿਦੇਸ਼ਾਂ ਵਿਚ ਜਾਕੇ ਪੈਸਾ ਕਮਾਉਣ ਦਾ ਭੁਲੇਖਾ ਵੱਡੇ ਪੱਧਰ ਤੇ ਮਾਪਿਆਂ ਵਿਚ ਦੇਖਣ ਨੂੰ ਮਿਲਿਆ ਹੈ ਜਿਸਨੇ ਪੰਜਾਬੀ ਬੋਲੀ ਦਾ ਬਹੁਤ ਨੁਕਸਾਨ ਕੀਤਾ ਹੈ। ਇਸੀ ਕਰਕੇ ਸੁਰਜੀਤ ਪਾਤਰ ਆਖਦਾ ਹੈ

ਕਿ ਮਾਂ ਆਖੇ :
ਚਲ ਕੋਈ ਨਹੀਂ
ਜੇ ਮੇਰੇ ਬੋਲ ਵਿਸਾਰ ਕੇ ਵੀ
ਮੇਰੇ ਪੁੱਤ ਨੂੰ ਅਹੁਦਾ ਮਿਲ ਜਾਵੇ
ਤਾਂ ਵੀ ਇਹ ਸੌਦਾ ਮਹਿੰਗਾ ਨਹੀਂ ।

ਜੇ ਇਹੀ ਹਾਲ ਰਿਹਾ ਤਾਂ ਆਉਣ ਵਾਲੇ ਸਮੇਂ ਵਿਚ ਪੰਜਾਬ ਦੇ ਬੱਚੇ ਆਪਣੀ ਮਾਂ ਬੋਲੀ ਤੋਂ ਦੂਰ ਹੋ ਜਾਣਗੇ। ਮਾਂ ਬੋਲੀ ਤੋਂ ਦੂਰ ਹੋਕੇ ਉਹ ਆਪਣੇ ਸੱਭਿਆਚਾਰ ਅਤੇ ਵਿਰਸੇ ਤੋਂ ਵੀ ਦੂਰ ਹੋ ਜਾਣਗੇ। ਵਿਰਸੇ ਤੋਂ ਦੂਰ ਹੋਏ ਬੰਦਿਆਂ ਤੋਂ ਭਵਿੱਖ ਵਿਚ ਕੌਮ ਲਈ ਸੰਘਰਸ਼ ਦੀ ਉਮੀਦ ਨਹੀਂ ਲਗਾਈ ਜਾ ਸਕਦੀ। ਜਿੱਥੇ ਇਕ ਰਾਸ਼ਟਰ ਇਕ ਭਾਸ਼ਾ ਦਾ ਨਾਅਰਾ ਬੁਲੰਦ ਕੀਤਾ ਜਾ ਰਿਹਾ ਹੈ ਉੱਥੇ ਸਾਨੂੰ ਵੀ ਲੋੜ ਹੈ ਕਿ ਅਸੀਂ ਆਪਣੀ ਮਾਂ ਬੋਲੀ ਪ੍ਰਤਿ ਜਾਗਰੂਕ ਹੋਈਏ ਅਤੇ ਆਪਣੇ ਬੱਚਿਆਂ ਨਾਲ ਹੋ ਰਹੇ ਭਾਸ਼ਾਈ ਵਿਤਕਰੇ ਦਾ ਵਿਰੋਧ ਕਰੀਏ। ਨਹੀਂ ਤਾਂ ਆਉਣ ਵਾਲੇ ਸਮੇਂ ਵਿਚ ਸਾਡੇ ਬੱਚੇ ਦਿਖਣਗੇ ਤਾਂ ਪੰਜਾਬੀਆਂ ਵਾਂਗਰ ਪਰ ਪਰ ਉਹਨਾਂ ਦੀ ਆਤਮਾ ,ਉਹਨਾਂ ਦੇ ਵਿਚਾਰ ਬਦਲ ਚੁੱਕੇ ਹੋਣਗੇ। ਸੁਰਜੀਤ ਪਾਤਰ ਦੀਆਂ ਇਹਨਾਂ ਸਤਰਾਂ ਨੂੰ ਮੁੜ ਤੋਂ ਵਿਚਾਰਨ ਦੀ ਲੋੜ ਹੈ

ਕੀ ਬੰਦੇ ਦਾ ਜਿਉਂਦੇ ਰਹਿਣਾ
ਜ਼ਿਆਦਾ ਜ਼ਰੂਰੀ ਹੈ
ਕਿ ਭਾਸ਼ਾ ਦਾ ?
ਹਾਂ ਜਾਣਦਾ ਹਾਂ
ਤੁਸੀਂ ਕਹੋਗੇ
ਇਸ ਸ਼ਰਤ ਤੇ ਜੋ ਬੰਦਾ ਜਿਉਂਦਾ ਰਹੇਗਾ
ਉਹ ਜਿਉਂਦਾ ਤਾਂ ਰਹੇਗਾ
ਪਰ ਕੀ ਉਹ ਬੰਦਾ ਰਹੇਗਾ ?

## ਕੋਰੋਨਾ ਸੰਕਟ ਦੌਰਾਨ ਮੋਦੀ...

ਉਸ ਨੂੰ ਗਰੀਬਾਂ, ਮਜ਼ਦੂਰਾਂ, ਕਿਰਤੀਆਂ ਦਾ ਦਰਦ ਨਹੀਂ ਦਿਖਾਈ ਦੇ ਰਿਹਾ। ਜੇ ਇਹ ਦਰਦ ਹੁੰਦਾ ਤਾਂ ਉਹ ਸੜਕਾਂ 'ਤੇ ਨਾ ਰੁਲਦੇ।

ਮੋਦੀ ਸਰਕਾਰ ਦੀ ਗੈਰ ਸਿਧਾਂਤਕ ਨੀਤੀ ਦੀ ਇਕ ਹੋਰ ਮਿਸਾਲ ਦਿੱਤੀ ਜਾ ਸਕਦੀ ਹੈ ਕਿ ਕੋਰੋਨਾ ਨਾਲ ਨਜਿੱਠਣ ਲਈ ਬਣਾਈ ਗਈ ਟਾਸਕ ਫੋਰਸ ਦੇ ਪ੍ਰਧਾਨ ਵਿਨੋਦ ਪਾਲ ਨੇ 25 ਅਪ੍ਰੈਲ ਨੂੰ ਇੱਕ ਪ੍ਰੈਸ ਕਾਨਫਰੰਸ ਵਿੱਚ ਦਾਅਵਾ ਕੀਤਾ ਸੀ ਕਿ 16 ਮਈ ਤੋਂ ਕੋਰੋਨਾ ਬਿਮਾਰੀ ਨਾਲ ਪੀੜਤ ਨਵੇਂ ਮਰੀਜ਼ ਭਾਰਤ ਨਹੀਂ ਆਉਣਗੇ ਅਤੇ 21 ਮਈ ਦੌਰਾਨ ਸਰਕਾਰ ਨੂੰ ਦੱਸਿਆ ਗਿਆ ਹੈ ਕਿ ਪਿਛਲੇ 24 ਘੰਟਿਆਂ ਵਿੱਚ 5609 ਨਵੇਂ ਮਰੀਜ਼ ਆਏ ਹਨ ਅਤੇ ਸੰਕਰਮਿਤ ਵਿਅਕਤੀਆਂ ਦੀ ਕੁਲ ਗਿਣਤੀ ਇੱਕ ਲੱਖ 40 ਹਜ਼ਾਰ ਤੱਕ ਪਹੁੰਚਣ ਵਾਲੀ ਹੈ ਅਤੇ ਇਹ ਡੇਟਾ ਤੇਜ਼ੀ ਨਾਲ ਵੱਧ ਰਿਹਾ ਹੈ।

ਇਸ ਦਾ ਸਪਸ਼ਟ ਅਰਥ ਹੈ ਕਿ ਸਰਕਾਰ ਦੇ ਸਲਾਹਕਾਰ ਸੂਝ ਬੂਝ ਵਾਲੇ ਤੇ ਸੁਚੱਜੀ ਨੀਤੀ ਘਾੜੇ ਨਹੀਂ ਹਨ ਜਾਂ ਉਹ ਉਹੀ ਸਲਾਹ ਦੇ ਰਹੇ ਸਨ ਜਿਵੇਂ ਪ੍ਰਧਾਨ ਮੰਤਰੀ ਚਾਹੁੰਦੇ ਸਨ। ਨਹੀਂ ਤਾਂ, ਕੋਈ ਵਿਅਕਤੀ ਅਜਿਹੀ ਗੈਰ ਸਿਧਾਂਤਕ ਅਣਮਨੁੱਖੀ ਅਤੇ ਬੇਬੁਨਿਆਦ ਗੱਲ ਕਿਵੇਂ ਕਹਿ ਸਕਦਾ ਹੈ ਅਤੇ ਉਹ ਫਿਰ ਵੀ ਆਪਣੇ ਸਰਕਾਰੀ ਅਹੁਦੇ 'ਤੇ ਕਿਵੇਂ ਬਿਰਾਜਮਾਨ ਰਹਿ ਸਕਦਾ ਹੈ ?

ਇਸ ਸਮੇਂ ਦੌਰਾਨ, ਦੁਨੀਆ ਦੇ ਬਹੁਤ ਸਾਰੇ ਵੱਡੇ ਮਾਹਿਰ ਕਹਿ ਰਹੇ ਸਨ ਕਿ ਭਾਰਤ ਵਿਚ ਕੋਰੋਨਾ ਦਾ ਭਿਅੰਕਰ ਸੰਕਟ ਜੂਨ ਜਾਂ ਜੁਲਾਈ ਦੇ ਅੰਤ ਵਿਚ ਤੀਖਣ ਹੋਵੇਗਾ ਅਤੇ ਉਸ ਤੋਂ ਬਾਅਦ ਹੀ ਕੋਰੋਨਾ ਦੀ ਲਾਗ ਘਟਣੀ ਸ਼ੁਰੂ ਹੋ ਜਾਵੇਗੀ ਤੇ ਮਰੀਜ਼ ਵੀ ਘਟਣਗੇ। ਖੁਦ ਏਮਜ਼ ਦੇ ਡਾਇਰੈਕਟਰ ਰਣਦੀਪ ਗੁਲੇਰੀਆ ਨੇ ਇਹ ਵੀ ਕਿਹਾ ਕਿ ਕੋਰੋਨਾ ਦੀ ਤੀਖਣਤਾ ਜੂਨ-ਜੁਲਾਈ ਵਿੱਚ ਵੇਖੀ ਜਾਏਗੀ। ਕੋਰੋਨਾ ਟਾਸਕ ਫੋਰਸ ਦੇ ਦੋ ਮੈਂਬਰਾਂ ਨੇ ਨਾਮ ਛਾਪਣ ਦੀ ਸ਼ਰਤ 'ਤੇ ਦੱਸਿਆ ਸੀ ਕਿ ਤਾਲਾਬੰਦੀ ਦਾ ਫੈਸਲਾ ਵਿਗਿਆਨਕ ਅਧਾਰ 'ਤੇ ਨਹੀਂ ਕੀਤਾ ਜਾ ਰਿਹਾ ਸੀ। ਇਕ ਮੈਂਬਰ ਨੇ ਦੱਸਿਆ, 'ਇਹ ਫੈਸਲੇ ਕਿਵੇਂ ਹੋ ਰਹੇ ਹਨ, ਇਹ ਮੇਰੀ ਸਮਝ ਤੋਂ ਬਾਹਰ ਹੈ।

ਹੁਣ ਤੁਸੀਂ ਆਪ ਅੰਦਾਜ਼ਾ ਲਗਾ ਲਵੋ ਕਿ ਭਾਰਤ ਵਿਚ ਸਭ ਕੁਝ ਰੱਬ ਦੇ ਸਹਾਰੇ ਚੱਲ ਰਿਹਾ ਹੈ। ਅਜਿਹੀ ਭਿਅੰਕਰ ਬਿਮਾਰੀ ਨਾਲ ਨਿਬੜਣ ਲਈ ਦੇਸ ਦੇ ਹਾਕਮਾਂ ਕੋਲ ਕੋਈ ਦੂਰਦਰਸ਼ਤਾ ਨਹੀਂ ਹੈ। ਇਹ, ਮੇਰਾ ਮੰਨਣਾ ਹੈ, ਲਾਕਡਾਉਨ ਕੋਰੋਨਾ ਦਾ ਹੱਲ ਨਹੀਂ ਹੈ, ਪਰ ਤਿਆਰੀਆਂ ਜੋ ਇਸ ਦੌਰਾਨ ਲਾਕਡਾਉਨ ਲਗਾਉਣ ਦੁਆਰਾ ਕੀਤੀਆਂ ਜਾਣੀਆਂ ਚਾਹੀਦੀਆਂ ਸਨ, ਉਹ ਨਹੀਂ ਕੀਤੀਆਂ ਗਈਆਂ। ਅਸੀਂ ਪੱਛਮ ਦੇ ਦੇਸ਼ਾਂ ਨਾਲ ਤੁਲਨਾ ਨਹੀਂ ਕਰ ਰਹੇ, ਪਰ ਭਾਰਤ ਵਰਗੇ 135 ਕਰੋੜ ਦੇ ਦੇਸ਼ ਵਿਚ, ਹਰ ਰੋਜ਼ ਇਕ ਲੱਖ ਟੈਸਟ ਕਰਨ ਵਿਚ ਡੇਢ ਮਹੀਨੇ ਤੋਂ ਵੱਧ ਦਾ ਸਮਾਂ ਲੱਗੇਗਾ ਤਾਂ ਫਿਰ ਤੁਸੀਂ ਸਮਝ ਸਕਦੇ ਹੋ ਕਿ ਅਸੀਂ ਜੁਆਲਾਮੁਖੀ ਦੇ ਮੂੰਹ ਵਿਚ ਬੈਠੇ ਹਾਂ। ਵਿਸ਼ਵ ਸਿਹਤ ਸੰਸਥਾ ਵੱਲੋਂ ਵੱਧ ਤੋਂ ਵੱਧ ਟੈੱਸਟ ਕਰਨ ਦੀ ਸਲਾਹ ਨੂੰ ਮੋਦੀ ਸਰਕਾਰ ਵਲੋਂ ਸ਼ੁਰੂ ਤੋਂ ਹੀ ਅਣਡਿੱਠ ਕੀਤਾ ਗਿਆ ਹੈ। ਟੈਸਟਿੰਗ ਨੂੰ ਕੋਰੋਨਾ ਵਰਗੇ ਇਨਫੈਕਸ਼ਨ ਨਾਲ ਲੜਨ ਲਈ ਸਭ ਤੋਂ ਪ੍ਰਭਾਵਸ਼ਾਲੀ ਹਥਿਆਰ ਮੰਨਿਆ ਜਾਂਦਾ ਹੈ। ਪਰ ਕੀ ਇਹ ਟੈਸਟਿੰਗ ਸਾਡੀ ਆਬਾਦੀ ਅਨੁਸਾਰ ਹੋ ਰਹੀ ਹੈ। ਇਹ ਸਭ ਤੋਂ ਵੱਡਾ ਸੁਆਲ ਹੈ। ਚੀਨ ਨੇ ਦੋ ਮਹੀਨਿਆਂ ਦੌਰਾਨ ਵੂਹਾਨ ਵਿਚ ਕੋਰੋਨਾ 'ਤੇ ਕਾਬੂ ਪਾ ਲਿਆ। ਜਦੋਂ ਕਿ ਭਾਰਤ ਵਿਚ ਕੋਰੋਨਾ ਤਬਦੀਲੀ ਦੀ ਰਫਤਾਰ ਤੇਜ਼ ਹੋ ਗਈ। ਜਦੋਂ ਪੂਰੇ ਦੇਸ਼ ਵਿੱਚ 500 ਦੇ ਕਰੀਬ ਕੋਰੋਨਾ ਮਰੀਜ਼ ਸਨ ਤਾਂ ਸਖਤ ਤਾਲਾਬੰਦੀ ਕਰ ਦਿੱਤੀ ਗਈ। ਜਦੋਂ ਹੁਣ ਰੋਜ਼ਾਨਾ ਪੰਜ ਹਜ਼ਾਰ ਨਵੇਂ ਮਰੀਜ਼ ਆ ਰਹੇ ਹਨ ਤਾਂ ਤਾਲਾਬੰਦੀ ਵਿਚ ਢਿੱਲ ਦਿੱਤੀ ਜਾ ਰਹੀ ਹੈ। ਇਸ ਤੋਂ ਸਾਫ਼ ਹੈ ਕਿ ਸਰਕਾਰ ਨੇ ਦੇਸ ਨੂੰ ਰੱਬ ਦੇ ਸਹਾਰੇ ਛੱਡ ਦਿੱਤਾ ਹੈ।

## ਜੱਸਾ ਸਿੰਘ ਰਾਮਗੜ੍ਹੀਆ ਸਬੰਧੀ

ਉਨਾਂ ਦੇ ਜੀਵਨ ਤੇ ਗੌਰਵਮਈ ਇਤਿਹਾਸ ਨੂੰ ਪੰਜਾਬੀ ਜਗਤ ਅੱਗੇ ਉਜਾਗਰ ਕੀਤਾ ਹੈ। ਅੱਗੇ ਵੀ ਹੋਰ ਉਪਰਾਲੇ ਆਪ ਸਭ ਕਰਦੇ ਰਹੋ ਤਾਂ ਕਿ ਸਿੱਖ ਇਤਿਹਾਸ ਦੀ ਵਿਰਾਸਤ ਸਾਂਭੀ ਰਹੇ।"

ਸ. ਭੁਪਿੰਦਰ ਸਿੰਘ ਉਭੀ (ਐਡੀਟਰ, ਰਾਮਗੜ੍ਹੀਆ ਦਰਪਣ, ਜਲੰਧਰ)ਦੇ ਵਿਚਾਰ ਹਨ, "ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਜੀ ਦੇ ਜੀਵਨ ਅਤੇ ਰਾਮਗੜ੍ਹੀਆ ਕੌਮ ਬਾਰੇ ਵਿਚਾਰ ਚਰਚਾ ਨੂੰ ਸੁਨਣ ਦਾ ਮੌਕਾ ਮਿਲਿਆ। ਬੁਲਾਰਿਆਂ ਨੇ ਆਪਣੀ ਵਿਦਵਤਾ ਪੂਰਨ ਦਲੀਲਾਂ ਰਾਹੀਂ ਨਾ ਕੇਵਲ ਪੰਥ ਨੂੰ, ਸਗੋਂ ਸਾਰੀ ਰਾਮਗੜ੍ਹੀਆ ਕੌਮ ਦੀ ਅਣਖ਼ ਨੂੰ ਵੀ ਜਗਾਇਆ ਹੈ। ਇਹ ਬਿਲਕੁਲ ਸੱਚ ਹੈ ਕੀ ਅਜੇ ਤੱਕ ਕਿਸੇ ਵੀ ਯੂਨੀਵਰਸਿਟੀ ਨੇ ਮਹਾਰਾਜਾ ਜੀ ਬਾਰੇ ਚੇਅਰ ਦੀ ਸਥਾਪਨਾ ਨਹੀਂ ਕੀਤੀ, ਨਾ ਹੀ ਪੰਥ ਨੇ ਉਨਾਂ ਦੀ ਯੋਗ ਯਾਦਗਾਰ ਬਣਾਈ ਹੈ। ਬਹੁਤ ਹੀ ਦੁੱਖ ਹੁੰਦਾ ਹੈ ਕਿ ਉਨਾਂ ਦੀਆਂ ਯਾਦਗਾਰਾਂ ਸੰਭਾਲਣ ਵੱਲ ਨਾ ਬਰਾਦਰੀ ਵੱਲੋਂ ਅਤੇ ਨਾ ਹੀ ਕਿਸੇ ਸਰਕਾਰ ਵੱਲੋਂ ਗੰਭੀਰ ਯਤਨ ਕੀਤੇ ਗਏ ਹਨ। ਸੱਚਾਈ ਤਾਂ ਇਹ ਹੈ ਕੀ ਜਿਹੜੀਆਂ ਚੰਦ ਕੁ ਯਾਦਗਾਰਾਂ ਬਚੀਆਂ ਹਨ, ਉਹ ਭੀ ਖੁਰਦ ਬੁਰਦ ਹੋ ਰਹੀਆਂ ਹਨ।"

ਸ. ਦਲਵਿੰਦਰ ਸਿੰਘ ਘੁੰਮਣ (ਪ੍ਰਧਾਨ, ਯੂਥ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ (ਫਰਾਂਸ) ਨੇ ਕਿਹਾ ਹੈ, " ਕੌਮ ਨੂੰ ਬਹੁਤ ਪੱਖੀ ਜਾਗਰੂਕ ਕਰਨ ਹਿੱਤ ਕਾਰਜਾਂ ਵਿੱਚੋਂ ਸ. ਜੱਸਾ ਸਿੰਘ ਰਾਮਗੜ੍ਹੀਆ ਦੇਜਨਮ ਦਿਹਾੜੇ ਤੇ ਉਲੀਕੀ ਟੈਲੀ-ਕਾਨਫਰੰਸ ਚੜਦੀਕਲਾ ਟੀਵੀ ਤੇ ਕਰਕੇ ਵਧਾਈ ਦੇ ਪਾਤਰ ਬਣੇਹੋ। ਕਿਉਂਕਿ ਕਰਕੇ ਸ. ਜੱਸਾ ਸਿੰਘ ਰਾਮਗੜ੍ਹੀਆ ਦੀ ਕੀਤੀ ਕੁਰਬਾਨੀ ਨੂੰ ਜ਼ਿਆਦਾ ਪ੍ਰਚਾਰਪਸਾਰ ਨਹੀਂ ਮਿਲਿਆ ਜਿਸ ਦੇ ਉਹ ਹੱਕਦਾਰ ਹਨ। ਤੁਹਾਡੀ ਗਿਆਨ ਭਰਪੂਰ ਜਾਣਕਾਰੀ ਦੇ ਲਿਹਾਜ਼ ਨਾਲ ਸਿਆਸੀ ਵਿਤਕਰਾ ਭਾਵਨਾ ਨੇ ਉਹਨਾਂ ਦੀ ਸ਼ਖਸੀਅਤ ਨਾਲ ਇਨਸਾਫ ਨਹੀਂ ਕੀਤਾ।"

ਸ. ਜੋਤਿੰਦਰ ਸਿੰਘ (ਇੰਜਨੀਅਰ-ਇਨ-ਚੀਫ/ ਰਿਟਾਇਰਡ, ਚਿਤ੍ਰਲੋਕ ਪਟਿਆਲਾ) ਦੀ ਰਾਇ ਹੈ, "ਸਾਰੇ ਵਿਦਵਾਨ ਇਸ ਗੋਸਟੀ ਦੀ ਕਾਮਯਾਬੀ ਲਈ ਵਧਾਈ ਦੇ ਪਾਤਰ ਹਨ। ਰਾਮਗੜ੍ਹੀਆ ਸੰਸਥਾ ਵੱਲੋਂ ਕੀਤੇ ਜਾ ਰਹੇ ਉਪਰਾਲੇ ਰੋਸਨਾਈ ਭਰਪੂਰਹਨ। ਸੁਝਾਉ, ਸਕੂਲੀ ਵਿੱਦਿਆ ਦਾ ਹਿੱਸਾ ਬਣਾਉਣਾ, ਵਿੱਦਿਆਰਥੀਆਂ ਨੂੰ ਖੋਜ ਆਰਥਿਕ ਮਦਦ ਅਤੇ ਬਚੀਆਂ ਖੁਚੀਆਂ ਪੁਰਾਣੀਆਂ ਇਮਾਰਤਾਂ ਦੀ ਸੰਭਾਲ ਬਾਰੇ ਜੱਗ ਜਾਹਰ ਕੀਤਾ।"

ਸ. ਇੰਦਰਜੀਤ ਸਿੰਘ (ਮੁੱਖ ਸੰਪਾਦਕ, ਸੱਤ ਸਮੁੰਦਰੋਂ ਪਾਰ ਗਲੋਬਲ ਨਿਊਜ਼ ਮੈਗਜ਼ੀਨ ਅਤੇ ਟੀਵੀ, ਲੁਧਿਆਣਾ ਮੋਹਾਲੀ) ਦਾ ਕਹਿਣਾ ਹੈ, "ਇਹ ਵੀ ਚਿੱਟਾ ਸੱਚ ਹੈ ਕੀ ਅਜੇ ਤਕ ਕਿਸੇ ਵੀ ਯੂਨੀਵਰਸਿਟੀ ਨੇ ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਜੀ ਬਾਰੇ ਚੇਅਰ ਦੀ ਸਥਾਪਨਾ ਨਹੀਂ ਕੀਤੀ ਹੈ, ਨਾ ਹੀ ਪੰਥ ਨੇ ਉਨਾਂ ਦੀ ਯੋਗ ਯਾਦਗਾਰ ਬਣਾਈ ਹੈ। ਉਨਾਂ ਦੀ ਯਾਦਗਾਰਾਂ ਸੰਭਾਲਣ ਵੱਲ ਨਾ ਬਰਾਦਰੀ ਵਲੋਂ ਨਾ ਸਰਕਾਰ ਵਲੋਂ ਗੰਭੀਰ ਯਤਨ ਹੋਏ ਹਨ। ਸੱਚਾਈ ਤਾਂ ਇਹ ਹੈ ਕਿ ਜਿਹੜੀਆਂ ਯਾਦਗਾਰਾਂ ਬਚੀਆਂ ਵੀ ਹਨ, ਉਹ ਭੀ ਖਤਮ ਹੋਣ ਕੰਢੇ ਹਨ।

ਚਿੱਤਰਕਾਰ ਸ. ਗੁਰਪ੍ਰੀਤ ਸਿੰਘ ਨਾਮਧਾਰੀ, (ਨੈਸ਼ਨਲ ਐਵਾਰਡੀ), ਨਾਭਾ ਦਾ ਕਹਿਣਾ ਹੈ, "ਵਿਚਾਰ ਚਰਚਾ ਵਿਚ ਯੂਨੀਵਰਸਿਟੀਆਂ ਵਿਚ ਸ. ਜੱਸਾ ਸਿੰਘ ਰਾਮਗੜ੍ਹੀਆ ਚੇਅਰਾਂ ਸਥਾਪਿਤ ਕਰਨਾ, ਗੋਸ਼ਟੀਆਂ, ਸੈਮੀਨਾਰ ਕਰਵਾਉਣੇ ਆਦਿ ਮੁੱਦੇ ਇਸ ਵਿਚਾਰ ਚਰਚਾ ਦਾ ਹਾਸਲ ਕਹੇ ਜਾ ਸਕਦੇ ਹਨ। ਸਾਰੇ ਬੁਲਾਰਿਆਂ ਨੇ ਵੱਡਮੁੱਲੀ ਇਤਿਹਾਸਕ ਜਾਣਕਾਰੀ ਦਿੱਤੀ ਅਤੇ ਹੋਸਟ ਮੁਨੀਸ਼ ਬਿਆਲਾ ਦੀ ਵਿਸ਼ੇ ਤੇ ਮਜ਼ਬੂਤ ਪਕੜ ਰਹੀ।"

ਸ. ਲਖਬੀਰ ਸਿੰਘ ਖੰਗੂੜਾ(ਚੀਫ ਐਡੀਟਰ, ਪੰਜਾਬੀ ਹੈਰੀਟੇਜ, ਵੈਨਕੂਵਰ) ਨੇ ਕਿਹਾ ਕਿ ਸ. ਜੈਤੇਗ ਸਿੰਘ ਅਨੰਤ ਅਤੇ ਸਾਰੇ ਬੁਲਾਰੇ ਵਧਾਈ ਦੇ ਪਾਤਰ ਹਨ ਕਿ ਉਨਾਂ ਸ. ਜੱਸਾ ਸਿੰਘ ਰਾਮਗੜ੍ਹੀਆ ਬਾਰੇ ਬਹੁਤ ਹੀ ਮਹੱਤਵਪੂਰਨ ਇਤਿਹਾਸਕ ਜਾਣਕਾਰੀ ਪ੍ਰਦਾਨ ਕੀਤੀ।

## ਕੁੜੀਆਂ ਦੀ ਆਜ਼ਾਦੀ ਨਾਲ...

ਇਸ ਹਿੰਸਾ ਵਿੱਚ 53 ਲੋਕਾਂ ਦੀ ਮੌਤ ਹੋ ਗਈ ਸੀ ਅਤੇ ਕਰੀਬ 200 ਲੋਕ ਜ਼ਖਮੀ ਹੋਏ ਸਨ।

ਜੇਕਰ ਸਾਰੇ ਮਾਮਲੇ ਦਾ ਅਧਿਐਨ ਕਰੀਏ ਤਾਂ ਮਨੁੱਖੀ ਅਧਿਕਾਰਾਂ ਦਾ ਕੋਰੋਨਾ ਸੰਕਟ ਦੌਰਾਨ ਬੁਰੀ ਤਰ੍ਹਾਂ ਉਲੰਘਣ ਹੋ ਰਿਹਾ ਹੈ। ਸਰਕਾਰ ਤੇ ਪੁਲੀਸ ਜਮਹੂਰੀ ਅਧਿਕਾਰਾਂ ਲਈ ਲੜਨ ਵਾਲੇ ਕਾਰਕੁੰਨਾਂ, ਵਿਦਿਆਰਥੀਆਂ ਨੂੰ ਕਾਲੇ ਕਾਨੂੰਨਾਂ ਅਧੀਨ ਜੇਲ੍ਹਾਂ ਵਿਚ ਬੰਦ ਕਰ ਰਹੀ ਹੈ। ਜਦੋਂ ਸਾਨੂੰ ਕੋਰੋਨਾ ਵਿਰੁਧ ਮਿਲ ਕੇ ਲੜਨਾ ਚਾਹੀਦਾ ਸੀ, ਤਾਂ ਇਹ ਬਹੁਤ ਮੰਦਭਾਗੀ ਗੱਲ ਹੈ ਕਿ ਸਰਕਾਰ ਵਿਦਿਆਰਥੀਆਂ, ਪੱਤਰਕਾਰਾਂ, ਬੁਧੀਜੀਵੀਆਂ ਅਤੇ ਨੌਜਵਾਨਾਂ ਵਿਰੁੱਧ ਲੜ ਰਹੀ ਹੈ। ਇਕ ਪਾਸੇ ਤਾਂ ਸਰਕਾਰ ਵਲੋਂ ਬਹੁਤ ਹੀ ਭਿਆਨਕ ਅਪਰਾਧਾਂ ਦੇ ਦੋਸ਼ੀ ਲੋਕਾਂ ਨੂੰ ਜ਼ਮਾਨਤ ਦਿੱਤੀ ਜਾ ਰਹੀ ਹੈ, ਤੇ ਦੂਜੇ ਪਾਸੇ ਵਿਦਿਆਰਥੀਆਂ 'ਤੇ ਝੂਠੇ ਦੋਸ਼ ਲਗਾ ਕੇ ਉਨ੍ਹਾਂ ਨੂੰ ਸਲਾਖਾਂ ਪਿੱਛੇ ਸੁੱਟਿਆ ਜਾ ਰਿਹਾ ਹੈ ?

ਗ੍ਰਿਫ਼ਤਾਰ ਕੀਤੇ ਗਏ ਵਿਦਿਆਰਥੀ ਸਾਧਾਰਨ ਵਿਦਿਆਰਥੀ ਨਹੀਂ ਸਨ।

ਪੜ੍ਹਾਈ ਦੇ ਨਾਲ-ਨਾਲ, ਉਹ ਸਿੱਖਿਆ, ਰੁਜ਼ਗਾਰ ਤੇ ਰੋਜ਼ੀ-ਰੋਟੀ ਬਾਰੇ ਸਰਕਾਰ ਅੱਗੇ ਬਹੁਤ ਮਹੱਤਵਪੂਰਨ ਪ੍ਰਸ਼ਨ ਉਠਾ ਰਹੇ ਸਨ, ਪਰ ਇਹ ਸਰਕਾਰ ਇਨ੍ਹਾਂ ਪ੍ਰਸ਼ਨਾਂ ਦਾ ਉੱਤਰ ਦੇਣ ਤੇ ਹੱਲ ਕਰਨ ਵਿਚ ਨਿਰੰਤਰ ਅਸਫਲ ਹੋ ਰਹੀ ਹੈ ਅਤੇ ਹੁਣ ਵਿਦਿਆਰਥੀਆਂ ਤੇ ਸਿਰਫ ਇਸ ਲਈ ਹਮਲਾ ਕਰ ਰਹੀ ਹੈ ਤਾਂ ਜੋ ਆਪਣੀਆਂ ਅਸਫਲਤਾਵਾਂ ਨੂੰ ਲੁਕਾਇਆ ਜਾ ਸਕੇ। ਦਿੱਲੀ ਪੁਲਿਸ ਇੱਕ ਸਕ੍ਰਿਪਟ ਦੀ ਪਾਲਣਾ ਕਰ ਰਹੀ ਹੈ ਜੋ ਸਰਕਾਰ ਵਲੋਂ ਆਮ ਹੀ ਵਿਰੋਧੀਆਂ ਨੂੰ ਦਬਾਉਣ ਦੇ ਲਈ ਘੜੀ ਜਾਂਦੀ ਹੈ।

ਇਹ ਸਾਰੀਆਂ ਗ੍ਰਿਫਤਾਰੀਆਂ ਫਰਵਰੀ ਵਿਚ ਦਿੱਲੀ ਵਿਚ ਹੋਈ ਹਿੰਸਾ ਦੀ ਸਾਜਿਸ਼ ਦਾ ਪਤਾ ਲਗਾਉਣ ਦੇ ਨਾਮ 'ਤੇ ਕੀਤੀਆਂ ਜਾ ਰਹੀਆਂ ਹਨ। ਪਰ ਉਨ੍ਹਾਂ ਨੂੰ ਗ੍ਰਿਫਤਾਰ ਕੀਤਾ ਜਾ ਰਿਹਾ ਹੈ ਜੋ ਉਸ ਤੋਂ ਲਗਭਗ ਦੋ ਮਹੀਨੇ ਪਹਿਲਾਂ ਦਿੱਲੀ ਦੇ ਵੱਖ-ਵੱਖ ਥਾਵਾਂ 'ਤੇ ਸੀਏਏ, ਐਨਆਰਸੀ ਅਤੇ ਐਨਪੀਆਰ ਦੇ ਵਿਰੁੱਧ ਕਿਸੇ ਨਾ ਕਿਸੇ ਰੂਪ ਵਿਚ ਵਿਰੋਧ ਪ੍ਰਦਰਸ਼ਨ ਵਿਚ ਸ਼ਾਮਲ ਸਨ।

ਇਹ ਸਾਬਤ ਕਰਨ ਲਈ ਯਤਨ ਕੀਤੇ ਜਾ ਰਹੇ ਹਨ ਕਿ ਇਨ੍ਹਾਂ ਵਿਰੋਧ ਪ੍ਰਦਰਸ਼ਨਾਂ ਦੌਰਾਨ ਫਰਵਰੀ ਦੀ ਹਿੰਸਾ ਦੀ ਯੋਜਨਾ ਬਣਾਈ ਗਈ ਸੀ। ਅਸਲ ਤੱਥ ਇਹ ਹੈ ਕਿ ਸੀਏਏ ਵਿਰੋਧੀ ਵਿਰੋਧ ਪ੍ਰਦਰਸ਼ਨਾਂ ਵਿਚ ਕੋਈ ਹਿੰਸਾ ਨਹੀਂ ਹੋਈ। ਇਹ ਹਿੰਸਾ ਸ਼ਾਹੀਨ ਬਾਗ ਤੋਂ ਜਾਣ ਬੁਝ ਕੇ ਭਗਵਿਆਂ ਵਲੋਂ ਫੈਲਾਈ ਗਈ, ਜੋ ਸ਼ਾਂਤਮਈ ਸੰਘਰਸ਼ ਕਰ ਰਹੇ ਸਨ, ਉਨ੍ਹਾਂ ਦੀ ਮੰਗ ਸੀ ਕਿ ਨਾਗਰਿਕਤਾ ਵਿਚ ਬਰਾਬਰਤਾ ਦੇ ਅਧਿਕਾਰ, ਭਾਰਤੀ ਨਾਗਰਿਕਤਾ ਦੀ ਧਾਰਨਾ ਵਿਚ ਧਰਮ ਦੇ ਆਧਾਰ 'ਤੇ ਵਿਤਕਰਾ ਖਤਮ ਕੀਤਾ ਜਾਵੇ। ਅਰਥਾਤ ਮੁਸਲਮਾਨਾਂ ਨਾਲ ਇਨਸਾਫ਼ ਕੀਤਾ ਜਾਵੇ। ਇਨ੍ਹਾਂ ਅਮਨ ਪਸੰਦ ਸੰਘਰਸ਼ ਕਰਨ ਵਾਲਿਆਂ ਨੂੰ ਸੰਵਿਧਾਨ ਤੇ ਕਾਨੂੰਨ ਦੀ ਕੋਈ ਉਲੰਘਣਾ ਨਹੀਂ ਕੀਤੀ, ਪਰ ਉਸ ਦੇ ਬਾਵਜੂਦ ਉਨ੍ਹਾਂ ਦੀ ਗ੍ਰਿਫ਼ਤਾਰੀਆਂ ਕਾਲੇ ਕਾਨੂੰਨ ਦੇ ਤਹਿਤ ਕੀਤੀਆਂ ਜਾ ਰਹੀਆਂ ਹਨ। ਉਨ੍ਹਾਂ ਦਾ ਸੰਘਰਸ਼ ਧਰਤੀ 'ਤੇ ਮਾਣ ਨਾਲ ਰਹਿਣ ਦੇ ਅਧਿਕਾਰ ਤੇ ਮਨੁੱਖੀ ਅਧਿਕਾਰਾਂ ਦੇ ਲਈ ਸੀ ਨਾ ਕਿ ਦੇਸ ਦੇ ਵਿਰੋਧ ਵਿਚ ਸੀ।

ਯਾਦ ਰੱਖਣ ਦੀ ਲੋੜ ਹੈ ਕਿ ਸ਼ੱਕ ਤੋਂ ਨਫ਼ਰਤ ਤੱਕ ਦਾ ਸਫ਼ਰ ਬਹੁਤ ਲੰਬਾ ਨਹੀਂ ਹੁੰਦਾ ਤੇ ਨਾ ਹੀ ਹਿੰਸਾ ਫੈਲਾਉਣ ਵਾਲੇ ਬਹੁਤੀ ਦੇਰ ਰਾਜਨੀਤੀ 'ਤੇ ਬਿਰਾਜਮਾਨ ਰਹਿ ਸਕਦੇ ਹਨ। ਸੰਵਿਧਾਨ, ਕਾਨੂੰਨ ਤੇ ਜਮਹੂਰੀਅਤ ਨੂੰ ਕਾਇਮ ਰੱਖਣਾ ਬਹੁਤ ਜ਼ਰੂਰੀ ਹੈ। ਸਾਨੂੰ ਨਤਾਸ਼ਾ, ਦੇਵੰਗਾਨਾ ਅਤੇ ਉਸ ਵਰਗੀਆਂ ਅਨੇਕਾਂ ਸਖਸ਼ੀਅਤਾਂ ਦਾ ਧੰਨਵਾਦ ਕਰਨਾ ਚਾਹੀਦਾ ਹੈ ਜੋ ਇਸ ਅੰਦੋਲਨ ਵਿਚ ਸ਼ਾਮਲ ਹੋਏ ਸਨ ਤੇ ਮਨੁੱਖੀ ਅਧਿਕਾਰਾਂ ਦੇ ਲਈ ਤੇ ਨਾਗਰਿਕਤਾ ਦੇ ਸਿਧਾਂਤ ਨੂੰ ਕਾਇਮ ਰੱਖਣ ਦੇ ਲਈ ਇਹ ਸੰਘਰਸ਼ ਲੜਿਆ। ਇਸ ਬਾਰੇ ਸਮੁੱਚੇ ਆਵਾਮ ਨੂੰ ਨਿਰੰਤਰ ਅਭਿਆਸ ਦੀ ਲੋੜ ਹੈ ਤਾਂ ਜੋ ਕਾਨੂੰਨ, ਵਿਧਾਨ ਤੇ ਸੰਵਿਧਾਨ ਬਚਾਇਆ ਜਾ ਸਕੇ।

ਅੱਜ ਲੋੜ ਇਸੇ ਗੱਲ ਦੀ ਹੈ ਕਿ ਦਲਿਤਾਂ ਦੇ ਹੱਕ ਵਿਚ ਗ਼ੈਰ ਦਲਿਤ ਨਿਤਰਨ ਤੇ ਹਿੰਦੂ ਭਾਈਚਾਰਾ ਗ਼ੈਰ ਹਿੰਦੂ ਭਾਈਚਾਰੇ ਦੇ ਹੱਕ ਵਿਚ ਨਿਤਰੇ ਤਾਂ ਹੀ ਜਮਹੂਰੀਅਤ ਕਾਇਮ ਰਹਿ ਸਕਦੀ ਹੈ। ਇਹੀ ਅਮਨ ਤੇ ਨਿਆਂ ਦਾ ਤਕਾਜ਼ਾ ਹੈ।

ਦੇਵੰਗਾਨਾ, ਨਤਾਸ਼ਾ ਅਤੇ ਉਨ੍ਹਾਂ ਦੀ ਸੰਸਥਾ "ਪਿੰਜਰਾ ਤੋੜ" ਦੇ ਨਾਮ ਤੋਂ ਇਹ ਸਪੱਸ਼ਟ ਹੈ ਕਿ ਇਹ ਆਜ਼ਾਦੀ ਤੇ ਮਨੁੱਖੀ ਅਧਿਕਾਰਾਂ ਲਈ ਜੂਝਣ ਵਾਲੀਆਂ ਤੇ ਸੰਵਿਧਾਨ ਵਿਚ ਵਿਸ਼ਵਾਸ ਰੱਖਣ ਵਾਲੀਆਂ ਮੁਟਿਆਰਾਂ ਦਾ ਸਮੂਹ ਹੈ ਜੋ ਕਿਸੇ ਵੀ ਕੈਦ ਤੇ ਕਾਲੇ ਕਾਨੂੰਨਾਂ ਤੇ ਹਰੇਕ ਕਿਸਮ ਦੀ ਅਸਮਾਨਤਾ ਦੇ ਵਿਰੁੱਧ ਹਨ। ਉਹ ਸਮਾਜ ਦੇ ਲਈ ਮਾਣ ਸਨਮਾਨ ਦੀ ਲੜਾਈ ਲੜ ਰਹੇ ਹਨ।

ਸਾਰਿਆਂ ਨੇ ਦੇਖਿਆ ਕਿ ਕਿਵੇਂ ਭਾਰਤੀ ਜਨਤਾ ਪਾਰਟੀ ਅਤੇ ਕੇਂਦਰ ਸਰਕਾਰ ਦੇ ਮੰਤਰੀਆਂ, ਉਨ੍ਹਾਂ ਵਿੱਚ ਸ਼ਾਮਲ ਚੋਟੀ ਦੇ ਮੰਤਰੀਆਂ ਨੇ ਇਸ ਅੰਦੋਲਨ ਵਿਰੁੱਧ ਨਫ਼ਰਤ ਦਾ ਪ੍ਰਚਾਰ ਕੀਤਾ, ਮੁਸਲਮਾਨ ਭਾਈਚਾਰੇ ਵਿਰੁਧ ਧਮਕੀਆਂ ਵੀ ਜਾਰੀ ਕੀਤੀਆਂ ਤੇ ਹਿੰਸਾ ਭੜਕਾਉਣ ਦੀ ਵੀ ਕੋਸ਼ਿਸ ਕੀਤੀ, ਪਰ ਉਨ੍ਹਾਂ ਉੱਪਰ ਕੋਈ ਕਾਨੂੰਨੀ ਕਾਰਵਾਈ ਨਹੀਂ ਹੋਈ। ਦਿੱਲੀ ਵਿਚ ਜੋ ਹਿੰਸਾ ਭੜਕੀ ਉਸ ਦੇ ਜ਼ਿੰਮੇਵਾਰ ਨਤਾਸ਼ਾ, ਦੇਵੰਗਾਨਾ ਵਰਗੇ ਸਮਾਜ ਦੇ ਨੇਤਾ ਨਹੀਂ ਸਨ, ਬਲਕਿ ਉਹ ਸਿਆਸੀ ਤਾਕਤਾਂ ਸਨ, ਜੋ ਫਿਰਕੂਵਾਦ ਦੀ ਖੇਡ ਖੇਡ ਕੇ ਸਮਾਜ ਦੀ ਏਕਤਾ ਭੰਗ ਕਰਨਾ ਚਾਹੁੰਦੀਆਂ ਹਨ ਤੇ ਆਪਣੀ ਕੁਰਸੀ ਕਾਇਮ ਰੱਖਣਾ ਚਾਹੁੰਦੀਆਂ ਹਨ। ਨਤਾਸ਼ਾ ਅਤੇ ਦੇਵਾਨਗਾਨਾ ਇਸੇ ਫਿਰਕੂ ਸਾਜ਼ਿਸ਼ ਦਾ ਤਾਜ਼ਾ ਸ਼ਿਕਾਰ ਹਨ। ਜੇ ਸਾਨੂੰ ਇਸ ਫਿਰਕੂਵਾਦ ਨੂੰ ਸਮਝਣ ਵਿਚ ਮੁਸ਼ਕਲ ਆਉਂਦੀ ਹੈ, ਤਾਂ ਇਸਦਾ ਅਰਥ ਇਹ ਹੈ ਕਿ ਸਾਡੀਆਂ ਅੱਖਾਂ ਨਾ ਸਿਰਫ ਸਰਕਾਰੀ ਹਨ, ਬਲਕਿ ਸੁਚੇਤ ਅਤੇ ਸਵੈ-ਇੱਛਾ ਨਾਲ ਅਸੀਂ ਫਿਰਕੂਵਾਦ ਤੇ ਨਫ਼ਰਤੀ ਵਾਇਰਸ ਦਾ ਸ਼ਿਕਾਰ ਹੋ ਚੁੱਕੇ ਹਨ।

## ਦਲ ਖਾਲਸਾ ਵਲੋਂ ਸ਼ਹੀਦ ਹੋਏ...

ਕਰਨ ਦਾ ਇਲਜ਼ਾਮ ਲਾਉਂਦਿਆਂ ਕਿਹਾ ਕਿ ਦਿੱਲੀ ਪੁਲਿਸ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਦੇ ਕਹਿਣ ਉਤੇ ਨਾਗਰਿਕਤਾ ਸੋਧ ਕਾਨੂੰਨ ਦਾ ਵਿਰੋਧ ਕਰਨ ਵਾਲੇ ਯੂਨੀਵਰਸਿਟੀਆਂ ਦੇ ਵਿਦਿਆਰਥੀਆਂ ਉਤੇ ਕਹਿਰ ਢਾਅ ਰਹੀ ਹੈ ਅਤੇ ਵਿਰੋਧੀ ਧਿਰ

ਖਾਮੋਸ਼ ਤਮਾਸ਼ਾਈ ਬੰਣ ਦੇਖ ਰਹੀ ਹੈ।

ਉਹਨਾਂ ਦੋਸ਼ ਲਾਇਆ ਕਿ ਮੋਦੀ ਸਰਕਾਰ ਬਦਲਾਖੋਰੀ ਦੀ ਨੀਤੀ 'ਤੇ ਤੁਲੀ ਹੋਈ ਹੈ।

ਮੀਟਿੰਗ ਵਿੱਚ ਮੈਂਬਰਾਂ ਨੇ ਦਿੱਲੀ ਪੁਲਿਸ ਵਲੋਂ ਲਾਕਡਾਊਨ ਦੌਰਾਨ ਮਨਘੜਤ ਕੇਸਾਂ ਵਿੱਚ ਉਲਝਾ ਕੇ ਗ੍ਰਿਫਤਾਰ ਸੀ.ਏ.ਏ ਵਿਰੋਧੀ ਕਾਰਜਕਰਤਾਵਾਂ ਜਿਨਾਂ ਵਿੱਚ ਗਰਭਵਤੀ ਲੇਡੀ ਸਫੂਰਾ ਜ਼ਰਗਰ ਅਤੇ ਪਿੰਜਰਾਤੋੜ ਸੰਸਥਾ ਦੀਆਂ ਦੋ ਲੜਕੀਆਂ ਸ਼ਾਮਿਲ ਹਨ ਨੂੰ ਰਿਹਾਅ ਕਰਨ ਲਈ ਆਵਾਜ਼ ਉਠਾਈ।

ਜ਼ਿਕਰਯੋਗ ਹੈ ਕਿ ਪਿਛਲੇ ਡੇਢ ਦਹਾਕੇ ਤੋਂ ਦਲ ਖਾਲਸਾ ਵਲੋਂ ਹਰ ਸਾਲ 5 ਜੂਨ ਨੂੰ ਯਾਦਗਾਰੀ ਮਾਰਚ ਕੀਤਾ ਜਾਂਦਾ ਹੈ।

## ਉਲੰਪੀਅਨ ਬਲਬੀਰ ਸਿੰਘ...

ਪਰ ਚੋਟ ਦੇ ਬਾਵਜੂਦ ਕੋਚਿੰਗ ਕੈਂਪ ਵਲੋਂ ਟੀਮ ਦਾ ਮਨੋਬਲ ਵਧਾਉਣ ਲਈ ਬਲਬੀਰ ਸਿੰਘ ਨੂੰ ਸੈਮੀਫਾਈਨਲ ਅਤੇ ਫਾਈਨਲ ਖੇਡਣ ਲਈ ਮੈਦਾਨ ਵਿਚ ਉਤਾਰਿਆ ਗਿਆ। ਕੌਮੀ ਹਾਕੀ ਟੀਮ ਨੇ ਪਾਕਿਸਤਾਨ ਨੂੰ ਫਸਵੇਂ ਫਾਈਨਲ ਵਿਚ 1-0 ਗੋਲ ਨਾਲ ਹਰਾ ਕੇ ਓਲੰਪਿਕ ਚੈਂਪੀਅਨ ਬਣਨ ਦਾ ਜੱਸ ਖੱਟਿਆ।

ਓਲੰਪਿਕ ਹਾਕੀ ਦੇ ਫਾਈਨਲ ਮੈਚ ਤੋਂ ਇਲਾਵਾ ਇਕ ਮੈਚ ਵਿਚ ਭਾਵ ਦੋ ਵਾਰ ਪੰਜ ਗੋਲ ਕਰਨ ਦਾ ਰਿਕਾਰਡ ਅਜੇ ਤੱਕ ਬਲਬੀਰ ਸਿੰਘ ਸੀਨੀਅਰ ਦੇ ਨਾਮ ਬੋਲਦਾ ਹੈ। ਇਹ ਕਾਰਨਾਮਾ ਬਲਬੀਰ ਸਿੰਘ ਨੇ ਹੇਲਸਿੰਕੀ-1952 ਓਲੰਪਿਕ ਵਿਚ ਹਾਲੈਂਡ ਵਿਰੁੱਧ ਫਾਈਨਲ ਵਿਚ ਪੰਜ ਗੋਲ ਕਰਕੇ ਰਿਕਾਰਡ ਡਾਇਰੀ ਵਿਚ ਆਪਣੇ ਨਾਲ ਦਰਜ ਕਰਵਾਇਆ ਸੀ। ਬਲਬੀਰ ਸਿੰਘ ਸੀਨੀਅਰ ਮਹਾਨ ਹਾਕੀ ਖਿਡਾਰੀ ਨਾਮਜ਼ਦ ਹੋਣ ਤੋਂ ਇਲਾਵਾ ਇਕ ਪਾਏਦਾਰ ਸਿਖਲਾਇਰ ਵੀ ਸਾਬਤ ਹੋਇਆ।

ਹਾਕੀ ਫੈਡਰੇਸ਼ਨ ਵਲੋਂ ਕੁਆਲਾਲੰਪੁਰ-1975 ਦਾ ਵਿਸ਼ਵ ਹਾਕੀ ਖੇਡਣ ਵਾਲੀ ਟੀਮ ਦੀ ਤਿਆਰੀ ਬਲਬੀਰ ਸਿੰਘ ਸੀਨੀਅਰ ਦੇ ਹੱਥ ਸੌਂਪੀ ਗਈ। ਚੀਫ ਕੋਚ ਬਲਬੀਰ ਸਿੰਘ ਨੇ ਖਿਡਾਰੀਆਂ ਨੂੰ ਮੈਦਾਨੀ ਖੇਡ ਵਿਚ ਟਰੇਂਡ ਕਰਨ ਦੇ ਨਾਲ-ਨਾਲ ਮਨੋਵਿਗਿਆਨਕ ਤੌਰ 'ਤੇ ਵੀ ਮਜ਼ਬੂਤ ਕੀਤਾ। ਕੋਚਿੰਗ ਕੰਪਲੈਕਸ ਵਿਚੋਂ ਸਾਰੇ ਧਰਮਾਂ ਦੇ ਗੁਰੂਆਂ ਦੀਆਂ ਫੋਟੋਆਂ ਸੁਸ਼ੋਭਿਤ ਕੀਤੀਆਂ ਗਈਆਂ, ਜਿਨਾਂ ਨੂੰ ਸਿਜਦਾ ਕਰਕੇ ਹਾਕੀ ਖਿਡਾਰੀ ਦੇ ਮੈਦਾਨ ਵਿਚ ਪ੍ਰੈਕਟਿਸ ਕਰਨ ਜਾਂਦੇ।

ਇਥੇ ਹੀ ਬਸ ਨਹੀਂ, ਜਦੋਂ ਕਿਸੇ ਖਿਡਾਰੀ ਦੀ ਮੈਦਾਨੀ ਖੇਡ ਲੈਅ ਲੀਹੋਂ ਲੱਥ ਜਾਂਦੀ ਤਾਂ ਬਤੌਰ ਹਾਕੀ ਕੋਚ ਬਲਬੀਰ ਸਿੰਘ ਵਲੋਂ ਖਿਡਾਰੀ ਨਾਲ ਮਸ਼ਵਰਾ ਕਰਕੇ ਉਸ ਦੀ ਜਰਸੀ ਬਦਲੀ ਜਾਂਦੀ, ਪਾਣੀ ਵਿਚ ਤਿੱਲ-ਚੌਲੀ ਸੁੱਟਣ ਲਈ ਕਿਹਾ ਜਾਂਦਾ ਜਾਂ ਖੇਡਣ ਦੀ ਪੁਜ਼ੀਸ਼ਨ ਬਦਲ ਦਿੱਤੀ ਜਾਂਦੀ ਆਦਿ। ਮਲੇਸ਼ੀਆ-1975 ਦਾ ਆਲਮੀ ਹਾਕੀ ਕੱਪ ਖੇਡਣ ਲਈ ਏਅਰਪੋਰਟ 'ਤੇ ਪੁੱਜੀਆਂ ਭਾਰਤ ਅਤੇ ਪਾਕਿਸਤਾਨ ਟੀਮਾਂ ਦੇ ਜਦੋਂ ਸਵਾਗਤੀ ਹਾਰ ਪਾਏ ਜਾ ਰਹੇ ਸਨ ਤਾਂ ਬਲਬੀਰ ਸਿੰਘ ਨੇ ਚਲਾਕੀ ਵਰਤਦਿਆਂ ਪ੍ਰਬੰਧਕਾਂ ਨੂੰ ਕਿਹਾ ਸਾਡੇ ਨਾਲੋਂ ਇਹ ਹਾਰ ਪਾਕਿਸਤਾਨੀ ਟੀਮ ਦੇ ਗਲਿਆਂ ਵਿਚ ਜ਼ਿਆਦਾ ਫੱਬਣਗੇ।

ਇਹ ਬਲਬੀਰ ਸਿੰਘ ਦੀ ਖੇਡ ਰਣਨੀਤੀ ਦਾ ਹੀ ਹਿੱਸਾ ਸੀ, ਜਿਸ ਸਦਕਾ ਪਾਕਿਸਤਾਨੀ ਟੀਮ ਨੂੰ ਹਰਾਉਣ ਦਾ ਮੁੱਢ ਤਾਂ ਏਅਰਪੋਰਟ 'ਤੇ ਉਨਾਂ ਦੇ ਗਲਿਆਂ ਵਿਚ ਹਾਰ ਪਾਉਣ ਨਾਲ ਹੀ ਬੱਝ ਗਿਆ ਸੀ। ਪਾਕਿਸਤਾਨ ਨਾਲ ਫਾਈਨਲ ਖੇਡਣ ਤੋਂ ਇਕ ਦਿਨ ਪਹਿਲਾਂ ਬਲਬੀਰ ਸਿੰਘ ਸੀਨੀਅਰ ਜਦੋਂ ਪੂਰੀ ਟੀਮ ਨਾਲ ਕੁਆਲਾਲੰਪੁਰ ਵਿਚ ਸਥਿਤ ਮਸਜਿਦ ਵਿਚ ਸਿਜਦਾ ਕਰਨ ਤੋਂ ਵਾਪਸ ਪਰਤ ਰਹੇ ਸਨ ਤਾਂ ਰਸਤੇ ਵਿਚ ਪਾਕਿਸਤਾਨੀ ਟੀਮ ਨਾਲ ਟਾਕਰਾ ਹੋ ਗਿਆ।

ਪਾਕਿ ਕੋਚ ਵਲੋਂ ਪੁੱਛਣ 'ਤੇ ਬਲਬੀਰ ਸਿੰਘ ਸੀਨੀਅਰ ਹੁਰਾਂ ਕਿਹਾ ਕਿ ਜਿੱਤ ਦੀ ਮੰਨਤ ਮੰਗਣ ਮਸਜਿਦ ਗਏ ਸਾਂ। ਇਸ 'ਤੇ ਪਾਕਿਸਤਾਨੀ ਕੋਚ ਦਾ ਕਹਿਣਾ ਸੀ ਕਿ ਜੋ ਅੱਲਾ ਦੇ ਦਰਬਾਰ ਅਸੀਂ ਮੰਗਣ ਜਾ ਰਹੇ ਹਾਂ, ਉਹ ਤਾਂ ਬਲਬੀਰ ਹੁਰੀਂ ਪਹਿਲਾਂ ਹੀ ਲੈ ਆਏ ਹਨ।


First Time Broadcasting in USA
On Garv Punjab Gurbani TV Channel
GARV
ਪੰਜਾਬ
ਗੁਰਬਾਣੀ
SHRI AKHAND
PATH SAHIB JI
ETHICS-BEHAVIOUR & JOURNALISM
BALWINDER JAMMU
HARVINDER RIAR
KANWAR SANDHU
BAAZ TV
BAAZ BROADCASTING COMPANY
FOR MORE INFO CONTACT
MR. ARJAN RIAR
+1-212-464-8628, +1-551-230-2300
Email: Baaztvusa@gmail.com


jus
HINDI HD
DAILY LIVE CALL IN SHOWS
Zindagi Fullon
M-F 1:30PM EST
LO KARLO BAAT
M-F 12:30PM EST
CALL NOW FOR
SPECIAL ADVERTISEMENT RATES
DCODE
THE QUOTE
M-F 12PM EST
AWAM Ki AWAZ
M-F 2:30PM EST
America's Premiere Indian Television Channel
WATCH jus HINDI HD CHANNEL 725 ON
dish
sling
TELEVISION
CALL TO ADVERTISE + 1-718-752-9293 | CALL TO SUBSCRIBE +1-800-246-6242
www.jusbroadcasting.com


22
GET FLAT 22 CENTS
DISCOUNT AT
TA
PETRO
We also offer Line of Credit for Fuel Card
National Tire Program
PM & Light Mechanical
24 Hour Dedicated Repair Service
ਪੰਜਾਬੀ ਵਿਚ ਜਾਣਕਾਰੀ ਲਈ
1.855.641.6955
1.888.795.7035
www.trans-alliance.com


SHER
BESAN
YEHI TO PURE HAI
SHER
BESAN
CHANA FLOUR
SUPER FINE
बेसन • ਵੇਸਣ • ચણાનો લોટ • بیسن •
4 lb
1.81 kg
BESAN SUPER FINE
www.sherbrarmills.com